ਉਮਰ ਦੇ ਇਸ ਮੋੜ ਤੀਕ

(ਹੁਣ ਤਕ ਦੀ ਕਵਿਤਾ)

ਲੇਖਕ ਦੀਆਂ ਹੋਰ ਪੁਸਤਕਾਂ :

1. ਨਵੇਂ ਸੂਰਜ (ਕਵਿਤਾ)
2. ਜਾਗਦੇ ਅੱਖਰ (ਕਵਿਤਾ)
3. ਇੱਕੋ ਜਿਹਾ ਦੁੱਖ (ਕਵਿਤਾ)
4. ਅਮਰੀਕੀ ਪੰਜਾਬੀ ਕਵਿਤਾ (ਕਵਿਤਾ)
   (ਰਵਿੰਦਰ ਸਹਿਰਾਅ ਨਾਲ ਸਹਿ-ਸੰਪਾਦਨ)
5. ਚੋਣਵੀਆਂ ਸੰਪਾਦਿਤ ਕਾਵਿ-ਪੁਸਤਕਾਂ ਵਿਚ ਕਵਿਤਾਵਾਂ ਸ਼ਾਮਿਲ
6. (शब्दों की धूप : हिंदी काव्य अनुवाद)
7. Emerging Suns (Poems)

ਉਮਰ ਦੇ ਇਸ ਮੋੜ ਤੀਕ

(ਹੁਣ ਤਕ ਦੀ ਕਵਿਤਾ)

ਸੁਖਵਿੰਦਰ ਕੰਬੋਜ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

UMAR DE IS MOR TEEK

Poems by *:*

Sukhwinder Kamboj ©

78480 Via Sevilla

Laquinta CA-92253, **U.S.A.**

Ph. 760-772-5717, 760-342-8756

E-mail: samkamboj@yahoo.com.

Edited by : Surjit Judge

Published by :

Chetna Parkashan

Punjabi Bhawan, Ludhiana

Ph. 0161-2413613, 2404928

e-mail chetnaparkashan@sify.com

ISBN 81-7883-203-8

ਪਹਿਲੀ ਵਾਰ	:	2005
ਸੰਪਾਦਕ	:	ਸੁਰਜੀਤ ਜੱਜ
ਪ੍ਰਕਾਸ਼ਕ	:	**ਚੇਤਨਾ ਪ੍ਰਕਾਸ਼ਨ** **ਪੰਜਾਬੀ ਭਵਨ, ਲੁਧਿਆਣਾ।(ਫ਼ੋਨ 2413613, 2404928)**
ਛਾਪਕ	:	ਆਰ.ਕੇ. ਆਫ਼ਸੈੱਟ, ਦਿੱਲੀ।
Î¹¼ñ	:	**D@@ ð¹êÂ¶ $ 20**

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any from of binding or cover other than in which it is published and without a similar condition including this condition being imposed on the subsequent purchaser and without limiting the rights under copyright reserved above, no part of this publication my be reproduced, stored in or introduced into a retrieval system, or transmitted in any form or by any means (electronic, mechanical, photo coping, recording or otherwise), without the prior written permission of both the copyright owner and the above-mentioned publisher of this book.

ਸਮਰਪਣ

ਮੇਰੇ ਦਿਲ ਦੇ ਸਭ ਤੋਂ ਨਜ਼ਦੀਕ
ਸਾਥਣ ਨਵਦੀਪ ਲਈ
ਜਿਸ ਨੇ ਮੇਰੇ ਬੇਟਿਆਂ ਪੁਨੀਤ, ਵਿਨੀਤ
ਤੇ ਬੇਟੀ ਰਿਚਾ ਨੂੰ ਸਹੀ ਜੀਵਨ ਮੁੱਲ ਦਿੱਤੇ
ਤੇ ਨੂੰਹ ਰਾਣੀ ਗਗਨਦੀਪ ਨੂੰ
ਤੇ ਪੋਤੇ ਜਗੀਰ ਸੰਸਕਾਰ ਕੰਬੋਜ ਨੂੰ
ਜੋ ਮੇਰੇ ਸਾਹਾਂ ਵਿਚ ਵੱਸਦਾ ਹੈ।

åðåÆì

ਨਿਰੰਤਰ ਸਾਧਨਾ ਦਾ ਸਫ਼ਰ
ਸੁਰਜੀਤ ਜੱਜ 11

ਇੱਕੋ ਜਿਹਾ ਦੁੱਖ 15

ਇੱਕੋ ਜਿਹਾ ਦੁੱਖ 17

ਦੁਬਿਧਾ 20

ਸਮਾਂ 23

ਹਾਦਸਾ ਤੇ ਬੱਚੀ 25

ਤੇਰਾ ਗੁੱਸਾ 27

ਯੁੱਧ 30

ਸੂਰਜਮੁਖੀ 32

ਪਾਗਲ ਕੁੱਤਾ 33

...ਫ਼ੋਨ ਆਉਣ 'ਤੇ 35

ਯਕੀਨ 36

ਸ਼ਬਦਾਂ ਦੀ ਧੁੱਪ 37

ਪਿਤਾ ਤੇ ਮੈਂ 39

ਸਦੀ ਦੇ ਅਸਤਣ 'ਤੇ 41

... ਸੌਂ ਜਾਣ 'ਤੇ 44

ਤੇਰੇ ਨਾਲ 46

ਆਤਮ ਮੰਥਨ 47

ਕੱਚੇ ਭਾਂਡੇ 50

ਦੋਸਤ ਸ਼ਰਮਾ ਲਈ 51

ਕਿਉਂ? 52

ਅਸਾਡੀ ਹਾਰ 54

ਆਹਰ 56

ਜੜ੍ਹਾਂ 58

ਸਮਰਪਣ 60

ਇਕ ਅਮਰੀਕੀ ਮਾਂ
ਦਾ ਹਲਫ਼ੀਆ ਬਿਆਨ 61

ਦਵਾਈ ਮਾਂ ਦੇ
ਅੱਥਰੂਆਂ ਦੀ 64

ਮਾਂ ਲਈ 66

ਕੈਸ਼ੀਅਰ 69

ਵਰਤੋਂ 70

ਪਿਤਾ 71

ਸਵੈ ਦੀ ਮੌਤ 73

ਕਾਸ਼ 108

ਖੁੱਲ੍ਹੀ ਮੰਡੀ
ਕਿ ਸਮਾਰਾਜ 110

ਸਮਤਲ ਸਾਥ 112

ਮਾਰਕਸ ਦੀ ਵਾਪਸੀ 113

...ਤੋਂ ਬਾਅਦ 114

ਅੱਜ ਕੱਲ੍ਹ 116

... ਦੀ ਪੁਕਾਰ 118

ਉਹ ਕਿ ਜੋ ਸੋਚਦੀ ਹੈ 120

ਘਰ ਤੇ ਮੈਂ 121

ਵਿਸ਼ਵਾਸ 122

ਕੱਚੇ ਭਾਂਡੇ 123

ਸੰਸਕਾਰ ਲਈ 124

ਕਰਾਸ ਫਾਇਰਿੰਗ
ਤੇ ਸਾਮਰਾਜ 127

ਇਕ ਨੇਟਿਵ ਅਮਰੀਕੀ
ਨਾਲ ਗੱਲਾਂ 129

ਜਾਗਦੇ ਅੱਖਰ 131

ਕਵਿਤਾਵਾਂ 133

ਸੇਨਹੋਜ਼ੇ ਸ਼ਹਿਰ ਦੀ ਰਾਤ..... 135

ਸਰਘੀ ਤਾਰਾ 138

ਅਮਰੀਕੀ ਡੇਟ : ਸੱਤ ਪਰਤਾਂ

–ਪਰਤ ਇਕ 75

–ਪਰਤ ਦੋ 77

–ਪਰਤ ਤਿੰਨ 78

–ਪਰਤ ਚਾਰ 79

–ਪਰਤ ਪੰਜ 81

–ਪਰਤ ਛੇ 83

–ਪਰਤ ਸੱਤ 84

ਫੀਲ ਗੁੱਡ 86

ਵਹਿਮ ਕਿ ਸੱਚ 88

ਰਤਜਗੇ 90

ਜੰਗਲ ਦਾ ਕਾਨੂੰਨ 93

ਮੋਮਬੱਤੀਆਂ 95

ਮਾਰਟਿਨ ਲੂਥਰ ਕਿੰਗ
ਦੇ ਜਨਮ ਦਿਨ 'ਤੇ 96

ਸਾਮਰਾਜ 98

ਚੈਨ ਦੀ ਨੀਂਦ 99

ਫ਼ੈਸਲਾ ਤੇ ਭਗਤ ਸਿੰਘ 100

ਮਰਸੀਆ ਨਹੀਂ 102

ਅਮਰੀਕਾ 'ਚ
ਪੰਜਾਬੀ ਜੀਵਨ 104

ਮਿੱਠੀ ਛੁਰੀ 106

ਵਰਤਮਾਨ 140

ਫਲੈਗ ਸਟੇਸ਼ਨ 141

ਸਾਮਰਾਜ 143

ਹਨੇਰਿਆਂ ਲਈ 146

ਇਕ ਵੈਟਰਨ ਦਾ
ਹਲਫ਼ੀਆ ਬਿਆਨ 148

ਇੱਥੇ ਉੱਥੇ 151

ਰਾਹੁਲ ਲਈ 154

ਬੇਅਰਥ ਮੌਤ 158

ਦੇਸ਼ 161

ਸਮੁੰਦਰ 163

ਕੁਹਜ ਕਿ ਸੁਹਜ 165

ਜਾਗਦੇ ਅੱਖਰ 168

ਸਵੇਰ ਤੀਕ 170

ਬਿਓਰੋਕਰੇਟਸ ਵਰਸਜ਼
ਟੈਕਨੋਕਰੇਟਸ 171

ਚੱਕਰ 173

ਮੁਹੱਬਤ ਦਾ ਸਿਰਨਾਵਾਂ 174

ਅੱਜ ਕੱਲ੍ਹ 176

ਜੇਲ੍ਹ ਵਿਚ ਸੂਰਜ 178

ਤੇਰੇ ਬਿਨਾਂ 180

ਪਾਸ਼ ਨੂੰ ਯਾਦ ਕਰਦਿਆਂ..... 181

ਆਪਣੀ ਧੁੱਪ 182

ਪਿਛਲੇ ਸਾਲ 183

ਤੂੰ ਮੇਰੇ ਕੋਲ਼ ਹੈਂ 184

ਕੈਦੀਆਂ ਦਾ ਥੈਂਕਸ
ਗਿਵਿੰਗ ਡੇ 185

ਤੇਰੇ ਜਾਣ ਬਾਅਦ 186

ਚੌਰਸਤਾ 187

ਜੇ ਭਲਾ 188

ਤੇਰੇ ਨਾਲ 190

ਕਵਿਤਾ 191

ਖ਼ਿਆਲ 192

ਤਾਸੀਰ 193

ਮਿੱਲੀ ਲਈ 196

ਚੰਗੇ ਦਿਨ 197

ਤੀਰ 198

ਹਥਿਆਰ 199

ਦੋਸਤੋ 201

ਆਜ਼ਾਦ ਰੂਹਾਂ 206

ਗ਼ਜ਼ਲਾਂ 206

ਗੀਤ 211

ਦੇਸ਼ ਦੀਏ ਚਿੱਠੀਏ ਨੀ 213
ਬੂਹੇ ਤੇ ਬਨੇਰੇ 214
ਪੰਜਾਬ ਨੂੰ 216
ਪਰਦੇਸੀਆ 217
ਰੂਹ ਦੀ ਸੰਥਾ 219
ਪੌਣਾਂ ਦਾ ਜਾਇਆ 221
ਤੈਥੋਂ ਬਿਨਾਂ 223
ਮੈਲ਼ਾ ਪਰਨਾ 225
ਪਾਰਸ 227
ਚੰਦਨ ਮਿੱਟੀ 229
ਠੱਕਾ ਵਗਦਾ 231
ਨਾਰੀ 233
ਵਾਵਰੋਲਾ 235
ਗੁੰਮਿਆ ਤਾਰਾ 239
ਵਸਲਾਂ ਛਿੱਜੀ ਬੋਰੀ 241
ਸਗਲੀ ਰੁੱਤ 244

ਨਵੇਂ ਸੂਰਜ 247

ਵਤਨ 249

ਨਵੇਂ ਸੂਰਜ 251
ਅਸੀਂ ਤੁਸੀਂ 253
ਸ਼ਬਦ 255
ਕਵਿਤਾ ਦੀ ਕਸਮ 257
ਕਾਮਰੇਡਾਂ ਦੀ ਸੇਵਾ ਹਿਤ 259
ਤਲਖ਼ ਮੌਸਮਾਂ ਦਾ ਹਿਸਾਬ 263
ਆਰੰਭ ਤੇ ਨੁੱਕਰ 265
ਬਚਪਨ 267
ਸਾਡੇ ਹਾਣ ਦੀ ਗੀਤਾ 270
ਪਾਰਟੀ ਲਈ 274
ਸੂਰਜ 276
ਹੀਰਾ ਜਨਮ 278
ਸ਼ਿਕਨ 282
ਇਕ ਸੰਵਾਦ 284
ਯਾਦਾਂ ਦੇ ਅੰਗ ਸੰਗ 285
ਉਦਾਸ ਸੁਰ 286
ਕਲਾਸ ਰੂਮ 288
ਟਿਕ ਟਿਕ 289
ਲੋਕ ਰਾਜ 292
ਪੰਜਾਬ ਕਥਾ 293
ਉਹਨਾਂ ਸਭਨਾਂ ਲਈ 299
ਮੱਧ ਵਰਗ 302
ਰੌਸ਼ਨੀ ਦੇ ਗੀਤ 304
ਧਰਮ ਅਤੇ ਮੈਂ 306
ਸੰਕਲਪ 308
ਭਾਰਤ 'ਚ ਮਿਰਜ਼ਾ 311
ਹਨੇਰਾ 313
ਉਦੋਂ ਅਤੇ ਅੱਜ 315

ਪਰਵਾਸ 317

ਅਹਿਸਾਸ 319
ਕਰਨਲ ਦੇ ਜਨਮ ਦਿਨ ਲਈ 321
ਸਾਨਫਰਾਂਸਿਸਕੋ ਦੀ ਸ਼ਾਮ 323
ਕੁਲੰਬਸ ਦਾ ਵਰਤਮਾਨ 325
ਯੂ ਹੈਵ ਏ ਗੁੱਡ ਡੇ 329
ਸਵੇਰਾ 332
ਉਡੀਕ 333
ਅਸੁਰੱਖਿਅਤਾ 334
ਸੀਤ ਦਸੰਬਰ 336
ਘੋੜੇ ਦੀ ਖੁਰੀ 337
ਆਦਿ-ਵਾਸੀ ਮੈਂ 340
ਅੱਜ ਦੇ ਸੂਰਜ 342
ਸਿਰਨਾਵਾਂ 343
ਧੁੱਪ, ਬਰਸਾਤ ਤੇ ਮੈਂ 344
ਭਾਸ਼ਾ ਤੋਂ ਪਰ੍ਹੇ 345
ਸਥਿਰਤਾ ਤੇ ਜੇਲ੍ਹ 347
ਧੁੱਪ 349
ਪਾਸ਼ ਦੀ ਯਾਦ 'ਚ
ਪਾਸ਼ ਲਈ 351
ਅਸਹਿ 355
ਤੂੰ ਤਾਂ ਸਾਡੇ ਕੋਲ਼ ਹੈਂ 359
ਪਰਦੇ ਪਿੱਛੇ ਨੰਗੀ ਕਵਿਤਾ 361
ਮੁੱਢਲੇ ਸ਼ਬਦ
ਡਾ. ਕਰਨੈਲ ਸਿੰਘ ਥਿੰਦ 375
ਮੁਹੱਬਤ ਦਾ ਸਿਰਨਾਵਾ
ਸਤਿੰਦਰ ਸਿੰਘ (ਪ੍ਰੋ.) 382
ਭੂਮਿਕਾ
ਬਲਜੀਤ ਕੌਰ (ਡਾ.) 388
ਕੁਝ ਅੱਖਰ ਇਹ ਵੀ
ਸੁਖਵਿੰਦਰ ਕੰਬੋਜ 394
ਦੋ ਹਰਫ਼ 398
-ਵੇਦ ਪ੍ਰਕਾਸ਼ ਵਟੂਕ
ਆਰੰਭਿਕਾ 400
- ਸੁਰਿੰਦਰ ਧੰਜਲ (ਕੈਨੇਡਾ)
ਨਵੇਂ ਸੂਰਜ ਦੀ
ਸਾਹਿਤਕ ਜਾਣ-ਪਛਾਣ 409
-ਡਾ. ਪ੍ਰੇਮ ਪ੍ਰਕਾਸ਼ ਸਿੰਘ

ਨਿਰੰਤਰ ਸਾਧਨਾ ਦਾ ਸਫ਼ਰ

ਸੁਖਵਿੰਦਰ ਕੰਬੋਜ ਪੰਜਾਬੀ ਦੇ ਉਨ੍ਹਾਂ ਕੁਝ ਕੁ ਚੋਣਵੇਂ ਸ਼ਾਇਰਾਂ ਵਿਚੋਂ ਹੈ ਜਿਸਨੇ ਅਨੁਕੂਲ ਤੇ ਪ੍ਰਤਿਕੂਲ ਦੋਹਾਂ ਸਥਿਤੀਆਂ ਵਿਚ ਹੀ ਆਪਣੀ ਕਾਵਿ-ਸਾਧਨਾ ਦੀ ਬਿਰਤੀ ਨੂੰ ਭੰਗ ਨਹੀਂ ਹੋਣ ਦਿੱਤਾ। ਲਗਭਗ ਤਿੰਨ ਦਹਾਕਿਆਂ ਤੋਂ ਉਹ ਕਾਵਿਕਾਰੀ ਨੂੰ ਜਿਸ ਦ੍ਰਿੜਤਾ, ਨਿਰੰਤਰਤਾ ਤੇ ਹਾਂ-ਪੱਖੀ ਗਤੀਸ਼ੀਲਤਾ ਨਾਲ ਅੰਗੀਕਾਰ ਕਰਦਿਆਂ ਸਿਰਜਨਾਤਮਿਕਤਾ ਦੇ ਸਫ਼ਰ ਦਾ ਇਕ ਮਾਣਮੱਤਾ ਪੜਾਅ ਤਹਿ ਕਰਦਾ ਹੈ ਉਸ ਤੋਂ ਉਸਦੀ ਕਾਵਿ-ਸਿਰਜਣ ਸਮਰਥਾ, ਰਚਨਾਤਮਕ ਪ੍ਰਤਿਭਾ, ਸਮਾਜਕ-ਮਨੁੱਖੀ ਸੰਬੰਧਾਂ ਤੇ ਬਹੁ-ਆਯਾਮੀ ਸਭਿਆਚਾਰਕ ਤਰਜ਼ੇ-ਜ਼ਿੰਦਗੀ ਨੂੰ ਵਿਭਿੰਨ ਕੋਣਾਂ ਤੋਂ ਵੇਖਣ-ਪਰਖਣ, ਜਾਣਨ-ਪਹਿਚਾਨਣ, ਵਿਸ਼ਲੇਸ਼ਿਤ ਤੇ ਮੁਲਾਂਕਿਤ ਕਰਨ ਵਾਲ਼ੀ ਅਨੁਭਵੀ ਦ੍ਰਿਸ਼ਟੀ ਤੇ ਵਿਗਿਆਨਕ ਦ੍ਰਿਸ਼ਟੀ ਕੋਣ ਦੇ ਦੀਦਾਰ ਭਲੀ ਪ੍ਰਕਾਰ ਹੋ ਜਾਂਦੇ ਹਨ। ਸੁਖਵਿੰਦਰ ਕੰਬੋਜ ਦੇ ਰਚਨਾਤਮਕ ਸਫ਼ਰ ਦੇ ਸਮੇਂ ਦੌਰਾਨ ਸਾਡੇ ਸਮੁੱਚੇ ਜੀਵਨ-ਪਰਿਵੇਸ਼ ਵਿਚ ਵੱਡੀਆਂ ਇਤਿਹਾਸਕ ਤੇ ਸਮਾਜਕ-ਸਭਿਆਚਾਰਕ ਤਬਦੀਲੀਆਂ ਨੇ ਆਪਣੀ ਹੋਂਦ ਜਤਾਈ ਹੈ ਤੇ ਇਸ ਦੇ ਨਾਲ ਨਾਲ ਉਹ ਖ਼ੁਦ ਪੰਜਾਬੀ/ਭਾਰਤੀ ਸਭਿਆਚਾਰਕ ਛਤਰੀ ਦੀ ਛਾਂ ਹੇਠੋਂ ਨਿਕਲ ਕੇ ਇਕ ਵੱਖਰੇ, 'ਵਿਕਸਿਤ', ਤੇ ਭਾਰੂ ਦਾਬੇ ਵਾਲੇ ਸਭਿਆਚਾਰਕ ਆਕਾਸ਼ ਹੇਠ ਵਿਚਰਨ-ਵਿਗਸਣ ਹਿਤ ਜੱਦੋ-ਜਹਿਦ ਕਰਨ ਲਈ ਮਜਬੂਰ ਹੋਇਆ ਹੈ। ਨਕਸਲਬਾੜੀ ਲਹਿਰ, ਜਿਸ ਨਾਲ ਉਹ ਅਤਿ ਨੇੜਲੀ ਸਹਾਨਭੂਤੀ ਰੱਖਦਾ ਰਿਹਾ, ਨੂੰ ਪਿੱਠ-ਭੂਮੀ ਵਜੋਂ ਲੈ ਕੇ ਉਭਰੀ ਜੁਝਾਰਵਾਦੀ ਕਾਵਿਧਾਰਾ ਦੀ ਤਿਆਰ ਕੀਤੀ ਕਾਵਿ-ਭੂਮੀ ਉਹਦੀ ਕਵਿਤਾ ਦੇ ਬੀਜ ਦੇ ਪੁੰਗਰਨ ਦੀ ਆਧਾਰਸ਼ਿਲਾ ਬਣਦੀ ਹੈ ਤੇ ਫਿਰ ਪੰਜਾਬ ਤ੍ਰਾਸਦੀ ਵਰਗੇ ਵਿਕਰਾਲ ਵਰਤਾਰੇ ਦੇ ਦੂਰਰਸੀ ਦੁਰਪ੍ਰਭਾਵਾਂ ਨੂੰ ਵੀ ਉਹ ਨੇੜਿਓਂ ਅਨੁਭਵ ਕਰਦਾ ਰਿਹਾ ਹੈ ਤੇ ਪੰਜਾਬੀ ਦੀ ਮੁਖਧਾਰਾ ਵਾਲੀ ਜਾਣਕਾਰੀ ਵਾਂਗ ਇਸ ਨੂੰ ਮੁਖ਼ਾਤਿਬ ਹੋ ਕੇ ਵਿਰੋਧ ਦੀ ਸਸ਼ੋਕਤ ਸੁਰ ਵੀ ਬੁਲੰਦ ਕਰਦਾ ਆਇਆ ਹੈ। ਇਸ ਉਪਰੰਤ ਉਸਨੇ ਪਰਵਾਸੀ ਅਨੁਭਵ ਤੇ ਨਾਲ ਦੀ ਨਾਲ ਦੋ ਸਭਿਆਚਾਰਾਂ ਦੇ ਦਬਾਓ ਹੇਠ ਉਸਰਨ ਵਾਲੀ ਮਨੁੱਖੀ ਮਾਨਸਿਕਤਾ ਦੇ ਅੰਤਰ-ਦਵੰਦਾਂ ਨੂੰ ਜਾਣਿਆ-ਪਹਿਚਾਣਿਆ ਹੀ ਨਹੀਂ

ਸਗੋਂ ਭਾਵਪੂਰਤ ਕਾਵਿ-ਬਿੰਬਾਂ ਵਿਚ ਢਾਲ਼ਦਿਆਂ ਆਪਣੀ ਕਾਵਿ-ਸੰਵੇਦਨਾ ਤੇ ਸੁਹਜ-ਸਿਰਜਣਾ ਦਾ ਤੁਆਰਫ਼ ਬਾਖ਼ੂਬੀ ਕਰਵਾਇਆ ਹੈ। ਸੁਖਵਿੰਦਰ ਕੰਬੋਜ ਦੀ ਰਚਨਾਕਾਰੀ ਦੀ ਅਨੁਭਵ ਖੇਤਰ ਤੇ ਕਰਮ ਖੇਤਰ ਦੋਵੇਂ ਹੀ ਬਹੁਤ ਵਿਸ਼ਾਲ ਹਨ। ਵਿਦੇਸ਼ 'ਚ ਰਹਿ ਕੇ ਕਾਵਿ-ਸਿਰਜਣਾ ਕਰਨ ਵਾਲੇ ਚੰਦ ਕੁ ਉਨ੍ਹਾਂ ਸ਼ਾਇਰਾਂ ਵਿਚੋਂ ਉਹ ਮੋਹਰੀਆਂ 'ਚੋਂ ਹੈ ਜੋ ਪੰਜਾਬੀ/ਭਾਰਤੀ ਤੇ ਵਿਦੇਸ਼ੀ ਸਭਿਆਚਾਰ ਦੇ ਸੰਵਾਦ ਰਾਹੀਂ ਕੁਝ ਨਵਾਂ, ਵੱਖਰਾ ਤੇ ਸਾਰਥਿਕ ਵਾਧਾ ਪੰਜਾਬੀ ਕਵਿਤਾ ਵਿਚ ਕਰ ਰਹੇ ਹਨ। ਕੰਬੋਜ ਦੀ ਸ਼ਾਇਰੀ ਪੜ੍ਹਦਿਆਂ ਇਹ ਅਹਿਸਾਸ ਸਹਿਜੇ ਹੀ ਹੋ ਜਾਂਦਾ ਹੈ ਕਿ ਉਹ ਮਹਿਜ਼ ਵੱਖਰੇ ਦਿਸਣ ਲਈ ਫ਼ੈਸ਼ਨ ਵਜੋਂ ਕੁਝ ਨਵਾਂ ਤੇ ਅਲੋਕਾਰ ਨਹੀਂ ਸਿਰਜਦਾ ਬਲਕਿ ਉਹਦੀ ਰਚਨਾਕਾਰੀ ਹਰ ਪੜਾਅ 'ਤੇ ਪ੍ਰਾਪਤ ਵਸਤੂ-ਸਥਿਤੀ ਨਾਲ ਸੰਬਾਦਕ ਸੰਬੰਧਾਂ ਵਿਚ ਵਿਚਰਦੀ ਹੋਈ, ਸਾਰਥਿਕ ਉਦੇਸ਼ ਦੀ ਪੂਰਤੀ ਵੱਲ ਸੇਧਤ ਰਹਿੰਦੀ ਹੈ। ਇਹ ਸਾਰਥਿਕ ਉਦੇਸ਼ ਅਨੇਕਾਂ ਉਪ-ਉਦੇਸ਼ਾਂ ਦੀਆਂ ਖੰਡਿਤ ਦਿਸਦੀਆਂ ਲਹਿਰਾਂ ਦੇ ਬਾਵਜੂਦ ਸਮੁੱਚੇ ਤੇ ਅੰਤਿਮ ਤੌਰ 'ਤੇ ਜਨਮਾਨਸ ਦੇ ਭਲੇ ਹਿੱਤ ਵੱਡੀ ਸਮਾਜਕ ਤੇ ਇਤਿਹਾਸਕ ਕ੍ਰਾਂਤੀ ਦੇ ਮਹਾਂਉਦੇਸ਼ ਦੀ ਪੂਰਤੀ ਹਿਤ ਰੂਪ ਧਾਰਦੀ ਅਖੰਡ ਧਾਰਾ ਨਾਲ ਇਕਸੁਰ ਹੋਇਆ ਵਿਖਾਈ ਦਿੰਦਾ ਹੈ। ਇਹੋ ਕਾਰਨ ਹੈ ਕਿ ਜੁਝਾਰਵਾਦੀ ਲਹਿਰ ਦੇ ਪ੍ਰਭਾਵ ਹੇਠ ਕਾਵਿ-ਰਚਨਾ ਸ਼ੁਰੂ ਕਰਨ ਵਾਲੇ ਸ਼ਾਇਰ ਸੁਖਵਿੰਦਰ ਕੰਬੋਜ ਜਦੋਂ ਉਤਰ-ਆਧੁਨਿਕ ਵਰਤਾਰਿਆਂ ਤੇ ਰਿਸ਼ਤਿਆਂ ਨੂੰ ਮੁਖ਼ਾਤਿਬ ਹੁੰਦਾ ਹੈ, ਤਾਂ ਵੀ ਉਸਦੀ ਮਾਰਕਸਵਾਦੀ ਪ੍ਰਗਤੀਸ਼ੀਲ ਰਚਨਾ-ਦ੍ਰਿਸ਼ਟੀ ਆਪਣੇ ਪ੍ਰਭਾਵੀ ਰੂਪ ਵਿਚ ਕਾਵਿ-ਰਚਨਾ ਦੀ ਸੁਰ ਨਿਰਧਾਰਿਤ ਕਰਨ ਹਿਤ ਕਾਰਜਸ਼ੀਲ ਵਿਖਾਈ ਦਿੰਦੀ ਹੈ। **ਨਵੇਂ ਸੂਰਜ** ਤੋਂ ਸ਼ੁਰੂ ਕਰ **ਜਾਗਦੇ ਅੱਖਰ** ਰਾਹੀਂ **ਇੱਕੋ ਜਿਹੇ ਦੁੱਖ** ਤਕ ਦੀ ਸਾਰੀ ਸ਼ਾਇਰੀ ਦੇ ਸੰਗ ਸਾਥ ਵਿਚਰਦਿਆਂ ਮੈਨੂੰ ਇਸ ਗੱਲ ਦਾ ਬੜਾ ਤੀਖਣ ਅਹਿਸਾਸ ਹੋਇਆ ਹੈ ਕਿ ਸਮੇਂ ਤੇ ਸਥਿਤੀ ਅਨੁਸਾਰ ਪ੍ਰਗਤੀਵਾਦੀ ਕਾਵਿ ਮੁਹਾਵਰੇ ਨੂੰ ਸਾਰਥਿਕ ਦਿਸ਼ਾ ਵਿਚ ਰੁਪਾਂਤ੍ਰਿਤ ਕਰਦਿਆਂ ਆਪਣੀ ਰਚਨਾ ਦ੍ਰਿਸ਼ਟੀ ਸਿਰਜਣ ਦਾ ਅੰਗ ਬਣਾਉਣ ਦੀ ਨਿਰੰਤਰਤਾ ਨੂੰ ਜਿੰਨੀ ਸਮਰੱਥਾ ਨਾਲ ਕੰਬੋਜ ਨੇ ਨਿਭਾਇਆ ਹੈ ਉਹ ਬਹੁਤ ਘੱਟ ਕਵੀਆਂ ਦੇ ਹਿੱਸੇ ਆਇਆ ਹੈ।

ਸੁਖਵਿੰਦਰ ਕੰਬੋਜ ਨਾਲ ਮੇਰਾ ਸੰਬੰਧ ਉਹਦੀ ਪਹਿਲੀ ਕਾਵਿ ਕਿਤਾਬ **ਨਵੇਂ ਸੂਰਜ** ਰਾਹੀਂ ਜੁੜਿਆ ਜੋ **ਜਾਗਦੇ ਅੱਖਰ** ਤੇ ਹੁਣ **ਇੱਕੋ ਜਿਹਾ ਦੁੱਖ** ਨਾਲ ਬਹੁਤ ਪੀਡਾ ਤੇ ਗਹਿਰਾ ਹੋਇਆ ਤੇ ਅੱਜ ਮੈਂ ਇਸ ਗੱਲ 'ਤੇ ਮਾਣ ਮਹਿਸੂਸ ਕਰਨ ਦਾ ਪੂਰਾ ਹੱਕ ਰੱਖ ਸਕਦਾ ਹਾਂ ਕਿ ਮੈਨੂੰ ਉਨ੍ਹਾਂ ਦੀ ਸਮੁੱਚੀ ਰਚਨਾ ਨੂੰ ਸੰਪਾਦਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਕਿਸੇ ਸ਼ਾਇਰ ਦੀ ਸਮੁੱਚੀ ਰਚਨਾ ਨੂੰ ਪੇਸ਼ ਕਰਨ

ਲੱਗਿਆਂ ਨਿਰਸੰਦੇਹ, ਸੰਪਾਦਕ ਦੇ ਕਰਨ ਗੋਚਰਾ ਬਹੁਤ ਕੁਝ ਨਹੀਂ ਹੁੰਦਾ, ਪਰੰਤੂ ਫਿਰ ਵੀ ਇਸ ਕਾਰਜ ਵਿਚ ਮੈਂ ਕੁਝ ਕੁ ਖ਼ੁਦ ਕਰਨ ਤੇ ਬਹੁਤ ਕੁਝ ਕੰਬੋਜ ਹੁਰਾਂ ਪਾਸੋਂ ਮੁੜ ਕਰਵਾਉਣ ਦਾ ਯਤਨ ਕੀਤਾ ਹੈ। ਇਸ ਲਈ ਮੈਨੂੰ ਆਸ ਹੈ ਕਿ ਇਹ ਰਚਨਾਕਾਰੀ (ਖ਼ਾਸ ਕਰ ਪਹਿਲੇ ਦੋ ਸੰਗ੍ਰਹਿਾਂ ਦੇ ਪ੍ਰਸੰਗ ਵਿਚ) ਇਕ ਨਵੇਂ ਅਹਿਸਾਸ ਦਾ ਅਨੁਭਵ ਜ਼ਰੂਰ ਕਰਵਾਏਗੀ। ਫਿਲਹਾਲ ਮੈਨੂੰ ਇਹ ਗੱਲ ਬਹੁਤ ਵੱਡੀ ਤਸੱਲੀ ਦਾ ਅਨੁਭਵ ਕਰਾ ਰਹੀ ਹੈ ਕਿ ਲੰਮੀ ਸਾਧਨਾ ਰਾਹੀਂ ਹੋਂਦ ਵਿਚ ਆਈ ਸੁਹਜ-ਸੰਪੰਨ ਸਾਰਥਿਕ ਸ਼ਾਇਰੀ ਦੇ ਇਸ ਸੰਗ੍ਰਹਿ ਨੂੰ ਤੁਹਾਡੇ ਤਕ ਪਹੁੰਚਾਉਣ ਹਿਤ ਮੈਨੂੰ ਵੀ ਕੁਝ ਕੁ ਭੂਮਿਕਾ ਨਿਭਾਉਣ ਦਾ ਮਾਣ ਹਾਸਿਲ ਹੋਇਆ ਹੈ। **ਨਵੇਂ ਸੂਰਜ** ਦੀ ਤਲਾਸ਼ ਤੋਂ ਤੁਰੀ **ਜਾਗਦੇ ਅੱਖਰ** ਦੀ ਹੋਂਦ ਦਾ ਅਹਿਸਾਸ ਕਰਾਉਂਦੀ, **ਇੱਕੋ ਜਿਹੇ ਦੁੱਖ** ਦੇ ਅਨੁਭਵ ਨਾਲ ਸਾਂਝ ਪਵਾਉਂਦੀ ਇਸ ਸ਼ਾਇਰੀ ਦੇ ਖ਼ਜ਼ਾਨੇ ਦੀ ਮੁਹਾਫਜ਼ੀ ਤੁਹਾਡੇ ਸਪੁਰਦ ਕਰਨ ਦਾ ਅਵਸਰ ਪ੍ਰਦਾਨ ਕਰਾਉਣ ਹਿਤ ਮੈਂ ਸੁਖਵਿੰਦਰ ਕੰਬੋਜ ਹੁਰਾਂ ਦੀ ਦਰਿਆਦਿਲੀ ਤੇ ਛੋਟਿਆਂ ਨੂੰ ਵੱਡੇ ਹੋਣ ਦਾ ਅਹਿਸਾਸ ਕਰਵਾਉਣ ਦੇ ਆਪਣੇ ਹੀ ਅੰਦਾਜ਼ ਦੀ ਸਮਰਥਾ ਨੂੰ ਅੰਗੀਕਾਰ ਕਰਦਿਆਂ ਤੁਹਾਡੇ ਤੇ ਇਸ ਸ਼ਾਇਰੀ ਦੇ ਦਰਮਿਆਨ 'ਚੋਂ ਪਾਸੇ ਹੁੰਦਾ ਹਾਂ।

-ਸੁਰਜੀਤ ਜੱਜ

ਇੱਕੋ ਜਿਹਾ ਦੁੱਖ

ਪੂਜਨੀਕ ਪਿਤਾ ਜਗੀਰ ਸਿੰਘ ਕੰਬੋਜ ਅਤੇ
ਪੂਜਨੀਕ ਮਾਤਾ ਸਵਰਨ ਕੌਰ ਜੀ ਲਈ
ਜਿਨ੍ਹਾਂ ਦੀ ਬਦੌਲਤ ਮੈਂ ਹਾਂ।

ਇੱਕੋ ਜਿਹਾ ਦੁੱਖ

ਅਸੀਂ ਜੋ ਆਉਂਦੇ ਹਾਂ ਬਦੇਸ਼
ਕੈਂਪ ਸਾਈਟਾਂ ਤੇ ਜੰਗਲਾਂ 'ਤੇ
ਢਲ਼ਦੀ ਸ਼ਾਮ ਨਹੀਂ ਵੇਖਣ ਜਾਂਦੇ
ਨਾ ਹੀ ਡਿਸਕੋ ਦੇ ਸਾਉਣ 'ਚ ਭਿੱਜੀ ਸ਼ਾਮ
ਸਾਡਾ ਨਸੀਬ ਹੁੰਦੀ ਹੈ
ਡੇਟ ਕਰਨੀ ਤਾਂ ਉਂਜ ਹੀ
ਸਾਡੀ ਸਭਿਅਤਾ ਦੇ ਉਲਟ ਹੈ?

ਅਸੀਂ ਤਾਂ ਢਲ਼ਦੇ ਹਾਂ
ਸੈਵਨ ਅਲੈਵਨਾਂ, ਵੈਛਲਾਂ ਤੇ ਟੈਕਸੀ ਕੈਬਾਂ ਵਿਚ
ਕਿਉਂਕਿ ਸਾਡੇ ਬੋਝੇ ਵਿਚਲਾ ਸੂਰਜ
ਮਸਾਂ ਹੀ ਮਘਾ ਸਕਦਾ ਹੈ
ਪਿੱਛੇ ਰਹਿ ਗਏ ਕੋਠਿਆਂ
ਅਤੇ ਬੈਂਕ ਤਕਾਵੀਆਂ ਵਿਚਲੀਆਂ
ਠਰੀਆਂ ਰਾਤਾਂ ਨੂੰ...
ਮਿੱਤਰੋ...
ਤੁਹਾਡੇ ਕੋਲ਼ ਘੱਟੋ ਘੱਟ ਸਮਾਂ ਤਾਂ ਹੈ
ਤਰੇਲ ਧੋਤੀਆਂ ਕਣਕਾਂ ਨੂੰ ਨਿਹਾਰਨ ਦਾ
ਤੇ ਸ਼ਾਮਾਂ ਨੂੰ ਪਤਾ ਨਹੀਂ ਕਿਹੜੇ ਘਰਾਂ ਨੂੰ ਜਾਂਦੇ
ਪੰਛੀਆਂ ਦੀਆਂ ਡਾਰਾਂ ਨੂੰ ਤੱਕਣ ਦਾ
ਅਤੇ ਸਾਡੇ ਕੋਲ ਇੱਥੇ
ਤਾਂ ਮਰਨ ਦੀ ਵੀ ਵਿਹਲ ਨਹੀਂ

ਅਸੀਂ ਤਾਂ ਮਰਿਆਂ ਸਾਕਾਂ ਨੂੰ
ਚੱਜ ਨਾਲ ਰੋ ਵੀ ਨਹੀਂ ਸਕਦੇ
ਮੈਨੂੰ ਬਾਬੇ ਦੀ ਬੀੜ ਮੂਹਰੇ ਨਤਮਸਤਕ ਹੋਈ
ਭੂਆ ਈਸਰੀ ਦੇ ਵਿਸ਼ਵਾਸ ਦੀ ਸਹੁੰ
ਜੇ ਮੈਂ ਝੂਠ ਬੋਲਾਂ
ਪੁੱਛੋ ਉਨ੍ਹਾਂ ਸੁਆਣੀਆਂ ਤੋਂ
ਜਿਨ੍ਹਾਂ ਦੇ ਖਣਕਦੇ ਗਹਿਣੇ ਧਮਾਲਾਂ ਪਾਉਂਦੇ ਹਨ
ਉਧਰ ਗਈਆਂ ਦੇ...
ਇੱਥੇ ਤਾਂ ਵਿਚਾਰੀਆਂ,
ਡਬਲ ਜੌਬ ਕਰਦੀਆਂ
ਜਦੋਂ ਹਫ਼ਤੇ ਭਰ ਬਣਾਈ ਕੱਠੀ ਸਬਜ਼ੀ ਨੂੰ
ਫਰਿਜ਼ 'ਚੋਂ ਕੱਢ ਗਰਮਾਉਂਦੀਆਂ ਹਨ
ਤਾਂ ਨਾਲ ਹੀ ਠੰਡੇ ਪੈ ਜਾਂਦੇ ਹਨ
ਉਨ੍ਹਾਂ ਦੇ ਹੈਂਗਰਾਂ ਤੇ ਟੰਗੇ ਚਾਅ
ਅਤੇ ਜਦੋਂ ਵੀ ਬੈਂਕ ਟੈਲਰਾਂ ਵਿਚ ਚਲਦਾ ਹੈ
ਘਰਕਦਾ ਤੇ ਥੱਕਿਆ ਸਾਡਾ ਏ. ਟੀ. ਐਮ. ਕਾਰਡ
ਤਾਂ ਕਾਸ਼! ਸਾਡੇ ਚਿਹਰਿਆਂ ਤੇ ਫੈਲੀ ਉਦਾਸੀ ਨੂੰ
ਉਹ ਲੋਕ ਦੇਖ ਸਕਦੇ
ਜੋ ਉਧਰ ਗਿਆਂ
ਸਾਡੇ ਪਿੰਡ ਸਾਡੀਆਂ ਚਮਕਦੀਆਂ ਕੋਠੀਆਂ
ਬੈਗਾਂ ਤੇ ਟੇਪ ਰਿਕਾਰਡਾਂ ਨੂੰ ਦੇਖ ਰਸ਼ਕਦੇ ਹਨ
ਕਾਸ਼! ਉਹ ਸਮਝ ਸਕਦੇ
'ਆਜ਼ਾਦ' ਮੁਲਕਾਂ 'ਚ ਰਹਿੰਦਾ
ਸਾਡਾ ਇਹ ਗ਼ੁਲਾਮ ਮਨ!

ਜੋ ਚਿੰਤਾ, ਜੌਬ ਸਟਰੈਸ
ਤੇ ਬਸ ਕੰਮ ਹੀ ਸੋਚਦਾ ਹੈ, ਉਮਰ ਭਰ
ਮੇਰੇ ਯਾਰੋ!
ਅਸੀਂ ਵੀ ਇੱਥੇ ਸਭ ਦਿਹਾੜੀਏ ਹਾਂ
ਬਸ ਜ਼ਰਾ ਕੁ
ਕਾਰਾਂ 'ਚ ਸਫ਼ਰ ਕਰਦੇ ਦਿਹਾੜੀਏ।

ਦੁਬਿਧਾ

ਜੀਅ ਤਾਂ ਕਰਦੈ
ਮੈਂ ਵੀ ਲਿਖ ਲਿਖ ਸਫ਼ੇ ਭਰ ਦਿਆਂ
ਤੇ ਵੱਖ ਵੱਖ ਮਾਸਿਕ ਪੱਤਰਾਂ ਅੰਦਰ
ਹਰ ਮਹੀਨੇ, ਲਗਾਤਾਰ ਹੀ ਛਪਦਾ ਜਾਵਾਂ
ਦੋ ਚਾਰ ਦੋਸਤ,
ਦਾਰੂ, ਚੁਗਲੀ ਨਾਲ ਰੰਢ ਕੇ
ਆਪਣੇ 'ਤੇ ਪੇਪਰ ਲਿਖਾਂ/ਲਿਖਾਵਾਂ
ਜਾਂ ਫਿਰ ਮੜਕ ਨਾਲ ਜੀਣਾ ਛੱਡ ਕੇ
ਸਵੈਹੋਂਦ ਦੇ ਬਿੰਦੂ 'ਤੇ ਸਿਮਟਾਂ
ਘਰ ਤੋਂ ਸਿੱਧਾ ਕੰਮ 'ਤੇ ਆਵਾਂ
ਪਤਨੀ, ਮਹਿਬੂਬਾ ਦੀ ਬੁੱਕਲ ਬਹਿਕੇ
ਹਰਦਮ ਆਪਣੀ ਦੇਹੀ ਗਰਮਾਵਾਂ

ਦੇਹ ਵਿਚ ਜਾਗਾਂ
ਦੇਹ ਵਿਚ ਵਿਚਰਾਂ
ਦੇਹੀ ਦੇ ਹੀ ਗੀਤ ਮੈਂ ਗਾਵਾਂ
ਮਨ ਦੇ ਚੱਕੇ ਉੱਤੇ ਚੜਕੇ ਡੂੰਘਾ ਘੁੰਮਾਂ
ਡੂੰਘੀਆਂ ਖੱਡਾਂ ਉਤਰੀ ਜਾਵਾਂ
ਹਰ ਰਿਸ਼ਤਾ ਮੇਰਾ ਪੈਸਾ,
ਟਕੇ ਦੀ ਧੁੱਪ 'ਚ ਚਮਕੇ
ਰਿਸ਼ਤਾ ਕੀ?
ਮੈਂ ਖ਼ੁਦ ਪੈਸਾ ਬਣ ਜਾਵਾਂ

ਮੈਂ ਕਵਿਤਾ ਨੂੰ ਨਾਨਕ ਦੇ ਬੂਹੇ ਜਾਣ ਤੋਂ ਰੋਕਾਂ
ਜੇ ਇਹ ਤੁਰੇ ਕਬੀਰ ਦੇ ਘਰ ਨੂੰ
ਇਸਦੀ ਗਿੱਚੀ ਫੜਕੇ ਟੋਕਾਂ
ਤੇਰਾ ਕੀ ਕੰਮ?
ਸੀਸ ਤਲੀ ਤੇ ਧਰਕੇ
ਯਾਰ ਦੀ ਗਲ਼ੀਏ ਜਾਣਾ
ਤੇਰੇ ਲਈ ਤਾਂ ਹੋਰ ਬਥੇਰੇ ਰਿਸ਼ਤੇ
ਤੂੰ ਭਲਾ ਲੋਕਾਂ ਦੇ ਦੁੱਖਾਂ ਤੋਂ ਕੀ ਲੈਣਾ
ਲੋਕ ਤਾਂ ਅਜੇ ਵੀ ਚੜ੍ਹਦੇ ਸੂਰਜ ਨੂੰ ਕਰਨ ਸਲਾਮਾਂ
ਜਾਤਾਂ, ਗੋਤਾਂ, ਧਰਮਾਂ ਦੇ ਨਾਂ ਤੇ ਵੰਡੇ
ਕੁੱਟ ਖਾਵਣ, ਨਾ ਪਹਿਨਣ
ਹੱਕ ਸੱਚ ਦਾ ਜਾਮਾ
ਕੀ ਕਿਹਾ ਤੂੰ?
ਮੇਰੀ ਅੰਤਰ ਆਤਮਾ ਹੈ ਮੋਈ
ਛੁਪ ਬੈਠੀ ਇਹ ਪਹਿਨ ਕੇ
ਬੇਸ਼ਰਮੀ ਦੀ ਲੋਈ...
ਹੁੰਦਾ ਹੈ! ਏਦਾਂ ਵੀ ਹੋਇਆ!!
ਆਦਮ ਜਿਉਂਦਾ ਸਾਹ ਵੀ ਚਲਦੇ
ਅਸਲ ਵਿਚ ਹੁੰਦਾ ਉਹ ਮੋਇਆ
ਥੋੜ੍ਹੀ ਜਹੀ ਤਰੱਕੀ ਬਦਲੇ
ਹਊ ਪਰੇ ਦੀ ਮਹਿਮਾਂ ਗੌਂਦਾ ਜਾਣ ਨਹੀਂ ਸਕਦਾ
ਹੈ ਕੀ ਕੁਝ ਉਸਨੇ ਖੋਹਿਆ
ਅੱਜ ਖੜਾ ਮੈਂ ਦੁਰਾਹੇ ਇਤਿਹਾਸ ਦੇ
ਪਤਾ ਨਹੀਂ ਲਗਦਾ

ਕਿੱਧਰ ਜਾਵਾਂ?
ਇੱਧਰ ਆਵਾਂ ਤਾਂ ਮਿਲੇ ਹਕੂਮਤ
ਯਾਰ ਦੀ ਗਲੀਏ ਜਾਵਾਂ
ਤਾਂ ਘਰ ਬਾਰ ਗੁਆਵਾਂ
ਉਫ਼ ਤੋਬਾ ਮੇਰੀ
ਮਨ ਲਿਜ਼ਲਿਜ਼ੇ ਅਹਿਸਾਸ ਨਾਲ ਭਰਿਆ
ਹੋਰ ਮੈਥੋਂ ਸਹਿ ਨਾ ਹੋਵੇ,
ਮਨ ਦੀ ਗੱਲ ਵੀ ਕਹਿ ਨਾ ਹੋਵੇ
ਕੀ ਕਰਾਂ ਮੈਂ? ਕਿੱਧਰ ਜਾਵਾਂ?
ਨਹੀਂ ਲੰਘਦੀਆਂ ਮੇਰੇ ਅੰਦਰੋਂ,
ਕਾਮ ਦੀਆਂ ਇਹ ਲਿਜ਼ਲਿਜ਼ੀਆਂ ਕਵਿਤਾਵਾਂ।

ਸਮਾਂ

ਸਮਾਂ ਬਹੁਤ ਬਲਵਾਨ ਹੈ ਪਿਆਰੇ
ਭਰ ਦਿੰਦਾ ਹੈ ਇਹ ਜ਼ਖ਼ਮ
ਹੌਲ਼ੀ ਹੌਲ਼ੀ
ਜ਼ਖ਼ਮ ਜੋ ਮੈਨੂੰ ਤੇ ਤੈਨੂੰ
ਤਲਵੰਡੀ ਸਲੇਮ 'ਚ ਲੱਗੇ
ਤੇ ਨਾਸੂਰ ਬਣ ਗਏ

ਭਗਤੂਆਣੇ ਦੇ ਜ਼ਖ਼ਮ ਤਾਂ ਅਜੇ
ਅੱਲ੍ਹੇ ਹਨ ਪਿਆਰੇ
ਨਹੀਂ, ਨਹੀਂ ਸਮਾਂ ਕੁਝ ਨਹੀਂ ਭਰਦਾ
ਕੇਵਲ ਰੋਹ ਪ੍ਰਚੰਡ ਕਰਦਾ ਹੈ
ਆਤਮਾ ਹਮੇਸ਼ਾਂ ਵਿਲਕਦੀ ਹੈ
ਤੇ ਕਰਦੀ ਹੈ ਸਵਾਲ
ਤੇਰਾ ਉਹ ਜੇਰਾ ਕਿੱਧਰ ਗਿਆ
ਜੋ ਤੇਸੇ ਦੇ ਸਹਾਰੇ
ਪਹਾੜੋਂ ਨਹਿਰ ਖੋਦ ਲਿਆਇਆ ਸੀ

ਤੇ ਤੇਰੇ ਘਰ ਦੇ ਦਰਵਾਜ਼ੇ ਤੋਂ
ਐਵੇਂ ਹੱਥ ਕੁ ਭਰ ਦੀ ਵਿੱਥ 'ਤੇ
ਕਪਲ-ਵਸਤੂ ਦਾ ਸੁੰਨਾ ਬਨ੍ਹੇਰਾ ਹੈ
ਜੋ ਤੈਨੂੰ ਉਡੀਕ ਰਿਹਾ ਹੈ ਲਗਾਤਾਰ
ਉੱਠ! ਮੇਰੀ ਆਤਮਾ ਜਾਗ ਤੁਰ

ਜ਼ਿੰਦਗੀ ਦਾ ਹਰ ਪਲ ਇਕ ਯੁੱਧ ਹੈ
ਮਨ ਦੀਆਂ ਸਰਹੱਦਾਂ ਤੋਂ ਝਾੜ ਸੁੱਟ
ਇਹ ਸ਼ੰਕਿਆਂ ਕਿੱਦਾਂ ਹੋਊ ਦੀ ਧੁੰਦ
ਹੌਸਲੇ ਦੇ ਸੂਰਜ ਹੀ
ਹਮੇਸ਼ਾਂ ਚਾਨਣ ਦੀ ਗਵਾਹੀ ਭਰਦੇ ਹਨ

ਹਾਦਸਾ ਤੇ ਬੱਚੀ

ਮੌਤ ਦੀ ਕਿਉਂ?
ਆਪਾਂ ਜ਼ਿੰਦਗੀ ਦੀ ਗੱਲ ਕਰਦੇ ਹਾਂ
ਜਦੋਂ ਘਰ ਦੀਆਂ ਗਰਜ਼ਾਂ ਤੋਂ ਤੰਗ ਆ ਕੇ
ਪਿਉ ਨੇ ਬਨਵਾਸ ਦੀ ਸੂਲ਼ੀ ਨੂੰ ਚੁੰਮਿਆ ਸੀ
ਚੰਗੇਰੀ ਜ਼ਿੰਦਗੀ ਦਾ ਸੁਪਨਾ
ਉਹਦੇ ਮੱਥੇ 'ਚ ਪੁੜਿਆ ਸੀ
ਮਨ ਤਾਂ ਉਹਦਾ ਵੀ ਬਹੁਤ ਉਛਲਿਆ ਸੀ
ਭੈਣ, ਭਾਈਆਂ, ਮਾਂ ਬਾਪ ਤੋਂ ਵਿਛੜਕੇ
ਉੱਠੀ ਸੀ ਉਹਦੇ ਵੀ ਕਾਲਜੇ 'ਚੋਂ ਇਕ ਵਾਰ ਤਾਂ ਹੂਕ
ਪਰ ਚੰਗੇਰੇ ਜੀਵਨ ਦੇ ਸੁਫ਼ਨੇ ਮੂਹਰੇ
ਉਹ ਹੋ ਗਿਆ ਸੀ ਮੂਕ
ਤੇ ਕਿੰਨਾ ਖ਼ੁਸ਼ ਹੋਇਆ ਸੀ ਉਹ
ਜਿੱਦਣ ਤੁਸੀਂ ਸਾਰੇ ਉਸ ਸੰਗ ਆ ਮਿਲੇ ਸਉ
ਉਹਨੂੰ ਲੱਗਿਆ ਸੀ
ਜ਼ਿੰਦਗੀ ਸ਼ਾਇਦ ਇਸ ਤੋਂ ਹੁਸੀਨ ਹੋ ਹੀ ਨਹੀਂ ਸੀ ਸਕਦੀ
ਛੋਟਾ ਜਿਹਾ ਬੰਦਾ
ਉਹਦੇ ਭਾਣੇ ਪਰਿਵਾਰ ਹੀ ਤਾਂ
ਦੁਨੀਆਂ ਦੀ ਸਭ ਤੋਂ ਖ਼ੂਬਸੂਰਤ ਬੀਚ ਸੀ
ਜੀਹਦੇ ਵਿਚ ਅਸਤਦੀਆਂ ਸਨ
ਬੱਚਿਆਂ ਦੇ ਹਾਸਿਆਂ ਦੀਆਂ ਕਿਲਕਾਰੀਆਂ
ਪਰ ਇਕ ਦਿਨ ਅਚਾਨਕ
ਸਕੂਲ ਪੜ੍ਹਨ ਜਾਂਦੀ ਤੂੰ
ਇਕ ਸ਼ਰਾਬੀ ਦੀ ਕਾਰ ਹੇਠ ਆ ਗਈ

ਤੇਰੀ ਮੌਤ ਦੇ ਨਾਲ ਹੀ
ਤੇਰੇ ਪਿਉ ਲਈ ਇਸ ਦੁਨੀਆਂ ਦੇ ਅਰਥ ਮੁੱਕ ਗਏ ਨੇ
ਤੇਰੀ ਮਾਂ ਦੀਆਂ ਅੱਖਾਂ ਵਿਚ
ਉੱਤਰ ਆਇਆ ਹੈ
ਮੌਤ ਦਾ ਡੂੰਘਾ ਹਨ੍ਹੇਰਾ
ਤੇਰੇ ਨਾਲ ਹੀ ਜਲ਼ ਗਏ ਸਨ
ਉਸ ਦਿਨ ਥੋੜ੍ਹਾ ਜਿਹਾ ਉਹ
ਤੇ ਦੁੱਖ ਤਾਂ ਇਸ ਗੱਲ ਦਾ ਹੈ ਬੱਚੀਏ
ਉਹ ਤੈਨੂੰ ਚੱਜ ਨਾਲ ਰੋ ਵੀ ਨਾ ਸਕੇ
ਕਿਉਂਕਿ ਦੂਜੇ ਹੀ ਦਿਨ ਬਾਪ ਨੂੰ
ਜਾਣਾ ਪੈਣਾ ਸੀ ਕੰਮ 'ਤੇ
ਨਹੀਂ ਤਾਂ ਘਰ ਤੇ
ਇਹ ਸਮਾਜ ਟੁੱਟਦਾ ਸੀ
ਤੇ ਕੰਮ 'ਤੇ ਕਿਸ ਕੋਲ਼ ਵਿਹਲ ਹੈ
ਜੋ ਉਹਦਾ ਗ਼ਮ ਸੁਣੇ
ਉਹਦੇ ਅੰਦਰ ਉਸ ਦਿਨ ਤੋਂ
ਇਕ ਸਮੁੰਦਰ ਹੈ ਠਾਠਾਂ ਮਾਰਦਾ
ਕਦੇ ਕਦੇ ਮਸ਼ੀਨਾਂ ਦੀ ਟਿਕ ਟਿਕ ਵਿਚ
ਅਚਾਨਕ ਉਹਦੀਆਂ ਅੱਖਾਂ ਵਿਚ ਨਮੀ ਤੈਰਦੀ ਹੈ
ਜੀਹਦਾ ਉੱਤਰ ਉਹ ਆਪਣੇ ਬਾਸ ਨੂੰ
ਸ਼ਾਇਦ ਕਦੇ ਵੀ ਦੇ ਨਾ ਸਕੇ
ਤੇ ਜਦੋਂ ਵੀ ਕਦੇ ਜੀਅ ਭਿਆਣੇ
ਉਹ ਤੱਕਦਾ ਹੈ ਤੇਰੀ ਜਮਾਤਣ ਨੂੰ
ਤਾਂ ਤੂੰ
ਉਹਦੇ ਚੇਤਿਆਂ ਵਿਚ ਵਿਲਕ ਉਠਦੀ ਏਂ।

ਤੇਰਾ ਗੁੱਸਾ

ਇਹੀ ਤਾਂ ਚਾਹੁੰਦੇ ਨੇ ਉਹ
ਕਿ ਤੇਰੇ ਗੁੱਸੇ ਦੀ ਆਤਮਾ ਦੇ ਤੇਵਰ
ਸ਼ਰਾਬ ਦੀਆਂ ਚੁਸਕੀਆਂ 'ਚ ਡੁੱਬੇ ਰਹਿਣ
ਕਿ ਤੇਰੇ ਵਿਰੋਧ ਦੀ ਭਾਸ਼ਾ
ਕੇਵਲ ਕਵਿਤਾ ਦੇ ਪ੍ਰਤੀਕਾਂ 'ਚ ਹੀ ਦਫਨ ਰਹੇ
ਇਸੇ ਲਈ ਉਹ ਤੈਨੂੰ
ਹਰ ਵਰ੍ਹੇ ਛਿਮਾਹੀਂ
ਨਿਵਾਜ਼ਦੇ ਰਹਿੰਦੇ ਨੇ, ਕਦੇ ਇਸ ਸਿਰੋਪੇ ਨਾਲ਼
ਕਦੇ ਉਸ ਤਰੱਕੀ ਨਾਲ
ਉਨ੍ਹਾਂ ਨੂੰ ਪਤਾ ਹੈ ਕਿ ਤੇਰਾ ਵਿਰੋਧ
ਸਿਰਫ਼ ਵਕਤੀ ਉਬਾਲ ਹੈ
ਨਾ ਆਉਣਾ ਕੋਈ ਭੂਚਾਲ ਹੈ
ਵੱਧ ਤੋਂ ਵੱਧ ਤੇਰੀ ਕਵਿਤਾ
ਤੇਰੇ ਵਾਂਗ ਖੱਸੀ ਹੋਏ ਚਾਰ ਕੁ ਕਵੀਆਂ ਦੀ ਦਾਦ ਬਣੇਗੀ
ਪਰ ਇਹ ਕਦੇ ਵੀ ਸੂਹੇ ਕਦਮਾਂ ਦਾ ਸਫ਼ਰ ਨਾ ਬਣੇਗੀ
ਉਹ ਚਾਹੁੰਦੇ ਨੇ ਤੇਰੀ ਕਵਿਤਾ
ਬ੍ਰਿਹਾ ਦੇ ਵੈਣ ਪਾਵੇ
ਤੇ ਦੂਜੇ ਚੌਥੇ ਕੋਈ ਪੌਪ ਗਾਇਕ
ਤੇਰੇ ਲਿਖੇ ਗੀਤ ਗਾਵੇ
ਗੀਤਾਂ 'ਚ ਗ਼ਰੀਬੀ ਦਾ ਜ਼ਿਕਰ ਹੋਵੇ
ਉਦਾਸੀ 'ਚ ਡੁੱਬੀ ਸ਼ਾਮ ਵਰਗਾ
ਬਸ ਕਦੇ ਨਾ ਜ਼ਿਕਰ ਹੋਵੇ ਕਬੀਰ ਤੇ ਪਾਸ਼ ਦਾ

ਮੰਨਿਆ ਓ ਕਵੀਆ!
ਕਵਿਤਾ ਅੱਥਰੇ ਭਾਵਾਂ ਦਾ ਵੇਗ ਹੈ
ਪਰ ਇਹ ਕਿਵੇਂ ਭੁੱਲ ਸਕਦੀ ਹੈ ਉਨ੍ਹਾਂ ਜਵਾਕਾਂ ਨੂੰ
ਜਿਨ੍ਹਾਂ ਦੀ ਨਲ਼ੀ ਉਮਰ ਭਰ ਚੋਣੋਂ ਨਹੀਂ ਹਟਦੀ
ਉਹ ਚਾਹੁੰਦੇ ਨੇ ਤੇਰੀ ਕਵਿਤਾ
ਦੇਹੀ ਨਾਦ 'ਚ ਡੁੱਬੀ ਰਹੇ
ਕਿ ਤੇਰੇ ਵਾਂਗ ਤੇਰੀ ਕਵਿਤਾ ਵੀ ਕੇਵਲ
ਖੰਡਿਤ ਭਾਵ-ਮੁੱਲਾਂ ਦਾ ਜ਼ਿਕਰ ਕਰੇ
ਤੇ ਭੁੱਲ ਜਾਵੇ
ਉਨ੍ਹਾਂ ਸਾਜਿਸ਼ੀ ਹੱਥਾਂ ਨੂੰ
ਜਿਨ੍ਹਾਂ ਅਜੇ ਕੁਝ ਵਰ੍ਹੇ ਪਹਿਲਾਂ
ਪੰਜਾਬ ਦੇ ਅਮਨ ਨੂੰ ਅੱਗ ਲਾਈ ਸੀ
ਜਿਨ੍ਹਾਂ ਦੀਆਂ ਨਿੱਤ ਬਦਲਦੀਆਂ ਸਿਆਸਤਾਂ ਦੇ ਆਸਰੇ
ਕਿਸਾਨ ਖ਼ੁਦਕਸ਼ੀਆਂ ਕਰ ਰਹੇ ਹਨ

ਉਹ ਕਹਿੰਦੇ ਨੇ
ਇਹ ਕਵਿਤਾ ਨਹੀਂ, ਇਹ ਤਾਂ ਸਿੱਧਾ ਨਾਹਰਾ ਹੈ
ਮੈਂ ਪੁੱਛਦਾ ਹਾਂ, ਉਨ੍ਹਾਂ ਚਿੰਤਕਾਂ, ਆਲੋਚਕਾਂ ਤੋਂ
ਕੀ ਜੀਵਨ ਸਿਰਫ਼ ਸਹਿਜਤਾ ਦਾ ਹੀ ਨਾਮ ਹੈ-?
ਕੀ ਦੇਹ ਤੋਂ ਪਰੇ ਕਵਿਤਾ ਖ਼ਤਮ ਹੈ?

ਉਹ ਚਾਹੁੰਦੇ ਨੇ ਤੇਰੀ ਕਵਿਤਾ
ਉਦਾਸੀ ਦੀਆਂ ਖੱਡੀਆਂ ਉਣਦੀ ਫਿਰੇ
ਇਸ 'ਚ ਸਿਰਫ਼ ਜ਼ਿਕਰ ਹੋਵੇ

ਤੇਰੀ ਮਹਿਬੂਬ ਦੀਆਂ ਗੋਲਾਈਆਂ ਦਾ
ਉਹਦੇ ਹੁਸਨ ਦੀਆਂ ਪਰਬਤੀ ਉਚਾਈਆਂ ਦਾ
ਤੇ ਨਾ ਜ਼ਿਕਰ ਹੋਵੇ
ਉਸ ਹੁਸਨ ਦਾ
ਜੋ ਪੱਠਿਆਂ ਦੀ ਪੰਡ ਬਦਲੇ
ਅਜੇ ਵੀ
ਕਮਾਦਾਂ ਦੇ ਕਸੀਰਾਂ 'ਚ ਵਿਛ ਵਿਛ ਜਾਂਦਾ ਹੈ

ਮੈਨੂੰ ਲਗਦੈ ਮੈਂ ਅਸਭਿਆ ਯੁੱਗ 'ਚ ਆ ਗਿਆ ਹਾਂ
ਜਿੱਥੇ ਨੇਰ੍ਹੇ ਨੂੰ ਚਾਨਣ ਕਹਿਣ ਦਾ ਰਿਵਾਜ ਹੈ
ਜਿੱਥੇ ਗੁੰਮ ਹੋਈ ਪਈ ਹਰ ਅਵਾਜ਼ ਹੈ
ਜਿੱਥੇ ਸਿਰਫ਼ ਦੇਹੀ ਦਾ ਹੀ ਸਾਜ਼ ਹੈ
ਨਹੀਂ! ਨਹੀਂ!!
ਮੈਂ ਇਨਕਾਰ ਕਰਦਾ ਹਾਂ
ਇਸ ਤਰ੍ਹਾਂ ਦੀ ਲਿਜ਼ਲਿਜ਼ੀ ਜ਼ਿੰਦਗੀ ਤੋਂ
ਤੁਸੀਂ ਮੇਰੇ ਕੋਲ ਦੋ ਹੀ ਰਾਹ ਛੱਡੇ ਹਨ
ਇਕ ਰਾਹ ਖ਼ੁਦਕੁਸ਼ੀ ਨੂੰ ਜਾਂਦਾ ਹੈ
ਦੂਜਾ ਸ਼ਿਵ ਦੇ ਤੀਜੇ ਨੇਤਰ ਵਲ ਖੁੱਲ੍ਹਦਾ ਹੈ
ਮੈਂ ਆਪਣੇ ਹਿੱਸੇ ਦੀ ਵਿਸ਼ ਲੈ ਕੇ
ਨੀਲਕੰਠ ਦੇ ਰਸਤੇ ਤੁਰ ਪਿਆ ਹਾਂ।

ਯੁੱਧ

ਇਹ ਵੀ ਤਾਂ ਇਕ ਯੁੱਧ ਹੈ ਪਿਆਰੇ
ਇਸ ਬਾਰੇ ਤਾਂ ਆਪਣੀ ਅੱਖ ਸਾਫ਼ ਕਰ
ਹੋਰਾਂ ਲਈ ਨਾ ਸਹੀ
ਆਪਣੇ ਆਪ ਲਈ
ਤੇ ਭੋਗਣ ਜਾ ਰਹੇ ਰਿਸ਼ਤਿਆਂ ਲਈ
ਤਾਂ ਇਨਸਾਫ਼ ਕਰ
ਕਿਤੇ ਤਾਂ ਖੜ
ਗ਼ੈਰਾਂ ਲਈ ਨਾ ਸਹੀ
ਆਪਣੇ ਆਪ ਲਈ ਤਾਂ ਲੜ
ਤੂੰ ਆਪਣੇ ਆਪ ਲਈ ਵੀ ਲਾਈ ਰੱਖਦੈਂ
ਉਧਾਰੀ ਤੇ ਬੇਹੀ
ਵਿਸ਼ਵੀਕਰਨ ਦੀ ਐਨਕ
ਓ ਕਵੀਆ! ਕਦੇ ਆਪਣੀ
ਮਾਂ, ਭੈਣ, ਧੀ ਦੇ ਵੀ ਲਾ ਕੇ ਤਾਂ ਦੇਖ
ਇਹ ਉੱਤਰ ਆਧੁਨਿਕੀ ਰਿਸ਼ਤੇ
ਫਿਰ ਵੇਖ ਆਪਣੀ ਕਵਿਤਾ ਦੀ ਸਾਰਥਿਕਤਾ
ਤੈਨੂੰ ਕਿਹਾ ਸੀ ਨਾ
ਇਹ ਇਕ ਯੁੱਧ ਹੈ
ਤੇ ਜੰਗ ਵਿਚ ਸਭ ਕੁਝ ਜਾਇਜ਼ ਹੈ ਪਿਆਰੇ
ਨਹੀਂ! ਨਹੀਂ!! ਸਭ ਜਾਇਜ਼ ਨਹੀਂ ਹੁੰਦਾ
ਔਰਤ ਦੀ ਦੇਹੀ ਵਿਚ
ਸਦਾ ਹੇਮਾ ਮਾਲਿਨੀ ਹੀ ਨਹੀਂ ਹੁੰਦੀ

ਕਦੇ ਚੰਡੀ, ਕਦੇ ਝਾਂਸੀ, ਤੇ ਕਦੇ ਮਾਈ ਭਾਗੋ ਵੀ ਤਾਂ ਹੁੰਦੀ ਹੈ
...ਤੇ ਬੇਬੇ ਨਾਨਕੀ ਦੀ
ਆਪਣੇ ਵੀਰ ਲਈ ਤੜਪ
ਤੂੰ ਕਿਸ ਨਜ਼ਮ ਵਿਚ ਬੰਨ੍ਹੇਗਾ ਓ ਕਵੀਆ!
ਉੱਠ ਜਾਗ, ਮੇਰੇ ਸ਼ਾਇਰ
ਸੁੱਤੀਆਂ ਕਲਾਂ ਜਗਾ
ਸ਼ਿਵ ਦੇ ਤੀਜੇ ਨੇਤਰ ਨੂੰ ਮੁੜ ਭਾਗ ਲਗਾ
ਕਵਿਤਾ ਦੀਆਂ ਕਿਆਰੀਆਂ
ਸੱਖਣੀਆਂ ਤੇ ਉਦਾਸ ਤੇਰੇ ਬਿਨਾਂ
ਗੋਡੀ ਕਰ, ਫੁੱਲ ਲਾ, ਫ਼ਸਲ ਉਗਾ
ਤੇ ਹੂੰਝ ਸੁੱਟ ਇਹ
ਓਪਰੇ ਓਪਰੇ ਖ਼ਿਆਲਾਂ ਦੇ ਬਾਬੂ

ਉਨ੍ਹਾਂ ਲਈ ਹੀ ਰਹਿਣ ਦੇ ਤੂੰ
ਓਪਰੇ ਜਿਹੇ ਡੈਫੋਡਿਲਜ਼ ਤੇ ਲੂਈਜ਼ਆਨਾ ਚੈਰੀ
ਤੂੰ ਬੀਜ ਗੇਂਦਾ ਤੇ ਗ਼ੁਲਾਬ
ਰਹਿਣ ਦੇ ਅਜੇ ਵੀ ਅੱਖਾਂ ਵਿਚ
ਥੋੜ੍ਹਾ ਜਿਹਾ ਆਬ
ਤੇ ਕੀ ਇਹੀ ਤਾਂ ਨਹੀਂ ਹੈ?
ਤੇਰਾ ਉਹ ਦੇਸੀ ਪੰਜਾਬ।

ਸੂਰਜਮੁਖੀ

ਇਸ ਤਰ੍ਹਾਂ ਕਿਉਂ ਹੈ ਕਿ
ਹਰ ਵਾਰ ਹੀ
ਘੁੰਮ ਜਾਂਦੀ ਹੈ ਮੇਰੀ ਨਜ਼ਰ
ਤੇਰੀ ਪੈੜ ਦਾ ਰਸਤਾ ਨੱਪਦੇ ਹੋਏ
ਕਦੇ ਤੂੰ ਭੱਜਦੀ ਏਂ
ਮੇਰੇ ਮਨ ਦੀਆਂ ਸੜਕਾਂ 'ਤੇ
ਸਰਪਟ ਘੋੜੇ ਵਾਂਗ
ਸਿਰਫ਼ ਤੇਰਾ ਚਿਹਰਾ ਹੀ ਤਾਂ ਹੁੰਦਾ ਹੈ
ਜਿਸ ਨਾਲ ਮਿਲ ਜਾਂਦੇ ਨੇ
ਅਨੇਕਾਂ ਹੋਰ ਚਿਹਰੇ
ਜਿਸਮ, ਅਮਲਤਾਸ ਦੇ ਫੁੱਲ
ਜ਼ਿੰਦਗੀ ਦੇ ਅਨੇਕਾਂ ਮੋੜਾਂ 'ਤੇ
ਅਨੰਤ ਜਿਸਮਾਂ ਦੇ ਸਮੁੰਦਰ ਨੂੰ ਤਰਦੇ ਹੋਏ
ਮੈਂ ਪਹੁੰਚਾ ਹਾਂ ਤੇਰੇ ਕੋਲ਼
ਮੇਰੇ ਅੰਦਰ ਇਕ ਜੰਗ ਛਿੜਦੀ ਏ
ਕਿ ਮੈਂ ਇਸ ਯੁੱਧ ਅੰਦਰ
ਹਾਰਨਾ ਚਾਹੁੰਦੇ ਵੀ, ਜਿੱਤ ਜਾਂਦਾ ਹਾਂ
ਤੇ ਦੂਜੀ ਸਵੇਰ ਫਿਰ ਮੇਰੀ ਨਜ਼ਰ
ਤੇਰੀਆਂ ਕਿਰਨਾਂ ਦੀ ਪੈੜ ਤਲਾਸ਼ਦੇ
ਭੱਜਦੀ ਹੈ ਉਸ ਸੂਰਜਮੁਖੀ ਫੁੱਲ ਵਾਂਗ
ਜੀਹਦੇ ਖਿੜਨ ਤੇ ਉਦਾਸ ਹੋਣ ਵਿਚ
ਸਿਰਫ਼ ਉਹਦੇ ਚੜ੍ਹਨ ਦੀ ਦੂਰੀ ਹੈ।

ਪਾਗਲ ਕੁੱਤਾ

ਮੈਂ ਪਾਗਲ ਕੁੱਤਾ ਹਾਂ
ਤੇ ਭੁੱਲ ਗਿਆ ਹਾਂ ਕਿ
ਪਾਗਲਪਨ ਦਾ ਕੋਈ ਅੰਤ ਨਹੀਂ
ਜਿਵੇਂ ਕਿ ਬੰਦੇ ਦੀ ਮ੍ਰਿਗ ਤ੍ਰਿਸ਼ਨਾ ਦਾ
ਪਤਨੀ ਉਡੀਕਦੀ ਹੈ ਕਿ ਕਦੇ ਮਿਲੇ
ਬਿਲਕੁਲ ਉਂਜ ਜਿਵੇਂ ਗੈਸ ਖ਼ਤਮ ਹੋਣ ਤੋਂ ਬਾਅਦ
ਕਾਰ ਗੈਸ ਸਟੇਸ਼ਨ ਮੂਹਰੇ ਰੁਕਦੀ ਹੈ
ਉਹ ਅਜੇ ਵੀ ਆਸ ਲਾਈ ਬੈਠੀ ਹੈ ਕਿ
ਪਾਗਲਪਨ ਦੇ ਇਸ ਦੌਰ 'ਚੋਂ ਨਿਕਲ
ਮਨੁੱਖ ਬਣ ਉਸ ਵੱਲ ਪਰਤਾਂਗਾ
ਭਰਮ ਦੇ ਇਸੇ ਜਾਲ਼ ਹੇਠ ਬੈਠੀ ਉਹ ਸ਼ਾਇਦ
ਉਮੀਦਾਂ ਦੇ ਪੁਲ਼ ਬਣਾਉਂਦੀ ਹੈ
ਕਿ ਉਹਦੀ ਗੋਰੀ ਹਿੱਕ ਦੀ ਭਾਫ਼ ਬਣਾਂਗਾ ਮੈਂ
ਇਸੇ ਲਈ ਸ਼ਾਇਦ ਉਹ ਅਜੇ ਵੀ
ਸਬਰ ਦਾ ਕਮੰਡਲ ਘੁੱਟ ਕੇ ਫੜੀ ਬੈਠੀ ਹੈ
ਬੱਚੇ ਹਨ ਕਿ ਉਨ੍ਹਾਂ ਨੂੰ ਟੀ. ਵੀ.
ਤੇ ਫਿਲਮਾਂ ਤੋਂ ਫੁਰਸਤ ਨਹੀਂ
ਘਰ ਤਾਂ ਉਨ੍ਹਾਂ ਲਈ ਸੁਰੱਖਿਅਤ ਘੌਂਸਲਾ ਹੈ
ਜਿੱਥੇ ਉਹ ਕਦੇ ਵੀ ਪਰਤ ਸਕਦੇ ਹਨ
ਟੁੱਟੇ ਦਿਲ ਤੇ ਰਿਸ਼ਤੇ ਲੈ ਕੇ
ਉਂਜ ਕਦੇ ਕਦੇ ਮੇਰੇ ਵਲ ਝਾਕਦੀਆਂ
ਉਹਦੀਆਂ ਬਲੌਰੀ ਅੱਖਾਂ ਤੋਂ

ਮੈਂ ਬਹੁਤ ਤ੍ਰਹਿੰਦਾ ਹਾਂ
ਅੱਜਕੱਲ੍ਹ ਹਰ ਔਰਤ
ਮੇਰੇ ਲਈ ਸਿਰਫ਼ ਜਿਸਮ ਹੁੰਦੀ ਹੈ
ਜੀਹਨੂੰ ਮੈਂ ਸੁੰਘਦਾ ਸੁੰਘਦਾ
ਡੂੰਘੀਆਂ ਖੱਡਾਂ ਵਿਚ ਉਤਰ ਜਾਂਦਾ ਹਾਂ
ਤੇ ਫਿਰ ਬਾਹਰ ਆਉਣ ਲਈ
ਆਪਣੇ ਅੰਦਰ ਦੇ ਖੌਫ਼ ਤੋਂ
ਬਹੁਤ ਡਰਦਾ ਹਾਂ ਮੈਂ
ਜੇ ਕਿਤੇ ਮੇਰੀ ਪਤਨੀ ਵੀ ਇਹੀ
ਭਾਵਨਾ ਅੰਦਰ ਪਾਲਦੀ ਹੋਵੇ
ਮੈਂ ਉਹਦੇ ਚਿਹਰੇ ਨੂੰ
ਵਾਰ ਵਾਰ ਪੜ੍ਹਦਾ ਹਾਂ ਕਿ
ਕਿਤੇ ਮਿਲ ਜਾਵੇ
ਮਾੜੀ ਜਿਹੀ ਕਿਰਨ ਸ਼ੱਕ ਦੀ
ਤਾਂ ਕਿ ਮੈਨੂੰ ਆਪਣਾ ਆਪ
ਮੈਲ਼ਾ ਮੈਲ਼ਾ ਨਾ ਲੱਗੇ
ਉਂਜ ਪਾਗਲ ਕੁੱਤੇ ਨੂੰ ਕੀ
ਉਹ ਤਾਂ ਲੱਭ ਹੀ ਲਵੇਗਾ
ਆਪਣੇ ਖਾਣ ਲਈ ਕੋਈ ਹੱਡੀ।

... ਫ਼ੋਨ ਆਉਣ 'ਤੇ

ਚਹਿਕ ਪਈਆਂ ਨੇ ਪਹਾੜੀਆਂ
ਜੋ ਕੱਲ੍ਹ ਤਕ ਏਨੀਆਂ ਉਦਾਸ ਸਨ
ਇਨ੍ਹਾਂ ਦੇ ਕਿੰਗਰਿਆਂ 'ਤੇ ਪਈ ਬਰਫ਼
ਮੇਰਾ ਮਨ ਹਲੂਣ ਗਈ
ਕੱਲ੍ਹ ਰਾਤੀਂ ਤਾਂ
ਚੰਨ ਵੀ ਗੱਲਾਂ ਕਰਦਾ ਜਾਪਿਆ ਸੀ
ਤੇ ਤਾਰੇ ਕਿੰਨੇ ਹੱਸ ਰਹੇ ਲਗਦੇ ਸਨ
ਗੁਆਢੀਆਂ ਦਾ ਭੂਸਲਾ ਜਿਹਾ ਕੁੱਤਾ
ਜੋ ਅਕਸਰ ਟਿਕੀ ਰਾਤ ਵਿਚ
ਭੌਂਕ ਕੇ ਮੇਰੀ ਨੀਂਦ ਹਰਾਮ ਕਰਦਾ ਹੈ
ਮੈਨੂੰ ਚੰਗਾ ਚੰਗਾ ਲੱਗਾ
ਘਰ ਜੋ ਮੁੱਦਤਾਂ ਤੋਂ
ਇਕੱਲਾ ਇਕੱਲਾ ਸੀ
ਮੈਨੂੰ ਸੁਆਗਤ ਕਰਦਾ ਜਾਪਿਆ
ਸਿੰਕ 'ਚ ਪਏ ਜੂਠੇ ਬਰਤਨ
ਮੈਨੂੰ ਲਿਸ਼ਕਦੇ ਜਾਪੇ
ਫ਼ਰਿਜ਼ 'ਤੇ ਟੰਗੀ,
ਬਿੱਲਾਂ ਦੀ ਲੰਮੀ ਲਿਸਟ ਵੀ
ਮੈਨੂੰ ਚਿੰਤਾ 'ਚ ਨਾ ਪਾ ਸਕੀ
ਲਾਂਡਰੀ ਵਾਲ਼ੇ ਬੈਗ ਕੋਲ਼ੋਂ ਲੰਘਦਿਆਂ
ਮਨ ਇਕ ਵਾਰ ਵੀ ਨਾ ਘਬਰਾਇਆ
ਕਿੰਨਾ ਕੁਝ ਬਦਲ ਗਿਆ ਹੈ
ਕੱਲ੍ਹ ਉਹਦਾ ਇਕ ਫੋਨ ਆਉਣ ਤੋਂ ਬਾਅਦ

ਯਕੀਨ

ਕਿੰਨਾ ਔਖਾ ਹੁੰਦਾ ਹੈ
ਪੁਲ਼ ਬਨਾਉਣਾ
ਬੰਦਾ ਜੋੜਦਾ ਹੈ
ਜ਼ਿੰਦਗੀ ਦੇ ਟੁਕੜੇ
ਯਕੀਨ ਦੀਆਂ ਇੱਟਾਂ, ਦੋਸਤੀ ਦਾ ਸੀਮਿੰਟ
ਤੇ ਸ਼ੱਕ ਦੀ ਮਾੜੀ ਜਿਹੀ ਛਿਲਤਰ ਹੀ
ਤੋੜ ਦਿੰਦੀ ਹੈ ਪੁਲ਼
ਮਿਹਣਿਆਂ ਦੇ ਨਿੱਕੇ ਨਿੱਕੇ ਬਾਰੂਦ
ਉਡਾ ਦਿੰਦੇ ਨੇ ਪਲ ਭਰ 'ਚ
ਸੈਆਂ ਵਰ੍ਹਿਆਂ ਦੀ ਮਿਹਨਤ।

ਸ਼ਬਦਾਂ ਦੀ ਧੁੱਪ

ਜ਼ਿੰਦਗੀ ਦੇ ਲੰਮੇ ਰਸਤਿਆਂ
'ਤੇ ਚਲਦੇ ਮੈਂ ਜਾਣਿਆਂ
ਕਿ ਸ਼ਬਦ ਅਤੇ ਸਿਰਫ਼ ਸ਼ਬਦ ਹੀ
ਮੇਰੇ ਸਾਥੀ
ਇਨ੍ਹਾਂ ਦੀ ਗੋਦ ਵਿਚ ਹੀ
ਬਚੀ ਰਹੀ ਹੈ ਮੇਰੀ ਹਸਤੀ
ਨਹੀਂ ਤਾਂ
ਅਨੇਕਾਂ ਔਰੰਗਿਆਂ ਤੇ ਚੰਗੇਜ਼ਾਂ ਨੇ
ਮੇਰੀ ਹੋਂਦ ਨੂੰ ਮਿਟਾਣਾ ਚਾਹਿਆ
ਪਰ ਇਨ੍ਹਾਂ ਸ਼ਬਦਾਂ ਦੀ ਧੁੱਪ ਵਿੱਚੋਂ
ਮੈਂ ਫਿਰ ਤੋਂ ਉੱਗ ਆਂਦਾ ਹਾਂ
ਪਲਦਾ ਹਾਂ, ਮੁਸਕਰਾਂਦਾ ਹਾਂ
ਪਰ ਜਦ ਵੀ ਕੋਈ ਬਾਬਰ ਮਸਲਦਾ ਹੈ
ਮੇਰੇ ਲੋਕਾਂ ਦੇ ਅਰਮਾਨਾਂ ਨੂੰ
ਮੈਂ ਫਿਰ ਸ਼ਬਦਾਂ ਦੀਆਂ ਮਸ਼ਾਲਾਂ ਨਾਲ
ਪਾਪ ਦੀ ਜੰਞ ਜਲਾਂਦਾ ਹਾਂ
ਉਂਜ ਤਾਂ ਉਹ ਮੈਨੂੰ
ਕਦੀ ਜਿੰਦਾ ਦਫ਼ਨਾਂਦੇ ਹਨ
ਤੇ ਕਦੀ ਹਾਥੀ ਦੇ ਪੈਰਾਂ ਹੇਠ ਮਸਲਦੇ ਹਨ
ਲੋਕ ਕਹਿੰਦੇ ਹਨ
ਇਹ ਕੈਸਾ ਸਿਰ ਫਿਰਿਆ ਹੈ
ਕਿ ਫਰੰਗੀ ਤੋਂ ਫਾਂਸੀ ਦਾ ਹੁਕਮ ਸੁਣਕੇ ਵੀ

ਜਿਸਦਾ ਵਜ਼ਨ ਵਧ ਰਿਹਾ ਹੈ ਲਗਾਤਾਰ
ਹਾਂ! ਮੈਂ ਇੰਜ ਹੀ ਹਰ ਯੁੱਗ ਵਿਚ
ਰੰਗ ਤੇ ਭੇਸ ਬਦਲ ਕੇ ਆਂਦਾ ਹਾਂ
ਜ਼ਿੰਦਗੀ ਦੇ ਹਨੇਰਿਆਂ ਵਿਚ
ਸ਼ਬਦਾਂ ਦੀ ਧੁੱਪ ਨਾਲ
ਚੇਤਨਾ ਦੀ ਮਾਚਿਸ ਜਲਾਂਦਾ ਹਾਂ
ਜੀਂਦਾ ਹਾਂ, ਰੋਂਦਾ ਹਾਂ, ਦੁੱਖ ਵੀ ਸਹਿੰਦਾ ਹਾਂ
ਤੇ ਇਕ ਦਿਨ ਮਰ ਵੀ ਜਾਂਦਾ ਹਾਂ
ਪਰ ਅਗਲੇ ਹੀ ਪਲ
ਫਿਰ ਕਿਸੇ ਸ਼ਬਦ ਦੀ ਕੁੱਖ ਵਿੱਚੋਂ
ਚੇਤਨਾ ਦੀ ਲੋਅ ਸੁਲਘਦੀ ਹੈ
ਮੈਂ ਫਿਰ ਉੱਠਦਾ ਹਾਂ, ਫਿਰ ਮਰਦਾ ਹਾਂ
ਅਤੇ ਸ਼ਬਦਾਂ ਦੀ ਧੁੱਪ ਵਿਚ
ਮੈਂ ਨਿਰੰਤਰ ਸਫ਼ਰ ਕਰਦਾ ਹਾਂ।

ਪਿਤਾ ਤੇ ਮੈਂ

ਪਿਤਾ ਹਲ਼ ਚਲਾਉਂਦਾ ਹੈ
ਡੂੰਘਾ ਬਹੁਤ ਡੂੰਘਾ
ਧਰਤੀ ਸੁਹਾਗਦਾ ਹੈ
ਵੱਤਰ ਭੋਂਇ ਵਿਚ ਬੀਜ ਬੀਜਦਾ ਹੈ
ਬੂਟਾ ਉੱਗਦਾ ਹੈ
ਵੇਲ਼ੇ ਸਿਰ ਪਾਣੀ ਤੇ ਫ਼ਸਲ ਤਿਆਰ
ਤੇ ਮੈਂ
ਉਹਦਾ ਨਕਸਲੀ ਪੁੱਤਰ
ਲੋਕਾਂ ਦੇ ਦਿਮਾਗਾਂ 'ਚ ਹਲ਼ ਚਲਾਉਂਦਾ ਹਾਂ
ਖੌਰੇ ਮੇਰਾ ਹਲ਼ ਹੀ ਖੁੰਢਾ ਹੈ
ਜਾਂ ਮੈਥੋਂ ਬੀਜ ਹੀ ਡੂੰਘਾ ਨਹੀਂ ਬੀਜ ਹੋਇਆ
ਹਾਲਾਂਕਿ ਭੋਂਇ ਤਾਂ ਕਈ ਵਾਰ
ਵੱਤਰ ਹੋਈ
ਪਰ ਲੋਕਾਂ ਦੇ ਸਿਰਾਂ ਵਾਲ਼ਾ ਬੂਟਾ
ਕਦੇ ਵੱਡਾ ਨਾ ਹੋਇਆ
ਫੁੱਟਿਆ ਤਾਂ ਬਹੁਤ ਵਧੀਆ ਸੀ
ਲਗਦੈ ਮੇਰੇ 'ਚ ਹੀ ਕਿਤੇ ਗ਼ਲਤੀ ਹੈ
ਇਸੇ ਲਈ ਤਾਂ ਉਹ ਹਾਲੇ ਵੀ
ਸਾਡੀ ਵੱਤਰ ਭੋਂਇ ਨੂੰ ਵਾਹੀ ਜਾ ਰਹੇ ਹਨ
ਤੇ ਲੋਕਰਾਜ ਦੇ ਨਾਮ ਤੇ ਦੇ ਰਹੇ ਹਨ
ਫ਼ਿਰਕਿਆਂ 'ਚ ਵੰਡਣ ਦੀ ਸਿਆਸਤ
ਜਦੋਂ ਕਿ ਉਸੇ ਹੀ ਵੱਤਰ ਭੋਂਇ ਵਿਚ

ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਨੇ ਅੱਜ ਕੱਲ੍ਹ
ਤੇ ਅਸੀਂ ਹਾਂ ਕਿ ਹਾਲੇ ਤਕ
ਇਹ ਨਿਰਣਾ ਨਹੀਂ ਕਰ ਸਕੇ
ਕਿ ਖੱਬਾ ਪੈਰ ਚੰਗਾ ਹੈ ਜਾਂ ਸੱਜਾ ਪੈਰ
ਜਦੋਂ ਕਿ ਤੁਰਨ ਲਈ ਤਾਂ ਯਾਰੋ
ਦੋਹਾਂ ਹੀ ਪੈਰਾਂ ਦੀ ਜ਼ਰੂਰਤ ਹੈ।

ਸਦੀ ਦੇ ਅਸਤਣ 'ਤੇ

ਬੀਤ ਰਹੀ ਹੈ ਸਦੀ
ਜਾਗਦਾ ਹੈ ਅਜੇ ਵੀ ਸਵਾਲ
ਕੀ ਖ਼ਤਮ ਹੋ ਗਿਆ ਹੈ ਭੁੱਖ ਦਾ ਮਲਾਲ
ਕੀ ਅਜੇ ਵੀ ਖ਼ੂਨ ਦਾ ਰੰਗ ਹੈ ਲਾਲ?
ਜੇ ਹੈ ਤਾਂ ਫਿਰ
ਕਿਉਂ ਪਈਆਂ ਨੇ ਵਿਰਕਾਂ ਤੇ ਕੰਬੋਆਂ ਵਿਚ ਵੰਡੀਆਂ
ਕਿਉਂ ਨਹੀਂ ਸਾਂਝੀਆਂ ਪੱਗਡੰਡੀਆਂ
ਕਿਉਂ ਅਜੇ ਵੀ ਫਿਰਨੀਆਂ ਤੋਂ ਬਾਹਰਵਾਰ
ਉਨ੍ਹਾਂ ਦੀਆਂ ਝੁੱਗੀਆਂ
ਪੜ੍ਹ ਲਿਖ ਕੇ ਵੀ ਕਿਉਂ ਨੇ ਅਜੇ ਤੱਕ
ਰਾਤਾਂ ਉਨ੍ਹਾਂ ਦੀਆਂ
ਇਸ ਤਰ੍ਹਾਂ ਹੀ ਪੁੱਗੀਆਂ
ਕਦੇ ਚਮਾਰ, ਕਦੇ ਕਮੀਣ
ਕੀ ਇਹ ਹੈ ਇਸ ਸਦੀ ਦਾ ਜੀਣ?

ਕੀ ਸਦੀ ਦੇ ਸਿਰ 'ਤੇ ਮੋਰ ਰੰਗਾ ਮੁਕਟ ਹੈ?
ਕੀ ਮੇਰੀ ਇਹ ਆਤਮਾ ਉਨਮੁਕਤ ਹੈ?
ਨਹੀਂ! ਨਹੀਂ!!
ਇਹਦੇ 'ਤੇ ਤਾਂ ਅਜੇ ਵੀ, ਇੱਥੇ ਰਹਿੰਦੇ ਵੀ
ਜਾਤਾਂ, ਕਬੀਲਿਆਂ ਤੇ ਧਰਮਾਂ 'ਦੀ ਜਕੜ ਹੈ
ਇਹਦੇ ਸਿਰ 'ਤੇ ਅਜੇ ਵੀ
ਸ਼ਾਦੀਆਂ, ਮਰਨਿਆਂ 'ਤੇ ਉਹੀ ਪੁਰਾਣੀ

ਮੰਨੂ ਵਾਲ਼ੀ ਪਕੜ ਹੈ
ਕਿਉਂ ਚਾਹੁੰਦਾ ਹਾਂ ਮੈਂ ਅਜੇ ਵੀ
ਮੇਰੇ ਘਰੇ ਆਵੇ ਆਦਿ-ਧਰਮੀਆਂ ਦੀ ਸ਼ਿੰਦੋ
ਪਰ ਮੇਰੇ ਘਰੋਂ ਕਦੇ ਨਾ ਜਾਵੇ
ਉਨ੍ਹਾਂ ਦੇ ਚੂਹੜੇ ਨਾਲ ਮੇਰੀ ਪ੍ਰੀਤੀ
ਬਸ! ਏਨਾ ਕੁ ਸਮਾਜਵਾਦੀ ਹੋਇਆ ਹਾਂ ਮੈਂ?
ਝੂਠ ਜਾਂ ਸੱਚ ਇਹੋ ਅਜੇ ਤੀਕ
ਮੇਰੇ ਜੀਣ ਦਾ ਅੰਦਾਜ਼ ਹੈ
ਕੀ ਮੇਰੇ ਫੇਲ ਹੋਣ ਦਾ
ਇਹੋ ਇੱਕੋ ਇਕ ਰਾਜ਼ ਹੈ?
ਨਹੀਂ! ਨਹੀਂ!! ਹੋਰ ਵੀ ਨੇ ਬਥੇਰੇ ਮਸਲੇ
ਜਿਨ੍ਹਾਂ ਦੇ ਮੂੰਹ ਨੇ, ਟੁੱਟੇ ਵਾਂਗ ਤਸਲੇ
ਪੜ੍ਹ ਲਿਖ ਕੇ ਵੀ ਕਿੱਥੇ ਨੇ?
ਡਿਗਰੀਆਂ ਤੋਂ ਬਾਅਦ ਕੰਮ ਕਾਰ
ਕਿਉਂ ਨੇ ਸਾਡੇ ਹੀ ਹਿੱਸੇ ਵਿਚ
ਸਿਰਫ਼ ਰੋਟੀ ਤੇ ਆਚਾਰ
ਕਿਉਂ ਉਨ੍ਹਾਂ ਦੇ ਕੁੱਤੇ ਵੀ ਨੇ ਖਾਂਦੇ
ਜੀਵਨ ਦਾ ਹਰ ਆਹਾਰ
ਸਾਡੇ ਲਈ ਬਸ ਸਬਰ ਕਰ, ਸ਼ੁਕਰ ਕਰ
ਜਾਂ ਪੁਰਾਣੇ ਜਨਮਾਂ ਦੇ ਕਰਮਾਂ ਦਾ ਫਲ਼
ਇਹੀ ਬਚੇ ਨੇ ਵਿਚਾਰ?

ਨਹੀਂ! ਨਹੀਂ!!
ਇਸ ਤਰ੍ਹਾਂ ਨਹੀਂ ਚਲ ਸਕਦੀ

ਹੁਣ ਹੋਰ ਇਸ ਸਦੀ ਦੀ ਤੋਰ
ਇਸਨੂੰ ਬਦਲ ਹੀ ਦੇਣਗੇ
ਜਾਗੇ ਹੋਏ ਲੋਕਾਂ ਦੇ ਸਿਰਾਂ ਦੇ ਸ਼ਊਰ
ਸਿਰ, ਕਰਮ ਤੇ ਆਤਮਾ ਦੇ
ਨਵੇਂ ਅਰਥ ਫਿਰ ਲੋਕ
ਲੱਭ ਲੈਣਗੇ ਹੋਰ।

... ਸੌਂ ਜਾਣ 'ਤੇ

(ਗੁਰਦੀਪ ਲਈ)

ਕਿੱਥੇ ਬੈਠਾ ਹੈਂ
ਕਮਰੇ 'ਚ ਚੁੱਪ ਚਾਪ
ਬਾਲ਼ ਕੇ ਇਕੱਲਤਾ ਦੀ ਮੋਮਬੱਤੀ
ਉੱਠ ਬਾਹਰ ਮੌਸਮ ਤੈਨੂੰ ਉਡੀਕਦਾ
ਬੁੱਢਾ ਹੋ ਰਿਹਾ ਹੈ
ਤੇ ਕਿਰ ਰਹੇ ਨੇ ਹੱਥਾਂ 'ਚੋਂ ਹੌਲ਼ੀ ਹੌਲ਼ੀ
ਰੇਤ ਵਾਂਗ ਤੇਰੇ ਯਾਰ
ਐਸੀ ਹੈ ਇਨ੍ਹਾਂ ਚੰਦਰੇ ਵਕਤਾਂ ਦੀ ਮਾਰ
ਮੰਨਿਆਂ ਕਿ ਡੂੰਘੀ ਹੁੰਦੀ ਹੈ
ਮਨ ਦੀ ਇਹ ਗਾਰ
ਪਰ ਤੈਥੋਂ ਬਿਨਾਂ ਕੌਣ ਲਵੇਗਾ
ਇਨ੍ਹਾਂ ਵਕਤਾਂ ਦੀ ਸਾਰ?
ਉੱਠ ਮਿੱਤਰ ਉੱਠ ਕਾਫ਼ਲਾ ਬਣਾਂ
ਤੇਰੇ ਤਾਂ ਬਾਂਕੇ ਯਾਰ ਨੂੰ ਉਹ
ਕਵੀ ਵੀ ਨਹੀਂ ਮੰਨਦੇ
ਨਹੀਂ! ਨਹੀਂ!!
ਤੂੰ ਹੁਣ ਸੌਂ ਨਹੀਂ ਸਕਦਾ
ਕਿਉਂਕਿ ਉੱਠਣ ਬਿਨਾਂ ਹੁਣ ਹੋਰ ਕੋਈ
ਚਾਰਾ ਹੀ ਨਹੀਂ ਹੈ
ਕਿ ਹਨ੍ਹੇਰਾ ਹੋ ਰਿਹਾ ਹੈ ਗਾੜ੍ਹਾ ਤੇ ਕਾਲ਼ਾ
ਇਹਦੀਆਂ ਸੰਗੀਨਾਂ ਦੇ ਖੁੱਲ੍ਹ ਗਏ ਨੇ ਮੂੰਹ ਅਸੰਖ

ਕਿ ਇਨ੍ਹਾਂ ਨੂੰ ਮਾਤ ਪਾਉਣਾ ਹੈ ਅਸਾਂ
ਕਿ ਬੰਦੂਕਾਂ ਦੇ ਮੂੰਹ ਕਿੰਨੇ ਵੀ ਵੱਡੇ ਹੋਣ
ਲੋਕਾਂ ਦੇ ਹੌਂਸਲੇ ਸਾਹਵੇਂ
ਉਹ ਕਿਤੇ ਨਿੱਕੇ ਹਨ
ਇਸੇ ਲਈ ਉੱਠ
ਤੇ ਤਾਰ ਹਿੰਮਤ ਦੀਆਂ ਕਿਸ਼ਤੀਆਂ
ਵੇਖ ਲੋਕਾਂ ਦਾ ਸਮੁੰਦਰ ਠਾਠਾਂ ਮਾਰ ਰਿਹਾ ਹੈ।

ਤੇਰੇ ਨਾਲ਼

ਹੌਸਲਾ ਰੱਖ!
ਆਪਾਂ ਇਹ ਘੜੀਆਂ ਵੀ ਜੀਅ ਲਵਾਂਗੇ
ਮੇਰੀ ਪਤਨੀਏ
ਕੀ ਹੋਇਆ ਜੇ ਲੇਅ ਆਫ਼ ਦੀ ਪਹਿਲੀ ਹਨ੍ਹੇਰੀ ਵਿਚ ਹੀ
ਖ਼ੂਨ ਦੇ ਰਿਸ਼ਤਿਆਂ ਦਾ ਜੰਗਲ ਸੁੱਕ ਗਿਆ
ਕੀ ਹੋਇਆ ਜੇ ਆਪਣੀ ਕੋਠੀ ਵਿਚ ਦਾਣੇ ਨਹੀਂ
ਸ਼ਰੀਕਾ ਇੰਜ ਹੀ ਕਰਦਾ ਹੈ ਮੇਰੀ ਜਾਨ
ਮੁੱਠ ਮੀਚੀ ਰਹਿਣ ਦੇ
ਆਪਾਂ ਇਨ੍ਹਾਂ ਪਲਾਂ ਦੇ ਪਰਬਤ ਵੀ ਸਰ ਕਰ ਲਵਾਂਗੇ
ਮੂਲ ਗੱਲ ਇਹ ਹੈ ਕਿ
ਤੇਰੀਆਂ ਪਲਕਾਂ ਮੇਰੇ ਹੋਠਾਂ ਦੇ ਸਵੇਰਿਆਂ 'ਚ ਲਿਸ਼ਕਣ
ਤੇ ਹੌਸਲੇ ਦੇ ਪਰਚਮ
ਹਵਾ ਦੇ ਰੁਖ ਬਦਲਣ ਤੇ ਵੀ ਕਾਇਮ ਰਹਿਣ
ਤੇ ਜਦੋਂ ਦਿਲ ਦੀਆਂ ਜੇਬਾਂ
ਲਬਾਲਬ ਭਰੀਆਂ ਹੋਣ
ਤਾਂ ਉਦੋਂ ਕੁੜਤੇ ਦੇ ਖੀਸੇ
ਤਾਂ ਹੱਥਾਂ ਦੀ ਮੈਲ ਲਗਦੇ ਹਨ।

ਆਤਮ ਮੰਥਨ ਸਰਵ ਮੰਥਨ

ਸਿਸਕਦੀ ਹੈ ਰਾਤ,
ਮੇਰੀਆਂ ਅੱਖਾਂ ਦੇ ਝਿੰਮਣਾਂ ਵਿਚ
ਮੇਰੇ ਸਟੋਰ ਦੇ ਐਨ ਸਾਹਮਣੇ ਮਰ ਗਿਆ ਹੈ
ਉਹ, ਵਿਰੋਧੀ ਗੈਂਗ ਦਾ ਲੀਡਰ
ਜ਼ਿੰਦਗੀ ਕਿੰਨੀ ਸਸਤੀ ਹੋ ਗਈ ਹੈ
ਦੁਨੀਆਂ ਦੇ ਸਭ ਤੋਂ ਤਾਕਤਵਰ ਮੁਲਕ ਵਿਚ
ਮਰ ਗਿਆ ਹੈ, ਪਿੱਛੇ ਛੱਡ ਕੇ
ਮਾਂ ਦੀਆਂ ਬੁੱਢੀਆਂ ਅੱਖਾਂ ਵਿਚ
ਗੁੱਸੇ, ਰੋਹ ਤੇ ਕਦੀ ਨਾ ਮਿਲਣ ਵਾਲ਼ੇ ਗ਼ਮ ਦਾ ਗ਼ੁਬਾਰ
ਸਾਗਰ ਜੇ ਰੋਇਆਂ ਉਸਤੋਂ ਖ਼ਾਲੀ ਹੁੰਦੇ
ਜਦੋਂ ਕਿ ਗੋਲ਼ੀਆਂ ਨਾਲ ਵਿੰਨੀ ਉਸਦੀ ਲਾਸ਼
ਪਈ ਹੈ, ਐਨ ਸੜਕ ਦੇ ਵਿਚਕਾਰ
ਲੰਘਦੇ ਵੜਦੇ ਰਾਹੀ ਕਹਿੰਦੇ ਨੇ ਮੈਨੂੰ
ਇਸਦਾ ਤਾਂ ਇਹੀ ਹਸ਼ਰ ਹੋਣਾ ਸੀ
ਵੱਡੇ ਗੈਂਗ ਲੀਡਰ ਦਾ
ਪੁਲਿਸ ਦੀ ਲਾਈ ਖੱਟੀ ਟੇਪ ਵਿਚੋਂ
ਉੱਠ ਰਿਹਾ ਹੈ ਉਹਦਾ ਮੁਰਦਾ
ਲਲਕਾਰਦਾ ਵਿਰੋਧੀ ਧਿਰ ਦੇ ਵੈਰੀ ਨੂੰ

ਤੇ ਇਕ ਮੈਂ ਹਾਂ
ਜੋ ਆਪਣੀ ਨਿੱਕੀ ਜਿਹੀ ਜਾਨ ਨੂੰ
ਬਚਾਉਂਦਾ ਫਿਰ ਰਿਹਾ ਹਾਂ

ਮੈਂ ਰੋਦਿਆਂ ਛੱਡ ਆਇਆ ਸਾਂ ਉਦੋਂ
ਉਨ੍ਹਾਂ ਦੇ ਹੱਥਾਂ 'ਚ ਵਿਲਕਦਾ ਪੰਜਾਬ ਤੇ ਭਾਰਤ
ਉਹ ਜੋ!
ਪੰਜਾਬ ਨੂੰ ਸ਼ੁੱਧ ਕਰਨਾ ਚਾਹੁੰਦੇ ਸਨ
ਆਪਣੇ ਗੰਦੇ, ਹਨ੍ਹੇਰੇ ਤੇ ਅਗਿਆਨੀ ਰਾਹ ਨਾਲ
ਗੁਜਰਾਤ ਦੀ ਲਾਸ਼
ਮੇਰੇ ਅੰਦਰ ਬਦਬੂ ਮਾਰ ਰਹੀ ਹੈ
ਤੇ ਮੈਂ ਹਾਂ ਕਿ
ਇੱਥੇ ਬੈਠਾ ਸੈਂਟ ਤੇ ਸੈਂਟ ਛਿੜਕ ਰਿਹਾ ਹਾਂ
ਦੂਰ ਦੀ ਹੀ ਕਿਉਂ?
ਅਜੇ ਤਾਂ ਕੱਲ੍ਹ ਦੀ ਹੀ ਗੱਲ ਹੈ
ਮੈਂ ਡੇਵਿਡ ਦੇ ਆਖਣ 'ਤੇ ਵੀ
ਪੀਸ ਮਾਰਚ ਵਿਚ ਸ਼ਾਮਿਲ ਹੋਣ ਨਾ ਗਿਆ
ਡਰਦਾਂ ਕਿਤੇ ਮੇਰਾ ਨਾਮ ਵੀ
ਪੁਲਿਸ ਦੀਆਂ ਅੱਖਾਂ 'ਚ ਰੜਕਣ ਨਾ ਲੱਗ ਪਵੇ

ਅੱਜ ਜਦੋਂ ਕਿ ਹਥਿਆਰਾਂ ਦੇ ਬੇਖ਼ੌਫ਼ ਝੰਡੇ
ਝੁਲਾ ਰਿਹਾ ਹੈ ਇਹ ਮੁਲਕ
ਤਾਂ ਮੈਂ ਇਸਦਾ ਸਿੱਧਾ ਨਾਮ ਲੈਣੋਂ
ਡਰਦਾ ਹਾਂ ਕਵਿਤਾ ਵਿਚ
ਉਂਜ ਮੈਂ ਕਵਿਤਾਵਾਂ ਵਿਚ
ਗੀਤਾਂ ਵਿਚ, ਗ਼ਜ਼ਲਾਂ ਵਿਚ
ਗ਼ੁਲਾਬੀ ਮੁਹੱਬਤ ਦਾ
ਮਹਿਬੂਬ ਦੇ ਨੈਣਾਂ ਦਾ

ਇੰਜ ਜ਼ਿਕਰ ਕਰਦਾ ਹਾਂ ਕਿ
ਪਾਠਕ ਦੀ ਆਤਮਾ ਤਕ ਵਿਲਕ ਉੱਠੇ
ਤੇ ਇੰਜ ਹੌਲ਼ੇ ਹੌਲ਼ੇ ਮੈਂ ਭੁੱਲ ਜਾਂਦਾ ਹਾਂ ਉਸ ਦੈਂਤ ਨੂੰ
ਜੋ ਦੁਨੀਆਂ 'ਤੇ ਆਦਮ ਬੋ ਆਦਮ ਬੋ ਕਰਦਾ
ਫੁੰਕਾਰ ਰਿਹਾ ਹੈ
ਜਿਸਦੇ ਸ਼ਿਸਕਾਰੇ ਹੋਏ ਹਥਿਆਰ
ਕਦੇ ਵੀ ਤਬਾਹ ਕਰ ਸਕਦੇ ਨੇ ਦੁਨੀਆਂ ਨੂੰ
ਪਤਾ ਨਹੀਂ ਕਿਉਂ?
ਉਸ ਗੈਂਗ ਲੀਡਰ ਦੀ ਲਾਸ਼ ਨੂੰ ਦੇਖ ਕੇ ਲਗਦੈ
ਕਿ ਮੇਰੇ ਨਾਲੋਂ ਤਾਂ ਉਹਦੀ ਮੌਤ ਹੀ ਚੰਗੀ ਸੀ
ਘੱਟੋ ਘੱਟ ਜਿੰਨਾ ਚਿਰ ਉਹ ਜੀਵਿਆ
ਸਿਰ ਤਾਣ ਕੇ ਤਾਂ ਜੀਵਿਆ
ਕਿ ਮੈਂ ਤਾਂ ਹਰ ਰੋਜ਼ ਮਰਦਾ ਹਾਂ
ਮੇਰੇ ਅੰਦਰ ਪਤਾ ਨਹੀਂ
ਕਿੰਨੀਆਂ ਕੁ ਲਾਸ਼ਾਂ ਦਾ ਖ਼ੂਨ ਜੰਮਿਆਂ ਹੈ
ਮੇਰੀ ਆਤਮਾ 'ਤੇ ਸੂਰਜ ਚੜ੍ਹੇ ਨੂੰ
ਪੂਰੇ ਇੱਕੀ ਸਾਲ ਹੋ ਗਏ ਨੇ
ਖੌਰੇ ਕੋਈ ਧੁੱਪ ਦਾ ਕਾਸ਼ਨੀ ਟੋਟਾ
ਕਦੇ ਲਿਸ਼ਕ ਜਾਵੇ
ਇਸ ਬਰਫ਼ਾਂ ਲੱਦੀ ਲਾਸ਼ 'ਤੇ
ਆਸ ਦੇ ਇਸੇ ਸੁਪਨੇ 'ਚ ਬੈਠਾ
ਧੂਹ ਰਿਹਾ ਹਾਂ ਇਹ ਜਿਸਮ।

ਕੱਚੇ ਭਾਂਡੇ

ਇਹ ਤਾਂ ਕੱਚੇ
ਭਾਂਡੇ ਸਨ
ਇਹਨਾਂ ਤਾਂ ਟੁੱਟਣਾ ਹੀ ਸੀ
ਕੇਵਲ ਅਸੀਂ ਹੀ ਪੱਕੇ ਪੱਕੇ ਦਾ ਰਾਗ
ਅਲਾਪਦੇ ਰਹੇ
ਉਹ ਕਈ ਚਿਰ ਠੀਕ ਵੀ ਰਹੇ
ਫਿਰ ਟੁੱਟ ਗਏ
ਆਖਰ ਕੱਚੇ ਹੀ ਤਾਂ ਸਨ
ਲੋਕ-ਦੁੱਖਾਂ ਦੇ ਸੱਚ ਦਾ ਪਾਣੀ ਵੀ
ਉਹਨਾਂ ਠੀਕਰਾਂ ਨੂੰ ਇਕ ਨਾ ਕਰ ਸਕਿਆ
ਕਿਉਂਕਿ ਉਹ ਕੱਚੇ ਸਨ, ਪਿੱਲੇ ਸਨ
ਪਰ ਉਨ੍ਹਾਂ ਨੂੰ ਟੁੱਟਣ ਦਾ ਕੋਈ ਖ਼ੌਫ਼ ਨਾ ਸੀ
ਰਾਤਾਂ ਦੀਆਂ ਡੂੰਘੀਆਂ ਉਦਾਸੀਆਂ
ਟੁੱਟ ਰਹੇ ਘਰਾਂ ਦੀ ਮਜਬੂਰੀਆਂ
ਤੇ ਗਰਜਦੇ ਪੁਲਿਸ ਮੁਕਾਬਲੇ ਵੀ
ਉਨ੍ਹਾਂ ਨੂੰ ਤੋੜ ਨਾ ਸਕੇ
ਪਰ ਉਹ ਤਾਂ ਅੰਦਰੋਂ ਹੀ ਟੁੱਟ ਗਏ
ਆਖਰ ਕੱਚੇ ਹੀ ਤਾਂ ਸਨ
ਕਾਸ਼! ਉਹ ਪੱਕੇ ਹੁੰਦੇ
ਜੀਵਨ ਦੀ ਅੱਗ ਵਿਚ ਬਲ਼ਕੇ ਪੱਕੇ।

ਦੋਸਤ ਸ਼ਰਮਾ ਲਈ

ਮੈਂ ਤਾਂ ਬੜਾ ਚਾਹਿਆ ਸੀ
ਕਿ ਨਾ ਟੁੱਟੇ ਆਪਣੇ ਦਰਮਿਆਨ
ਇਹ ਬੋਲਚਾਲ ਦੀ ਕਿਸ਼ਤੀ
ਪਰ ਨਿੱਕੇ ਨਿੱਕੇ ਈਰਖਾ ਦੇ ਮੂੰਹਜ਼ੋਰ ਤੂਫ਼ਾਨ
ਤੋੜ ਹੀ ਗਏ ਇਹ ਰਿਸ਼ਤਾ
ਜੋ ਸਹਿਜ ਸੀ, ਆਮ ਲਗਦਾ ਸੀ
ਅਸਹਿ ਹੋ ਗਿਆ ਹੈ
ਹੁਣ ਕਦੇ ਗਲ਼ੀ ਗੁਆਂਢ ਮਿਲਦੇ ਵੀ
ਇੰਜ ਅੱਖ ਫੇਰ ਲੈਂਦੇ ਹਾਂ
ਜਿਵੇਂ ਅਜ਼ਲਾਂ ਤੋਂ ਨਾ ਜਾਣਦੇ ਹੋਈਏ
ਇਹ ਕਿੰਜ ਹੋਇਆ ਮੇਰੇ ਦੋਸਤ
ਕੀ ਦੋ ਸੱਚ ਨਹੀਂ ਸਨ ਜੋ ਮਿਲ਼ੇ
ਜਾਂ ਫਿਰ ਆਪਾਂ ਝੂਠ ਹੀ ਜੀਂਦੇ ਰਹੇ ਏਨੀ ਦੇਰ
ਆਪਾਂ ਤਾਂ ਖੇਤ ਵੀ ਨਾ ਵੰਡਣੇ ਸੀ
ਨਾ ਪੈਸੇ ਦਾ ਹੀ ਲੈਣ ਦੇਣ ਸੀ
ਫਿਰ ਭਲਾ ਇਹ ਸਭ ਕਿੰਜ ਹੋਇਆ
ਕੀ ਬੰਦਿਆਂ ਦੀ ਹਉਂ ਹੀ
ਉਨ੍ਹਾਂ ਦਾ ਵੱਡਾ ਸੱਚ ਹੁੰਦੀ ਹੈ
ਆ ਆਪਾਂ ਫਿਰ ਮਿਲਾਈਏ ਹੱਥ
ਪੁੱਛੀਏ ਸੁੱਖ ਸਾਂਦ
ਇਹ ਜ਼ਿੰਦਗੀ ਕਿੰਨੀ ਛੋਟੀ ਹੈ ਮੇਰੇ ਯਾਰ
ਬੰਦ ਮੂੰਹ ਤਾਂ
ਖੜੇ ਪਾਣੀ ਵਾਂਗ ਬੁੱਸ ਜਾਂਦੇ ਨੇ।

ਕਿਉਂ ?

ਇਨ੍ਹਾਂ ਮਸਰੂਫ਼ੀਆਂ ਦਾ ਕੀ ਕਰੇਂਗਾ
ਜੇ ਜ਼ਿੰਦਗੀ ਹੀ ਬੇਅਰਥ ਬੀਤ ਗਈ
ਕਿੱਥੇ ਲੈ ਜਾਵੇਂਗਾ ਏਨੇ ਪੈਸੇ,
ਨਵੇਂ ਨਵੇਂ ਘਰ, ਮਹਿੰਗੀਆਂ ਕਾਰਾਂ
ਤੇ ਇਹ ਜੋ,
ਤੈਨੂੰ ਲਿਲਕ ਲੱਗੀ ਰਹਿੰਦੀ ਹੈ ਹਰ ਸਾਲ
ਨਵਾਂ ਸਟੋਰ ਖਰੀਦਣ ਦੀ
ਐਵੇਂ ਬਹਾਨੇ ਲੱਭਦਾ ਰਹਿੰਦਾ ਹੈਂ
ਪਾਰਟੀ ਕਰਨ ਦੇ
ਤਾਂ ਕਿ
ਰਿਸ਼ਤੇਦਾਰਾਂ 'ਤੇ ਤੇਰਾ ਰੋਹਬ ਬਣਿਆ ਰਹੇ
ਜਦੋਂ ਕਿ ਉਹ ਸਾਰੇ ਹੀ ਤੈਨੂੰ
ਪਿੱਠ ਪਿੱਛੇ ਆਖਦੇ ਨੇ ਮਿੱਠੀ ਛੁਰੀ
ਕਿੱਥੇ ਗਈ ਹੈ ਤੇਰੀ ਉਹ?
ਮੂੰਹ ਹਨੇਰੇ ਜਪੁਜੀ ਪੜ੍ਹਨ ਦੀ ਜਾਚ
ਹੁਣ ਤੇ ਤੂੰ ਮਸਤ ਰਹਿੰਦਾ ਹੈਂ
ਹਨ੍ਹੇਰੇ ਵੀ, ਸਵੇਰੇ ਵੀ
ਸ਼ਰਾਬਾਂ ਵਿਚ, ਸ਼ਬਾਬਾਂ ਵਿਚ, ਕਬਾਬਾਂ ਵਿਚ
ਕਿੱਥੇ ਗਈ ਹੈ ਤੇਰੀ
ਉਹ ਹੌਸਲੇ ਦੀ ਦੋ ਧਾਰੀ ਸ਼ਮਸ਼ੀਰ
ਕੀ ਹੋ ਗਿਆ ਹੈ ਤੈਨੂੰ ਕਾਮਰੇਡ?
ਕੀ ਤੂੰ ਵੀ ਬਸ ਹੋ ਗਿਆ ਹੈਂ ਕੰਮਰੇਡ

ਕੀ ਤੈਨੂੰ ਨਹੀਂ ਸਤਾਉਂਦਾ ਹੁਣ
ਭੰਗ ਦੇ ਭਾੜੇ ਮਰ ਜਾਣ ਦਾ ਗ਼ਮ
ਤੇ ਤੇਰੇ ਉਹ ਵਿਚਾਰਾਂ ਦੇ ਪਰਚਮ
ਤੇ ਲੋਕਾਂ ਦੇ ਮਾਛੀਵਾੜੇ ਦੇ ਜੰਗਲ 'ਚ ਛਿਪ ਜਾਣ ਦੇ
ਰਾਤਾਂ ਦੇ ਸਕੂਲ ਕਿੱਧਰ ਗਏ?
ਕਿਉਂ? ਤੂੰ ਵੀ ਹੋ ਗਿਆਂ ਏਂ
ਬਹੁਤੀ ਅਜੋਕੀ ਪੰਜਾਬੀ ਕਵਿਤਾ ਵਰਗਾ
ਲਿਜ਼ਲਿਜ਼ਾ, ਬੇਸੁਰਾ, ਨਕਲੀ ਤੇ ਮੱਕਾਰ
ਬਸ ਇਹੀ ਹੈ ਅੱਜ ਦੇ ਪਾਸ਼ ਤੇ ਰਵੀ ਦੀ
ਕਵਿਤਾ ਨੂੰ
ਤੇ ਤੈਨੂੰ ਵੰਗਾਰ।

ਅਸਾਡੀ ਹਾਰ

ਮੈਂ ਚੁੱਪ ਰਹਿ ਨਹੀਂ ਸਕਦਾ
ਤੇ ਦੁੱਖ ਵੀ ਕਹਿ ਨਹੀਂ ਸਕਦਾ
ਇਹ ਸੱਲ
ਜੋ ਖੋਰਦਾ ਹੈ ਮੇਰੇ ਅੰਦਰ
ਡੂੰਘੀਆਂ ਉਦਾਸੀਆਂ
ਜੋ ਸ਼ਾਮਾਂ ਤੇ ਰਾਤਾਂ ਨੂੰ ਵੀ
ਮੈਨੂੰ ਸੌਂਣ ਨਹੀਂ ਦੇਂਦਾ
ਵੱਖੀ 'ਚ ਚੋਭ ਵਾਂਗੂੰ ਚੀਸਦਾ ਰਹਿੰਦਾ
ਕਵਿਤਾ ਇਸ ਦੁੱਖ ਦੇ ਭਾਵਾਂ ਨੂੰ
ਬਿੰਬਾਂ ਤੇ ਰੂਪਕਾਂ 'ਤੇ ਭਾਰ ਕਹਿੰਦੀ ਹੈ
ਪਰ ਮੇਰੇ ਅੰਦਰ
ਜੋ ਪ੍ਰਸ਼ਨਾਂ ਦਾ ਡੂੰਘਾ ਘਾਉ ਲੱਗਿਆ ਹੈ
ਇਹ ਮੇਰੇ ਮੇਚ ਦੀ ਕਵਿਤਾ
ਵੀ ਆਪੇ ਲੈ ਕੇ ਆਵੇਗਾ
ਸੋਚਦਾਂ!
ਕੀ ਇਹ ਦੇਸ਼ ਮੇਰਾ ਹੈ
ਜਿੱਥੇ ਸੱਖਣੇ ਢਿੱਡਾਂ ਦੀ ਉਦਾਸੀ ਤੋਂ ਜ਼ਿਆਦਾ
ਬੰਦਾ ਮੁਸਲਮਾਨ, ਹਿੰਦੂ, ਸਿੱਖ ਤੇ ਇਸਾਈ ਹੈ
ਜਾਂ ਫਿਰ ਉਹੋ ਪੁਰਾਣੇ ਹੰਢੇ ਵਰਤੇ ਨੁਸਖੇ
ਉਹੋ ਪੁਰਾਣੀ ਛੁਰੀ
ਅਤੇ ਕਸਾਈ ਹੈ
ਕਿ ਜੇ ਰਾਜ ਕਰਨਾ ਹੈ ਤਾਂ

ਏਕੇ ਤੋੜ ਕੇ ਰੱਖੇ
ਪਰ ਇਸ ਤਰ੍ਹਾਂ ਕਿਉਂ ਹੈ ਕਿ
ਹਰ ਵਾਰ ਅਸੀਂ ਜਾਣਦੇ ਬੁੱਝਦੇ ਵੀ
ਹਾਰ ਜਾਂਦੇ ਹਾਂ,
ਉਨ੍ਹਾਂ ਦੇ ਭੱਦੇ ਜਿਸਮਾਂ ਤੋਂ
ਤੇ ਸਾਡੀ ਆਤਮਾ ਦੇ ਬੈਚੇਨ ਰੇਤੇ ਵਿਚ
ਕਿਉਂ ਭਟਕਦੀ ਹੈ ਹਰ ਵਾਰ
ਅਸਾਡੀ ਆਪਣੀ ਹੀ ਹਾਰ?
ਦੇਸੀਆਂ ਤੇ ਬਦੇਸ਼ੀਆਂ ਤੋਂ
ਹਰ ਯੁੱਗ ਵਿਚ, ਇਸੇ ਲਈ ਤਾਂ
ਹੋਈ ਹੈ ਸਾਡੀ ਹਾਰ
ਆਉ!
ਇਕ ਹੋ ਜਾਈਏ ਯਾਰ
ਨਹੀਂ ਤਾਂ ਖਾਂਦੇ ਰਹਾਂਗੇ ਮਾਰ
ਹਰ ਵਾਰ
ਇਕ ਹੋ ਜਾਈਏ ਯਾਰ
ਆਉ ਇਕ ਹੋ ਜਾਈਏ ਯਾਰ

ਆਹਰ

ਆਹਰ 'ਚ ਰੁੱਝੇ ਹੱਥ
ਮੈਨੂੰ ਚੰਗੇ ਚੰਗੇ ਲਗਦੇ
ਇਹੋ ਕਰਦੇ ਉਸਾਰੀਆਂ
ਨਹੀਂ ਜਾਣਦੇ ਕਿਉਂ ਨੇ?
ਇਨ੍ਹਾਂ ਦੇ ਭਾਗਾਂ 'ਚ ਦੁਸ਼ਵਾਰੀਆਂ
ਸਿਰਜਦੇ ਨੇ ਸਭ ਕਲਾਵਾਂ, ਹੁਸਨ
ਪਰ ਆਪਦੇ ਹਿੱਸੇ ਆਣ ਸਿਰਫ਼
ਖੁੰਢੀਆਂ ਹੋਈਆਂ ਆਰੀਆਂ
ਜਿਨ੍ਹਾਂ ਨੂੰ ਡੋਬ ਕੇ ਇਹ ਸੱਖਣੀਆਂ ਜੇਬਾਂ ਅੰਦਰ
ਚੀਰ ਘੱਤਣ ਡੂੰਘੇ ਰਿਸ਼ਤੇ
ਸਮਤੋਲ ਤੇ ਉਡਾਰੀਆਂ
ਉੱਚਿਆਂ ਲਈ ਸਿਰਜਦੇ ਨੇ ਮਹੱਲ
ਪਰ ਨਹੀਂ ਲਾ ਸਕਦੇ
ਘਰ ਦੀਆਂ ਟੁੱਟੀਆਂ ਬਾਰੀਆਂ
ਇਨ੍ਹਾਂ ਵਿੱਚੋਂ ਹੀ ਕੁਝ
ਘਰ ਤੇ ਕਾਰ ਦੀਆਂ ਕਿਸ਼ਤਾਂ ਭਰਕੇ ਵੀ
ਸਮਝ ਨਾ ਸਕਣ
ਕਿਉਂ ਇਨ੍ਹਾਂ ਦੀਆਂ ਜੇਬਾਂ ਖ਼ਾਲੀ ਰਹਿਣ
ਸਾਰੇ ਹੀ ਇਨ੍ਹਾਂ ਨੂੰ
ਭਾਈ ਲਾਲੋ ਲਾਲੋ ਕਹਿਣ
ਕਿਉਂ ਕਦੇ ਨਾ ਮਾਣ ਸਕਣ
ਚਾਹੁੰਣ 'ਤੇ ਵੀ ਇਹ ਸਰਦਾਰੀਆਂ

ਛੱਡ ਦੇਣਗੇ ਡਰ,
ਜਿਸ ਦਿਨ ਇਹ ਲਾਲੋ
ਬੀਜ ਲੈਣਗੇ ਫਿਰ ਆਪੇ ਹੀ ਇਹ
ਜ਼ਿੰਦਗੀ ਦੀਆਂ ਕਿਆਰੀਆਂ।

ਜੜ੍ਹਹੀਣ

ਸਾਡੇ ਕੋਲ਼ ਕੰਮ ਤਾਂ ਹਨ
ਪਰ ਜ਼ਿੰਦਗੀ ਕਿੱਥੇ ਹੈ
ਅਸੀਂ ਕੰਮਾਂ ਨੂੰ, ਪੈਰਾਂ ਤੋਂ ਉਤਾਰ ਕੇ
ਪਿੱਠਾਂ ਤੇ ਲੱਦ ਲਿਆ ਹੈ ਸਟਰੈਸ ਬਣਾ ਕੇ
ਕਸਬੀ ਰਸਤਿਆਂ ਨੂੰ ਕੱਟ ਕੇ
ਵੱਢਿਆ ਤੇ ਬਦਲਿਆ ਹੈ
ਇਕੱਠਾਂ ਨੂੰ ਤੋੜ ਕੇ
ਨਿੱਜਤਾ ਨੂੰ ਥੰਮ੍ਹਿਆ ਹੈ
ਪਰ ਸਾਡੀਆਂ ਜੜ੍ਹਾਂ ਕਿੱਥੇ ਹਨ?
ਚਰਿੱਤਰ ਕੀ ਹੈ?
ਚਰਿੱਤਰ ਵਫ਼ਾਦਾਰੀ ਤੇ ਵਚਨਬੱਧਤਾ ਹੈ
ਕਿੱਦਾਂ ਨਿਸ਼ਚਾ ਕਰੀਏ
ਕਿ ਜੀਵਨ 'ਚ ਅਮਰ ਰਹਿਣ ਵਾਲ਼ਾ
ਪਲ ਕਿੱਥੇ ਹੈ
ਇਸ ਸੜਕ ਦਾ ਅੰਤ ਕਿੱਥੇ ਹੈ?
ਟੁਕੜਿਆਂ 'ਚ ਟੁੱਟੇ ਸਮੇਂ ਦੀਆਂ ਕਿਰਚਾਂ
ਖੁਭ ਰਹੀਆਂ ਨੇ ਮਨ ਅੰਦਰ
ਜਦੋਂ ਅਸੀਂ ਕੰਮ ਬਦਲਦੇ ਹਾਂ
ਤਾਂ ਨਾਲ਼ ਹੀ ਤਿੜਕ ਜਾਂਦੇ ਨੇ
ਮਿੱਤਰਤਾ ਤੇ ਸਮਾਜੀ ਹੋਣ ਦੇ ਨੁਸਖ਼ੇ
ਕੀ ਇਹ ਭਗੌੜੀ ਲੱਚਰਤਾ ਹੈ ਜਾਂ ਗੁਣ
ਕੀ ਇਹੀ ਹੈ ਲਚਕੀਲੇ ਸਰਮਾਏ ਦਾ ਗੁਣ

ਜੀਹਦਾ ਤੁਸੀਂ ਗੁਣਗਾਨ ਕਰਨੋਂ ਨਹੀਂ ਹਟਦੇ
ਇਹ ਸਹਿਜ ਨਹੀਂ ਹੈ
ਇਹ ਤਾਂ ਸਹਿਜਤਾ ਦਾ ਗਲਪ ਹੈ
ਜ਼ਿੰਦਗੀ ਨਹੀਂ, ਜ਼ਿੰਦਗੀ ਦੀ ਪੈਰੋਡੀ ਹੈ
ਅਸੀਂ ਸ਼ਾਇਦ ਬਿਲਡਿੰਗਾਂ ਅੰਦਰ ਉੱਗੇ
ਪਲਾਸਟਿਕ ਦੇ ਉਹ ਦਰੱਖਤ ਹਾਂ
ਜੋ ਉਪਰੋਂ ਸਦਾ ਹੀ ਹਰੇ ਲਗਦੇ ਨੇ
ਪਰ ਜਿਨ੍ਹਾਂ ਦੀਆਂ ਜੜ੍ਹਾਂ ਕਿਤੇ ਨਹੀਂ ਹਨ।

ਸਮਰਪਣ

(ਨਵਦੀਪ ਲਈ)

ਮੈਨੂੰ ਲਗਦੈ
ਮੈਂ ਉਹਦੇ ਪਿਆਰ 'ਚ
ਉਸ ਤਰ੍ਹਾਂ ਨਹੀਂ ਡੁੱਬਿਆ
ਜਿਵੇਂ ਉਹ ਡੁੱਬੀ ਹੈ
ਤਾਂ ਹੀ ਤਾਂ ਮੈਨੂੰ
ਮੌਤ ਤੋਂ ਡਰ ਲਗਦਾ ਹੈ
ਸੰਸਿਆਂ 'ਚ ਫਸੀ ਰਹਿੰਦੀ ਹੈ ਮੇਰੀ ਜਾਨ
ਰੇਤ ਵਾਂਗ ਉਡਦੇ ਰਹਿੰਦੇ ਨੇ
ਮੇਰੇ ਮੱਥੇ 'ਚ ਸ਼ੰਕਾਵਾਂ ਦੇ ਪੰਛੀ
ਜੋ ਸਿਰਫ਼ ਚੀਕ ਚਿਹਾੜਾ ਹੀ ਪਾਉਣਾ ਜਾਣਦੇ ਨੇ
ਕਾਸ਼! ਮੈਂ ਉਸ ਵਰਗਾ ਹੁੰਦਾ
ਸ਼ਾਂਤ ਤੇ ਅਡੋਲ
ਜਿਵੇਂ ਉਹ ਕਦੇ ਕਦੇ
ਸੁਖਮਨੀ ਦਾ ਪਾਠ ਕਰਕੇ
ਇੰਜ ਲਗਦੀ ਹੈ
ਜਿਵੇਂ ਉਹ ਸਾਰੇ ਹੀ ਖੰਡ-ਬ੍ਰਹਿਮੰਡ
ਖ਼ੁਦ ਹੋ ਗਈ ਹੋਵੇ
ਤੇ ਇਕ ਮੈਂ ਹਾਂ
ਜੀਹਨੂੰ ਨਾ ਪਾਠ ਪੋਂਹਦਾ ਹੈ, ਨਾ ਚਿੰਤਨ
ਨਾ ਹਰਖ਼, ਨਾ ਸੋਗ
ਬਸ ਭਟਕਣਾ ਹੀ ਹੈ
ਮੇਰੇ ਯੁੱਗ ਦਾ ਸਭ ਤੋਂ ਵੱਡਾ ਰੋਗ।

ਇਕ ਅਮਰੀਕੀ ਮਾਂ ਦਾ ਹਲਫ਼ੀਆ ਬਿਆਨ

ਇਹ ਠੀਕ ਹੈ ਕਿ
ਐਂਡੀ ਦਾ ਬਾਪ
ਮੇਰਾ ਪਹਿਲਾ ਪਿਆਰ ਸੀ
ਪਿਆਰ ਨਹੀਂ! ਬਸ ਕਾਮੁਕ ਭੁੱਖ
ਜੋ ਉਮਰ ਦੇ ਸੋਲ੍ਹਵੇਂ ਵਰ੍ਹੇ 'ਚ ਲਗਦੀ ਏ
ਤੇ ਐਂਡੀ ਮਹਿਜ਼ ਇਕ ਐਕਸੀਡੈਂਟ ਸੀ
ਇਹਦੇ ਜਨਮ ਵੇਲ਼ੇ ਮੈਂ
ਇਹਨੂੰ ਅੰਤਾਂ ਦੀ ਨਫ਼ਰਤ ਕਰਦੀ ਸਾਂ
ਜਿਵੇਂ ਇਕ ਬੱਚਾ, ਦੂਜੇ ਨੂੰ ਕਰਦਾ ਏ
ਮੈਂ ਖ਼ੁਦ ਅਜੇ ਸੋਲ੍ਹਾਂ ਦੀ ਨਹੀਂ ਸਾਂ ਹੋਈ
ਸੋ ਤੇਰਾ ਇਹ ਕਹਿਣਾ
ਕਿ ਐਂਡੀ ਮੇਰੇ ਨਾਲ਼ ਹੀ ਜੁਆਨ ਹੋਇਆ
ਬਿਲਕੁਲ ਠੀਕ ਹੈ
ਹੌਲ਼ੀ ਹੌਲ਼ੀ ਮੈਨੂੰ ਆਦਤ ਪੈ ਗਈ ਉਹਦੀ
ਤੇ ਉਹਦਾ ਬਚਪਨ
ਜੰਗਲ 'ਚ ਖਿੜੇ ਕਾਸ਼ਨੀ ਫੁੱਲਾਂ ਵਾਂਗ
ਮੈਨੂੰ ਵੀ ਮਹਿਕਾ ਗਿਆ

ਮਾਂ...

ਮੇਰੀ ਮਾਂ ਪੱਕੀ ਹਰਾਮਣ ਸੀ
ਆਪਣੀ ਡਰੱਗੀ ਆਦਤ ਲਈ
ਮੈਨੂੰ ਆਪਣੇ ਯਾਰਾਂ ਨਾਲ ਸੌਣ ਲਈ ਕਹਿੰਦੀ ਸੀ
ਇਕ ਤੋਂ ਤਾਂ ਉਸ
ਪੇਸ਼ਗੀ ਪੈਸੇ ਵੀ ਲੈ ਲਏ ਸਨ
ਇਹ ਤੇ ਮੇਰਾ ਬਾਪ ਹੀ ਸੀ
ਜੀਹਦੀਆਂ ਅੱਖਾਂ 'ਚ ਅਜੇ ਵੀ
ਸ਼ਰਮ ਤੈਰਦੀ ਸੀ
ਹਾਂ ਮੈਂ ਦੱਸਣਾ ਭੁੱਲ ਗਈ ਕਿ
ਮੇਰੇ ਮਾਂ ਬਾਪ ਨੇ ਚਾਰ ਬੱਚੇ ਹੁੰਦਿਆਂ ਵੀ
ਵਿਆਹ ਨਹੀਂ ਸੀ ਕਰਾਇਆ
ਤੇ ਐਂਡੀ ਦਾ ਬਾਪ ਵੀ ਮੈਥੋਂ
ਚਾਰ ਸਾਲਾਂ ਬਾਅਦ ਅੱਕ ਗਿਆ
ਉਹ ਗਾਂਜਾ ਪੀ ਕੇ ਮੈਨੂੰ
ਅੰਤਾਂ ਦਾ ਕੁੱਟਦਾ ਸੀ
ਕੀ ਕਿਹਾ ਤੂੰ?
ਇੱਥੇ ਔਰਤਾਂ ਲਈ ਸਖ਼ਤ ਕਾਨੂੰਨ ਨੇ
ਔਰਤ ਆਜ਼ਾਦ ਹੈ ਇੱਥੇ
ਇਹ ਸਭ ਕਹਿਣ ਦੀਆਂ ਗੱਲਾਂ ਨੇ
ਔਰਤਾਂ ਲਈ ਤਾਂ ਸਭ ਜਹਾਨ ਇਕੋ ਜਿਹੇ
ਹਰ ਯੁੱਗ 'ਚ ਉਸ ਲਈ ਰਸੋਈ ਹੈ, ਮਾਰ ਹੈ
ਪਿਆਰ ਦੇ ਨਾਮ 'ਤੇ ਧੋਖਾ

ਜ਼ਿੰਦਗੀ ਬਸ ਖਾਰ ਹੈ
ਪਹਿਲਾਂ ਪਿਤਾ ਦੀ, ਫਿਰ ਪਤੀ ਦੀ, ਫਿਰ ਬੱਚਿਆਂ ਦੀ
ਕੈਦ 'ਚ ਰਹਾਂ ਤਾਂ ਪਰਿਵਾਰ ਹੈ
ਜੇ ਬੋਲਾਂ, ਜੇ ਕੁਸਕਾਂ
ਤਾਂ ਹਾਰ ਹੀ ਹਾਰ ਹੈ
ਕਦੇ ਕਦੇ ਮਿਲਦਾ ਹੈ ਤੇਰੇ ਵਰਗਾ
ਦੋ ਚਾਰ ਸ਼ਬਦ ਪਿਆਰ ਦੇ ਬੋਲ ਕੇ
ਕਰਦਾ ਖਿਲਵਾੜ ਹੈ
ਜੋ ਭੋਗਣਾ ਤਾਂ ਚਾਹੁੰਦਾ ਹੈ ਮੇਰਾ ਜਿਸਮ
ਪਰ ਨਾਲ ਰਹਿਣ ਨੂੰ ਨਹੀਂ ਤਿਆਰ ਹੈ
ਬਸ ਔਰਤ ਦਾ,
ਏਨਾ ਕੁ ਹੀ ਘਰ ਬਾਰ ਹੈ
ਹੁਣ ਤੂੰ ਹੀ ਦੱਸ
ਕਿੰਨੀ ਕੁ ਆਜ਼ਾਦ ਹਾਂ ਮੈਂ
ਔਰਤ ਤਾਂ ਹਰ ਯੁੱਗ 'ਚ ਦੁਸ਼ਵਾਰ ਹੈ
ਇਹੋ ਹੀ ਉਸਦੀ ਜਿੱਤ?
ਇਹੋ ਹੀ ਉਸਦੀ ਹਾਰ ਹੈ।

ਦਵਾਈ ਮਾਂ ਦੇ ਅੱਥਰੂਆਂ ਦੀ

ਸਭ ਕੁਝ ਸਹੀ ਸੀ
ਜਦੋਂ ਤਕ ਸਾਡੇ ਘਰ ਦੀ ਮੰਦਹਾਲੀ
ਰੱਬੀ ਭਾਣਾ ਸੀ
ਜਾਂ ਫਿਰ ਇਹ ਸਭ ਕਿਸਮਤ ਦੇ ਲੇਖ ਦਾ ਲਾਣਾ ਸੀ
ਸਕੂਲੇ ਪੜ੍ਹਦਿਆਂ ਮੇਰੀ ਸੋਚ ਨੇ ਅੰਗੜਾਈ ਲਈ
ਮੈਂ ਸੋਚਣ ਲੱਗਾ
ਇਸ ਤਰ੍ਹਾਂ ਕਿਉਂ ਹੈ?
ਕਿ ਅਸੀਂ ਘਰ ਦੇ ਸੱਤੇ ਜੀਅ ਕੰਮ ਕਰਕੇ ਵੀ
ਕਿਉਂ ਨਹੀਂ ਰੱਖ ਸਕਦੇ
ਸਿਆਲ਼ਾਂ 'ਚ ਖਾਣ ਜੋਗੀ ਕਣਕ
ਕਿਉਂ ਹਰ ਵਾਰ ਮੇਰਾ ਬਾਪੂ
ਚੁੱਕਦਾ ਹੈ ਖ਼ਾਲੀ ਬੋਰੀ
ਵਾਹਿਗੁਰੂ ਦਾ ਨਾਮ ਲੈ ਕੇ
ਉਧਾਰੀ ਕਣਕ ਲੈਣ ਲਈ
ਤੇ ਫਿਰ ਪਤਾ ਨਹੀਂ ਕਿਧਰੋਂ
ਬੱਦਲ ਆਏ
ਤੇ ਸਭ ਕੁਝ ਸਾਫ਼ ਹੋ ਗਿਆ
ਮੈਂ ਵਕਤ ਦੀਆਂ ਅੱਖਾਂ 'ਚ ਅੱਖਾਂ ਪਾਈਆਂ
ਘਰ ਦੇ ਰੋਕਦੇ ਰਹੇ ਬੜਾ ਚਿਰ
ਪੁੱਤ ਇਹ ਰਸਤਾ ਤੇਰੇ ਲਈ ਠੀਕ ਨਹੀਂ
ਮਾਂ ਨੇ ਹੰਝੂਆਂ ਦੀਆਂ ਝੜੀਆਂ 'ਚੋਂ
ਝਾਕਦੇ ਆਖਿਆ :

“ਪੁੱਤ ਤੂੰ ਵੀ ਠੀਕ ਹੈਂ?”
ਪਰ ਗੁਰੂ ਗੋਬਿੰਦ ਸਿੰਘ ਤਾਂ ਗੁਰੂ ਸੀ
ਜੋ ਚਾਰੇ ਪੁੱਤ ਵਾਰ ਸਕਦਾ ਸੀ
ਮੈਂ ਨਿਮਾਣੀ ਨੇ ਤਾਂ ਰੱਬ ਰੱਬ ਕਰਕੇ ਤੈਨੂੰ ਲਿਆ
ਤੇ ਜਦੋਂ ਮੈਂ ਸਮਝ ਲਿਆ
ਕਿ ਮਾਂ ਦੇ ਅੱਥਰੂਆਂ ਦਾ ਅਸਲੀ ਕਾਰਨ
ਦਿੱਲੀ ਦੇ ਸੰਸਦ ਭਵਨ ਤੋਂ ਤੁਰਦਾ ਹੈ
ਤਾਂ ਮੇਰੇ ਕੋਲ਼ ਵਾਰਨ ਲਈ ਸਿਰਫ਼ ਸਿਰ ਸੀ
ਮੈਂ ਉਸ ਸਿਰ ਨੂੰ ਤਲ਼ੀ ਦੇ ਨਜ਼ਦੀਕ
ਲੈ ਕੇ ਘੁੰਮਿਆ
ਕਿ ਕਿਸੇ ਮੋੜ ਤੇ ਮਿਲ ਜਾਵੇ
ਮੇਰੀ ਮਾਂ ਦੇ ਅੱਥਰੂਆਂ ਦੀ ਦਵਾਈ
ਪਰ ਅਫ਼ਸੋਸ!
ਹਵਾ ’ਚ ਸਿਰਫ਼ ਝੰਡੇ ਸਨ ਰੰਗ ਬਿਰੰਗੇ
ਜੋ ਅਰਥਾਂ ਨੂੰ ਸਹੂਲਤਾਂ ਅਨੁਸਾਰ
ਛਾਂਗ ਸਕਦੇ ਸਨ
ਜਿਨ੍ਹਾਂ ਦੀ ਧੁੰਦ ਵਿਚ ਉਹਨਾਂ ਬਿਨਾਂ
ਬਾਕੀ ਸਭ ਨਕਲੀ ਤੇ ਕ੍ਰਾਂਤੀ ਵਿਰੋਧੀ ਸੀ
ਮਾਂ ਵੀ ਹੁਣ ਤਾਂ ਮੁੱਕ ਗਈ ਹੈ
ਤੇ ਇਹ ਆਸ ਵੀ ਸੁੱਕ ਗਈ ਹੈ
ਕਿ ਉਹਦੇ ਅੱਥਰੂਆਂ ਦਾ ਇਲਾਜ ਕਰ ਸਕਾਂਗਾ
ਇਸੇ ਦੁਬਿਧਾ ’ਚ ਖੜਾ ਅੱਜ ਕੱਲ੍ਹ
ਮੈਂ ਕਵਿਤਾ ਨਾਲ
ਅੱਖ ਮਿਲਾਉਣ ਤੋਂ ਡਰਦਾ ਹਾਂ।

ਮਾਂ ਲਈ

ਤੁਰ ਗਈ ਏ ਮਾਂ
ਲੰਮੀ ਮੁਹਾਲ ਬਿਮਾਰੀ ਨਾਲ ਯੁੱਧ ਕਰਕੇ
ਛੱਡ ਗਈ ਏ ਪਿੱਛੇ
ਮੋਹ ਭਰੀਆਂ ਯਾਦਾਂ
ਤੇ ਧਰਮੀ ਹੋਣ ਦੇ ਕਿੱਸੇ
ਮਾਂ ਕਿ ਜਿਸਦੇ ਜਿਸਮ ’ਤੇ
ਸਿਰਫ਼ ਦੁੱਖ ਸਨ ਜਾਂ ਅੱਥਰੂ
ਕਿ ਜੀਹਦੀ ਉਮਰ
ਸ਼ਾਹਪੁਰ ਤੋਂ ਨਕੋਦਰ ਤੀਕ ਅੱਪੜਦਿਆਂ
ਹੀ ਬੀਤ ਗਈ
ਲਾਹੌਰ ਦੀ ਮਲਮਲ
ਤੇ ਟੈਰੀਕਾਟ ਦੇ ਝੱਗੇ
ਉਹਦੇ ਸੁਪਨਿਆਂ ’ਚ ਹੀ
ਰਹਿ ਗਏ ਕਿਧਰੇ
ਫੁੱਲਾਂ ਦੀ ਉਮਰ ਜਿਹੇ ਹਾਸੇ
ਉਹਦਾ ਕਦੇ ਨਸੀਬ ਨਾ ਬਣੇ
ਵੱਟੇ ’ਚ ਹੋਏ ਸਾਕ ਦੀ ਪੀੜ
ਉਮਰ ਭਰ ਉਹਦਾ ਨਸੂਰ ਬਣੀ ਰਹੀ
ਹਾਲਾਂਕਿ ਸਤਲੁਜ ਸਾਡੇ ਖੂਹ ਤੋਂ
ਦਸ ਕਦਮਾਂ ਦੀ ਵਿੱਥ ’ਤੇ ਵਗਦਾ ਸੀ
ਪਰ ਉਹ ਆਪਣੇ ਨਿੱਕੇ ਜਿਹੇ ਖੂਹ ਨੂੰ ਹੀ
ਸਤਲੁਜ ਸਮਝਦੀ ਰਹੀ

ਝਨਾਂ ਦਰਿਆ ਵਿੱਚੋਂ
ਉਹ ਮੇਰੇ ਬਾਪ ਦਾ ਚਿਹਰਾ ਵੇਂਹਦੀ ਰਹੀ
ਉਹਦੇ ਲਈ ਗੁਰਦੁਆਰਾ, ਚੁੱਲ੍ਹਾ ਚੌਂਕਾ ਜਾਂ ਖੂਹ ਸੀ
ਇਨ੍ਹਾਂ ਤਿੰਨਾਂ ਤੋਂ ਬਗ਼ੈਰ
ਉਹਨੂੰ ਕਿਤੇ ਵੀ ਹੋਰ
ਰੱਬ ਵਸਦਾ ਨਾ ਦਿਸਦਾ ਸੀ
ਗੁਰੂ ਗੋਬਿੰਦ ਸਿੰਘ ਤੇ ਭਗਤ ਸਿੰਘ ਦੇ ਕੈਲੰਡਰ ਨੂੰ
ਉਹ ਇਕੋ ਜਿਹੀ ਸ਼ਰਧਾ ਨਾਲ਼
ਮੱਥਾ ਟੇਕਦੀ ਸੀ
ਟੱਬਰ ਲਈ ਕਿੰਨੀਆਂ ਰਾਤਾਂ
ਉਹ ਜਾਗਦੀ ਰਹੀ
ਮਨੁੱਖ ਸਿਰਜੇ ਹਿੰਦਸੇ ਸ਼ਾਇਦ ਗਿਣ ਨਾ ਸਕਣ
ਸਾਡੀਆਂ ਅੱਜ ਦੀਆਂ ਚੰਗੀਆਂ ਹਾਲਤਾਂ ਨੂੰ
ਉਹ ਪੁਰਾਣੇ ਬਜ਼ੁਰਗਾਂ ਦਾ ਪੁੰਨ ਦਸਦੀ ਸੀ
ਇਸੇ ਲਈ ਖੂਹ ਤੋਂ
ਆਪਣੇ ਵੱਡੇ ਛਾਬੇ ਵਿਚ
ਉਹ ਘੱਟੋ ਘੱਟ ਚਾਰ ਘਰਾਂ ਲਈ
ਸਬਜ਼ੀ ਤੋੜ ਲਿਆਉਂਦੀ ਸੀ
ਪਿੰਡ 'ਚ ਉਸ ਕਿੰਨਿਆਂ ਦੀਆਂ
ਗ਼ਰਜਾਂ ਸਾਰੀਆਂ
ਪਰ ਆਪ ਉਹ ਬਿਨ-ਗਰਜ ਹੀ
ਖਾਧੀ ਗਈ ਮੌਤ ਦੇ ਹੱਥੋਂ
ਮੌਸਮ ਹਮੇਸ਼ਾ ਉਸ ਨਾਲ ਨਾਰਾਜ਼ ਰਹੇ
ਕਦੇ ਗੜ੍ਹੇ, ਕਦੇ ਹਨੇਰੀ, ਕਦੇ ਹੜ੍ਹ

ਕਿਸੇ ਬੁਲਬੁਲ ਨੇ ਕਦੇ ਉਸ ਲਈ
ਕੋਈ ਕੂਲ਼ਾ ਗੀਤ ਨਾ ਗਾਇਆ
ਅਸੀਂ ਸਭ ਨੇ ਲਗਭਗ
ਆਪਣੀਆਂ ਰੰਨਾਂ ਪਿੱਛੇ ਲੱਗ
ਉਹਦਾ ਦਿਲ ਦੁਖਾਇਆ
ਪਰ ਉਹ ਫਿਰ ਵੀ ਸਭ ਨੂੰ
ਪਿਆਰਦੀ ਰਹੀ ਇਕੋ ਜਿਹਾ
ਕਦੇ ਕਦੇ ਉਹ ਮੈਨੂੰ ਦੱਸਦੀ
ਪੁੱਤਾ ਇਸ ਢਿੱਡ 'ਚ ਸਮੁੰਦਰੋਂ ਵੀ ਜ਼ਿਆਦਾ
ਦੁੱਖ ਦਫ਼ਨ ਹਨ
ਮੈਂ ਉਸਨੂੰ ਕਦੇ ਕਿਸੇ ਨਾਲ਼
ਗੁੱਸੇ ਹੁੰਦੇ ਨਾ ਦੇਖਿਆ
ਬਸ ਇਹ ਬੀਮਾਰੀ ਪਤਾ ਨਹੀਂ ਕਿਉਂ
ਉਹਦੇ ਨਾਲ ਰੁੱਸ ਗਈ
ਭਾਵੇਂ ਮੌਤ ਦੇ ਚਿੱਟੇ ਬਗਲੇ
ਉਹਨੂੰ ਉਡਾ ਲੈ ਗਏ ਨੇ
ਪਰ ਉਹ ਅਜੇ ਵੀ ਜੀਂਦੀ ਏ
ਮੇਰੇ ਵਿਚ, ਤੁਹਾਡੇ ਵਿਚ, ਸਾਡੇ ਵਿਚ
ਸਾਡੇ ਸਭਨਾ ਵਿਚ।

ਕੈਸ਼ੀਅਰ

ਕੀ ਤੁਸੀਂ ਜਾਣਦੇ ਹੋ
ਸੇਲਜ਼ ਕਲਰਕ ਇਸ ਮੁਲਕ ਦੀ
ਰੀੜ੍ਹ ਦੀ ਹੱਡੀ ਹੈ
ਉਹਦੀਆਂ ਮੁਸਕਾਨਾਂ ਦੇ ਆਕਾਸ਼ 'ਚ ਕਿਤੇ
ਉਹਦਾ ਡੂੰਘਾ ਪਿਆਰ ਦਫ਼ਨ ਹੁੰਦਾ ਹੈ
ਉਹਦੇ ਗਾਹਕ ਦੀ ਹਉਂ ਮਗਰ ਭੱਜਦੇ ਸ਼ਬਦ
ਉਹਦੇ ਆਪੇ 'ਚ ਪਲੀਤ ਹੁੰਦੇ ਹਨ
ਉਸ ਕੋਲ ਆਪਣਾ ਕਹਿਣ ਨੂੰ
ਸਿਰਫ਼ ਜਿਸਮ ਹੁੰਦਾ ਹੈ
ਸ਼ਬਦ ਤਾਂ ਉਹਦੇ
ਨਿੱਜੀ ਸੰਪਤੀ ਦੇ ਮਾਲਕ ਤੋਂ ਤੁਰਦੇ ਹਨ
ਉਹ ਆਪਣਾ ਟੱਬਰ ਪਾਲਣ ਲਈ
ਰਾਜ ਦਾ ਸੱਚਾ ਸ਼ਹਿਰੀ ਬਣਦਾ ਹੈ
ਕਦੇ ਕਦੇ ਉਹ ਨਸ਼ਿਉਂ ਟੁੱਟੇ ਅਮਲੀ ਦੀ
ਗੋਲ਼ੀ ਦਾ ਸ਼ਿਕਾਰ ਵੀ ਬਣਦਾ ਹੈ
ਮੌਤ ਉਹਦੇ ਮੋਢਿਆਂ 'ਤੇ ਲਟਕਦੀ ਹੈ
ਹਰਦਮ ਯਮਰਾਜ ਦੇ ਦੂਤਾਂ ਵਾਂਗ
ਹਰ ਗਾਹਕ ਦੀ ਬੇਇਜ਼ਤੀ ਸਹਿਣਾ
ਉਹਦੀ ਜੀਵਨ ਸ਼ੈਲੀ ਹੈ
ਉਹ ਟੈਕਸ ਦਿੰਦਾ ਹੈ, ਦੁੱਖ ਸਹਿੰਦਾ ਹੈ
ਫਿਰ ਵੀ ਚੁੱਪ ਰਹਿੰਦਾ ਹੈ
ਜਿਸ ਦਿਨ ਉਹ ਬੋਲ ਪਿਆ
ਧਰਤੀ ਤੇ ਉਸ ਦਿਨ
ਸ਼ਬਦਾਂ ਦੇ ਨਵੇਂ ਹੀ
ਅਰਥ ਹੋਣਗੇ।

ਵਰਤੋਂ

ਅਸੀਂ ਸਭ ਵਰਤ ਹੁੰਦੇ ਹਾਂ
ਆਪਣੀ ਆਪਣੀ ਸੀਮਾ ਵਿਚ
ਜਿਵੇਂ ਇਹ ਰਿਸ਼ਤੇ ਸਾਨੂੰ ਵਰਤਦੇ ਹਨ
ਜਿਵੇਂ ਇਹ ਦੇਸ਼ ਸਾਨੂੰ ਵਰਤਦਾ ਹੈ
ਇਸ ਵਰਤਣ ਤੇ ਮੰਗ ਦੇ ਚੱਕਰਵਿਊ ਵਿਚੋਂ
ਜਿਸ ਦਿਨ ਮੈਂ ਆਜ਼ਾਦ ਹੋਇਆ
ਉਹੀ ਮੇਰਾ ਅਸਲੀ ਜਨਮ ਦਿਨ ਹੋਵੇਗਾ।

ਪਿਤਾ

ਆਉਂਦਾ ਹੈ ਯਾਦ
ਪਿਤਾ...
ਧੁੰਦ 'ਚੋਂ ਸਾਕਾਰ ਹੁੰਦਾ
ਸੂਰਜੀ ਚਿਹਰਾ
ਮੇਰੇ ਪਿਤਾ ਦੇ ਚਿਹਰੇ 'ਤੇ
ਸਿਰਫ਼ ਇਕ ਉਹਦਾ ਹੀ ਚਿਹਰਾ ਸੀ
ਮੇਰੇ ਵਾਂਗ ਅਨੇਕਾਂ ਚਿਹਰਿਆਂ ਦਾ
ਕੋਲਾਜ਼ ਨਹੀਂ ਸੀ
ਜੋ ਮੈਂ ਸਹੂਲਤ ਪੈਣ ਤੇ ਵਰਤ ਲੈਂਦਾ ਹਾਂ
ਅਣਖ ਲਈ ਉਹਦੇ ਹੱਥੋਂ
ਕਤਲ ਹੋਣ ਦੇ ਬਾਵਜੂਦ
ਉਹ ਨਗਰ/ਖੇੜੇ ਦੀ ਸੁੱਖ ਮੰਗਦਾ ਸੀ
"ਪ੍ਰਮਾਤਮਾ ਸਭ ਨੂੰ ਦੇਹ
ਉਨ੍ਹਾਂ ਦੇ ਪੈਰਾਂ ਪਿੱਛੇ
ਮੈਨੂੰ ਗ਼ਰੀਬ ਨੂੰ ਵੀ ਦੇਹ"
ਅਜੇ ਵੀ ਗੂੰਜਦੇ ਨੇ ਉਹਦੇ ਬੋਲ
ਪਿੰਡ ਦੇ ਦੂਜੇ ਪਾਸਿਉਂ
ਮਾਰਿਆ ਉਹਦਾ ਖੰਘੂਰਾ
ਅਜੇ ਵੀ ਚੇਤਿਆਂ 'ਚ ਦਫ਼ਨ
ਗੂੰਜ ਉੱਠਦਾ ਹੈ
ਲਗਦੈ ਉਹ ਇੱਥੇ ਹੀ ਕਿਤੇ
ਐਵੇਂ ਜਿਵੇਂ ਸ਼ਹਿਰ ਨੂੰ ਖਾਦ ਲੈਣ ਗਿਆ ਹੋਵੇ

ਪਿੰਡ ਦੇ ਗੁਰਦੁਆਰੇ
ਅਜੇ ਵੀ ਜਦੋਂ ਕਦੇ ਜਾਂਦਾ ਹਾਂ
ਤਾਂ ਮਸਤੀ ਵਿਚ ਝੂੰਮਦੇ ਹੋਏ
ਭਾਈ ਦੀ ਬੇਤਾਲੀ ਤਾਲ 'ਤੇ
ਕਦੇ ਛੈਣੇ, ਕਦੇ ਚਿਮਟਾ ਵਜਾਉਂਦੇ ਉਹਦੇ ਹੱਥ
ਤੇ ਉਹਦੀ ਸੁਰਮਈ ਮਰਦਾਵੀਂ ਗਾਉਂਦੀ ਆਵਾਜ਼
ਮੇਰੇ ਜ਼ਿਹਨ 'ਚ ਚਲਦੀ ਹੈ ਕਈ ਕਈ ਦਿਨ ਲਗਾਤਾਰ
ਕਵਿਤਾ ਲਿਖਣ ਤੇ ਬੋਲਣ ਦੀ ਜਾਚ
ਮੈਂ ਉਹਤੋਂ ਸਿੱਖੀ
ਉਸਤੋਂ ਹੀ ਸਿੱਖੇ
ਹਰ ਮੁਸ਼ਕਿਲ ਵਿਚ ਵੀ ਕਦੇ ਨਾ ਹਾਰਨ ਦੇ ਢੰਗ
ਲੋੜ ਪੈਣ ਤੇ ਚਾਰੇ ਖੁਰ ਜੋੜ ਕੇ ਲੜਨਾ
ਤੇ ਨਾ-ਉਮੀਦੀ ਦੇ ਬੱਦਲਾਂ 'ਚੋਂ ਵੀ
ਆਸ ਦਾ ਸੂਰਜ ਉਗਾ ਲੈਣਾ
ਉਸ ਲਈ ਕਿੰਨਾ ਸਹਿਜ ਸੀ
ਮੁਸ਼ਕਿਲਾਂ ਦੇ ਢੇਰ ਵਿੱਚੋਂ ਵੀ
ਆਪਣੇ ਜੋਗੀ ਜਿਊਣ ਦੀ ਤਮੰਨਾ ਲੱਭ ਲੈਣ ਦਾ
ਉਹਦਾ ਉਹ ਸਰਲ ਢੰਗ
ਮੈਨੂੰ ਅਜੇ ਵੀ ਹੈਰਾਨ ਕਰ ਜਾਂਦਾ ਹੈ
ਲਗਦੈ ਇੱਥੇ ਹੀ ਕਿਤੇ ਹੈ ਉਹ
ਜੀਉਂਦਾ ਜਾਗਦਾ
ਮੇਰੇ ਵਿਚ, ਤੇਰੇ ਵਿਚ
ਉਹ ਇਕ ਵੰਸ਼ ਹੀ ਨਹੀਂ
ਇਕ ਰੌਂਅ ਦਾ ਵੀ ਨਾਮ ਹੈ।

ਸਵੈ ਦੀ ਮੌਤ

ਰਿਸ਼ਤਿਆਂ ਦੀ ਲਾਸ਼ ਤੇ ਖੜ੍ਹ ਕੇ,
ਉਹ ਬੋਲੀ
ਮੈਂ ਸਿਰਫ਼ ਤੇਰੀ ਹਾਂ
ਪਰ ਜੇ ਤੂੰ ਥੁੱਕਿਆ ਚੱਟੇਂ
ਜੇ ਤੂੰ ਉਨ੍ਹਾਂ ਦੇ ਪੈਰੀਂ ਪਵੇਂ
ਜੋ ਤੇਰੀ ਪੱਗ ਪਹਿਲਾਂ ਹੀ ਉਛਾਲ ਕੇ ਗਏ ਸਨ
ਵੇਖ ਕਬੀਲਦਾਰ ਬਣੀਦੈ
ਪਰ ਅਫ਼ਸੋਸ!
ਮੈਂ ਮਿੱਠੀ ਛੁਰੀ ਨਹੀਂ ਬਣ ਸਕਿਆ
ਇਸੇ ਲਈ ਇਕੱਲਾ ਭਟਕਦਾ ਹਾਂ ਬੱਦਲ ਵਾਂਗ
ਪਰ ਭਾਫ਼ ਤੇ ਪਾਣੀ ਵਾਂਗ ਇਹ ਮੈਂ ਹਾਂ
ਮੇਰਾ ਸਵੈ
ਇਹਦੇ ਬਗ਼ੈਰ
ਮੈਂ ਸੂਰਜ ਨਾਲ ਅੱਖ ਕਿਵੇਂ ਮਿਲਾ ਸਕਦਾ ਹਾਂ
ਇਹਦ ਬਗ਼ੈਰ
ਮੈਂ ਭਰੇ ਪੀਤੇ ਅਸਮਾਨ ਨੂੰ
ਕਿਵੇਂ ਚੁੱਪ ਕਰਾ ਸਕਦਾ ਹਾਂ
ਇਹ ਉਹੀ ਮੈਂ ਹੈ
ਜਿਸਨੇ ਕਬੀਲੇ ਦੇ ਵਿਰੋਧਾਂ ਨੂੰ
ਤੇਰੇ ਪਿਆਰ ਲਈ ਸੁਹਾਗਿਆ ਸੀ
ਇਹ ਉਹੀ ਮੈਂ ਹੈ
ਜੀਹਨੇ ਘੁੱਪ ਹਨੇਰੀਆਂ ਕਾਲ਼ੀਆਂ ਰਾਤਾਂ ਵਿਚ ਵੀ

ਵਿਸ਼ਵਾਸ ਦੇ ਸੂਰਜ ਨੂੰ ਮਘਦੇ ਰੱਖਿਆ ਸੀ
ਜੀਹਨੇ ਬਲ਼ਦੀ ਰੇਤ
ਤੇ ਤੱਤੀ ਤਵੀ ਦੀ ਲਾਜ ਰੱਖੀ ਸੀ
ਵੇਖ ਮੈਨੂੰ ਇੰਜ ਨਾ ਤੋੜ
ਮੇਰੀ ਲਾਸ਼ ਨੂੰ, ਸਿਰਫ਼ ਜੀਣ ਦਾ ਸਰਾਪ ਨਾ ਦੇ।

ਅਮਰੀਕੀ ਡੇਟਿੰਗ : ਸੱਤ ਪਰਤਾਂ

(ਡੈਨੀਅਲ ਕੋਫ਼ਮੈਨ ਲਈ)

ਪਰਤ ਇਕ

ਉਹ ਕੁੜੀ
ਜੀਹਦੀਆਂ ਮੁਸਕਾਨਾਂ ਤੋਂ
ਇਸ ਉਮਰੇ ਵੀ
ਜਾਨ ਵਾਰਨ ਨੂੰ ਦਿਲ ਕਰਦਾ ਸੀ
ਢਲ਼ ਗਈ ਹੈ
ਵਾਸ਼ਿੰਗਟਨ ਡੀਸੀ ਤੋਂ ਤੁਰੀ ਨਸ਼ੇ ਦੀ ਸੂਈ
ਉਹਦੀਆਂ ਨਾੜਾਂ 'ਚ ਡੂੰਘੀ ਖੁੱਭ ਗਈ ਹੈ
ਉਹਦੀਆਂ ਗੱਲ੍ਹਾਂ ਤੋਂ ਗ਼ੁਲਾਬੀ ਭਾਅ ਮਾਰਦਾ ਜੋਬਨ
ਐਤਵਾਰ ਦੀ ਸਵੇਰ ਦੇ ਪੈਰਾਂ 'ਚ ਰੁਲ਼ ਗਿਆ ਹੈ
ਉਹਦਾ ਉਹ ਕੰਵਾਰਾ ਕੰਜਕ ਹਾਸਾ
ਨੀਂਦ ਦੀਆਂ ਲੰਮੀਆਂ ਉਦਾਸੀਆਂ 'ਚ ਘਿਰ ਗਿਆ ਹੈ
ਪਿਘਲੀ ਹੋਈ ਲੁੱਕ ਵਾਂਗ
ਤੇ ਉੱਖੜੇ ਹੋਏ ਸੀਮਿੰਟ ਵਾਂਗ
ਉਹਦੀਆਂ ਛਾਤੀਆਂ 'ਚ ਉੱਗ ਆਏ ਨੇ
ਖੰਡਰ ਹੋਈਆਂ ਸੜਕਾਂ ਦੇ ਸੁਪਨੇ
ਮੋਥੇ ਦੇ ਇਕ ਸੂਟੇ ਲਈ
ਵੇਚਦੀ ਫਿਰਦੀ ਹੈ ਉਹ ਆਪਣਾ ਜਿਸਮ
ਬਦਨ ਕਿ

ਜੀਹਦੀਆਂ ਸੁੱਚੀਆਂ ਸਵੇਰਾਂ ਤੇ ਤਰਕਾਲਾਂ ਵਿੱਚੋਂ
ਮੈਨੂੰ ਕਦੇ ਰੱਬ ਦਾ ਜਲਾਲ ਦਿਸਦਾ ਸੀ
ਕਵਿਤਾ ਦੇ ਕਿਹੜੇ ਭਾਗ 'ਚ ਰੱਖਾਂ
ਮੈਂ ਉਸਨੂੰ
ਯਾਦਾਂ ਦੀਆਂ ਕਿਨ੍ਹਾਂ ਗੰਢੜੀਆਂ 'ਚ ਬੰਨ੍ਹਾ
ਮੈਂ ਉਸਨੂੰ
ਮੈਨੂੰ ਸਮਝ ਨਹੀਂ ਆਉਂਦੀ
ਸ਼ਬਦ ਏਨੇ ਗ਼ਰੀਬ ਤੇ ਨਿਤਾਣੇ ਹੋ ਜਾਣਗੇ
ਦੁਨੀਆਂ ਦੇ ਸਭ ਤੋਂ ਅਮੀਰ ਮੁਲਕ ਅੰਦਰ
ਮੈਂ ਕਦੇ ਨਾ ਸੋਚਿਆ ਸੀ।

ਪਰਤ ਦੋ

ਇਹ ਕੌਣ ਹੈ ਜੋ
ਮੇਰੇ ਸੁਪਨਿਆਂ ਦੇ ਕੰਧਾੜੇ
ਚੜ੍ਹ ਰਿਹਾ ਹੈ ਚੁੱਪ ਚਾਪ
ਉਮਰ ਦੇ ਇਸੇ ਪੜਾਅ ਬਾਰੇ
ਮਾਂ ਕਿਹਾ ਕਰਦੀ ਸੀ
ਉਸ ਮੇਰੇ ਬਾਪ ਨੂੰ ਮੋਹਿਆ
ਤੇ ਫਿਰ ਅਸੀਂ ਹੋਏ ਚਾਰੇ ਭੈਣ ਭਰਾ
ਤੇ ਫਿਰ ਉਹ ਅੱਕ ਗਏ
ਦੋਵੇਂ ਇਕ ਦੂਜੇ ਤੋਂ
ਸੋਚਾਂ ਮੇਰਾ ਖਹਿੜਾ ਨਹੀਂ ਛੱਡ ਰਹੀਆਂ
ਚਾਨਣ ਪਿੱਛੇ ਭੱਜ ਰਹੇ ਭਮੱਕੜਾਂ ਵਾਂਗ
ਮੇਰਾ ਜ਼ਿਹਨ ਹੰਭ ਗਿਆ ਹੈ
ਮਾਂ ਦੀ ਸਾਂ ਸਾਂ ਸੁਣਦੇ
ਤੇ ਉਪਰੋਂ ਇਹ ਲੰਮਾ ਵੀਕ ਐਂਡ ਆ ਰਿਹੈ
ਮੈਂ ਡੇਟ ਤੇ ਚੱਲੀ ਹਾਂ
ਮੇਰੇ ਪੱਲੇ ਕੀ ਹੈ?
ਮਾਂ ਸੋਚਾਂ 'ਚ ਪੁੱਛਦੀ ਹੈ
ਮੇਰਾ ਜਿਸਮ ਤੇ ਥੋੜ੍ਹੇ ਜਿਹੇ ਪੈਸੇ
ਮੈਂ ਅਚਾਨਕ ਮਰੀ ਮਾਂ ਨੂੰ ਜੁਆਬ ਦਿੰਦੀ ਹਾਂ
ਪੈਸਿਆਂ ਨਾਲ ਤਾਂ ਮੈਂ ਡਰਿੰਕ ਖਰੀਦਾਂਗੀ
ਤੇ ਜਿਸਮ ਨਾਲ ਸਾਜਨ
ਰੂਹ ਨਾਲ!
ਰੂਹ ਤੇ ਮੇਰੀ ਸ਼ਾਇਦ
ਪਹਿਲੀ ਵੱਡੀ ਜੰਗ ਵੇਲ਼ੇ ਤੋਂ
ਪਤਾ ਨਹੀਂ ਕਦੋਂ ਦੀ ਗੁਆਚ ਗਈ ਸੀ।

ਪਰਤ ਤਿੰਨ

ਉਹ ਮੇਰੇ ਜਿਸਮ ਤੋਂ
ਹੱਥ ਕੁ ਭਰ ਦੀ ਵਿੱਥ 'ਤੇ
ਸੌਂ ਗਿਆ ਹੈ
"ਅਖੇ ਮੈਂ ਤੇਰੀ ਰੂਹ ਦਾ ਹਾਣੀ ਹਾਂ"
ਪਰ ਹਾਇ ਇਸ ਜਿਸਮ ਦੀ ਦਹਿਲੀਜ਼ ਨੂੰ
ਮੈਂ ਕਿੱਥੇ ਛੱਡ ਆਵਾਂ
ਜਿਸ ਵਿਚ ਚਮਕ ਰਹੇ ਨੇ ਤਾਰੇ
ਜਿਨ੍ਹਾਂ ਨੂੰ ਚੰਨ ਦੀ ਉਡੀਕ ਹੈ
ਪਰ ਚੰਨ ਹੈ ਕਿ
ਸ਼ਬਦਾਂ ਦੀਆਂ ਪਹਾੜੀਆਂ ਤੋਂ ਪਾਰ ਸੌਂ ਰਿਹੈ
ਰੂਹ ਦੀ ਬੇਚੈਨ ਧਰਤੀ 'ਤੇ
ਮੈਂ ਤਪ ਰਹੀ ਹਾਂ
ਠੰਡੇ ਪਾਣੀਆਂ ਨਾਲ ਵੀ
ਬਲ਼ ਰਿਹਾ ਹੈ ਇਹ ਜਿਸਮ
ਮੈਂ ਸਵੈ ਚਾਲਕ ਖਿਡੌਣਾ ਲੈ ਕੇ
ਰੈਸਟ ਰੂਮ ਵੱਲ ਵਧ ਰਹੀ ਹਾਂ।

ਪਰਤ ਚਾਰ

ਮੈਂ ਤੈਨੂੰ ਪਿਆਰ ਕਰਦਾ ਹਾਂ
ਉਸ ਇੰਜ ਆਖਿਆ
ਕਿ ਸ਼ਬਦਾਂ ਦੇ ਸਿਤਾਰ 'ਚ ਫਸੀਆਂ
ਸੰਵੇਦਨਾਵਾਂ ਲਰਜ਼ ਪਈਆਂ
ਚੁੱਪ ਚੁੱਪ ਬੁੱਲ੍ਹ ਸੰਗੀਤਕਾਰ ਬਣ ਗਏ
ਸੁੱਤੇ ਸੁੱਤੇ ਪੈਰ
ਨਾਚ ਦੀਆਂ ਸਰਦਲਾਂ ਵੱਲ ਵਧ ਗਏ
ਮੈਨੂੰ ਧਰਤੀ ਨਾਲ
ਤੇ ਇਹਦੇ ਸਾਰੇ ਲਾਣੇ ਬਾਣੇ ਨਾਲ, ਇਸ਼ਕ ਹੋ ਗਿਆ
ਇਹ ਦੁਨੀਆਂ ਕਿੰਨੀ ਸੋਹਣੀ ਹੈ
ਮੈਂ ਜਾਣ ਸਕੀ...
ਫੁੱਲਾਂ 'ਚ ਲੁਕੀਆਂ ਸਰਸਰਾਹਟਾਂ ਦੇ ਅਰਥ
ਕੋਈ ਸ਼ਹਿਦ ਬਣਕੇ
ਮੇਰੇ ਮੂੰਹ 'ਚ ਭਰ ਗਿਆ
ਮੇਰੀ ਰੂਹ ਤੇ ਜਿਸਮ
ਪੰਛੀਆਂ ਵਾਂਗ ਆਜ਼ਾਦ ਹੋ ਗਏ
ਪਰ ਹਾਇ ਇਹ ਪਲ
ਮੇਰੇ ਪਹਿਲੇ ਹਮਲ ਬਾਦ ਹੀ ਦਮ ਤੋੜ ਗਏ
ਉਹਨੇ ਸ਼ਬਦਾਂ ਨੂੰ ਇਸ ਤਰ੍ਹਾਂ ਜ਼ਖਮੀ ਕੀਤਾ
ਕਿ ਉਨ੍ਹਾਂ ਦੇ ਕੰਡੇ
ਮੈਂ ਅੱਜ ਤਕ ਚੁਣ ਰਹੀ ਹਾਂ
"ਦਰਅਸਲ ਸੈਮ

ਪਿਆਰ ਪਿਊਰ ਕਿਤੇ ਨਹੀਂ ਹੁੰਦਾ
ਬਸ ਜਿਸਮਾਂ ਦੀ ਖਿੱਚ ਹੈ
ਜੀਹਦੇ ਲਈ ਬੰਦਾ
ਫਿਰ ਉਮਰ ਭਰ ਤੜਪਦਾ ਹੈ।"

ਪਰਤ ਪੰਜ

ਇਸ ਰਾਂਗਲੀ ਰੁੱਤੇ
ਜੇ ਮੇਘ ਆਏ ਤਾਂ
ਮਨ ਦੀ ਬੰਜਰ ਧਰਤੀ
ਹਰਿਆਲੀ ਹੋ ਜਾਏ
ਮੇਰੇ ਕੋਲ ਇਕ ਜਾਗਦਾ ਸਿਰ ਸੀ
ਜੋ ਮੈਂ ਨਾਲ ਲੈ ਕੇ
ਡੇਟ 'ਤੇ ਤੁਰੀ
ਬਸ ਇਹੀ ਮੇਰੀ ਭੁੱਲ ਸੀ
ਸਭ ਤੋਂ ਵੱਡੀ ਭੁੱਲ...
ਭਲਾ ਕਿਸੇ ਔਰਤ ਦੇ ਮੋਢਿਆਂ 'ਤੇ
ਜਾਗਦਾ ਸਿਰ
ਕੋਈ ਵੀ ਮਰਦ
ਕਿਵੇਂ ਸਹਾਰ ਸਕਦਾ ਹੈ
ਉਸ ਮੇਰਾ ਹੱਥ ਫ਼ੜਿਆ
ਤੇ ਮੁਸਕਰਾਇਆ
ਮੈਂ ਆਖਿਆ :
ਇਹੀ ਪਲ ਜ਼ਿੰਦਗੀ ਹੈ
ਇਹੀ ਅਮਰਤਾ ਹੈ
ਇਸੇ ਪਲ ਦਾ ਹੀ ਅਮਲ ਹੈ
ਜੋ ਫੁੱਲਾਂ 'ਚ ਪਰਾਗ ਬਣਦਾ ਹੈ
ਜੋ ਮੱਕੀ ਦੇ ਭਰੋਟਿਆਂ 'ਚ
ਕੱਚਾ ਦੁੱਧ ਬਣਦਾ ਹੈ

ਇਹੀ ਤਾਂ ਹੈ
ਧੜਕਣਾਂ ਦਾ ਸਾਜ਼
ਤੇਰੇ ਤੇ ਮੇਰੇ ਮਨ ਦੀ ਆਵਾਜ਼
ਇਸੇ ਇਕ ਖੁੱਲ੍ਹੇ ਪਲ ਵਿਚ
ਛਿਪੇ ਨੇ ਹਜ਼ਾਰਾਂ ਚੰਨ ਸੂਰਜਾਂ ਦੇ
ਚੜ੍ਹਨ ਤੇ ਮਰਨ ਦੇ ਰਾਜ਼
ਲੌਂਗਿਆ ਕੇ ਮੇਰੇ ਸ਼ਬਦ
ਉਹਦੇ ਸਿਰ ਤੋਂ ਇਸ ਤਰ੍ਹਾਂ ਲੰਘੇ
ਜਿਵੇਂ ਲਾਸ਼ਾਂ ਤੋਂ ਬੇਖ਼ਬਰ
ਲੰਘ ਜਾਂਦਾ ਹੈ ਅੰਨ੍ਹਾ ਸਾਮਰਾਜ
ਉਸ ਦਿਨ ਤੋਂ ਬਾਅਦ
ਮੇਰੇ ਮੋਢਿਆਂ 'ਤੇ ਸਿਰ ਨਹੀਂ ਹੈ
ਪਰ ਡੇਟਾਂ ਹਜ਼ਾਰਾਂ ਹਨ।

ਪਰਤ ਛੇ

ਸੜਕਾਂ ਤੇ ਅੱਥਰੂ ਵਗ ਰਹੇ ਹਨ
ਸੁਪਨਿਆਂ ਦੀ ਮੌਤ ਹੋ ਗਈ ਹੈ
ਸ਼ੀਸ਼ ਮਹਿਲ ਗਿਰ ਗਏ ਹਨ
ਬੁੱਢਾ ਰੱਬ ਤਾਂ
ਨੀਤਸ਼ੇ ਦੇ ਨਾਲ ਹੀ
ਚੱਲ ਵੱਸਿਆ ਸੀ
ਪਾਦਰੀ ਕੇਵਲ
ਸ਼ਬਦਾਂ ਨੂੰ ਪਲੀਤ ਕਰਦੇ ਹਨ
ਮੈਂ ਕਿਸੇ ਵੀ ਗੁਨਾਹ ਦੇ ਅਹਿਸਾਸ ਤੋਂ
ਮੁਕਤ ਹਾਂ
ਇਸੇ ਲਈ ਮੈਂ ਇਕ ਜਿਸਮ ਤੋਂ
ਦੂਜੇ ਜਿਸਮ ਤਕ ਦਾ ਫ਼ਾਸਲਾ
ਇੰਜ ਤਹਿ ਕਰਦੀ ਹਾਂ
ਜਿਵੇਂ ਕੰਮ ਤੇ ਪਹੁੰਚਣ ਲਈ
ਕੋਈ ਲੋਕਲ ਟਰੇਨ ਲੈ ਲਵੇ
ਹੁਣ ਤੇ ਬਿਸਤਰ ਵੀ ਮੈਨੂੰ ਦੇਖਕੇ
ਨਹੀਂ ਸ਼ਰਮਾਉਂਦਾ
ਕਿਉਂਕਿ ਅਣਗਿਣਤ ਪੈੜਾਂ ਦੀ ਛਾਪ
ਬਿਸਤਰ ਤੇ ਉੱਗ ਆਈ ਹੈ
ਮੇਰੇ ਕੋਲ ਸਿਰਫ਼ ਮੇਰਾ ਜਿਸਮ ਹੈ
ਹੁਣ ਤੁਸੀਂ ਮੇਰਾ ਕੀ ਕਰੋਗੇ
ਸ਼ਾਇਰ?

ਪਰਤ ਸੱਤ

ਉਹ ਉਡੀਕਦੀ ਹੈ
ਪਰ ਸਮਾਂ ਹੈ ਕਿ
ਘੀਸੀ ਚਾਲੇ ਚੱਲ ਰਿਹਾ ਹੈ
ਇਕ ਦੋ ਤਿੰਨ ਚਾਰ
ਘੜੀ ਦੀ ਟਿਕ ਟਿਕ
ਬਰਕਰਾਰ ਹੈ
ਹਵਾ ਸੁਸਤ ਜਿਹੀ ਅਲਸਾਈ
ਵਗ ਰਹੀ ਹੈ
ਗੱਭਣ ਹੋਇਆ ਦਿਨ
ਐਤਵਾਰ ਹੋਵੇ ਜਾਂ ਸੋਮਵਾਰ
ਉਸਨੂੰ ਕੀ?
ਉਹ ਤਾਂ ਅਜੇ ਵੀ ਸੋਚਦੀ ਹੈ
ਉਹ ਚਿਹਰਾ
ਜੀਹਦੀ ਮੁਸਕਾਨ
ਵਗ ਰਹੇ ਪਾਣੀਆਂ ਦਾ
ਭੁਲੇਖਾ ਪਾਉਂਦੀ ਸੀ
ਜੀਹਦੇ ਸੁਹਣੇ ਜਿਹੇ ਹੱਥ
ਸਿਰਫ਼ ਸੁਰਾਂ ਲਈ ਹੀ ਬਣੇ ਸਨ
ਜੀਹਦੇ ਬੋਲਾਂ 'ਚ ਸਰਗਮ ਜਨਮ ਲੈਂਦੀ ਸੀ
ਜੋ ਸ਼ਬਦਾਂ ਨੂੰ ਨਾ ਬੋਲ ਕੇ ਵੀ
ਗਾ ਸਕਦਾ ਸੀ
ਜੋ ਭਾਸ਼ਾ 'ਚ ਵਿਆਕਰਣ

ਭੂਗੋਲ, ਹਿਸਾਬ, ਕਵਿਤਾ
ਕੁਝ ਵੀ ਕੱਢ ਸਕਦਾ ਸੀ
ਜੀਹਦੇ ਇਸ਼ਾਰਿਆਂ 'ਤੇ
ਸੂਰਜ ਦੇ ਸੱਤੇ ਘੋੜੇ ਦੌੜੇ ਆਉਂਦੇ ਸਨ
ਉਹ ਅਜੇ ਵੀ
ਉਸਨੂੰ ਉਡੀਕਦੀ ਹੈ
ਸ਼ਾਇਦ ਨਹੀਂ ਜਾਣਦੀ
ਉਹ ਤਾਂ ਕਦੋਂ ਦਾ ਢਲ਼ ਗਿਆ ਹੈ
ਮਾਰੂਥਲ ਦੀ ਰੇਤ ਵਾਂਗ ਕਿਰ ਗਿਆ ਹੈ
ਉਹਦੀ ਹੋਂਦ ਸਿਰਫ਼
ਉਹਦੇ ਪ੍ਰਛਾਵੇਂ 'ਚ ਬਚੀ ਹੈ
'ਤੇ ਭਲਾ ਪ੍ਰਛਾਵਿਆਂ ਦੀ ਵੀ
ਕੋਈ ਜੂਨ ਹੁੰਦੀ ਹੈ।

ਫੀਲ ਗੁੱਡ

ਰਿੱਝ ਲੈਣ ਦੇ ਸੀਨੇ ਵਿਚ
ਅਜੇ ਇਹ ਖ਼ਿਆਲ
ਖ਼ਿਆਲ ਜੋ ਤੈਥੋਂ ਸਿਰ ਮੰਗਦੇ ਹਨ
ਮੈਂ ਕਹਿੰਨਾ ਕੋਈ ਗੋਬਿੰਦ ਸ਼ਮਸ਼ੀਰ ਤਾਂ ਲੈ ਕੇ ਆਵੇ
ਸਿਰਾਂ ਦੀ ਤਾਂ ਲੰਮੀ ਲਾਈਨ ਲੱਗ ਜਾਵੇਗੀ
ਅਜੇ ਤਾਂ ਤੇਰੇ ਲਈ
ਏਨਾ ਸੱਚ ਪਚਾ ਸਕਣਾ ਹੀ ਕਾਫ਼ੀ ਹੈ
ਕਿ ਸਾਡੇ ਪੰਜਾਬੀ ਲੇਖਕ
ਦੁਨੀਆਂ ਦੀ ਸੈਰ ਤੇ ਨਿਕਲਣ ਵੇਲ਼ੇ
ਬੀਵੀਆਂ ਨੂੰ ਸਾਥ ਕਿਉਂ ਨਹੀਂ ਲੈਂਦੇ?
ਕਿਉਂ ਨਹੀਂ ਲਿਖਦੀ ਤੇਰੀ ਕਲਮ
ਦੁੱਖ ਉਸ ਹੈਡਮਾਸਟਰ ਦਾ
ਜੋ ਬਾਰ ਤੋਂ ਉੱਜੜ ਕੇ ਆਕੇ ਵੀ
ਗ਼ਰੀਬੀ ਦਾਵ੍ਹੇ 'ਚ ਸਕੂਲ ਗਿਆ
ਤੇ ਜਿਸਨੇ ਕਿਣਕਾ ਕਿਣਕਾ ਕਰਕੇ ਇਹ ਘਰ ਬਣਾਇਆ
ਤੇ ਹੁਣ ਉਹ ਆਪੂੰ ਸਿਰਜੇ ਘਰ ਵਿਚ ਵੀ
ਮਹਿਫ਼ੂਜ਼ ਨਹੀਂ ਹੈ
ਕਿਉਂਕਿ ਨੂੰਹਾਂ ਦੀ ਆਜ਼ਾਦੀ 'ਚ ਖਲਲ ਪੈਂਦਾ ਹੈ
ਜੋ ਸ਼ਰੇਆਮ ਆਖਦੀਆਂ ਨੇ
"ਡੈਡੀ ਤੁਸੀਂ ਪੋਚਾ ਲਾਏ ਤੋਂ ਜ਼ਰਾ ਬਾਹਰ ਹੀ ਰਿਹਾ ਕਰੋ"
ਕਿਉਂ ਨਹੀਂ ਕਰਦੀ ਤੇਰੀ ਕਵਿਤਾ ਜ਼ਿਕਰ
ਉਸ ਮੌਤ ਦਾ

ਜੋ ਮਾਂ ਰੋਜ਼ ਮਰਦੀ ਹੈ
ਬੇਟੇ ਤੇ ਨੂੰਹ ਦੇ ਤਾਨ੍ਹਿਆਂ ਵਿਚਕਾਰ
ਤੇਰੀ ਕਵਿਤਾ ਕੋਲ਼ ਵਿਹਲ ਕਿੱਥੇ ਹੋਣਾ
ਜੋ ਫੀਲ ਗੁੱਡ ਕਰਦੇ ਭਾਰਤ ਦਾ
ਕੱਦ ਮਾਪ ਸਕੇ
ਜਿੱਥੇ ਅੱਧੇ ਲੋਕ
ਅਜੇ ਵੀ ਭੁੱਖੇ ਹੀ ਸੌਂਦੇ ਹਨ
ਜਿੱਥੇ ਬਚਪਨ ਕੋਲ ਰੁਲਣ ਲਈ
ਰੈਸਟੋਰੈਂਟ ਦੇ ਭਾਂਡੇ ਹਨ
ਜਾਂ ਸਰੀਰ ਵੇਚਣ ਦਾ ਧੰਦਾ ਹੈ
ਜੀਹਨੂੰ ਸਾਡੀ ਪੁਲਿਸ
ਹਰ ਤਰੀਕੇ ਨਾਲ ਜਾਇਜ਼ ਠਹਿਰਾਉਂਦੀ ਹੈ
ਫੀਲ ਗੁੱਡ ਕਰਦੇ ਭਾਰਤ ਵਿਚ
ਤੂੰ ਵੱਧ ਰਹੀਆਂ ਫੀਸਾਂ
ਤੇ ਬੇਰੁਜ਼ਗਾਰੀ ਦੀ ਹਨ੍ਹੇਰੀ ਸੁਰੰਗ ਵੱਲ
ਕਿੱਧਰ ਤੁਰਿਆ ਜਾ ਰਿਹੈਂ
ਪਾਗਲ ਤਾਂ ਨਹੀਂ ਤੂੰ
ਖ਼ੁਸ਼ੀਆਂ ਮੌਕੇ
ਇਹ ਮਨਹੂਸ ਚਿਹਰਾ ਲੈ ਕੇ ਆ ਗਿਆ ਏਂ
ਪਰ ਮੈਂ ਕੀ ਕਰਾਂ
ਮੈਂ ਜਿਸ ਭਾਰਤ ਨੂੰ ਜਾਣਦਾ ਹਾਂ
ਉੱਥੇ ਅਜੇ ਵੀ ਬਹੁਤ ਹਨੇਰਾ ਹੈ
ਸੂਰਜ ਚੜ੍ਹਨ ਤੋਂ ਪਹਿਲਾਂ ਦਾ ਹਨੇਰਾ

ਵਹਿਮ ਕਿ ਸੱਚ

ਖੌਰੇ ਇਹ ਮਨ ਦਾ ਵਹਿਮ ਹੈ
ਜਾਂ ਸੱਚਮੁੱਚ ਹੀ ਮੇਰੇ ਤੰਦ ਮੈਲ਼ ਪੈ ਗਈ ਹੈ
ਜੋ ਵਾਰ ਵਾਰ ਵਧੀਆ ਸਾਬਣ ਲਾ ਕੇ ਵੀ
ਧੋ ਨਹੀਂ ਹੁੰਦੀ
ਕਿਹੜਾ ਹੈ ਸੈਂਟ
ਜੋ ਮੈਂ ਨਹੀਂ ਛਿੜਕਦਾ
ਪਰ ਸੜਿਹਾਂਦ
ਵਧਦੀ ਹੀ ਜਾ ਰਹੀ ਹੈ
ਮੈਂ ਸਾਰੇ ਸਰੀਰ ਨੂੰ
ਧਰਤੀ ਵਿਚ ਡੂੰਘਾ ਧਸਾਉਂਦਾ ਹਾਂ
ਮਿੱਟੀ ਵਿਚ ਮਿੱਟੀ ਹੋ ਰੌਂਦਦਾ ਹਾਂ
ਪਰ ਸਿਰ ਤਾਂ ਅਜੇ ਵੀ ਬਾਹਰ ਹੈ ਮਿੱਟੀ ਤੋਂ
ਪਤਾ ਨਹੀਂ ਕਹਾਣੀ
ਕਦੇ ਖ਼ਤਮ ਵੀ ਹੁੰਦੀ ਹੈ ਜਾਂ ਨਹੀਂ
ਮੈਨੂੰ ਪਿਛਲੇ ਜਾਂ ਅਗਲੇ ਜਨਮ ਨਾਲ ਕੀ
ਮੇਰੇ ਲਈ ਤਾਂ ਇਹੀ ਜਨਮ ਬਹੁਤ ਸੀ
ਧਰਮ ਦੇ ਨਾਮ 'ਤੇ ਮਾਰੇ ਜਾਣ ਲਈ
ਪਤਾ ਨਹੀਂ ਇਹ ਕਿਹੋ ਜਿਹੀਆਂ ਅਵਾਜ਼ਾਂ
ਮੇਰੇ ਮਸਤਕ ਵਿੱਚੋਂ ਆ ਰਹੀਆਂ ਹਨ
ਐਨਾ ਖਲਤ ਮਲਤ ਤਾਂ
ਉਦੋਂ ਵੀ ਨਹੀਂ ਸੀ ਹੋਇਆ
ਜਦੋਂ ਮਾਂ ਮਰੀ ਸੀ

ਉਦੋਂ ਸਭ ਸਪੱਸ਼ਟ ਸੀ
ਪਰ ਹੁਣ ਤਾਂ ਧੁੰਦ ਹੈ, ਗਹਿਰ ਹੈ
ਕਹਿਰ ਹੈ, ਜ਼ਹਿਰ ਹੈ
ਤੇ ਸਰੀਰ 'ਤੇ ਮੈਲ਼ ਹੈ
ਸ਼ਾਇਦ ਕੋਈ ਜਾਨਵਰ ਮਰਿਆ ਹੈ ਮੇਰੇ ਅੰਦਰ
ਜਾਂ ਸ਼ਾਇਦ ਆਦਮੀ
ਪਤਾ ਨਹੀਂ ਲੱਗ ਰਿਹਾ
ਸੰਘ ਦੇ ਡਾਕਟਰ ਦਾ ਕਹਿਣਾ ਹੈ
ਕਿ ਇਹਦਾ ਤਾਂ ਦਿਮਾਗ ਹਿਲ ਗਿਆ ਹੈ
ਹਾਂ ਸੱਚ ਮੇਰੇ ਅੰਦਰ
ਗੁਜਰਾਤ ਦੀ ਲਾਸ਼ ਦੀ ਬੋ ਮਾਰ ਰਹੀ ਹੈ
ਮੈਂ ਸਿਰ ਦੇ ਖ਼ਿਆਲਾਂ ਨੂੰ ਕਿਵੇਂ ਧੋਵਾਂ
ਤੇ ਇਸ ਖ਼ਿਆਲ ਨੂੰ ਤਾਲ 'ਚ ਕਿਵੇਂ ਬੰਨ੍ਹਾਂ
ਜ਼ਰਾ ਸਮਝਾਣਾ ਤਾਂ ਹਜ਼ੂਰ
ਹਾਂ ਸੱਚ ਜ਼ਰੂਰ।

ਰਤਜਗਾ

ਰਤਜਗੇ ਵਿਚ ਰਹਿਣ ਦੇ ਮੈਨੂੰ
ਰਤਜਗੇ ਵਿਚ ਰਹਿਣ
ਅਜੇ ਸਮੇਂ ਨਾਲ ਖਹਿਣ ਦੇ ਮੈਨੂੰ
ਅੱਜ ਸਮੇਂ ਨਾਲ ਖਹਿਣ
ਇਹ ਤਾਂ ਕੋਈ ਖਹਿਣ ਨਹੀਂ ਹੈ
ਨਾਲ ਸਮੇਂ ਦੇ...
ਬਹਿ ਕੇ ਮਹਿਬੂਬਾਂ ਦੀ ਬੁੱਕਲ
ਬੀਵੀ ਤੋਂ ਲਕੋਂਦੇ ਰਹਿਣਾ
ਲੋਕਾਂ ਸਾਹਵੇਂ ਮਹਿਬੂਬਾ ਨੂੰ ਭੈਣ ਹੀ ਕਹਿਣਾ
ਇਹ ਮਰਦਾਂ ਦਾ ਕੰਮ ਨਾ ਕੋਈ
ਉਂਜ ਮੈਂ ਕਿਹੜਾ ਮਰਦ ਹਾਂ ਭਾਈ
ਪਾਠਕਾਂ ਅਤੇ ਸ੍ਰੋਤਿਆਂ ਅੰਦਰ
ਮੈਂ ਹਮੇਸ਼ਾਂ...
ਸਵੈ ਤਰਸ ਦੀ ਰਸ ਉਪਜਾਈ
ਕਦੇ ਕਦੇ ਜੇ ਮੇਰੇ ਅੰਦਰੋਂ ਕੋਈ ਸੀ ਬੋਲਿਆ
ਉਹ ਕੇਵਲ ਸੀ ਮੇਰਾ ਵਕਤੀ ਮੋਹ ਜਾਂ ਉਬਾਲ
ਹੁਣ ਤੂੰ ਮੇਰੇ ਪਿੱਛੇ ਕਿਉਂ ਪੈ ਗਿਆ ਯਾਰ
ਲੱਭ ਘਰ ਹੋਰ
ਫਿਰ ਮੈਂ ਕਹਿੰਨਾ
ਰਤਜਗੇ ਵਿਚ ਰਹਿਣ ਦੇ ਮੈਨੂੰ
ਰਤਜਗੇ ਵਿਚ ਰਹਿਣ
ਤੁਰਦਾ ਤੁਰਦਾ ਪਹੁੰਚਾ ਹਾਂ ਮੈਂ

ਉਸ ਬੂਹੇ ਅੱਗੇ, ਤਖ਼ਤੀ ਲੱਗੀ
ਤਖ਼ਤੀ ਉੱਤੇ ਇਕ ਵੱਡੇ ਲੇਖਕ ਦਾ ਨਾਂ ਹੈ
ਇਹ ਉਹ ਲੇਖਕ ਹੈ ਭਾਈ
ਜੀਹਨੇ ਆਪਣੀ ਗ਼ੁਲਾਬੀ ਰੁੱਤ ਵੀ
ਅੰਦਰ ਸਿਮਟ ਕੇ ਹੈ ਲੰਘਾਈ
ਜੋ ਹੈ ਐਨਾ ਬੀਰ, ਬਸ ਲਕੀਰ ਦਾ ਫ਼ਕੀਰ
ਨਾ ਉਹ ਕਿਸੇ ਦੀ ਗੋਦੀ ਬੈਠਾ, ਨਾ ਗੱਲਬਾਤ
ਉਲਝੇ ਉਸਦੇ ਜਜ਼ਬਾਤ
ਖੰਡਿਤ ਸੋਚਾਂ-ਹੁਣ ਉਸ ਐਸੀ ਲਹਿਰ ਚਲਾਈ
ਜਿਸਦੇ ਪਿੱਛੇ ਬੇਸੀਸੇ ਲੋਕਾਂ ਦੀ ਭੀੜ ਹੈ ਭਾਰੀ
ਦੱਬੀਆਂ ਖ਼ਾਹਿਸ਼ਾਂ ਵਾਲ਼ੇ
ਕਦੇ ਇਨ੍ਹਾਂ ਦੇ ਉਲਝੇ ਮੀਤ
ਸਾਹਿਤ ਤਾਈਂ ਕਰਨ ਇਹ ਪਲੀਤ
ਧਾਰੀ ਇਨ੍ਹਾਂ ਐਸੀ ਬਦਨੀਤ
ਇਹ ਉਸੇ ਦੇਹਧਾਰੀ ਦੇ ਚੇਲੇ
ਜੋ ਸਮੇਂ ਸਮੇਂ ਵੱਖ ਵੱਖ ਰੂਪਾਂ
ਲਹਿਰਾਂ ਅੰਦਰ ਪ੍ਰਗਟ ਹੋਵੇ
ਜਿਸਦਾ ਇੱਕੋ ਕੰਮ ਹੈ
ਜਾਂਬਾਜ਼ਾਂ ਦੇ ਚਿਰਾਗ਼ਾਂ ਨੂੰ ਬੁਝਾਉਣਾ
ਲਾਲ ਰੰਗ ਦੀ ਹਰ ਸ਼ੈਅ ਨੂੰ ਸਾੜਨ ਦੇ ਲਈ
ਨਵੇਂ ਨਵੇਂ ਬਿੰਬ ਤੇ ਵਾਦ ਲੈ ਕੇ ਆਉਣਾ
ਹੋਰ ਵੀ ਹਨ ਬਥੇਰੇ ਕੱਲ੍ਹੇ ਕੱਲ੍ਹੇ
ਹੋਈ ਜਿਨ੍ਹਾਂ ਦੀ ਸਰਕਾਰੇ ਦਰਬਾਰੇ ਬੱਲੇ ਬੱਲੇ
ਉਂਜ ਉਹ ਵਿਦਹੋਰੀ ਸ਼ਾਇਰ ਅਖਵਾਣ

ਇਕ ਇਨਾਮ ਦੇ ਮਿਲਦੇ ਹੀ
ਜਿਨ੍ਹਾਂ ਦੇ ਖੰਭ ਝੜ੍ਹ ਜਾਣ
ਖੰਭ ਜੋ ਕਦੇ ਉੱਡਣ ਦਾ ਭੁਲੇਖਾ ਪਾਂਦੇ ਸਨ
ਸੀਤ ਨੇਰ੍ਹੇ 'ਚ ਵੀ ਸੀਤ ਲਹੂ ਨੂੰ ਗਰਮਾਂਦੇ ਸਨ
ਲੋਕਾਂ ਦੇ ਦੁੱਖਾਂ ਸੁੱਖਾਂ 'ਤੇ ਕਰਕੇ
ਆਪਣੀ ਕਵਿਤਾ ਦੇ ਪਰਚਮ ਉੱਚੇ
ਅੱਜ ਆਖਦੇ ਨੇ
ਲੋਕ ਸਭ ਝੂਠੇ
ਬੱਸ ਇਹ ਆਪ ਹੀ ਸੱਚੇ
ਓ ਮੇਰੇ ਸ਼ਾਇਰ!
ਐਵੇਂ ਦਿਲੋਂ ਨਾ ਡੋਲ
ਇਤਿਹਾਸ ਦੇ ਕੂੜੇ ਦਾਨ ਨੇ
ਲੈਣਾ ਇਨ੍ਹਾਂ ਨੂੰ ਤੋਲ
ਬੱਸ ਤੂੰ ਸੱਚ ਸੁਣਾ
ਸੱਚ ਦੇ ਫੁੱਲਾਂ ਦੀ ਖ਼ੁਸ਼ਬੋ ਕਦੇ ਨਾ ਮਰਦੀ
ਹਰ ਯੁੱਗ ਅੰਦਰ ਇਹੀ ਲੋਕ ਦਿਲਾਂ ਦੀ ਪੀੜਾ ਹਰਦੀ।

ਜੰਗਲ ਦਾ ਕਾਨੂੰਨ

ਹਾਂ ਮੈਂ ਮਾਲਕ ਹਾਂ ਸਟੋਰ ਦਾ
ਪਰ ਤੁਹਾਨੂੰ ਕੀ ਪਤਾ ਹੈ
ਕਿੰਨਾ ਔਖਾ ਹੈ
ਨਿੱਕਾ ਸਟੋਰ ਚਲਾਉਣਾ
ਲੁੱਟੇ ਹੋਏ ਟੁੱਟੇ ਹੋਏ ਮੁਲਕ ਵਾਂਗ
ਸੱਤੇ ਦਿਨਾਂ 'ਚ
ਅੱਠ ਦਿਨ ਕੰਮ ਕਰਨਾ
ਵੱਡੀ ਮਛਲੀ ਅਸਲ 'ਚ
ਛੋਟੀ ਨੂੰ ਜੀਣ ਹੀ ਨਹੀਂ ਦਿੰਦੀ
ਸਮੁੰਦਰ ਤਾਂ ਬੇਅੰਤ ਹੈ
ਬਸ ਮੇਰੇ ਲਈ ਤਾਂ ਖੁੱਲ੍ਹਾ ਹੈ
ਤੇ ਮਧੋਲਿਆ ਵੀ ਹੋਇਆ
ਮੇਰੇ ਵਰਗੇ ਲਈ ਤਾਂ ਇਹ ਬਸ
ਜੇਬ ਹੀ ਖ੍ਰੀਦੀ ਹੈ
ਬਸ ਬਸ ਮੇਰੇ ਯਾਰ
ਇਹੀ ਤਾਂ ਆਜ਼ਾਦੀ ਹੈ, ਖੁੱਲ੍ਹੀ ਮੰਡੀ ਹੈ
ਸਫ਼ਲ ਨਾ ਹੋਏ ਤਾਂ, ਅਹੁ ਖੁੱਲ੍ਹੀ ਡੰਡੀ ਹੈ
ਜਾ ਤੇ ਜਾ ਕੇ ਇਤਿਹਾਸ ਲਈ ਲੜ
ਹਾਲ ਦੀ ਘੜੀ ਤਾਂ ਇਤਹਾਸ ਦੀ ਮੌਤ ਹੈ
ਉੱਤਰ ਆਧੁਨਿਕਤਾ ਇਹਦੀ ਨਵੀਂ ਨਵੀਂ ਸੌਂਤ ਹੈ
ਸੋਹਣੀ ਹੈ, ਸ਼ਬਾਬ ਹੈ, ਕਬਾਬ ਹੈ
ਖਾਣਾ ਹੈ ਤਾਂ ਖਾਹ

ਨਹੀਂ ਘਰ ਮੁੜ ਜਾ
ਬੜਾ ਹੀ ਢੀਠ ਹੈ
ਬਾਰ ਬਾਰ ਆਉਂਦਾ ਹੈ
ਮੈਨੂੰ ਕੱਚੀਆਂ ਨੀਂਦਾਂ 'ਚੋਂ ਜਗਾਉਂਦਾ ਹੈ
ਸੁਪਨਿਆਂ 'ਚ ਡਰਾਉਂਦਾ ਹੈ
ਮੰਨਦੀ ਹਾਂ ਕਿ ਅੰਤ ਜਿੱਤ ਤੇਰੀ ਹੈ
ਹਾਲ ਦੀ ਘੜੀ ਤਾਂ ਬਸ
ਡੰਕੇ ਚੋਟ ਹੈ ਮੇਰੀ।

ਮੋਮਬੱਤੀਆਂ

ਮੈਂ ਕਾਰੀਗਰ ਹਾਂ
ਬਣਾਉਂਦਾ ਹਾਂ ਮੋਮਬੱਤੀਆਂ
ਤਾਂ ਕਿ ਜ਼ਿੰਦਗੀ ਦੀ ਸ਼ਮ੍ਹਾਂ ਰੌਸ਼ਨ ਰਹੇ
ਤੇ ਹਨ੍ਹੇਰੇ ਸੰਗ ਭਿੜਦੀ ਰਹੇ
ਹਰ ਯੁੱਗ ਵਿਚ
ਹਨ੍ਹੇਰਾ ਜੋ ਜੰਗਲ ਤੋਂ ਚੱਲ ਕੇ
ਸਾਡੇ ਘਰਾਂ ਨੂੰ ਚੀਰਦਾ
ਵੜ ਗਿਆ ਹੈ ਡੂੰਘਾ ਸਾਡੇ ਦਿਮਾਗਾਂ ਵਿਚ
ਇਸ ਵਾਰ ਇਸ ਦੇਸੀ ਹਨ੍ਹੇਰੇ ਨਾਲ
ਰਲ਼ ਗਈ ਹੈ
ਵਾਸ਼ਿੰਗਟਨ ਦੇ ਸ਼ਿਸਕਾਰੇ ਹੋਏ ਹਨ੍ਹੇਰੇ ਦੀ ਤਾਲ
ਹੁਣ ਤਾਂ ਕਈ ਜੁਗਨੂੰ
ਜਿਨ੍ਹਾਂ 'ਤੇ ਆਸ ਸੀ
ਇਸ ਹਨ੍ਹੇਰੇ ਨੂੰ ਚੀਰਨ ਦੀ
ਰਲ ਗਏ ਹਨ, ਇਸ ਹਨ੍ਹੇਰੇ ਦੀ ਸਾਜਿਸ਼ ਨਾਲ
ਇਸੇ ਲਈ
ਹੁਣ ਤਾਂ ਹੋਰ ਵੀ ਵੱਧ ਲੋੜ ਹੈ
ਕਿ ਬਣਾਈਏ ਮੋਮਬੱਤੀਆਂ
ਜਗਾਈਏ ਮੋਮਬੱਤੀਆਂ
ਤਾਂ ਕਿ ਜ਼ਿੰਦਗੀ ਦੀ ਸ਼ਮ੍ਹਾਂ ਰੌਸ਼ਨ ਰਹੇ
ਤੇ ਜਿੱਤਦੀ ਰਹੇ ਹਰ ਯੁੱਗ ਵਿਚ
ਇਸ ਕਾਫ਼ਿਰ ਹਨ੍ਹੇਰੇ ਤੋਂ।

ਮਾਰਟਿੰਨ ਲੂਥਰ ਕਿੰਗ ਦੇ ਜਨਮ ਦਿਨ 'ਤੇ

ਬੀਤ ਰਿਹਾ ਹੈ ਸੋਮਵਾਰ, ਲੰਮਾ ਵੀਕ ਐਂਡ
ਹੁਣੇ ਹੁਣੇ ਅਸੀਂ ਚਰਚਾਂ ਵਿਚ ਜਾਵਾਂਗੇ
ਖੇਡਾਂ 'ਚ ਮਸਤ ਅਸੀਂ ਭੁੱਲ ਜਾਵਾਂਗੇ
ਤੇਰਾ ਸੰਦੇਸ਼–"I have a dream"
ਕਿ ਮੇਰਾ ਸੁਪਨਾ ਹੈ–
ਵੇਖ ਤੇਰਾ ਸੁਪਨਾ
ਸਾਡੇ ਪੈਰਾਂ 'ਚ ਕਿੰਜ ਰੁਲ਼ ਰਿਹਾ ਹੈ
ਤੇ ਪਾਪੀ ਹਨ੍ਹੇਰੇ ਦਾ ਪਰਚਮ ਕਿਵੇਂ ਝੁਲ ਰਿਹਾ ਹੈ
ਕਈ ਵਾਰੀ ਕਾਤਿਲ
ਬਹੁਤ ਭੇਸ ਬਦਲ ਕੇ ਆਉਂਦੇ ਹਨ
ਅਸੀਂ ਨਸ਼ਿਆਂ 'ਚ ਏਨੇ ਗਲਤਾਨ ਹਾਂ
ਕਿ ਆਤਮਾ ਦਾ ਤੇ ਪਤਾ ਨਹੀਂ
ਬਸ ਦੇਹ ਹੀ ਕੇਵਲ ਸ਼ਾਨ ਹੈ
ਕਸਰਤ ਕਰਨੀ, ਖੇਡਣਾ, ਨਸ਼ੇ ਕਰਨੇ
ਇਹੀ ਤਾਂ ਇਮਾਨ ਹੈ
ਜ਼ਿੰਦਗੀ ਦੇ ਸਾਡੇ ਲਈ
ਇਹੀ ਤਾਂ ਅਰਥ ਨੇ
ਅਸੀਂ ਕਿਹੜਾ ਕਿਸੇ ਨਾਲ ਵੰਡਣਾ ਖੱਤਾ ਹੈ
ਆਦਮੀ ਦੀ ਕੀਮਤ
ਸਾਡੀ ਨਜ਼ਰ 'ਚ ਇਸ ਵਕਤ
ਸਿਰਫ਼ ਸੌ ਦਾ ਹਰਾ ਹਰਾ ਪੱਤਾ ਹੈ
ਲੂਥਰ ਕਿੰਗ ਰੋ ਰਿਹਾ ਹੈ

ਤੇ ਉਹਦਾ ਸੁਪਨਾ ਲਾਲ ਪੀਲਾ ਹੋ ਰਿਹਾ ਹੈ
ਸਾਡੇ 'ਤੇ ਖ਼ਫ਼ਾ ਹੈ
ਪਰ ਅਸੀਂ ਹਾਂ ਕਿ
ਸਦੀਆਂ ਦੀ ਡੂੰਘੀ ਨੀਂਦ 'ਚ ਲੱਥੇ ਹਾਂ
ਪਰ ਕੌਣ ਹੈ
ਜੋ ਸਾਨੂੰ ਨਸ਼ੇ ਦੀਆਂ ਲੋਰੀਆਂ ਦੇ ਕੇ ਸੰਵਾ ਰਿਹਾ ਹੈ
ਗਵਾ ਰਿਹਾ ਹੈ-ਸਾਜ਼ ਵਜਵਾ ਰਿਹਾ ਹੈ
ਜੋ ਚਾਹੁੰਦਾ ਹੈ
ਅਸੀਂ ਸੁੱਤੇ ਹੀ ਰਹੀਏ
ਮੈਂ ਵਕਤ ਦੇ ਪਾਣੀਆਂ 'ਚ
ਬਥੇਰੇ ਵੱਟੇ ਸੁੱਟਦਾ ਹਾਂ
ਪਰ ਪਾਣੀ ਫਿਰ ਵੀ ਸ਼ਾਂਤ ਤੇ ਸਾਫ਼ ਹੈ
ਕਿਤੇ ਕੋਈ ਬੁਲਬੁਲਾ ਵੀ ਨਹੀਂ
ਕਿਤੇ ਇਹ ਤੂਫ਼ਾਨ ਤੋਂ
ਪਹਿਲਾਂ ਦੀ ਸ਼ਾਂਤੀ ਤੇ ਨਹੀਂ
ਜਿਸਨੂੰ ਦੇਖਕੇ ਲੂਥਰ ਨੇ ਆਖਿਆ ਸੀ
ਮੇਰਾ ਇਕ ਸੁਪਨਾ ਹੈ
ਮੇਰਾ ਇਕ ਸੁਪਨਾ ਹੈ।

ਸਾਮਰਾਜ

ਐਵੇਂ ਗ਼ੁਮਾਨ ਹੈ ਉਸਨੂੰ
ਕਿ ਉਹ ਖੋਭ ਦੇਵੇਗਾ
ਉਹਦੀ ਖੱਬੀ ਵੱਖੀ ਵਿਚ ਐਟਮ
ਤੇ ਬਚਾਅ ਲਵੇਗਾ
ਆਪਣੀ ਸੱਜੀ ਵੱਖੀ
ਸ਼ਾਇਦ ਨਹੀਂ ਜਾਣਦਾ
ਦਰਿਆਵਾਂ ਦੇ ਵਹਿਣ ਮੋੜੇ ਤਾਂ ਜਾ ਸਕਦੇ ਹਨ
ਤੋੜੇ ਨਹੀਂ
ਹਵਾਵਾਂ ਨੂੰ ਕੈਦ ਕਰਨਾ
ਸਿਰਫ਼ ਮੂਰਖਤਾ ਹੈ
ਜਿਵੇਂ ਕਾਇਨਾਤ ਨੇ ਘੁੰਮਣਾ ਹੈ ਸੂਰਜ ਮਗ਼ਰ
ਉਵੇਂ ਹੀ ਖੱਬੀ ਵੱਖੀ ਨੇ ਸਦਾ ਹੀ ਜੁੜੀ ਰਹਿਣਾ ਹੈ ਸੱਜੀ ਨਾਲ।

ਚੈਨ ਦੀ ਨੀਂਦ

ਦੁਨੀਆਂ ਦੇ ਸਭ ਤੋਂ ਅਮੀਰ ਮੁਲਕ 'ਚ
ਰਹਿੰਦਿਆਂ ਰਹਿੰਦਿਆਂ
ਇਕ ਦਿਨ ਜਦੋਂ ਉਹ ਮਰਿਆ
ਤਾਂ ਉਹਦੇ ਖੀਸੇ 'ਚੋਂ ਨਿਕਲੀਆਂ
ਮੋਏ ਹੋਏ ਸੁਪਨੇ ਦੀਆਂ ਕਾਤਰਾਂ
ਜਿਨ੍ਹਾਂ ਤੇ ਸਾਫ਼ ਸਾਫ਼ ਲਿਖਿਆ ਸੀ
ਕਾਸ਼! ਮੈਂ ਚੈਨ ਨਾਲ ਸੌਂ ਸਕਦਾ
ਮੈਂ ਕੁਲ ਉਮਰ ਭੱਜਦਾ ਰਿਹਾ
ਕੰਮਾਂ ਮੂਹਰੇ,
ਜੀਂਦੇ ਜੀਅ ਸਟਰੈਸ ਨੇ ਮੇਰਾ ਖਹਿੜਾ ਹੀ ਨਾ ਛੱਡਿਆ
ਕੀ ਮੌਤ ਬਾਅਦ ਵੀ
ਸਟਰੈਸ ਮੈਨੂੰ ਤੰਗ ਕਰੇਗਾ
ਕਾਸ਼! ਮੈਂ ਮੌਤ ਬਾਅਦ
ਚੈਨ ਦੀ ਨੀਂਦ ਸੌਂ ਸਕਾਂ।

ਫ਼ੈਸਲਾ ਤੇ ਭਗਤ ਸਿੰਘ

ਇਹੀ ਤਾਂ ਫ਼ੈਸਲੇ ਦੀਆਂ ਘੜੀਆਂ ਹਨ
ਉੱਠ ਛੰਡਦੇ ਇਹ ਫੇਰ ਕੀ ਹੋਊ ਦੇ
ਗੰਧਲੇ ਜਿਹੇ ਖ਼ਿਆਲ
ਆਉਣ ਦੇ ਜ਼ਰਾ
ਰਿਸ਼ਤਿਆਂ ਵਿਚ ਥੋੜ੍ਹਾ ਕੁ ਭੂਚਾਲ
ਕੁਰੂਕਸ਼ੇਤਰ ਇਕ ਸ਼ਹਿਰ ਦਾ ਹੀ ਨਾਮ ਨਹੀਂ
ਹਰ ਫ਼ੈਸਲੇ ਦੀ ਘੜੀ
ਇਕ ਸ੍ਰੀਮਦ ਭਗਵਤ ਗੀਤਾ ਹੈ
ਜਦੋਂ ਅਸੀਂ ਤਿਆਗਦੇ ਹਾਂ
ਨਿੱਕੇ ਨਿੱਕੇ ਸੁੱਖ, ਨਿੱਕੇ ਨਿੱਕੇ ਆਲਸ
ਤੇ ਤੁਰ ਪੈਂਦੇ ਹਾਂ
ਇਤਿਹਾਸ ਦੀ ਪੀੜ ਦਾ ਰਾਹ ਲੱਭਦੇ ਲੱਭਦੇ
ਭਗਤ ਸਿੰਘ ਵਾਂਗ
ਬਾਵਜੂਦ ਇਸਦੇ ਕਿ
ਉਨ੍ਹਾਂ ਦੀ ਰਸਹੀਣ ਬੇਤਾਲ ਸਾਖੀ ਵਿਚ
ਉਹ ਸ਼ਹੀਦ ਨਹੀਂ
ਇਕ ਅਪਰਾਧੀ ਹੈ
ਤੇ ਹੋਵੇ ਵੀ ਕਿਉਂ ਨਾ?
ਭਗਤ ਸਿੰਘ ਗੁਰੂ ਗੋਬਿੰਦ ਸਿੰਘ ਦਾ
ਸੱਚਾ ਰਾਹ ਚੁਣਦਾ ਹੈ
ਕੀ ਇਹ ਦੋਸ਼ ਘੱਟ ਹੈ ਉਹਦਾ?
ਕਿ ਉਹ ਰੂਪ ਤੇ ਤੱਤ ਦਾ ਫ਼ੈਸਲਾ ਨਾ ਕਰ ਸਕਿਆ

ਕਿ ਉਹ ਸੱਜਣ ਠੱਗ ਵਾਂਗ
ਸਿਰਫ਼ ਆਪਣਾ ਰੂਪ ਹੀ ਨਾ ਸੰਵਾਰ ਸਕਿਆ
ਜੇ ਭਲਾ ਉਹ ਇੰਜ ਕਰਦਾ
ਤਾਂ ਇਹ ਤਹਿ ਸੀ ਕਿ ਉਹਨੇ
ਉਨ੍ਹਾਂ ਦਾ ਸਿਰਦਾਰ ਹੋਣਾ ਸੀ
ਜੋ ਹਰ ਯੁੱਗ ਵਿਚ ਲੁੱਟਦੇ ਵੀ ਰਹੇ
ਤੇ ਕੁੱਟਦੇ ਵੀ ਰਹੇ ਨੇ ਲੋਕਾਂ ਨੂੰ
ਪਰ ਭਗਤ ਸਿੰਘ ਇੰਜ ਕਿੰਜ ਕਰ ਸਕਦਾ ਸੀ
ਉਹਦਿਆਂ ਤਾਂ ਨੈਣਾਂ 'ਚ ਲਟਕੇ ਸਨ
ਅਸਲ ਆਜ਼ਾਦੀ ਦੇ ਸੁਪਨੇ
ਇਸੇ ਲਈ ਮਿੱਤਰਾ
ਇਨ੍ਹਾਂ ਗੰਧਲੀਆਂ ਜਿਹੀਆਂ
ਬੱਦਲੀਆਂ ਤੋਂ ਨਾ ਘਬਰਾ
ਇਹ ਮੀਂਹ ਨਹੀਂ ਸਿਰਫ਼ ਆਫ਼ਤਾਂ ਹਨ
ਜਿਨ੍ਹਾਂ ਨੂੰ ਇਕ ਦਿਨ
ਸੱਚ ਦੇ ਸੂਰਜ ਨੇ
ਉਡਾ ਕੇ ਲੈ ਜਾਣਾ ਹੈ

ਮਰਸੀਆ ਨਹੀਂ

ਉਹ ਕਿ ਜਿਸਨੂੰ ਬਹੁਤ ਮਾਣ ਸੀ
ਆਪਣੇ ਪੋਤਰੇ 'ਤੇ
ਗੁੰਮ ਹੈ ਉਨ੍ਹਾਂ ਦੀਆਂ ਯਾਦਾਂ
ਤੇ ਵਿਆਹ ਦੇ ਕਾਰਡ ਵਿਚੋਂ
ਉਹ ਕਿ ਜੀਹਦੀ ਹਰ ਸੁਬਹ ਸ਼ੁਰੂ ਹੁੰਦੀ ਸੀ
ਉਹਦੇ ਤੋਤਲੇ ਬੋਲਾਂ ਤੋਂ
ਉਹ ਕਿ ਜੀਹਦੀ ਸਦੀਆਂ ਤੋਂ
ਮੇਰੇ ਨਾਲ ਅਣਬਣ ਸੀ
ਕਿ ਮੈਂ ਉਸਦਾ ਅੱਥਰਾ ਬੇਲਗ਼ਾਮ
ਨਲਾਇਕ ਪੁੱਤਰ ਹਾਂ
ਤੁਰ ਗਿਆ ਹੈ ਅੱਜ ਸਭ ਨੂੰ ਜੀਂਦਿਆਂ ਛੱਡ ਕੇ
ਮਰ ਗਿਆ ਹੈ ਆਪ
ਇਕ ਬੋਰੀਅਤ ਤੇ ਖਰਵੀ ਸ਼ਾਂਤੀ
ਜੋ ਉਹਦੇ ਜੀਂਦੇ ਜੀ ਵੀ ਹਾਰੀ ਨਹੀਂ ਸੀ
ਹਸਪਤਾਲ ਦੇ ਕਮਰੇ 'ਚ ਘੁੰਮ ਰਹੀ ਹੈ
ਉਹ ਕਿ ਜੋ ਮੈਨੂੰ ਆਖਿਆ ਕਰਦਾ ਸੀ
ਸਾਡੇ ਪਿਉ ਦਾਦੇ ਦੇ ਵੇਲ਼ੇ ਤੋਂ
ਘਰ ਕਦੇ ਥਾਣਾ ਨਾ ਆਇਆ
ਕਿ ਮੈਂ ਵੀਹਾਂ ਨੂੰ ਟੱਪਣ ਤੋਂ ਪਹਿਲਾਂ ਪਹਿਲਾਂ ਹੀ
ਉਹਨੂੰ ਥਾਣੇ ਦਾ ਮੂੰਹ ਦਿਖਾਤਾ
ਅਖੇ ਨਕਸਲੀਏ ਲੋਕਾਂ ਦਾ ਭਲਾ
ਕਰਨ ਦੇ ਰਾਹ ਚੱਲੇ ਹਨ

ਮੁੰਨਾ ਭਲਾ ਕਰਨ ਚੱਲੇ ਨੇ
ਮੁਲਖਈਆਂ ਨਾਲ ਨਹੀਂ
ਤੇ ਬੰਦੂਕਾਂ ਤੋੜੇ ਵਾਲ਼ੀਆਂ
ਚੱਲੇ ਆ ਆਪਣੇ ਮਾਮੇ ਵਾਲ਼ਾ ਰਾਜ ਖੋਹਣ
ਕੰਜਰ ਦਿਉ ਪਹਿਲਾਂ ਆਪਣਾ
ਰਾਹ ਤਾਂ ਸੂਤ ਕਰ ਲਉ...।
ਜ਼ਿਹਨ 'ਚ ਘੁੰਮ ਰਹੀਆਂ ਨੇ ਅਨੰਤ ਅਵਾਜ਼ਾਂ
ਤੇ ਆਪ ਉਹ ਤੁਰ ਗਿਆ ਹੈ ਅੱਜ ਸ਼ਾਮ
ਮੌਤ ਪੀਲੇ ਪੱਤਿਆਂ ਵਾਂਗ ਆਈ
ਤੇ ਉਹਦੀ ਜ਼ਿੰਦਗੀ ਦਾ ਰੁੱਖ ਰੁੰਡ ਮਰੁੰਡ ਕਰ ਗਈ
ਪਿਆ ਹੈ ਉਹ ਚੁਫ਼ਾਲ ਧਰਤੀ 'ਤੇ
ਬਲ਼ ਰਿਹਾ ਹੈ ਇਕ ਦੀਵਾ
ਉਹਦੇ ਨਾਲ ਨਾਲ਼
ਪਤਾ ਨਹੀਂ ਕਿਉਂ
ਮੇਰੇ ਅੰਦਰੋਂ ਅੱਥਰੂ ਅੱਜ ਮਰ ਗਏ ਨੇ
ਜਾਂ ਮੇਰੇ ਅੰਦਰ ਅਦਿੱਖ ਗੁੱਸਾ ਹੈ
ਰੋਹ ਹੈ, ਵਿਦਰੋਹ ਹੈ-
ਤੇ ਮੈਂ ਉਹਦੀਆਂ ਕੀਤੀਆਂ ਗੱਲਾਂ ਦੇ
ਤਰਕ ਮਿਥ ਰਿਹਾ ਹਾਂ
ਸ਼ਾਇਦ ਮੈਂ ਆਪਣਾ ਰਾਹ ਖੋਜ ਰਿਹਾ ਹਾਂ
ਇਸੇ ਲਈ
ਮੇਰੀਆਂ ਅੱਖਾਂ ਵਿਚ ਇਕ ਵੀ ਅੱਥਰੂ ਨਹੀਂ
ਪਰ ਦਿਲ ਉਹਦੇ ਵਿਛੋੜੇ ਨਾਲ਼
ਤਾਰ ਤਾਰ ਹੋਇਆ ਪਿਆ ਹੈ।

ਅਮਰੀਕਾ 'ਚ ਪੰਜਾਬੀ ਜੀਵਨ

ਇੱਥੇ ਆਏ, ਦੂਰ ਦੇਸ਼ ਤੋਂ ਭੁੱਖੇ ਆਏ
ਕੁਝ ਮਨ ਦੇ ਵੀ ਸੀ ਤਿਰਹਾਏ
ਪਹਿਲੋਂ ਪਹਿਲ, ਇੱਥੋਂ ਦੇ ਹੁਸਨਾਂ ਨੇ ਲਾਂਬੂ ਲਾਏ
ਇੱਧਰ ਉੱਧਰ ਮੂੰਹ ਵੀ ਮਾਰੇ
ਪਰ ਰਹੇ ਪਾਣੀ ਖਾਰੇ ਦੇ ਖਾਰੇ
ਰੱਜਵੀਂ ਰੋਟੀ ਛੱਤ ਸਿਰਾਂ 'ਤੇ
ਕਦੇ ਕਦੇ ਅਸੀਂ ਖਾਂਦੇ ਗਾਵਾਂ
ਹਰ ਰਿਸ਼ਤਾ ਅਸੀਂ ਟੋਲ਼ ਕੇ ਡਿੱਠਾ
ਪਰ ਨਹੀਂ ਲੱਭੀਆਂ ਮਾਵਾਂ
ਅਮਰੀਕਾ ਨੇ ਸਭ ਕੁਝ ਦਿੱਤਾ
ਤੇ ਦਿੱਤੀਆਂ ਚਿੰਤਾਵਾਂ
ਨਿੱਜ ਦੀ ਜ਼ਿੰਦਗੀ,
ਘਰ ਤੋਂ ਕੰਮ
ਵੀਕ ਐਂਡ 'ਤੇ ਗੁਰਮੰਦਰ ਜਾਣਾ
ਜਿੱਥੇ ਨਿੰਦਿਆਂ ਚੁਗਲੀ ਦੇ ਦਰਬਾਰ ਸੱਜਦੇ
ਨਾਲ ਕਦੇ ਕਦੇ ਭਾਰਤ ਤੋਂ
ਵੱਖ ਹੋਣ ਦੇ ਨਾਹਰੇ ਲਗਦੇ
ਮਨ ਜੋ ਗੁਰ ਚਰਨਾਂ ਵਿਚ ਚਾਹੁੰਦੇ ਹੋਏ ਵੀ
ਲੀਨ ਨਹੀਂ ਹੁੰਦਾ
ਪਤਾ ਨਹੀਂ ਇਹ ਵਰ ਹੈ ਕਿ ਸਰਾਪ
ਬੁੱਲ੍ਹ ਕਦੇ ਵੀ ਜੱਪ ਨਾ ਸਕਦੇ ਜਾਪ
ਮਨ ਪਤਾ ਨਹੀਂ ਕਿੱਥੇ ਕਿੱਥੇ

ਭੌਂਕਦਾ, ਘੁੰਮਦਾ ਰਹਿੰਦਾ
ਦਿਲ ਦੀ ਚਿੰਤਾ
ਮਨ ਦੀ ਪੀੜ, ਕਿਸੇ ਨੂੰ ਦੱਸ ਨਹੀਂ ਸਕਦਾ
ਪਤਨੀ, ਬੱਚੇ, ਦੋਸਤ, ਰਿਸ਼ਤੇਦਾਰੀ
ਹਰ ਕਿਸੇ ਦੇ ਦੁੱਖ ਸਹਿੰਦਾ ਵੰਡਦਾ।

ਮਿੱਠੀ ਛੁਰੀ

ਕਿਉਂ ਨਹੀਂ ਬਣ ਸਕਦਾ?
ਮੈਂ ਵੀ ਮਿੱਠੀ ਛੁਰੀ
ਮੈਨੂੰ ਰਿਸ਼ਤਿਆਂ ਨੂੰ
ਥਾਂ ਸਿਰ ਰੱਖਣਾ ਕਿਉਂ ਨਹੀਂ ਆਉਂਦਾ
ਮੈਂ ਜਾਂ ਸਿਰਫ਼ ਨਫ਼ਰਤ ਕਰਦਾ ਹਾਂ
ਜਾਂ ਪਿਆਰ
ਵਿਚ ਵਿਚਾਲਾ ਮੈਨੂੰ ਕਿਉਂ ਨਹੀਂ ਕਰਨਾ ਆਉਂਦਾ
ਅਸਲ ਵਿਚ ਮੈਂ ਸ਼ਾਇਦ
ਉਸ ਮਿੱਟੀ ਦਾ ਬਣਿਆ ਹਾਂ
ਜੋ ਗੋਬਿੰਦ ਦੀ ਸ਼ਮਸ਼ੀਰ ਲਈ
ਪਹਿਲਾਂ ਸਿਰ ਲੈ ਕੇ ਗਈ
ਜੋ ਭਾਈ ਘਨੱਈਏ ਦੇ ਪਾਣੀ ਲਈ
ਮਾਸ਼ਕੀ ਬਣੀ
ਮੈ ਚਾਹੁੰਣ 'ਤੇ ਵੀ ਨਹੀਂ ਬਣ ਸਕਦਾ
ਮਿੱਠੀ ਛੁਰੀ
ਘਬਰਾ ਨਾ ਮਨਾ
ਸਾਡੇ ਵਰਗੇ ਲੋਕ ਹੀ ਬਣਦੇ ਨੇ
ਇਤਿਹਾਸ ਦਾ ਚਲਦਾ ਹੋਇਆ ਸਾਹ
ਉਂਜ ਭਾਵਾਂ ਰਿਸ਼ਤੇਦਾਰ ਕਹਿੰਦੇ ਫਿਰਨ
ਬੜਬੋਲਾ।
ਪਰ ਆਪਣੇ ਮਨ ਦੀ ਬਾਤ ਦਾ
ਨਾ ਹਾਣੀ ਲੱਭਦਾ ਕੋਈ

ਇਹ ਚਾਹਵੇ ਆਪਣੇ ਗੁਆਂਢੀ ਨਾਲ ਕਰੇ
ਪਿੰਡ ਵਾਂਗੂ ਗੱਲਾਂ
ਪਰ ਉਹ ਤਾਂ ਹੈਲੋ ਹਾਏ ਤੋਂ ਅੱਗੇ
ਤੁਰਨ ਨਾ ਦੇਵੇ ਬਾਤ
ਇੱਥੇ ਆ ਕੇ ਪੈ ਗਈ
ਮੇਰੀ ਕਵਿਤਾ ਉਤੇ
ਪਰੀ ਕਹਾਣੀ ਵਾਲੀ ਰਾਤ।

ਕਾਸ਼ !

ਕਿੰਨਾ ਕੁ ਔਖਾ ਸੀ
ਭਲਾ ਉਨ੍ਹਾਂ ਲਈ
ਹਾਰੇ ਹੋਏ ਆਦਮੀ ਨੂੰ ਹਰਾਉਣਾ
ਮਰ ਰਹੇ ਹੰਸ ਦੀ ਸਿਰੀ ਵਿਚ
ਜ਼ਹਿਰ ਦੇਣਾ
ਆ ਰਹੀ ਮੌਤ ਦੀ ਵਾਦੀ ਵਿਚ
ਪਰਛਾਵਿਆਂ ਦਾ ਪਿੱਛਾ ਕਰਨਾ
ਕਾਸ਼!
ਉਹ ਜਾਣ ਸਕਦੇ
ਇਹ ਹਾਰਿਆ ਆਦਮੀ
ਉਮਰ ਭਰ ਲੜਦਾ ਰਿਹਾ ਹੈ
ਕਦੇ ਇਸ ਖ਼ਿਲਾਫ਼, ਕਦੇ ਉਸ ਖ਼ਿਲਾਫ਼
ਇਹ ਸਿਰਫ਼ ਵਿਰੋਧੀ ਬੈਂਚ 'ਤੇ
ਬਹਿਣਾ ਹੀ ਸਿੱਖਿਆ ਹੈ
ਇਹਦੇ ਆਵਦੇ ਸਾਥੀਆਂ ਨੇ ਵੀ
ਇਸ ਨਾਲ ਘੱਟ ਨਹੀਂ ਕੀਤੀ
ਇਹਨੂੰ ਮਾਰਨ ਵਿਚ
ਇਹਨੂੰ ਹਰਾਉਣ ਵਿਚ
ਇਹਦੇ ਆਪਣੇ ਸਾਥੀਆਂ ਦਾ
ਕਿਤੇ ਵੱਧ ਹੱਥ ਸੀ
ਕਾਸ਼!
ਅਸੀਂ ਦੇਖ ਸਕਦੇ

ਇਹਦੇ ਮਨ ਵਿਚ
ਜਗ ਰਹੇ ਜੁਗਨੂੰਆਂ ਦੀ ਲੋਅ
ਕਾਸ਼!
ਬਸ ਇਹ ਕਾਸ਼ ਕਦੇ ਹੱਥ ਨਹੀਂ ਆਉਂਦਾ

ਖੁੱਲ੍ਹੀ ਮੰਡੀ ਕਿ ਸਾਮਰਾਜ

ਇਸ ਤਰ੍ਹਾਂ ਹੀ ਆਉਂਦੇ ਨੇ ਉਹ ਅੱਜਕੱਲ੍ਹ
ਪਾਪ ਦੀ ਜੰਞ ਲੈ ਕੇ
ਉਹ ਨਾਦਰ ਵਾਂਗ ਨਹੀਂ ਆਉਂਦੇ
ਉਹ ਤਾਂ ਆਉਂਦੇ ਨੇ
ਇਸ ਨਾਹਰੇ 'ਤੇ ਬੈਠ ਕੇ
ਕਿ ਵਿਸ਼ਵ ਤਾਂ ਇਕ ਪਿੰਡ ਬਣ ਗਿਆ ਹੈ
ਕਿ ਅਸੀਂ ਤਾਂ ਸਾਰੇ ਹੀ ਆਜ਼ਾਦ ਹਾਂ
ਕਿ ਮਨੁੱਖ ਦੀ ਨਿੱਜੀ ਆਜ਼ਾਦੀ ਹੀ
ਅਸਲ ਆਜ਼ਾਦੀ ਹੈ
ਤੇ ਇੰਜ ਅਛੋਪਲੇ ਜਿਹੇ ਉਹ
ਸਭ ਤੋਂ ਪਹਿਲਾਂ ਤੋੜਦੇ ਹਨ ਸਾਨੂੰ
ਘਰ ਨਾਲੋਂ, ਪਰਿਵਾਰ ਨਾਲੋਂ, ਪਿੰਡ ਨਾਲੋਂ, ਦੇਸ਼ ਨਾਲੋਂ
ਤੇ ਸਾਡੇ ਅੱਥਰੇ ਘੋੜਿਆਂ ਨੂੰ
ਉਹ ਇਕ ਸੁਰ ਕਰ ਲੈਂਦੇ ਹਨ
ਆਪਣੀ ਵਿਸ਼ਵੀਕਰਨ ਦੀ ਚਾਬਕ ਨਾਲ
ਹੁਣ ਤਾਂ ਸਾਰੇ ਦੇਸ਼ ਹੀ
ਆਜ਼ਾਦ ਹੋ ਗਏ ਹਨ
ਕਿ ਹੁਣ ਤਾਂ ਅਸੀਂ
ਤੁਹਾਡਾ ਕੱਚਾ ਮਾਲ ਵੀ ਨਹੀਂ ਲੈ ਕੇ ਜਾਂਦੇ
ਤੁਹਾਡੇ ਦੇਸ਼ 'ਚ ਹੀ ਬਣਦਾ ਹੈ ਸਭ ਕੁਝ
ਇਹ ਵੱਖਰੀ ਗੱਲ ਹੈ ਕਿ
ਅਸੀਂ ਕੌਡੀਆਂ ਦੇ ਭਾਅ ਖ਼ਰੀਦਦੇ ਹਾਂ
ਉਸ ਮਾਲ ਨੂੰ

ਕਿੱਥੇ ਭੱਜੋਗੇ? ਕਿੱਥੇ ਜਾਉਗੇ?
ਇਤਿਹਾਸ ਦੀ ਮੌਤ ਦਾ ਸ਼ਗਨ ਮਨਾਉਗੇ
ਬੱਸ ਇਹੀ ਤਾਂ ਚਾਲ ਹੈ
ਤੁਹਾਨੂੰ ਸਭ ਨੂੰ ਕੱਲ੍ਹੇ ਕੱਲ੍ਹੇ ਕਰਨਾ
ਇਹੀ ਤਾਂ ਸਾਡਾ
ਕਮਾਲ ਹੈ
ਕੱਲ੍ਹੇ ਕੱਲ੍ਹੇ ਰਹੋਗੇ ਤਾਂ 'ਕੱਲ੍ਹੇ 'ਕੱਲ੍ਹੇ ਸੋਚੋਗੇ
ਜ਼ਿੰਦਗੀ ਦੀ ਖੁੱਦੋ ਨੂੰ ਸਾਡੇ ਵਾਂਗ ਹੀ ਬੋਚੋਗੇ
ਕੁਲ ਉਮਰ ਤੁਸੀਂ ਫਿਰ
ਚੀਜ਼ਾਂ ਵਸਤਾਂ ਬਾਰੇ ਸੋਚੋਗੇ
ਬੰਦਾ ਕੀ? ਰਿਸ਼ਤਾ ਕੀ?
ਸਭ ਭੁੱਲ ਜਾਉਗੇ
ਨੇਰ੍ਹੀ 'ਚ ਕੱਲ੍ਹੇ ਕੱਖ ਕਾਨ ਵਾਂਗ
ਰੁਲ਼ ਜਾਉਗੇ
ਕੱਠੇ ਹੀ ਨਾ ਹੋਵੋਗੇ ਤਾਂ ਸਮੂਹ ਕਿੰਜ ਬਣੋਗੇ
ਫਿਰ ਅਸੀਂ ਦੇਖਦੇ ਹਾਂ
ਤੁਸੀਂ ਮੁੱਕੇ ਕਿੰਜ ਤਣੋਗੇ?
ਬੈਠ ਜਾ ਉਹ ਬੈਠ ਜਾ
ਇਤਿਹਾਸ ਨੇ ਵੀ ਆਉਣਾ ਹੈ
ਸਦੀਆਂ ਦੇ ਲਿਤੜਿਆਂ ਨੇ
ਅੰਤ ਰਲ਼ ਗਾਉਣਾ ਹੈ
ਉਨ੍ਹਾਂ ਦੇ ਆਉਂਦਿਆਂ ਹੀ
ਤੂੰ ਕਿੱਥੇ ਜਾਏਂਗਾ
ਕਬਰਾਂ ਤੋਂ ਉਰਾਂ ਫਿਰ
ਚੈਨ ਕਿੱਥੇ ਪਾਏਂਗਾ।

ਸਮਤਲ ਸਾਥ

ਉਹ ਮੇਰਾ ਮਿੱਤਰ ਹੈ, ਤੇ ਨਹੀਂ ਵੀ
ਰਿਸ਼ਤੇਦਾਰ ਨਹੀਂ ਹੈ, ਪਰ ਹੈ ਵੀ
ਬਸ ਮੇਰੇ ਵਾਂਗ ਝੂਰਦਾ ਹੈ
ਇਹੀ ਸੱਚ ਸਾਂਝਾ ਹੈ
ਪਿਛਲੇ ਐਤਵਾਰ
ਗੁਰਦੁਆਰੇ ਬੈਠਾ ਉਹ
ਮੈਨੂੰ ਆਪਣੀ ਰਾਮ ਕਥਾ
ਇੰਜ ਬਿਆਨਦਾ ਹੈ :
ਉਸ ਬੀਵੀ ਦਾ ਸਾਥ ਚਾਹਿਆ ਸੀ
ਨੱਕ 'ਚ ਨਕੇਲ ਨਹੀਂ
ਮੈਂ ਕਿਹਾ :
ਸਮਝੌਤੇ ਤਾਂ ਕਰਨੇ ਹੀ ਪੈਂਦੇ ਹਨ
ਉਸ ਕਿਹਾ : ਪਰ ਇਕ ਪਾਸੇ ਦਾ
ਵਿਛ ਜਾਣਾ ਹੀ ਕੀ ਸਮਝੌਤਾ ਹੈ?
ਮੈਂ ਕਿਹਾ ਬਸ ਇਹੀ ਤਾਂ ਰਹੱਸ ਹੈ
ਬੋਲ ਨਾ ਕੁਝ ਇਹੀ ਤਾਂ ਬਹਿਸ ਹੈ
ਫੁੱਲਾਂ ਦੀ ਖ਼ੁਸ਼ਬੋ ਵਰਗੇ ਰਿਸ਼ਤੇ
ਇਹ ਤਾਂ ਕਿਤਾਬੀ ਕਿੱਸੇ ਨੇ
ਸਵੈ ਨੂੰ ਮਾਰ ਰਿਸ਼ਤੇ ਵਿਚ
ਇਹੀ ਤਾਂ ਤੇਰੇ ਬਸ ਹਿੱਸੇ ਨੇ।

ਮਾਰਕਸ ਦੀ ਵਾਪਸੀ

ਮੈਂ ਆਵਾਂਗਾ
ਕਿ ਆਉਣ ਤੋਂ ਬਿਨਾਂ
ਕੋਈ ਚਾਰਾ ਨਹੀਂ ਹੈ
ਕਿੱਥੇ ਲੁਕਾਵਾਂਗਾ ਮੈਂ
ਆਪਣੇ ਲੋਕਾਂ ਦਾ ਦਰਦ
ਤੇ ਉਹ ਰਾਹ
ਜਿਨ੍ਹਾਂ 'ਤੇ ਫੁੱਲ ਖਿੜੇ ਤੇ ਮੁਰਝਾ ਗਏ
ਮੈਂ ਪਰਤਾਂਗਾ
ਕਿ ਪਰਤਣ ਬਿਨਾਂ ਕੋਈ ਚਾਰਾ ਹੀ ਨਹੀਂ ਹੈ
ਪਰ ਇਸ ਵਾਰ ਜਦੋਂ ਮੈਂ ਆਇਆ
ਤਾਂ ਮੈਂ ਪਹਿਲਾ ਜਿਹਾ ਨਹੀਂ ਹੋਵਾਂਗਾ
ਜਿਵੇਂ ਤੁਸੀਂ ਵੀ ਪਹਿਲੇ ਜਿਹੇ ਨਹੀਂ ਹੋ
ਸਾਡੇ ਕੋਲ਼ ਹੋਣਗੇ ਨਵੇਂ ਸੰਦ
ਨਵੇਂ ਢੰਗ, ਨਵੇਂ ਰਾਹ
ਜਿਸਦੇ ਸਹਾਰੇ ਅਸੀਂ ਲੈਣੇ ਨੇ
ਲੋਕਾਂ ਦੇ ਸਭ ਜੰਗਲ ਗਾਹ
ਗਾਉਣ ਦਿਉ ਉਸਨੂੰ ਅਜੇ ਵਿਸ਼ਵੀਕਰਨ
ਨਿੱਜੀ ਆਜ਼ਾਦੀ, ਖੁੱਲ੍ਹੀ ਮੰਡੀ
ਹੌਲ਼ੀ ਹੌਲ਼ੀ ਹੋ ਰਹੀ ਹੈ ਮੇਰੀ ਵੀ
ਪੱਕੀ ਪਗਡੰਡੀ
ਇਨ੍ਹਾਂ ਨਿੱਕੀਆਂ ਪਗਡੰਡੀਆਂ ਨੇ ਰਲ਼ ਕੇ ਹੀ
ਬਣ ਜਾਣਾ ਹੈ ਇਕ ਸ਼ਾਹਰਾਹ
ਜਿਸ 'ਤੇ ਚੱਲਕੇ ਮੇਰੇ ਲੋਕਾਂ ਨੇ
ਲੈਣੇ ਨੇ, ਆਪਣੇ ਸਭ, ਦੁੱਖੜੇ ਲਾਹ।

...ਤੋਂ ਬਾਅਦ

ਇਸ ਤਰ੍ਹਾਂ ਹੀ ਕਿਉਂ ਹੁੰਦਾ ਹੈ
ਹਰ ਵਾਰ
ਕਿ ਮਾੜੀ ਜਿਹੀ ਹਰਕਤ ਮਗਰੋਂ
ਅਸੀਂ ਸਭ ਬਣ ਜਾਂਦੇ ਹਾਂ
ਹਿੰਦੂ, ਮੁਸਲਮਾਨ, ਸਿੱਖ ਤੇ ਈਸਾਈ
ਆਦਮੀ ਕਦੋਂ ਦਫ਼ਨ ਹੋ ਜਾਂਦਾ ਹੈ
ਤੇ ਉੱਗ ਆਉਂਦਾ ਹੈ ਸਾਡੇ ਅੰਦਰ
ਬਿਨ ਲਾਦੇਨ ਤੇ ਗੋਲਵਾਲਕਾਰ
ਅਸੀਂ ਦਫ਼ਨ ਕਰ ਦਿੰਦੇ ਹਾਂ
ਉਹ ਸਾਰੀਆਂ ਪਵਿੱਤਰ ਪੁਸਤਕਾਂ
ਜਿਨ੍ਹਾਂ 'ਚ ਸੱਭੇ ਸਾਂਝੀਵਾਲ ਸਦਾਇਣ ਦਾ ਹੌਕਾ ਹੁੰਦਾ ਹੈ
ਕਿੰਜ ਦਮ ਤੋੜ ਦਿੰਦੀ ਹੈ ਸਾਡੇ ਅੰਦਰੋਂ ਗੀਤਾ
ਹਜੂਮ ਦੇ ਸ਼ੋਰ ਵਿਚ ਝੁਕ ਜਾਂਦਾ ਹੈ
ਸਾਡੇ ਹੋਠਾਂ 'ਤੇ ਆਈ ਆਇਤ ਦਾ ਫਿਕਰਾ
ਮੈਨੂੰ ਲਗਦੈ ਅਸੀਂ ਕਦੇ ਵੀ
ਸਾਲਮ ਸਬੂਤੇ ਮਨੁੱਖ ਨਹੀ ਸਾਂ
ਅਸੀਂ ਤਾਂ ਬਸ ਹਾਸ਼ੀਏ 'ਤੇ ਲਟਕੇ ਹੋਏ
ਡੰਗਰ ਸਾਂ ਬਸ...
ਜਿਨ੍ਹਾਂ ਨੂੰ ਕਦੇ ਵੀ
ਹਿੱਕ ਸਕਦਾ ਹੈ
ਉਹ ਸ਼ੈਤਾਨ ਜੀਹਦੇ ਹੱਥ ਨਫ਼ਰਤ ਦਾ ਕਾਸਾ ਹੈ
ਇਹ ਸੱਚ ਹੈ ਮੇਰੇ ਦੋਸਤ

ਕਿ ਉਹ ਹੰਢੇ ਵਰਤੇ ਖਿਲਾੜੀ ਹਨ
ਪਰ ਅਸੀਂ ਉਨ੍ਹਾਂ ਦੇ ਹੱਥਾਂ 'ਚ ਕਿੰਜ ਗੁਆਚ ਜਾਂਦੇ ਹਾਂ
ਇਸ ਪ੍ਰਸ਼ਨ ਦੇ ਬੂਹੇ 'ਤੇ ਮਨ
ਅਜੇ ਵੀ ਸਵਾਲੀ ਖੜ੍ਹਾ ਹੈ

ਅੱਜ ਕੱਲ੍ਹ

ਮੈਂ ਤੰਗ ਆ ਗਿਆ ਹਾਂ
ਇਸ ਤਰ੍ਹਾਂ ਦੀ ਲਿਜ਼ਲਿਜ਼ੀ ਜ਼ਿੰਦਗੀ ਤੋਂ
ਸਭ ਕੁਝ ਬਰਫ਼ ਹੋਇਆ ਪਿਆ ਹੈ ਮੇਰੇ ਅੰਦਰ
ਖ਼ੂਨ ਸਿਰਫ਼ ਨਾੜਾਂ 'ਚ ਚਲਦਾ ਹੈ
ਚਲਦਾ ਵੀ ਹੈ ਜਾਂ ਨਹੀਂ
ਮੈਨੂੰ ਨਹੀਂ ਪਤਾ
ਪੰਛੀ ਸਿਰਫ਼ ਦਰੱਖਤਾਂ ਤੇ ਚਹਿਕਦੇ ਹਨ
ਮਨ ਦੇ ਅੰਬਰ ਤੇ ਕਦੇ ਨਹੀਂ ਚਮਕੀ
ਕੋਈ ਸਫ਼ੈਦ ਜਾਂ ਸੋਨਰੰਗੀ ਬੱਦਲੀ
ਸਵੇਰੇ ਉੱਠਦਾ ਹਾਂ, ਖਾਦਾਂ ਹਾਂ, ਸੌਂਦਾ ਹਾਂ
ਤੇ ਕੰਮ 'ਤੇ ਜਾਂਦਾ ਹਾਂ
ਇੰਜ ਇਸ ਨਿੱਕੀ ਜਿਹੀ ਕੈਦ 'ਚ
ਦਿਨਕਟੀ ਕਰ ਰਿਹਾ ਹਾਂ ਮੈਂ
ਤੇ ਜਿਨ੍ਹਾਂ ਦੇ ਭਵਿੱਖ ਲਈ
ਦਿੱਤੀ ਸੀ ਤਿਲਾਂਜਲੀ ਭਾਰਤ ਨੂੰ
ਉਹ ਆਪਣੀਆਂ ਆਪਣੀਆਂ ਪਤਨੀਆਂ ਨੂੰ ਹੀ
ਬ੍ਰਹਿਮੰਡ ਦਾ ਸਭ ਤੋਂ ਉੱਤਮ ਜੀਵ ਮੰਨ ਕੇ
ਮਸਤ ਹਨ–
ਅਸੀਂ ਉਨ੍ਹਾਂ ਲਈ ਸਿਰਫ਼
ਵਰ੍ਹੇ ਛਿਮਾਹੀ ਕੀਤਾ ਗਿਆ ਫੋਨ ਹਾਂ
ਜੀਹਨੂੰ ਉਹ
ਅਣਸਰਦੇ ਹੀ ਕਰਦੇ ਹਨ

ਤੇ ਇੰਜ ਹੌਲ਼ੇ ਹੌਲ਼ੇ ਮਰ ਰਹੇ ਹਾਂ ਅਸੀਂ
ਤੇ ਮੇਰੇ ਇਹ ਲੈਰੇ ਜਿਹੇ ਵਰ੍ਹੇ
ਕਿੰਜ ਖਾ ਗਿਆ ਹੈ ਸਾਮਰਾਜ
ਸ਼ਾਇਦ ਕੋਈ ਵੀ ਕਦੇ ਸਮਝ ਨਾ ਸਕੇ
ਕੀ ਮੈਂ ਸਮਝ ਸਕਿਆ ਹਾਂ?
ਰਾਖ ਵਿੱਚੋਂ ਫੁੱਲਾਂ ਦੀ ਖ਼ੁਸ਼ਬੋ?
ਲਉ ਸਮੇਂ ਦੀ ਸਾਰ
ਨਹੀਂ ਤਾਂ ਹੋਵੋਗੇ ਇਕ ਦਿਨ
ਇਤਿਹਾਸ ਦੇ ਕੂੜੇਦਾਨ ਵਿਚ ਖੁਆਰ।

... ਦੀ ਪੁਕਾਰ

ਜੇ ਤੁਹਾਡੇ ਸ਼ਬਦ
ਅਜੇ ਵੀ ਕੈਦ ਹਨ
'ਕੁਦਰਤ' ਵਿਚ, 'ਲੀਲ੍ਹਾ' ਵਿਚ, 'ਮੀਹਾਂ' ਵਿਚ
ਤੇ 'ਘੁੰਡੀਆਂ' ਵਿਚ
ਤਾਂ ਸਾਡੀ ਅਲਵਿਦਾ
ਇਨ੍ਹਾਂ ਥੋਥੀਆਂ ਕਵਿਤਾਵਾਂ ਨੂੰ ਸਾਥੋਂ ਦੂਰ ਲੈ ਜਾਵੋ
ਸਾਨੂੰ ਦੱਸੋ ਅਸੀਂ ਇਨ੍ਹਾਂ ਦਾ ਕੀ ਕਰੀਏ?
ਤੁਸੀਂ ਕਹਿੰਦੇ ਹੋ ਇਹੀ ਤਾਂ
ਪਾਰਗਾਮੀ ਕਵਿਤਾ ਹੈ
ਪਰ ਜਨਾਬ
ਇਹ ਮੇਰੀ ਰੂਹ ਤੇ ਜਿਸਮ ਵਿਚ
ਇਸ ਤਰ੍ਹਾਂ ਕਿਉਂ ਨਹੀਂ ਭਿੱਜਦੀ
ਜਿਵੇਂ ਪਾਸ਼ ਭਿੱਜਦਾ ਹੈ, ਜਗਤਾਰ ਭਿੱਜਦਾ ਹੈ
ਮੁਹੱਲਿਆਂ ਦੇ ਮੁਹੱਲੇ ਉਦਾਸ ਹਨ ਅੱਜ
ਪਿੰਡ ਖ਼ੁਦਕੁਸ਼ੀਆਂ ਕਰ ਰਹੇ ਹਨ
ਟੱਬਰ ਦੇ ਬੁੱਤੇ ਨਹੀਂ ਸਰਦੇ
ਧੀਆਂ ਲਈ ਅਜੇ ਵੀ ਰਾਤਾਂ ਵਰਗੇ ਦਿਨ ਹਨ
ਸਾਮਰਾਜ ਗਲੋਬਲ ਪਿੰਡ ਦੇ ਰੱਥ 'ਤੇ ਚੜ੍ਹਕੇ
ਖੁਰਾਸਾਨ ਨੂੰ ਚਲਾ ਰਿਹਾ ਹੈ
ਹਥਿਆਰਾਂ ਦੇ ਮੋਟੇ ਹੋ ਰਹੇ ਢਿੱਡ
ਦੁਨੀਆਂ ਨੂੰ ਮਲੀਆਮੇਟ
ਕਰਨ 'ਤੇ ਤੁਲੇ ਹਨ

ਉਨ੍ਹਾਂ ਜੰਗਲਾਂ ਨੂੰ ਲਗਭਗ
ਖ਼ਤਮ ਕਰਨ ਦਾ ਇਰਾਦਾ ਬਣਾ ਧਰਿਆ ਹੈ
ਤੇ ਉਹ ਅਜੇ ਵੀ ਕੁਦਰਤ ਲੱਭ ਰਹੇ ਨੇ
ਉੱਠੋ ਜਾਗੋ ਮੇਰੇ ਸ਼ਾਇਰ!

ਉਹ ਕਿ ਜੋ ਸੋਚਦੀ ਹੈ

(ਕੁੱਕੀ ਥਿੰਦ ਲਈ)

ਢਲ਼ ਹੀ ਜਾਂਦੀ ਹੈ ਸ਼ਾਮ ਆਖਿਰ
ਬਿਨਾਂ ਮੇਰੇ ਨਾਲ ਗੱਲ ਕੀਤਿਆਂ
ਉਹ ਕਿ ਜਿਸਨੂੰ ਮੈਂ ਲੋਏ ਸਵੇਰਿਆਂ
ਤੇ ਝਿੰਮਣਾ 'ਚ ਪਾਲ ਕੇ ਜਵਾਨ ਕੀਤਾ
ਸੋਚਦੀ ਤਾਂ ਹੋਣੀ ਹੈ ਉਹ ਆਖਿਰ
ਮੈਂ ਕਿਸ ਲਈ ਢਲ਼ੀ
ਜੀਹਦੇ ਲਈ ਬੱਦਲੀ ਬਣੀ
ਤੇ ਬਾਲ ਜਨਮੇ
ਉਹ ਤਾਂ ਬਰਸਦਾ ਰਿਹਾ
ਕਦੇ ਨਰਮੇ ਵਿਚ, ਕਦੇ ਮੱਕੀਆਂ ਵਿਚ
ਤੇ ਕਦੇ ਆਲੀਸ਼ਾਨ ਹੋਟਲਾਂ ਵਿਚ
ਉਹ ਕਹਿਣ ਨੂੰ ਤਾਂ ਚੰਗਾ ਪਤੀ ਹੈ
ਖਿਡਾਰੀ ਹੈ, ਜਿਸਮ ਵੀ ਤਰਾਸ਼ਿਆ ਹੋਇਆ
ਪਰ ਉਹ ਤਾਂ ਟੁਕੜਿਆਂ 'ਚ ਵੰਡਿਆ ਹੈ
ਥਾਂ ਥਾਂ ਤੋਂ ਲੀਰਾਂ
ਮੈਂ ਮਸੀਂ ਮਸੀਂ ਗੰਢਿਆ ਹੈ
ਹਾਲੇ ਵੀ ਕਦੇ ਕਦੇ
ਉੱਖੜ ਜਾਂਦੇ ਨੇ ਟਾਂਕੇ
ਜੋ ਮੈਂ ਮਸੀਂ ਮਸੀਂ ਨਰੰਦੇ ਨੇ
ਪਰ ਮੈਂ ਤਾਂ ਉਮਰ ਲਾ ਚੁੱਕੀ ਹਾਂ
ਮੇਰਾ ਕੀ ਦੋਸ਼ ਹੈ?
ਬਸ ਇਹੀ ਕਿ ਮੈਂ ਉਹਨੂੰ ਪਿਆਰ ਕੀਤਾ ਹੈ
ਕੀ ਇਹ ਗੁਨਾਹ ਘੱਟ ਹੈ ਤੇਰਾ?

ਘਰ ਤੇ ਮੈਂ

ਮੈਂ ਘਰੋਂ ਤੁਰਦਾ ਹਾਂ
ਤਾਂ ਆਲੇ ਦੁਆਲੇ ਦੇ ਘਰ
ਸੁੱਤ-ਉਨੀਦੇਂ ਹੁੰਦੇ ਹਨ
ਮੈਂ ਵਾਪਸ ਘਰ ਆਉਂਦਾ ਹਾਂ
ਤਾਂ ਸਭ ਘਰ ਸੌਂ ਚੁੱਕੇ ਹੁੰਦੇ ਨੇ
ਮੇਰਾ ਇਸ ਮੁਹੱਲੇ ਨਾਲ ਰਿਸ਼ਤਾ
ਸਿਰਫ਼ ਐਤਵਾਰ ਨੂੰ ਹੁੰਦਾ ਹੈ
ਉਹ ਵੀ ਜੇ ਕਦੇ ਕਦੇ
ਡਬਲ ਪੇ ਦੇ ਮੀਂਹ 'ਚ ਨਾ ਭਿੱਜ ਜਾਵੇ
ਮੈਂ ਤਾਂ ਆਦਮੀ ਬਣਨ ਆਇਆ ਸਾਂ
ਇਹ ਕੀ ਬਣ ਗਿਆ ਹਾਂ
ਮੁਢਲ਼ੀਆਂ ਲੋੜਾਂ ਕਦੋਂ ਦੀਆਂ
ਪੂਰੀਆਂ ਹੋ ਗਈਆਂ ਨੇ
ਹੁਣ ਤਾਂ ਬਸ ਹਵਸ ਹੈ
ਸਿਕੰਦਰ ਵਾਲੀ ਹਵਸ?
ਇਹ ਸਭ ਕੁਝ ਜਾਣਦੇ ਹੋਏ ਵੀ
ਮੈਂ ਕਿਉਂ ਤੁਰ ਪੈਂਦਾ ਹਾਂ
ਉਸੇ ਅੰਨ੍ਹੇ ਖੂਹ ਵਲ
ਮੈਂ ਨਹੀਂ ਜਾਣਦਾ
ਸ਼ਾਇਦ ਇਹੀ ਤਮ੍ਹਾਂ ਹੈ
ਜਾਂ ਲਾਲਚ ਦੀ ਨਦੀ
ਜੀਹਦੇ 'ਚ ਮੈਂ ਨੱਕੋਂ ਨੱਕ ਡੁੱਬ ਗਿਆ ਹਾਂ।

ਵਿਸ਼ਵਾਸ

ਅੱਜ ਉਸ ਮੇਰੇ ਯਕੀਨ ਨੂੰ ਸੱਟ ਮਾਰੀ ਹੈ
ਇਸੇ ਲਈ ਅੱਜ ਦਾ ਦਿਨ
ਮੇਰੇ ਗਲ਼ੇ 'ਚ ਅਟਕ ਗਿਆ ਹੈ
ਲੰਘਦਾ ਹੀ ਨਹੀਂ ਹੈ ਕੰਬਖਤ
ਅਟਕ ਗਿਆ ਹੈ ਸਮਾਂ
ਦਸ ਤੋਂ ਦੋ ਦੇ ਵਿਚਕਾਰ
ਕਿੰਨਾ ਕੁਝ ਬਦਲ ਗਿਆ ਹੈ ਅੱਜ
ਕਿਵੇਂ ਬਦਲ ਦਿਤੀ ਹੈ ਅੱਜ
ਇਸ ਇਕ ਪਲ ਨੇ ਮੇਰੀ ਜ਼ਿੰਦਗੀ
ਜਾਹ ਮੈਂ ਤੈਨੂੰ ਆਜ਼ਾਦ ਕਰਦਾ ਹਾਂ
ਤੇਰੇ ਪਿਆਰ 'ਤੇ
ਮੇਰਾ ਕੋਈ ਵੀ ਹੱਕ ਨਹੀਂ ਰਿਹਾ।

... ਦੇ ਲਈ

ਅੱਜਕੱਲ੍ਹ ਉਹ ਕੁੜੀ ਜਾਂ ਮੁੰਡਾ
ਹਨੇਰੀ ਤੋਂ ਨਹੀਂ ਡਰਦੇ
ਉਨ੍ਹਾਂ ਸਿੱਖ ਲਈ ਹੈ
ਸਮੇਂ ਦੀ ਹਵਾ ਮੂਹਰੇ
ਸਿਰ ਝੁਕਾ ਕੇ ਚੱਲਣ ਦੀ ਜਾਚ
ਹੁਣ ਤਾਂ ਉਹਨੂੰ ਕਦੇ ਚੇਤਾ ਵੀ ਨਹੀਂ ਆਉਂਦਾ ਹੋਣਾ
ਉਨ੍ਹਾਂ ਜੁਗਨੂੰਆਂ ਦਾ
ਜੋ ਉਸਦੇ ਕਹਿਣ 'ਤੇ ਜਗੇ ਸਨ
ਤੇ ਹਨ੍ਹੇਰੇ ਨੇ ਉਨ੍ਹਾਂ ਦੀ ਹਿੱਕ 'ਚ
ਸਿੱਕਾ ਘੋਲ਼ ਦਿੱਤਾ ਸੀ
ਹੁਣ ਤਾਂ ਉਹ ਉਸੇ ਹਨ੍ਹੇਰੇ ਮੂਹਰੇ
ਨਤਮਸਤਕ ਹੁੰਦੇ ਹੋਏ
ਲੱਤਾਂ 'ਚ ਪੂਛ ਦੇ ਕੇ ਭੱਜ ਰਿਹਾ ਹੈ
ਜੇ ਉਸ ਏਦਾਂ ਹੀ ਭੱਜਣਾ ਸੀ
ਤਾਂ ਏਨੇ ਲੋਕ ਮਰਵਾਉਣ ਦਾ ਕੀ ਫਾਇਦਾ ਸੀ
ਏਨੇ ਕਤਲਾਂ ਨੂੰ ਕਿੱਥੇ ਲਕੋਏਂਗਾ
ਕਿਹੜੀ ਕਵਿਤਾ ਦੀ ਜੜ੍ਹ 'ਚ ਦਫ਼ਨ ਕਰੇਂਗਾ
ਉਹ ਲਾਸ਼ਾਂ
ਜੋ ਤੇਰੇ ਕਹਿਣ ਤੇ ਤੁਰੀਆਂ ਸਨ
ਕਾਸ਼! ਉਨ੍ਹਾਂ ਜੀਂਦੇ ਜੀਅ ਪਛਾਣੀ ਹੁੰਦੀ
ਤੇਰੀ ਦੰਭੀ ਆਤਮਾ
ਫਿਰ ਤਾਂ ਸ਼ਾਇਦ ਇਤਿਹਾਸ ਵੀ ਹੋਰ ਹੀ ਹੋਣਾ ਸੀ

ਸੰਸਕਾਰ ਲਈ

ਮੇਰੇ ਪੋਤੇ
ਮੈਂ ਤੈਨੂੰ ਸੁਪਨਿਆਂ 'ਚ ਜਵਾਨ ਹੁੰਦੇ ਦੇਖਦਾਂ ਹਾਂ
ਤੇਰੇ ਨਿੱਕੇ ਨਿੱਕੇ ਹੱਥ
ਮੇਰੇ ਹੱਥਾਂ 'ਚ ਕੰਬਦੇ ਹਨ
ਤੇਰੀਆਂ ਅਣਗਿਣਤ ਪੈੜਾਂ ਦੇ ਨਿਸ਼ਾਨ
ਮੇਰੇ ਜ਼ਿਹਨ 'ਚ ਟੱਪ ਟੱਪ ਕਰਦੇ ਹਨ
ਤੇਰੇ ਤੋਤਲੇ ਬੋਲਾਂ 'ਚ ਦਾਦਾ ਸੁਣਨ ਦੀ ਖ਼ਾਹਿਸ਼
ਹੌਲ਼ੀ ਹੌਲ਼ੀ ਹੋਰ ਜਵਾਨ ਹੋ ਰਹੀ ਹੈ
ਮੈਂ ਖ਼ੁਦ ਹੀ
ਘਰ 'ਚ ਚੀਜ਼ਾਂ ਨੂੰ ਖਿਲਾਰ ਕੇ ਸਮਝਦਾਂ ਹਾਂ
ਕਿ ਤੂੰ ਖਿਲਾਰੀਆਂ ਹਨ
ਤੇ ਇੰਝ ਤੇਰੇ ਖਿੱਲਰੇ ਬਚਪਨ 'ਚੋਂ
ਮੈਂ ਆਪਣੇ ਵੰਸ਼ ਦੀ ਪੈੜ ਲੱਭਦਾ ਹਾਂ
ਅਣਗਿਣਤ ਵਰ੍ਹਿਆਂ 'ਚ ਫੈਲ ਜਾਂਦਾ ਹੈ
ਸਾਡੇ ਟੱਬਰ ਦਾ ਸਿਲਸਿਲਾ
ਪਰ ਹਾਇ ਇਹ ਸਾਡੇ ਸ਼ਰੀਕ
ਤੇ ਸਾਡੇ ਆਪਣੇ ਜੰਮੇ ਜਾਏ
ਜਿਨ੍ਹਾਂ ਨੇ ਅਹੰਮ ਮੂਹਰੇ
ਵਿਛੋੜ ਦਿਤਾ ਹੈ ਤੈਨੂੰ ਤੇ ਮੈਨੂੰ
ਪਰ ਜਦੋਂ ਕਦੇ ਤੂੰ ਵੱਡਾ ਹੋਵੇਂ
ਆਪਣੇ ਦਾਦੇ ਦੀ ਕਬਰ ਵੱਲ ਕਦੇ ਜ਼ਰੂਰ ਆਵੀਂ
ਵੇਖੀਂ ਕਿੰਨੇ ਫੁੱਲ ਜੋ ਮੈਂ ਤੇਰੇ ਲਈ ਚੁਣੇ

ਮੇਰੇ ਹੱਥਾਂ ’ਚ ਮੁਰਝਾ ਗਏ
ਕਿੰਨੀਆਂ ਖੇਡਾਂ ਜੋ ਮੈਂ ਤੇਰੇ ਨਾਲ ਖੇਡਣੀਆਂ ਸਨ
ਮੇਰੇ ਹੱਥਾਂ ਪੈਰਾਂ ’ਚ ਦਮ ਤੋੜ ਗਈਆਂ
ਪਰ ਮੈਂ ਕੀ ਕਰਾਂ ਮੇਰੇ ਪੋਤੇ
ਮੇਰਾ ਤੇ ਹੋਣ ਹੀ ਨਹੀਂ ਹੈ ਤੇਰੇ ਬਿਨਾਂ
ਪਰ ਜਦੋਂ ਵੀ ਤੂੰ ਆਵੇਂ
ਤਾਂ ਲੱਭ ਲਵੀਂ ਮੇਰੀਆਂ ਸੁੰਨੀਆਂ ਅੱਖਾਂ ’ਚੋਂ ਵਰ੍ਹੇ ਬੱਦਲ
ਜੋ ਮੈਂ ਤੇਰੇ ਲਈ
ਸਾਂਭ ਸਾਂਭ ਰੱਖੇ ਸਨ
ਦੇਖ ਲਈ ਤੂੰ ਉਹ ਸਾਰੇ ਸੂਰਜ
ਜੋ ਤੇਰੇ ਪਿਆਰ ਕਰਕੇ ਮੈਨੂੰ ਧੁੱਪ ਦਿੰਦੇ ਸਨ
ਉਹ ਸਾਰੇ ਬਿਰਖ਼
ਜਿਨ੍ਹਾਂ ਦੇ ਗਲ਼ ਲੱਗ-ਲੱਗ ਕੇ ਮੈਂ ਤੈਨੂੰ ਯਾਦ ਕੀਤਾ
ਤੇ ਤੇਰੀ ਦਾਦੀ ਦੇ
ਅਨੰਤ ਸੁੰਨੇਪਨ ’ਚੋਂ ਤੈਨੂੰ ਲੱਭਦੇ
ਥੱਕ ਥੱਕ ਹਾਰ ਗਈਆਂ ਅੱਖਾਂ ਦੇ ਅਕਸ
ਤੇ ਤੇਰੀ ਭੂਆ ਦੇ
ਗੱਲ ਗੱਲ ’ਤੇ ਤੈਨੂੰ ਯਾਦ ਕਰਕੇ ਰੋਅ ਪੈਣ ਦੇ ਯਤਨ
ਇਹ ਸਭ ਤੂੰ ਲੱਭ ਲਵੀਂ
ਜਿਵੇਂ ਰੇਤਾ ’ਚੋਂ ਲੱਭ ਲੈਂਦਾ ਹੈ ਗਵਾਚੀ ਮੁੰਦਰੀ ਕੋਈ
ਤੂੰ ਆਵੀਂ ਕਿ ਤੇਰੇ ਆਉਣ ਬਿਨ
ਤਾਂ ਮੇਰੀ ਗਤੀ ਹੀ ਨਹੀਂ ਹੈ
ਕਿ ਤੇਰੇ ਆਉਣ ਬਿਨ
ਪਿਤਰੀ ਰਿਣ ਕਿੰਜ ਚੁਕੇਗਾ?

ਆਖਰ ਤੂੰ ਵੰਸ਼ ਹੈ ਮੇਰੀ
ਆਵੀਂ ਤੇ ਆ ਕੇ ਮਹਿਕਾ ਦੇਵੀਂ
ਮੇਰੇ ਕਬੀਲੇ ਨੂੰ, ਮੇਰੇ ਲੋਕਾਂ ਨੂੰ
ਇਨ੍ਹਾਂ ਦੀ ਢਾਲ਼ ਬਣੀਂ, ਤਲਵਾਰ ਬਣੀਂ
ਕਿ ਇੱਥੇ ਬੀਤ ਚੁੱਕੇ ਪੁਰਖਿਆਂ ਦਾ ਲਹੂ ਵੱਸਦਾ ਹੈ।
ਇਸ ਕਬੀਲੇ ਵਿਚ
ਬਸ ਇਹ ਸਭ ਯਾਦ ਰੱਖੀਂ
ਜਦੋਂ ਆਵੇਂ
ਤਾਂ ਪਿੰਡ ਦੇ ਗੁਰਦੁਆਰੇ ਮੱਥਾ ਟੇਕਣ ਜ਼ਰੂਰ ਜਾਵੀਂ
ਤੇਰੀ ਪੜਦਾਦੀ ਦਾ ਦਿਲ ਵਸਦਾ ਹੈ ਉੱਥੇ
ਹੋ ਸਕੇ ਤਾਂ ਆਪਣੇ ਖੇਤਾਂ ਵੱਲ
ਗੇੜਾ ਮਾਰਨ ਵੀ ਜਾਵੀਂ
ਜਿਨ੍ਹਾਂ ਨੂੰ ਆਜ਼ਾਦ ਕਰਾਉਣ ਖ਼ਾਤਿਰ
ਤੇਰੇ ਬਾਬੇ ਬਦੇਸ਼ਾਂ ’ਚ ਰੁਲਦੇ ਰਹੇ
ਕਿ ਜਿਨ੍ਹਾਂ ਥੋੜ੍ਹੀ ਜਿਹੀ ਚੰਗੀ ਜ਼ਿੰਦਗੀ ਖ਼ਾਤਿਰ
ਆਪਣੀ ਮਾਤ ਭੂਮੀ ਨੂੰ
ਹੱਥੀਂ ਬੇਦਾਵਾ ਲਿਖਿਆ
ਹੋ ਸਕੇ ਤਾਂ ਉਹ ਬੇਦਾਵਾ ਪਾੜ ਦੇਵੀਂ
ਮੇਰੇ ਪੜਪੋਤੇ ਲੈ ਕੇ ਇਥੇ ਆਵੀਂ
ਮੇਰੇ ਪੜਪੋਤੇ ਲੈ ਕੇ ਇੱਥੇ ਆਵੀਂ।

ਕਰਾਸ ਫ਼ਾਇਰਿੰਗ ਤੇ ਸਾਮਰਾਜ

ਇਸਦੇ ਬਾਵਜੂਦ
ਕਿ ਉਸਦਾ ਕਿਸੇ ਨਾਲ ਵੀ ਝਗੜਾ ਨਹੀਂ ਸੀ
ਉਹ ਮਰ ਗਿਆ ਹੈ
ਕਰਾਸ ਫ਼ਾਇਰਿੰਗ ਵਿਚ
ਉਹ ਨਾ ਗੋਰਾ ਸੀ, ਨਾ ਕਾਲ਼ਾ, ਨਾ ਲਾਲ, ਨਾ ਪੀਲਾ
ਲੜਦੇ ਨੇ ਗੈਂਗ ਇੱਥੇ
ਈਸਟ ਸਾਈਡ ਤੇ ਨੌਰਥ ਸਾਈਡ ਦੀ ਟਰਫ਼ ਲਈ
ਸ਼ਾਇਦ ਇਨ੍ਹਾਂ ਕੋਲ਼
ਜੀਣ ਦਾ ਕੋਈ ਮਕਸਦ ਹੀ ਨਹੀਂ ਰਿਹਾ
ਜਾਂ ਫਿਰ ਇਹ ਮੌਤ 'ਚੋਂ ਹੀ
ਰੁਮਾਂਸ ਲਭਦੇ ਨੇ
ਪਰ ਉਹ ਤਾਂ ਮਰ ਗਿਆ ਹੈ
ਜੋ ਜੀਣ ਦੀ ਤਮੰਨਾ ਨਾਲ
ਨੱਕੋ ਨੱਕ ਭਰਿਆ ਸੀ
ਜੋ ਮਰਨਾ ਨਹੀਂ ਸੀ ਚਾਹੁੰਦਾ
ਇਸਦੇ ਬਾਵਜੂਦ ਉਹ ਮਰ ਗਿਐ
ਉਹ ਜੀਣਾ ਚਾਹੁੰਦਾ ਸੀ
ਆਪਣੀ ਮਾਂ ਲਈ
ਜੀਹਦੀਆਂ ਅੰਨ੍ਹੀਆਂ ਅਰਦਾਸਾਂ ਵਿਚ
ਉਹ ਅਜੇ ਵੀ ਵਿਲਕ ਰਿਹੈ
ਉਹ ਜੀਣਾ ਚਾਹੁੰਦਾ ਸੀ
ਆਪਣੀ ਉਸ ਮਿੱਤਰ ਕੁੜੀ ਲਈ

ਜੀਹਦੀ ਜੀਣ ਇੱਛਾ ਉਹਦੇ ਮਰਨ ਨਾਲ ਹੀ ਮਰ ਗਈ
ਉਸਨੂੰ ਮਰਨ ਬਾਅਦ ਵੀ ਪਤਾ ਨਹੀਂ ਚੱਲਿਆ
ਕਿ ਸਾਮਾਰਾਜ ਕਿੰਜ ਜ਼ੁੰਮੇਵਾਰ ਹੈ ਉਹਦੀ ਮੌਤ ਲਈ
ਜੋ ਨਹੀਂ ਚਾਹੁੰਦਾ
ਕਿ ਹਥਿਆਰ ਬੰਦ ਹੋਣ
ਜੋ ਨਹੀਂ ਚਾਹੁੰਦਾ
ਕਿ ਗੈਂਗ ਬੰਦ ਹੋਣ
ਜੋ ਦੁਨੀਆਂ ਦੇ ਹਰ ਖਿੱਤੇ 'ਚ
ਛੇੜੀ ਰੱਖਦਾ ਹੈ ਲੜਾਈਆਂ
ਆਪਣੇ ਘਰ ਵੀ ਉਹ
ਆਪ ਪਵਾਉਂਦਾ ਹੈ ਇਹ ਝਗੜੇ
ਕਾਸ਼! ਮੈਂ ਮਰਨ ਵਾਲ਼ੇ ਨੂੰ ਦੱਸ ਸਕਦਾ
ਪਰ ਕੀ ਮੈਂ?
ਜੀਂਦਿਆਂ ਨੂੰ ਦੱਸ ਸਕਿਆ ਹਾਂ
ਸ਼ਾਇਦ ਨਹੀਂ...
ਪਰ ਫਿਰ ਵੀ ਮੈਂ ਲਿਖਦਾ ਹਾਂ
ਸ਼ਾਇਦ ਕਿਸੇ ਯੁੱਗ ਵਿਚ ਹੀ
ਕੋਈ ਪੜ੍ਹ ਸਕੇ ਇਹ ਸਤਰਾਂ
ਤੇ ਜਾਗ ਪਵੇ ਸਦੀਆਂ ਦੀ ਨੀਂਦ 'ਚੋਂ
ਮੈਂ ਇਹ ਫ਼ੈਸਲਾ ਭਵਿੱਖ ਲਈ ਛੱਡਦਾ ਹਾਂ।

ਨੇਟਿਵ ਅਮਰੀਕੀ ਨਾਲ ਗੱਲਾਂ

ਮੇਰੇ ਕੋਲ਼ ਤਾਂ ਸਿਰਫ਼
ਕਾਲ਼ੀ, ਅਧੂਰੀ
ਰੀਣ ਕੁ ਰਾਤ ਹੀ ਹੈ ਸੈਮ
ਹੁੰਦਾ ਸੀ ਸਾਡੇ ਪੁਰਖਿਆਂ ਕੋਲ਼ ਕਦੇ
ਪੂਰਾ ਪ੍ਰਭੂਸਤਾ ਸੰਪੰਨ ਚੰਨ
ਜੋ ਹਵਾਈ ਤੋਂ ਲੈ ਕੇ
ਕੈਲੇਫੋਰਨੀਆਂ ਤਕ ਚੜ੍ਹਦਾ ਸੀ-ਨਿਰਵਿਘਨ
ਕਾਸ਼! ਸਾਡੇ ਕੋਲ ਬਰੂਦ ਹੁੰਦਾ
ਅਸੀਂ ਹਾਰੇ ਨਹੀਂ ਹਾਂ ਸੈਮੂਅਲ
ਲੋਹਾ ਭਲਾ ਕਦੋਂ ਤਕ ਸਾਹਮਣਾ ਕਰ ਸਕਦਾ ਸੀ
ਬਰੂਦ ਦਾ, ਤੋਪਾਂ ਦਾ
ਕਾਸ਼! ਸਾਡੇ ਪੁਰਖਿਆਂ ਨੇ
ਜਾਣੀ ਹੁੰਦੀ ਹਵਾ 'ਚ ਫੈਲਦੀ ਦੰਭੀ ਅਸਲੀਅਤ
ਤਾਂ ਉਹ ਵੀ ਆਪਣੇ ਤੀਰਕਮਾਨਾਂ ਨੂੰ
ਬਰੂਦ ਵੱਲ ਲੈ ਕੇ ਜਾਂਦੇ
ਪਰ ਉਹ ਤੇ ਮਸਤ ਰਹੇ
ਛੋਟੇ ਛੋਟੇ ਨਾਚਾਂ ਵਿਚ, ਗੀਤਾਂ ਵਿਚ
ਉਹ ਖ਼ੁਸ਼ ਰਹੇ ਕਿ
ਜ਼ਿੰਦਗੀ ਬਸ ਬਾਲਾਂ ਦੀਆਂ ਮੁਸਕਾਨਾਂ
ਸਹਾਰੇ ਹੀ ਜੀਵੀ ਜਾ ਸਕਦੀ ਹੈ
ਪਰ ਅਫ਼ਸੋਸ ਦੁਸ਼ਮਣ ਤਾਂ
ਬਰੂਦ ਤੋਂ ਐਟਮ ਵੱਲ ਵਧ ਰਿਹਾ ਸੀ

ਤੇ ਉਹ ਅਜੇ ਵੀ ਭਾਲਿਆਂ ਤਲਵਾਰਾਂ ਨੂੰ ਲਸ਼ਕਾ ਰਹੇ ਸਨ
ਕਾਸ਼! ਉਹ ਦੇਖ ਸਕਦੇ
ਆ ਰਹੀ ਤੂਫ਼ਾਨੀ ਕਾਲ਼ੀ ਰਾਤ ਦਾ ਜੋਬਨ
ਪਰ ਉਹ ਤੇ ਸੁੱਤੇ ਹੀ ਰਹੇ ਤੇ
ਸੁੱਤਿਆਂ ਦਾ ਭਵਿੱਖ ਮੈਂ ਹਾਂ?

ਜਾਗਦੇ ਅੱਖਰ

ਪਿਆਰੇ ਪਾਸ਼
ਅਤੇ ਗੁਰਦੀਪ ਸਿੰਘ ਚੈਂਚਲ
ਦੇ ਨਾਮ
ਜਿਨ੍ਹਾਂ ਮੈਨੂੰ ਬਚਪਨ ਤੋਂ ਲੈ ਕੇ
ਜਵਾਨੀ ਤਕ ਕਵਿਤਾ ਵੱਲ ਪ੍ਰੇਰਿਆ ਹੈ

ਕਵਿਤਾਵਾਂ

ਸੇਨ ਹੋਜ਼ੇ ਸ਼ਹਿਰ ਦੀ ਰਾਤ

ਇਹ ਸ਼ਹਿਰ ਮੇਰੇ ਪਿੰਡ ਵਾਂਗ ਕਿਉਂ ਨਹੀਂ ਸੌਂਦਾ
ਜਾਗਦਾ ਰਹਿੰਦਾ ਹੈ ਸਾਰੀ ਰਾਤ, ਇਹ ਸ਼ਹਿਰ
ਕੀੜੀਆਂ ਦੇ ਭੌਣ ਵਾਂਗ
ਕਾਰਾਂ ਹੇਠ ਮਿੱਧੀਆਂ ਸੜਕਾਂ 'ਤੇ
ਸੁਪਨੇ ਵੀ ਨਹੀਂ ਉੱਗਦੇ।
ਸ਼ਾਇਦ ਸਿਸੀਫ਼ਸ ਵਾਂਗ
ਇਸ ਸ਼ਹਿਰ ਨੂੰ ਜਾਗਣ ਦਾ ਸਰਾਪ ਹੈ।

ਚੰਨ ਦੀ ਚਾਨਣੀ, ਸ਼ਹਿਰ ਦੀਆਂ ਬੱਤੀਆਂ ਤੋਂ ਸ਼ਰਮਾਂਦੀ
ਪਾਈਨ ਬਿਰਖ਼ਾਂ ਦੇ ਪੱਤਿਆਂ 'ਚ
ਕਿਰਨਾਂ ਦੇ ਮੁੱਖ ਲੁਕਾਉਂਦੀ ਹੈ
ਗਰੇਵਯਾਰਡ 'ਚ ਚਲਦੀਆਂ ਸਿਫ਼ਟਾਂ ਦੇ ਕਾਮਿਆਂ ਲਈ
ਰਾਤ ਹੀ ਤਾਂ ਦਿਨ ਹੁੰਦੀ ਹੈ।
ਨਿਊਨ ਬੱਤੀਆਂ ਦੇ ਚੰਨਾਂ ਸੂਰਜਾਂ ਵਿਚ
ਸਿਰਫ਼ ਬੇਘਰੇ ਲੋਕਾਂ ਨੂੰ ਫੁੱਟਪਾਥਾਂ ਤੇ ਪਾਰਕਾਂ 'ਚ ਸੁੱਤੇ ਦੇਖ
ਤੁਸੀਂ ਰਾਤ ਦਾ ਕੱਦ ਮਿਣਦੇ ਹੋ।

ਸੜਕਾਂ ਚਲਦੀਆਂ ਹਨ ਸਾਰੀ ਰਾਤ
ਅੱਧ ਚਾਨਣੇ 'ਚ ਅੱਧ ਜਾਗਦੀਆਂ
ਤਾਰਕੋਲ ਨਾਲ ਭਰੀਆਂ ਸੜਕਾਂ 'ਤੇ
ਤੁਸੀਂ ਬਿੱਲੀ ਦੀਆਂ ਪੈੜਾਂ ਤਾਂ ਨਹੀਂ
ਪਰ ਟੁੱਟੇ ਟਾਇਰ ਤੇ ਬੀਅਰ ਦੀਆਂ ਖ਼ਾਲੀ ਬੋਤਲਾਂ

ਜ਼ਰੂਰ ਲੱਭ ਸਕਦੇ ਹੋ।
ਰਾਤ ਰਹਿੰਦੀ ਹੈ ਸਹਿਲਾਉਂਦੀ ਲਗਾਤਾਰ
ਵਧ ਰਹੀ ਸਵੇਰ ਦੇ ਮੱਥੇ 'ਤੇ
ਟਿਮਟਿਮਾਉਂਦੇ ਤ੍ਰੇਲ ਤੁਪਕੇ।

ਸੜਕਾਂ ਦੇ ਦੋਹੀਂ ਪਾਸੀਂ ਪਾਰਕਡ ਕਾਰਾਂ
ਭੇਡਾਂ ਵਾਂਗ ਸੁੱਤੀਆਂ ਪਈਆਂ ਹਨ
ਗਰੋਸਰੀ ਸਟੋਰਾਂ ਦੀਆਂ ਸਕੈਨ ਮਸ਼ੀਨਾਂ ਦਾ ਸੰਗੀਤ
ਰੁਕ ਰੁਕ ਕੇ ਰਾਤਰੀ ਸੰਨਾਟੇ ਨੂੰ ਤੋੜਦਾ ਰਹਿੰਦਾ ਹੈ
ਨਾਈਟ ਸਟਾਕਰ ਲਗਾਤਾਰ ਭੁੱਖੀਆਂ ਨਜ਼ਰਾਂ ਨਾਲ
ਹਰ ਆਉਂਦੀ ਔਰਤ ਗਾਹਕ ਨੂੰ
ਅੱਖਾਂ ਹੀ ਅੱਖਾਂ ਵਿਚ ਪੀਂਦੇ ਹਨ।

ਪਾਰਕਿੰਗ ਲਾਟ 'ਚ ਚਲ ਰਹੀ ਵੈਕੱਯਮ ਦੀ ਮਸ਼ੀਨ
ਹਾਥੀ ਵਾਂਗ ਰਾਤ ਦੇ ਜਿਸਮ ਨੂੰ ਲਤਾੜਦੀ ਹੋਈ
ਸੁਆਰਦੀ ਹੈ, ਬੁਹਾਰਦੀ ਹੈ।
ਕਾਰਾਂ ਦੀਆਂ ਹੈਡ ਲਾਈਟਾਂ ਵਿਚ
ਬਿੱਲੀਆਂ ਦੀਆਂ ਅੱਖਾਂ ਦੇ ਆਨੇ ਚਮਕਦੇ ਹਨ
ਅੱਖੜ ਦੁਪਹਿਰ 'ਚ ਬਲੌਰੀ ਬੰਟੇ ਵਾਂਗ।

ਸਾਰੀ ਰਾਤ ਬੇਕਰੀ 'ਚ ਕੰਮ ਕਰਦੇ
ਮੇਰੇ ਥੱਕੇ ਹੋਏ ਅੰਗ
ਕਾਰ ਦਾ ਬੂਹਾ, ਜਦ ਪਹੁ-ਫੁਟਾਲੇ 'ਚ ਖੋਹਲਦੇ ਨੇ
ਤਾਂ ਲਗਦੈ
ਰਾਤ ਤਾਂ ਪਈ ਹੀ ਨਹੀਂ।

ਕਿ ਰਾਤ ਤਾਂ ਅੱਲੜ੍ਹ ਕੁੜੀ ਦੀ
ਪਹਿਲੀ ਪਿਆਰ ਤੱਕਣੀ ਵਾਂਗ
ਜਾਗਦੀ ਹੀ ਰਹੀ ਹੈ ਸਾਰੀ ਰਾਤ।

ਸਰਘੀ ਤਾਰਾ

ਕੋਈ ਤਾਂ ਬਾਤ ਪਾ
ਕੋਈ ਤਾਂ ਛੇੜ ਕਥਾ
ਕਿ ਰਾਤ ਦਾ ਸੰਨਾਟਾ ਹੀ ਟੁੱਟ ਜਾਵੇ
ਕੋਈ ਤਾਂ ਸ਼ਬਦ ਕਹੋ
ਕਿ ਹਵਾਵਾਂ ਦੇ ਸਫ਼ੇ ਅਰਥਾਂ ਨਾਲ ਭਰ ਜਾਣ।

ਕਾਫ਼ਲੇ ਤੁਰ ਰਹੇ ਹਨ ਮੰਜ਼ਿਲ ਵਲ
ਜਦੋਂ ਕਿ ਹਨੇਰੇ ਦਾ ਹਉਂਕਦਾ ਬਿੱਛੂ
ਆਉਂਦਾ ਹੈ ਚੋਰਾਂ ਵਾਂਗ
ਕਦੇ ਇਸ ਘਰ ਤੇ ਕਦੇ ਉਸ ਘਰ
ਡੰਗਦਾ ਹੀ ਲੰਘਦਾ ਹੈ
ਤੇ ਮਾਤਮਾਂ ਦੀਆਂ ਸਫ਼ਾਂ ਉਪਰ ਫ਼ਾਇਰ ਕਰਦਾ ਹੈ
ਵਲ੍ਹੂੰਧਰੀਆਂ ਅਲਾਹੁਣੀਆਂ ਨੂੰ
ਮੁਕਤੀ ਦੀ ਜੰਗ ਕਹਿੰਦਾ ਹੈ।

ਜਦੋਂ ਕਿ ਵਿਧਾਵਾਵਾਂ ਦੀ ਫ਼ਸਲ
ਵਧ ਰਹੀ ਹੈ ਲਗਾਤਾਰ
ਇਸ ਪਾਸਿਉਂ ਵੀ ਤੇ ਉਸ ਬੰਨਿਉਂ ਵੀ।

ਇਹ ਹਨੇਰਾ ਬਾਰ ਬਾਰ ਝਪਟਦਾ ਹੈ,
ਕੱਲ੍ਹੇ ਕੱਲ੍ਹੇ ਜਗ ਰਹੇ ਜੁਗਨੂੰਆਂ 'ਤੇ।

ਆਉ ਕੋਈ ਬਾਤ ਪਾਈਏ
ਤੇ ਇਨ੍ਹਾਂ ਨੂੰ ਕੱਲ੍ਹੇ ਕੱਲ੍ਹੇ ਜੁਗਨੂੰਆਂ
ਨੂੰ
ਕਾਫ਼ਲੇ ਵਲ ਲੈ ਕੇ ਚੱਲੀਏ
ਕਿਉਂਕਿ ਸਰਘੀ ਦਾ ਤਾਰਾ
ਉੱਗਮਣ ਹੀ ਵਾਲ਼ਾ ਹੈ
ਕਿ ਸਰਘੀ ਦਾ ਤਾਰਾ ਉੱਗਮਣ
ਹੀ ਵਾਲ਼ਾ ਹੈ।

ਵਰਤਮਾਨ

ਮੇਰੇ ਲਈ ਉਹੀਓ ਫੁੱਲ ਸੋਹਣਾ ਹੈ
ਜੋ ਅੱਜ ਦੇ ਬਾਗ਼ ’ਚ ਖਿੜਿਆ ਹੈ
ਮੈਂ ਅਤੀਤ ਦੇ ਸੂਰਜਮੁਖੀਆਂ ਨੂੰ
ਯਾਦ ਤਾਂ ਕਰਦਾ ਹਾਂ
ਪਰ ਉਨ੍ਹਾਂ ’ਤੇ ਮੀਲ ਪੱਥਰ ਬਣ ਖੜਾ ਨਹੀਂ ਹੁੰਦਾ।

ਅਤੀਤ ਦੀਆਂ ਹਵਾਵਾਂ ਮੇਰੇ ਲਈ
ਅੱਜ ਦਾ ਸਵੇਰਾ ਤਾਂ ਹੋ ਸਕਦੀਆਂ ਹਨ
ਬੀਤ ਗਈ ਮੱਸਿਆ ਦੀ ਰਾਤ ਨਹੀਂ
ਮੈਂ ਆਉਣ ਵਾਲੇ ਪਾਣੀਆਂ ਦੇ ਸਮੁੰਦਰਾਂ ਵਿਚ
ਆਪਣੇ ਸੁਪਨਿਆਂ ਦੀਆਂ ਕਿਸ਼ਤੀਆਂ ਤਾਂ ਤਾਰਦਾ ਹਾਂ
ਪਰ ਬਾਦਬਾਨਾਂ ਨੂੰ ਹਮੇਸ਼ਾਂ ਹੀ
ਵਰਤਮਾਨ ਦੀਆਂ ਹਵਾਵਾਂ ’ਚ ਰੱਖਦਾ ਹਾਂ।

ਇਸੇ ਲਈ ਮੇਰੀ ਮਹਿਬੂਬਾ!
ਆਪਣਾ ਇਹ ਸੋਹਲ ਜਿਹਾ ਹੱਥ
ਮੇਰੇ ਖੁਰਦਰੇ ਹੱਥਾਂ ’ਚੋਂ ਨਾ ਛੁਡਾ
ਕੀ ਪਤਾ
ਇਹ ਪਲ ਸਦੀਆਂ ’ਤੇ ਫੈਲ ਜਾਏ
ਤੇ ਆਪਾਂ ਉਦਾਸੀਆਂ ਹੰਢਾਉਂਦੇ ਹੋਏ ਵੀ
ਸਮੇਂ ਦੀ ਰਣਭੂਮੀ ਨੂੰ ਜਿੱਤ ਜਾਈਏ।

ਫ਼ਲੈਗ ਸਟੇਸ਼ਨ

ਮੈਂ ਇਕ ਫ਼ਲੈਗ ਸਟੇਸ਼ਨ ਹਾਂ
ਜਿੱਥੇ ਕੋਈ ਗੱਡੀ ਰੁਕਦੀ ਨਹੀਂ
ਸਿਰਫ਼ ਗੁਜ਼ਰਦੀ ਹੈ
ਤੇ ਮੈਂ ਸਾਰਾ ਦਿਨ ਦੂਰ ਤਕ ਵਿਛੀ
ਰੇਲਵੇ ਲਾਈਨ ਵਲ ਤੱਕਦਾ ਹਾਂ।

ਮੇਰੇ ਨਸੀਬ ਵਿਚ
ਸੰਨਾਟੇ 'ਚ ਗੁੰਮ ਹੁੰਦੇ
ਦਿਨ, ਮਹੀਨੇ, ਸਾਲ ਤੇ ਸਦੀਆਂ ਵੇਖਣਾ ਹੈ
ਜਦੋਂ ਕੋਈ ਗੱਡੀ ਆਉਂਦੀ ਹੈ
ਤਾਂ ਦਿਲ ਧੜਕਦਾ ਹੈ
ਕਿ ਹੁਣੇ ਕੋਈ ਮੁਸਾਫ਼ਿਰ ਉਤਰੇਗਾ
ਅੱਖਾਂ 'ਚ ਲੈ ਕੇ ਬਰਸਾਤ ਦਾ ਮੌਸਮ।

ਪਰ ਅਫ਼ਸੋਸ!
ਗੱਡੀ ਮੈਨੂੰ 'ਕੱਲ੍ਹੇ ਨੂੰ ਬੀਆਬਾਨ ਦੇ ਹਵਾਲੇ ਕਰਕੇ
ਦੂਰ ਖੇਤਾਂ ਤੇ ਪੁਲ਼ਾਂ ਵਲ
ਕੱਲਮੁਕੱਲੀ ਨਿਕਲ ਜਾਂਦੀ ਹੈ
ਤੇ ਝੰਡੀ ਹਿਲਾਉਣ ਵਾਲਾ
ਸਟੂਲ ਤੇ ਬੈਠਾ ਵੇਖਦਾ ਰਹਿੰਦਾ ਹੈ
ਅਸੀਮ ਖ਼ਲਾਅ 'ਚ ਗੁੰਮ ਹੁੰਦੀ ਲਾਈਨ
ਜੋ ਖੌਰੇ ਉਸ ਦੇਸ਼ ਵੀ ਜਾਂਦੀ ਹੋਵੇ

ਜਿੱਥੇ ਉਹਦੇ ਦਿਲ ਦੀਆਂ ਧੜਕਣਾਂ ਦਾ
ਜ਼ਿੰਦਾ ਸਾਜ਼ ਵੱਜਦਾ ਹੈ।

ਕਿੰਨਾ ਬਦਨਸੀਬ ਹਾਂ ਮੈਂ
ਕੋਈ ਪੰਛੀ ਵੀ ਮੇਰੇ 'ਤੇ ਆਲ੍ਹਣਾ ਨਹੀਂ ਪਾਉਂਦਾ
ਮੌਸਮ ਵੀ ਮੇਰੇ ਨਾਲ ਰੁੱਸਿਆ ਖੜਾ ਹੈ
ਹੁਣ ਜਦ ਵੀ ਕਦੇ ਪੰਛੀ ਪਰਵਾਜ਼ ਭਰਦੇ ਨੇ
ਤਾਂ ਮੇਰੇ ਦਿਲ ਦੇ ਸੱਖਣੇ ਚਿਰਾਗ਼ਾਂ ਨੂੰ
ਪੱਤਝੜ ਦੀ ਇਕ ਹੋਰ ਰੁੱਤ
ਆਮੀਨ ਕਹਿੰਦੀ ਹੈ।

ਪਰ ਜਦ ਵੀ ਕਦੇ ਗੱਡੀ 'ਚ ਲੰਘ ਰਿਹਾ ਮੁਸਾਫ਼ਿਰ
ਮੇਰੇ ਵਲ ਝਾਕ ਕੇ ਆਖਦਾ ਹੈ :
"ਇਸ ਦਾ ਕੀ ਹੈ?
ਇਹ ਤਾਂ ਬਸ ਫ਼ਲੈਗ ਸਟੈਸ਼ਨ ਹੈ
ਜੀਹਦਾ ਕੰਮ ਕੇਵਲ ਲੰਘ ਰਹੀਆਂ ਗੱਡੀਆਂ ਨੂੰ
ਹਰੀ ਝੰਡੀ ਹੀ ਦੇਣਾ ਹੈ।"

ਤਾਂ ਮਨ ਲਹਿਰ ਦੀ ਇਕ ਕਾਂਗ ਤਰਦਾ ਹੈ
ਤੇ ਫ਼ਲੈਗ ਸਟੇਸ਼ਨ ਦਾ ਮੁਰਦਾ
ਮੈਥੋਂ ਵੱਖ ਹੋ ਕੇ ਖ਼ਲਾਅ ਨੂੰ ਪ੍ਰੇਸ਼ਾਨ ਕਰਦਾ ਹੈ।

ਸਾਮਰਾਜ

ਸਾਮਰਾਜ! ਤੇਰੀਆਂ ਅਨੰਤ ਕਾਰਾਂ ਦੇ ਸਮੁੰਦਰ ਵਿੱਚੋਂ
ਮੈਨੂੰ ਫ਼ਿਲਪੀਨੀ ਯੋਧਿਆਂ ਦਾ ਖ਼ੂਨ ਬਲਦਾ ਦਿਸਦਾ ਹੈ
ਤੇਰੇ ਮਖ਼ਮਲੀ ਘਾਹ ਦੀ ਨਰਮ ਵਿਸ਼ਾਲਤਾ ਵਿੱਚੋਂ
ਮੈਨੂੰ ਲਾਤੀਨੀ ਅਮਰੀਕੀ ਬੱਚਿਆਂ ਦੀਆਂ ਆਹਾਂ ਸੁਣਦੀਆਂ ਹਨ।

ਤੂੰ ਬਹੁਤ ਕਮਾਲ ਹੈਂ-ਪਿਆਰੇ ਸਾਮਰਾਜ!
ਤੂੰ ਇਕ ਜਾਲ਼ ਹੈਂ!! ਸਾਮਰਾਜ!!!
ਜੋ ਵੀ ਤੇਰੇ ਇਸ ਸੁਨਹਿਰੀ ਜਾਲ਼ 'ਚ ਫ਼ਸਿਆ ਹੈ
ਉਹ ਇਕ ਉਮਰ ਲਾ ਕੇ ਵੀ
ਤੇਰੀਆਂ ਮੌਰਗੇਜ਼ ਬੈਂਕਾਂ ਤੇ ਕਰੈਡਿਟ ਕਾਰਡਾਂ ਵਿੱਚੋਂ
ਆਪਣਾ ਪੱਲੂ ਛੁਡਾ ਨਹੀਂ ਸਕਿਆ।

ਤੇਰੀਆਂ ਅਸਮਾਨ ਛੂੰਹਦੀਆਂ ਬਿਲਡਿੰਗਾਂ
ਤੇ ਕੰਪਿਊਟਰ ਕਲਚਰ ਵਿਚੋਂ
ਮੈਨੂੰ ਤੀਸਰੀ ਦੁਨੀਆਂ ਦੇ ਬੱਚਿਆਂ ਦਾ
ਸਹਿਮਿਆ ਤੇ ਸੁੰਗੜਿਆ ਭਵਿੱਖ ਮਿਲਿਆ ਹੈ।

ਇਹ ਤੇਰੇ ਟਿੱਬਿਆਂ ਦਾ ਬਰੇਤਾ
ਤੇਰੀਆਂ ਕੰਵਾਰੀਆਂ ਰੁੱਤਾਂ ਨਾਲ ਅੱਟਿਆ ਆਸਮਾਨ
ਹੁਣ ਕਦੇ ਵੀ ਮੈਨੂੰ ਪੋਹ ਨਾ ਸਕੂ
ਕਿਉਂਕਿ ਮੈਂ ਜਾਣ ਗਿਆ ਹਾਂ
ਕਿ ਮੇਰੀ ਬੁੱਢੀ ਮਾਂ ਦੀ ਨਜ਼ਰ ਦੀ ਐਨਕ

ਤੇਰੀਆਂ ਰਾਂਗਲੀ ਕਰਜ਼ਾ-ਕਿਸ਼ਤਾਂ ਦੇ ਗੌਂਗਲਜ਼ ਨੇ ਖਾ ਲਈ
ਕਿ ਮੇਰੇ ਫ਼ਲਸਤੀਨੀ ਭਾਈ ਨੂੰ

ਤੇਰੇ ਕਰਕੇ ਹੀ ਮਿਲ ਨਾ ਸਕਿਆ ਮਾਤ ਭੂਮੀ ਦਾ ਦੇਸ਼
ਕਿ ਤੇਰੇ ਟੈਂਕਾਂ ਦੀ ਬਰੂਦੀ ਭੁੱਖ
ਉਸ ਖਿੱਤੇ 'ਚ ਹਮੇਸ਼ਾਂ ਬਲ਼ਦੀ ਰਹੇ।

ਅਤੇ ਸਾਮਰਾਜ!!
ਕਿੱਥੇ ਹੈ ਤੇਰਾ ਉਹ ਕੰਵਾਰਪੁਣੇ ਦਾ ਸਮੁੰਦਰ
ਤੇ ਅਮੁੱਕ ਮਿੱਤਰਤਾ ਦਾ ਦਰਿਆ
ਬਹੁਲਤਾਵਾਂ ਦੀ ਧਰਤੀ
ਹੋਰ ਕਿਸੇ ਲਈ ਬਣੇ ਤਾਂ ਬਣੇ
ਪਰ ਤੇਰੀ ਬ੍ਰੇਕਫ਼ਾਸਟ ਦੀ ਟਰੇਅ
ਅੰਗੋਲਾ ਦੀ ਨੀਤੀ ਤੋਂ ਹੀ ਕਿਉਂ ਸ਼ੁਰੂ ਹੁੰਦੀ ਹੈ
ਐਲਸੈਲਵਾਡੋਰ 'ਚ ਮਰ ਗਏ ਪਤੀ ਦੀ ਲਾਸ਼ ਢੂੰਢਦੀ
ਵਿਧਵਾ ਦੇ ਵੈਣਾਂ ਤੋਂ ਹੀ
ਕਿਉਂ ਸ਼ੁਰੂ ਹੁੰਦਾ ਹੈ ਤੇਰਾ ਦਿਨ?

ਅਤੇ ਸਾਮਰਾਜ!!
ਆਹ ਦੱਖਣੀ ਅਮਰੀਕਾ ਦੇ ਲੋਕ ਕਿਸ ਮਿੱਟੀ ਦੇ ਬਣੇ ਹਨ
ਤੇ ਭਲਾ ਲੈਬਨਾਨ 'ਚ ਫਸੇ ਬੰਦੀਆਂ ਦੀ ਆਵਾਜ਼
ਤੇਰਾ ਲੰਚ ਕਿਉਂ ਨਹੀਂ ਬਣਦੀ
ਜਦੋਂ ਕਿ ਡੈਨਾਲੋਫ਼ ਦੀਆਂ ਮਾਸਕੋ ਤੋਂ ਮਾਰੀਆਂ ਚੀਕਾਂ
ਤੇਰੇ ਲਈ ਇਤਿਹਾਸ ਦਾ ਦਰਦ ਹੋ ਨਿੱਬੜੀਆਂ।

ਸਾਮਰਾਜ!!!!
ਬਹੁਤ ਕਮਾਲ ਹੈਂ ਤੂੰ
ਦੁਨੀਆਂ ਦੀ ਦਾਦਾਗਿਰੀ ਦਾ ਠੇਕਾ ਲੈ ਲਿਆ ਹੈ ਤੂੰ
ਤੂੰ ਸਮਝਦਾ ਹੈਂ ਕਿ ਤੇਰੇ ਡਿਨਰ ਦੇ
ਬਾਰਬਿਕਊ ਚਿਕਨ ਵਿਚੋਂ ਹੀ
ਹੁਣ ਨਵਾਂ ਸੰਸਾਰ-ਪ੍ਰਬੰਧ ਸ਼ੁਰੂ ਹੋਵੇਗਾ
ਕਿ ਤੂੰ ਜਿਸਦੀ ਵੀ ਪਿੱਠ ਉੱਤੋਂ ਹੱਥ ਚੁੱਕੇਂਗਾ
ਉਹ ਦੇਸ਼ ਗਲੋਬ ਦੇ ਨਕਸ਼ੇ ਤੋਂ ਹੀ ਮਿਟ ਜਾਊ
ਕਿ ਤੂੰ ਜਿਸ ਵੱਲ ਵੀ ਮਾੜੀ ਜੇਹੀ ਗਹਿਰੀ ਅੱਖ ਕਰੇਂਗਾ
ਉਹ ਮੁਲਕ ਤੇਰੇ ਪੈਰਾਂ 'ਚ ਕੁੱਤੇ ਵਾਂਗ ਵਿਛ ਜਾਊ
ਕਿ ਕੌਮਾਂਤਰੀ ਮੁਦਰਾਕੋਸ਼
ਤੇਰੀ ਆਖਰੀ ਧਮਕੀ ਹੈ
ਕਿ ਠੰਡੀ ਜੰਗ ਸਿਰਫ਼ ਤੇਰੀਆਂ ਇਰਾਕ 'ਚ ਦਿਖਾਈਆਂ
ਜੰਗੀ ਮਸ਼ੀਨਾਂ ਨੇ ਹੀ ਜਿੱਤ ਲਈ ਹੈ।

ਪਰ ਤੂੰ ਭੁੱਲ ਗਿਆ ਹੈ ਕਪਟਕਾਰ!
ਕਿ ਮਾਸਕੋ ਇਕ ਪ੍ਰਬੰਧ ਦੇ ਨਹੀਂ
ਮਾਡਲ ਦੇ ਫ਼ੇਲ ਹੋਣ ਦਾ ਨਾਂ ਹੈ
ਕਿ ਧਰਤੀ 'ਤੇ ਕੁਝ ਵੀ
ਪੂਰਨ ਤੌਰ 'ਤੇ ਮਰਦਾ ਨਹੀਂ ਹੈ।

ਮਾਰਕਸ ਅਜੇ ਮਰਿਆ ਨਹੀਂ ਹੈ
ਕਿ ਕਿਰਤ ਦੀ ਲੁੱਟ ਅਜੇ ਵੀ ਜਾਰੀ ਹੈ
ਕਿ ਤੇਰੇ ਸਤਾਏ ਲੋਕਾਂ ਦਾ ਕਾਫ਼ੀਆ
ਦਿਨੋ ਦਿਨ ਤੰਗ ਹੋਈ ਜਾ ਰਿਹਾ ਹੈ
ਦਿਨੋ ਦਿਨ ਤੰਗ ਹੋਈ ਜਾ ਰਿਹਾ ਹੈ।

ਹਨੇਰਿਆਂ ਲਈ

ਹੁਣ ਘਰਾਂ ਨੂੰ ਕਿੱਦਾਂ ਪਰਤੋਗੇ
ਏਨੀ ਰੱਤ ਡੋਲ੍ਹ ਕੇ
ਤੇ ਕੁਝ ਵੀ ਨਾ ਖੱਟ ਕੇ
ਦੁਸ਼ਮਣ ਦੀਆਂ ਚਾਲਾਂ ਵਿਚ
ਸਭ ਕੁਝ ਹੀ ਸੱਟ ਕੇ

ਮਾਰ ਕੇ ਆਪਣੇ ਹੀ ਭਰਾ, ਭੈਣਾਂ ਤੇ ਹਮਸਾਏ
ਏਨਾ ਕੁਝ ਗੁਆ ਕੇ
ਰੂਹਾਂ ਨੂੰ ਕਿੰਜ ਦਫ਼ਨ ਕਰੋਗੇ?
ਕਤਲ ਕਰਕੇ ਸੂਹੇ ਸੂਹੇ ਚਾਨਣਾਂ ਨੂੰ
ਬਾਲਾਂ ਦੀਆਂ ਅੱਖਾਂ 'ਚ ਕਿੰਜ ਤੱਕੋਗੇ?
ਜਦੋਂ ਕਿ ਮੌਤ ਦੀਆਂ ਘਾਟੀਆਂ 'ਚ
ਨੱਚਦੇ ਫਿਰਨਗੇ ਪਰੇਤ

ਹਰੀਆਂ ਕਚੂਰ ਕਣਕਾਂ ਦੇ ਬੰਨੇ ਬੰਨੇ
ਜੱਟੀ ਕਿਸ ਲਈ ਪੈਲਾਂ ਪਾਵੇਗੀ?
ਕੰਤ ਤਾਂ ਕਦੋਂ ਦਾ ਮਰ ਖਪ ਗਿਐ
ਸੂਹੀਆ ਹੋਣ ਦੇ ਝੂਠੇ ਆਰੋਪ ਵਿਚ
ਤੇ ਉਹ ਥਾਲੀਆਂ ਕਿੰਜ ਪਰੋਸਣਗੀਆਂ ਸਾਨੂੰ
ਜਿਨ੍ਹਾਂ 'ਚ ਅਸੀਂ ਖਾਧਾ ਤੇ ਛੇਕ ਕੀਤਾ

ਕਿਸਦਾ ਲਹੂ ਤੇ ਹੈ ਕੌਣ ਮਰਿਆ
ਮਾਵਾਂ ਨੂੰ ਤਾਂ ਸੇਕ ਇੱਕੋ ਜਿਹਾ
ਰਾਵੀ ਸਤਿਲੁਜ ਦੇ ਗਲ਼ ਲੱਗ

ਜਦੋਂ ਵਿਰਲਾਪ ਕਰਦੀ ਹੈ
ਤਾਂ ਵਾਰਿਸ ਦੀ ਕਬਰ ਤੇ ਬਿਰਾਜਮਾਨ ਹਾਕਮ
ਲਾਲ ਕਿਲੇ ਵਲ ਦੇਖ ਕੇ ਹੱਸਦਾ ਹੈ
ਤੇ ਹਾਕਮ ਤਾਂ ਕੌਡਾ ਰਾਕਸ਼ ਹੈ
ਚਾਹੇ ਇਧਰ ਦਾ ਹੋਵੇ ਜਾਂ ਉਧਰ ਦਾ
ਉਸ ਲਈ
ਲਾਸ਼ਾਂ ਦਾ ਢੇਰ ਤਾਂ ਮਹਿਜ਼ ਕੁਰਸੀ ਹੈ

ਤੇ ਕੁਰਸੀ ਦਾ ਤਾਂ ਇਕ ਹੀ ਧਰਮ ਹੁੰਦਾ ਹੈ
ਸੱਤ੍ਹਾ ਤੇ ਪ੍ਰਬੰਧ ਦੇ ਮੋਏ ਘੋੜਿਆਂ ਨੂੰ
ਸਮੇਂ ਦਾ ਸੱਚ ਕਹਿੰਦੇ ਹੋਏ ਨਸ਼ਰ ਕਰਨਾ
ਤੇ ਕੁਰਸੀ ਤਾਂ ਕੁਰਸੀ ਹੈ
ਇਸਤੇ ਚਾਹੇ ਜ਼ਿਆ ਉੱਲ ਹੱਕ ਬੈਠੇ ਜਾਂ ਬੇਅੰਤ ਸਿੰਘ
ਬੁਸ਼ ਬੈਠੇ ਜਾਂ ਗੋਰਬਾਚੋਵ
ਇਸਨੂੰ ਭਲਾ ਕੀ ਫ਼ਰਕ ਪੈਂਦਾ ਹੈ?

ਇਸੇ ਲਈ ਸੁਣੋ
ਓਏ ਮੇਰੇ ਭਟਕਿਓ ਯਾਰੋ!
ਆਓ ਇਤਿਹਾਸ ਦੀਆਂ ਦਹਿਲੀਜ਼ਾਂ ਤੇ ਖੜ ਕੇ
ਮੰਗੀਏ ਮਾਫ਼ੀਆਂ ਤੇ ਭੁੱਲਾਂ ਬਖਸ਼ਾਈਏ
ਤੇ ਖਦਰਾਣੇ ਦੀ ਢਾਬ ਤੋਂ ਚੱਲ ਕੇ
ਘਰਾਂ ਵਲ ਪਰਤੀਏ
ਤੇ ਅੰਨ੍ਹੀ ਹੋਈ ਮਾਂ ਇੱਛਰਾਂ ਦੇ
ਬਾਗ਼ ਹਰੇ ਕਰੀਏ
ਬਾਗ਼ ਹਰੇ ਕਰੀਏ

ਇਕ ਵੈਟਰਨ ਦਾ ਹਲਫ਼ੀਆ ਬਿਆਨ

ਅਮਰੀਕਾ! ਤੂੰ ਮੇਰਾ ਪਹਿਲਾ ਪਿਆਰ ਹੈਂ
ਇਹ ਤੇਰੀ ਹੀ ਨਿੱਘੀ ਗੋਦ ਸੀ
ਜਿਸ ਮੈਨੂੰ ਪਿਆਰ ਵਿਚ ਖਿੜਨਾ
ਤੇ ਨਫ਼ਰਤ 'ਚ ਸੁੱਕਣਾ ਸਿਖਾਇਆ

ਕਿ ਜਿੱਥੇ ਮੇਰਾ ਰਾਂਗਲਾ ਬਚਪਨ
ਸ਼ਰਾਬੀ ਪਿਉ ਦੀਆਂ ਗਾਲ਼ਾਂ ਦੇ
ਪ੍ਰਛਾਵਿਆਂ ਹੇਠ ਲੁਕਿਆ ਰਿਹਾ
ਬਸ ਇਕ ਮਾਂ ਹੀ ਸੀ
ਜੋ ਚਾਰ ਵਾਰ ਤਲਾਕ ਹੋਣ ਦੇ ਬਾਵਜੂਦ,
ਮੈਨੂੰ ਤੇ ਮੇਰੀਆਂ ਨਿੱਕੀਆਂ ਦੋ ਭੈਣਾਂ ਨੂੰ
ਆਪਣੇ ਮੋਹ ਦੇ ਖੰਭਾਂ ਹੇਠ ਲੁਕਾਉਂਦੀ ਰਹੀ।

ਅਤੇ ਬਾਪ ਹੱਥੋਂ
ਲਗਾਤਾਰ ਮਾਰ ਖਾਣ ਦੇ ਬਾਵਜੂਦ
ਮੈਂ ਉਸਨੂੰ ਨਫ਼ਰਤ ਨਾ ਕਰ ਸਕਿਆ।

ਐ ਮੇਰੀ ਮਾਤਭੂਮੀ!
ਇਸ ਵਕਤ ਮੈਂ ਤੇਰੀਆਂ
ਬਹੁਲਤਾਵਾਂ ਦੀ ਧਰਤ ਨੂੰ ਮੁਖ਼ਾਤਿਬ ਹਾਂ
ਖਿਲਾਰ ਦਿੱਤਾ ਹੈ ਤੂੰ ਸਾਨੂੰ
ਵੱਖ ਵੱਖ ਰਾਜਾਂ ਵਿਚ
ਆਪਣੇ ਆਪ ਤੋਂ ਟੁੱਟੇ ਹੋਏ ਘਰਾਂ

ਅਤੇ ਰਿਸ਼ਤਿਆਂ ਨਾਲ ਲੜਨ ਲਈ।
ਅਸੀਂ ਜੋ ਤੇਰੀਆਂ ਸੰਸਾਰ ਚੌਧਰਾਂ ਲਈ ਲੜੇ
ਤੂੰ ਜੋ ਦੁਨੀਆਂ ਦਾ ਪੁਲਿਸ ਦਾਤਾ ਹੈਂ
ਕਿੱਥੇ ਹੈਂ ਤੂੰ ਇਸ ਵਕਤ
ਤੇ ਕਿੰਨਾਂ ਧੰਨਵਾਦੀ ਹੈਂ ਤੂੰ ਸਾਡਾ
ਅਸੀਂ ਜੋ ਵੀਅਤਨਾਮ 'ਚੋਂ ਲੱਤਾਂ ਦੀ ਥਾਂ
ਬੈਸਾਖੀਆਂ ਲੈ ਕੇ ਵਾਪਿਸ ਪਰਤੇ
ਤੇ ਸਾਡੇ ਹੱਥ ਤਾਂ ਸ਼ਾਇਦ
ਕੋਰੀਆ ਦੇ ਜੰਗਲਾਂ 'ਚ ਹੀ
ਕਿਧਰੇ ਰਹਿ ਗਏ ਨੇ।

ਜਦੋਂ ਕਿ ਤੇਰੀਆਂ ਸਵੇਰਾਂ
ਮੈਕਡਾਨਲ ਦੇ ਗੁੰਬਦ ਉਪਰੋਂ
ਧੁੰਦਾਂ 'ਚ ਲਿਪਟੀਆਂ ਚੱਲ ਰਹੀਆਂ ਸਨ,
ਡਿਜ਼ਨੀਲੈਂਡ ਵੱਲ
ਤੇ ਮੈਂ ਐਨ ਉਸਦੇ ਬਾਹਰ
ਹੋਮਲੈੱਸ ਦੀ ਕਤਾਰ 'ਚ ਖੜਾ ਸਾਂ
ਹਵਾ ਜਦੋਂ ਨਾਸ਼ਤੇ ਦੀ ਗੰਧ ਨਾਲ
ਸਰਸ਼ਾਰ ਪਈ ਸੀ
ਪਰ ਮੇਰੀਆਂ ਖ਼ਾਲੀ ਜੇਬਾਂ
ਕੌਮੀ ਝੰਡੇ ਵਾਂਗ ਫੜਫੜਾ ਰਹੀਆਂ ਸਨ।

ਤੇਰਾ ਸ਼ੁਕਰੀਆ ਹੈ ਮੇਰੀ ਮਾਤਭੂਮੀ!
ਕਿ ਤੂੰ ਭੁੱਲ ਗਈ ਹੈਂ ਸਾਨੂੰ
ਲੜਾਈ ਦੇ ਬਹਾਦਰ ਵੀਰਾਂ ਨੂੰ
ਕਿ ਸਾਡੀ ਬੀਰਤਾ
ਕੇਵਲ ਵਾਸ਼ਿੰਗਟਨ'ਚ ਕੰਧਾਂ 'ਤੇ ਉੱਕਰੇ ਨਾਮ ਹੀ ਨਹੀਂ ਹਨ।

ਕਿ ਅਸੀਂ ਜੀਂਦੇ ਜਾਗਦੇ ਮਨੁੱਖ ਹਾਂ
ਕਿ ਤੂੰ ਹੀ ਸੀ
ਜਿਸ ਸਾਨੂੰ ਰੌਬਰ ਬਣਨਾ ਸਿਖਾਇਆ
ਕਿ ਤੂੰ ਸਾਨੂੰ ਭਿਖ ਮੰਗੇ ਬਣਨ ਲਈ ਮਜਬੂਰ ਕੀਤਾ
ਕਿ ਨਸ਼ੇ 'ਚ ਡੁੱਬੇ ਇਹ ਲੋਕ
ਕੀ ਤੇਰੇ ਰਾਂਗਲੇ ਸੁਪਨੇ ਦੀ ਇਕ ਕਰੂਲੀ ਸੀ।
ਇਹ ਕਿੰਜ ਹੋਇਆ ਮੇਰੀ ਮਾਤਭੂਮੀ
ਕਿ ਜੰਗ ਜਿੱਤੀ ਦੇ ਬੂਰ
ਕੇਵਲ ਫ਼ੋਰਡ ਦੀਆਂ ਬੈਂਕਾਂ 'ਚ ਹੀ ਤਰਦੇ ਰਹੇ
ਕਿ ਸੀਤ ਜੰਗ ਜਿੱਤਣ ਬਾਅਦ ਵੀ
ਇਕ ਮਨੁੱਖ ਵਜੋਂ
ਅਸੀਂ ਬੁਰੀ ਤਰ੍ਹਾਂ ਹਾਰ ਗਏ ਹਾਂ।

ਕਦੀ ਕਦੀ ਮੇਰੇ ਮੱਥੇ 'ਚ
ਦਗਦੇ ਰਹਿੰਦੇ ਨੇ ਇਹ ਸਵਾਲ
ਕਿ ਮੈਂ ਕਿਸ ਕਿਸ ਨਾਲ?
ਤੇ ਕਾਸ ਲਈ ਲੜਿਆ??
ਤੇ ਕਿਉਂ ਲੜਿਆ???

ਹੁਣ ਤੂੰ ਹੀ ਦਸ ਮੇਰੀ ਮਾਤਭੂਮੀ
ਮੈਂ ਤੈਨੂੰ ਪਿਆਰ ਕਰਾਂ ਕਿ ਨਫ਼ਰਤ
ਤੇ ਤੂੰ ਜਾਣਦੀ ਏਂ ਕਿ
ਲਗਾਤਾਰ ਬਾਪ ਹੱਥੋਂ ਮਾਰ ਖਾਣ 'ਤੇ ਵੀ
ਮੈਂ ਉਹਨੂੰ ਨਫ਼ਰਤ ਨਾ ਕਰ ਸਕਿਆ
ਮੈਂ ਉਹਨੂੰ ਨਫ਼ਰਤ ਨਾ ਕਰ ਸਕਿਆ।

ਇੱਥੇ ਉੱਥੇ

ਉੱਥੇ ਮਨ ਭਟਕਦਾ ਸੀ
ਪਰਦੇਸ ਚੱਲੀਏ
ਪਤਾ ਨਹੀਂ ਛੋਟੇ ਭਰਾ ਨੇ
ਕਿਹੜੇ ਮਹਿਲ ਖੜੇ ਕਰ ਲਏ ਹੋਣਗੇ?
ਉੱਥੇ ਮਨ ਅਸ਼ਾਂਤ ਰਹਿੰਦਾ ਸੀ
ਕਿ ਵਸਤਾਂ 'ਤੇ ਮੇਰੀ ਸਰਦਾਰੀ ਹੋ ਨਹੀਂ ਸਕਦੀ।

ਸ਼ਬਦ ਭਿੱਜਦੇ ਰਹਿੰਦੇ ਸਨ
ਅਸੀਮਤਾ ਦੇ ਸਮੁੰਦਰ ਵਿਚ
ਤੇ ਰਿਸ਼ਤੇ ਏਨੇ ਸੰਘਣੇ ਸਨ ਘਣੇ ਬੋਹੜ ਦੀ ਛਾਂ ਵਰਗੇ
ਕਿ ਆਦਮੀ ਕੁੜ੍ਹਦਾ ਰਹਿੰਦਾ ਸੀ ਲਗਾਤਾਰ
ਏਨੇ ਅੰਗਾਂ, ਸਾਕਾਂ ਤੇ ਮਿੱਤਰਾਂ ਤੋਂ।

ਪਰਾਈਵੇਸੀ ਬਸ ਏਨੀ ਕੁ ਹੁੰਦੀ ਸੀ
ਜਿਵੇਂ ਆਏ ਗਏ ਤੋਂ ਚਾਰ ਕਦਮ ਹਟ ਕੇ
ਵਿਹੜੇ 'ਚ ਮੰਜਾ ਵਿਛਾ ਲੈਣਾ।
ਘਰ, ਪਿੰਡ, ਤਹਿਸੀਲ, ਥਾਣੇ, ਜ਼ਿਲ੍ਹੇ ਤੇ ਸੂਬੇ ਤੋਂ ਚੱਲ ਕੇ
ਦੇਸ਼ ਆਪਣੇ ਅਰਥਾਂ 'ਚ
ਗੂੰਜਦਾ ਰਹਿੰਦਾ ਸੀ ਮੇਰੇ ਅੰਦਰ
ਕਦੇ ਵੱਖ ਹੋਣ ਲਈ
ਕਦੇ ਨਾਲ ਜੁੜਨ ਲਈ
ਕਦੇ ਬੇਰੁਜ਼ਗਾਰ ਅਧਿਆਪਕ ਬਣ ਕੇ
ਕਦੇ ਬਿਜਲੀ ਬਿਲਾਂ ਦਾ ਬਾਈਕਾਟ ਕਰਕੇ।

ਚੀਕਦਾ ਰਹਿੰਦਾ ਸੀ ਦੇਸ਼ ਲਗਾਤਾਰ
ਕਦੇ ਕਸ਼ਮੀਰ ਤੋਂ, ਕਦੇ ਪੰਜਾਬ ਤੋਂ
ਅਤੇ ਕਦੇ ਬਿਹਾਰ ਦੇ ਜੰਗਲਾਂ ਵਿਚੋਂ।
ਤੇ ਇੱਥੇ ਬਰਸਾਤਾਂ ਬਾਅਦ
ਕੀੜੀਆਂ ਦੇ ਭੌਂਣ ਵਾਂਗ ਉੱਗ ਆਈਆਂ
ਕਾਰਾਂ ਦੇ ਜੰਗਲ ਵਿਚ ਵੀ
ਮੈਂ ਬਹੁਤ 'ਕੱਲਾ ਹਾਂ
ਤਾਰੇ ਦੇਖਿਆਂ ਯੁੱਗ ਬੀਤ ਗਿਆ ਹੈ
ਗ੍ਰੇਵਯਾਰਡ ਕੰਮ 'ਚ ਥੱਕੇ ਹਾਰੇ ਅੰਗ
ਤਾਰੇ ਕਦੋਂ ਦੇਖਦੇ ਹਨ।
ਚੰਨ ਦੀਆਂ ਰਿਸ਼ਮਾਂ ਤਾਂ ਸ਼ਾਇਦ
ਮੇਰੇ ਪਿੰਡ ਦੇ ਅਸਮਾਨ 'ਤੇ ਹੀ
'ਕੱਲੀਆਂ ਰਹਿ ਗਈਆਂ ਹਨ।

ਬੇਬੇ ਦੇ ਖ਼ਤ ਪਹਿਲੋਂ ਪਹਿਲ ਤਾਂ
ਝਰਨਾਟਾਂ ਛੇੜਦੇ ਸਨ
ਪਰ ਹੁਣ ਤਾਂ ਉਹ ਵੀ
ਰੁਪੱਈਏ ਮੰਗ ਰਹੇ ਲਗਦੇ ਹਨ
ਤੇ ਬਾਪੂ ਦਾ ਰਾਤ ਬਰਾਤੇ ਕੀਤਾ ਫੋਨ
ਮੇਰੀ ਪਹਿਲਾਂ ਹੀ ਸੰਸਿਆਂ 'ਚ ਘਿਰੀ ਜਾਨ ਨੂੰ
ਹੋਰ ਸੁੱਕਣੇ ਪਾਉਂਦਾ ਹੈ।
ਸੋਚਦਾ ਹਾਂ ਚਿੰਤਾ 'ਚ ਲਗਾਤਾਰ
ਕਿ ਇਸ ਵਾਰ ਬਾਪੂ ਨੂੰ ਡਾਲਰ ਭੇਜਣ ਬਾਅਦ
ਕਾਰ ਦੀ ਕਿਸ਼ਤ ਤੇ ਘਰ ਦੀ ਮੌਰਗੇਜ਼ ਤੋਂ ਬਾਅਦ
ਗਰੌਸਰੀ ਲਈ ਪੈਸੇ ਕਿੱਥੋਂ ਆਉਣਗੇ?

ਗੱਲ ਗੱਲ ਤੇ ਬੱਚਿਆਂ ਨੂੰ ਡਾਂਟਦਾ ਹਾਂ
ਪਹਿਲਾਂ ਹੀ ਡਰੀ ਸਹਿਮੀ ਪਤਨੀ ਨੂੰ
ਆਨੇ ਬਹਾਨੇ
ਸਭ ਕਾਸੇ ਲਈ ਦੋਸ਼ੀ ਠਹਿਰਾਉਂਦਾ ਹਾਂ।
ਕੀ ਇਹੀ ਸੀ ਬਹੁਲਤਾਵਾਂ ਦੀ ਧਰਤ
ਜੀਹਦੇ ਲਈ ਮੈਂ ਉੱਥੇ ਸਹਿਕਿਆ ਫਿਰਦਾ ਸਾਂ?
ਤੇ ਹੁਣ ਮੈਂ ਬਸ ਇਕ ਚੱਕਰ 'ਚ ਘੁੰਮਦਾ ਹਾਂ
ਕੰਮ ਤੋਂ ਘਰ ਤੇ ਘਰ ਤੋਂ ਕੰਮ
ਤੇ ਇੰਜ ਹੀ
ਮੰਗਾਂ, ਥੁੜਾਂ ਤੇ ਵਸਤਾਂ ਨੂੰ ਪਾਉਂਦੇ ਪਾਉਂਦੇ
ਮੈਂ ਬੀਤ ਜਾਵਾਂਗਾ
ਇਹ ਅਹਿਸਾਸ ਹੀ ਕਿੰਨਾ ਜ਼ਖ਼ਮੀ ਹੈ
ਕੀ ਨਹੀਂ?

ਰਾਹੁਲ ਲਈ

ਮੇਰੇ ਰਾਹੁਲ!
ਮੈਂ ਤੇਰੇ ਲਈ ਇਕ ਨਜ਼ਮ ਲਿਖਣੀ ਹੈ
ਮੈਂ ਚਾਹੁੰਦਾ ਹਾਂ
ਕਿ ਪਹਾੜੀਆਂ 'ਤੇ ਡੁੱਬ ਰਹੀ ਸ਼ਾਮ ਦੀ ਤੜਾਗੀ
ਤੇਰੇ ਨਿੱਕੇ ਜੇਹੇ ਲੱਕ ਦੁਆਲੇ ਲਪੇਟ ਜਾਂਦਾ।

ਪਰ ਕਿੰਨਾ ਮੁਸ਼ਕਿਲ ਹੈ ਮੇਰੇ ਲਈ
ਖੁਰਦਰੇ ਹੱਥਾਂ ਨਾਲ ਫੁੱਲਾਂ ਦੀ ਸਤਰ ਲਿਖਣਾ
ਜਦੋਂ ਕਿ ਹਾਲਾਤ ਦੇ ਗੱਡੇ ਹੋਏ ਡਰਨੇ
ਏਨੀ ਦੂਰ ਨਿਕਲ ਆਏ ਹਨ
ਕਿ ਕਾਫ਼ਲੇ ਵਾਲ਼ੇ
ਦਰਾਂ ਤੋਂ ਖ਼ਾਲੀ ਵਾਪਿਸ ਪਰਤ ਰਹੇ ਹਨ।

ਮੈਂ ਤਾਂ ਸਮਝਦਾ ਸਾਂ ਤੈਨੂੰ
ਪਿਆਰ ਦੀਆਂ ਜੱਫ਼ੀਆਂ 'ਚ ਲਿਪਟਿਆ ਸੰਸਾਰ
ਧੁੰਦਾਂ ਉਪਰੋਂ ਦੀ ਹੱਸ ਰਿਹਾ ਨੀਲਾ ਆਸਮਾਨ
ਤੂੰ ਜਿਵੇਂ ਸਰ੍ਹੋਂ ਦੀ ਫੁੱਟ ਰਹੀ ਆਖਰੀ ਗੰਦਲ 'ਤੇ
ਤਰੇਲ ਦਾ ਤੁਪਕਾ ਹੋਵੇ।
ਮੈਂ ਚਾਹੁੰਦਾ ਸਾਂ ਤੈਨੂੰ
ਗਿਆਨ ਦੇ ਬਲ਼ਦੇ ਹੋਏ ਉਹ ਦੀਵੇ ਭੇਟ ਕਰਦਾ
"ਦੁੱਖ ਹੈ
ਤਾਂ ਦੁੱਖ ਦਾ ਕਾਰਨ ਹੈ
ਤੇ ਦੁੱਖ ਦਾ ਇਲਾਜ ਵੀ ਹੈ।"

ਪਰ ਹਾਇ!
ਇਹ ਆਰਥਿਕ ਮੰਦਵਾੜ ਦੇ ਹੁੰਮਸ ਵਿਚ
ਸਹਿਮੀ ਤੇ ਡਰੀ ਮੇਰੀ ਜਾਨ
ਅਤੇ ਹਾਇ!! ਲਗਾਤਾਰ ਜੌਬ ਸਟਰੈੱਸ ਹੇਠ ਕੁੜ੍ਹਦਾ ਰਹਿੰਦਾ
ਮੇਰਾ ਇਹ ਮਨ
ਦੱਸ ਮੇਰੇ ਰਾਹੁਲ
ਮੈਂ ਕੋਈ ਬੁੱਧ ਤਾਂ ਨਹੀਂ
ਜੋ ਸੱਚ ਦੀ ਭਾਲ਼ ਲਈ ਤੁਰਦੇ ਸਮੇਂ
ਯਸ਼ੋਧਰਾਂ ਨੂੰ ਛੱਡ ਵੀ ਆਇਆ
ਤਾਂ ਕਿੱਥੇ?
ਰਾਜ ਮਹਿਲਾਂ ਦੀ ਸੰਘਣੀ ਛਾਂ ਅੰਦਰ।

ਪਰ ਮੈਂ ਤਾਂ "ਪੇ ਚੱਕ ਟੂ ਪੇ ਚੈੱਕ" ਦੇ ਜਾਲ਼ ਅੰਦਰ
ਫੜਫੜਾਉਂਦਾ ਉਹ ਪੰਛੀ ਹਾਂ
ਜੋ ਕਦੇ ਵੀ ਬਿਖਰ ਸਕਦਾ ਹੈ
ਲੋਆਫ਼ ਦੇ ਮਾੜੇ ਜਹੇ ਛੱਰਾਟੇ ਨਾਲ
ਦੱਸ ਭਲਾ, ਮੈਂ ਸੱਚ ਦੀ ਭਾਲ ਵਿਚ
ਤੇਰੀ ਮਾਂ ਨੂੰ, ਕਿਸਦੇ ਸਹਾਰੇ ਛੱਡ ਜਾਵਾਂ?
ਜਦੋਂ ਕਿ ਉਹ ਲਗਾਤਾਰ ਵੈੱਲਫੇਅਰ ਸਟੇਟ ਨੂੰ
ਵੱਢ ਰਹੇ ਹਨ
ਕਦੇ ਇਸ ਬੰਨਿਓਂ, ਕਦੇ ਉਸ ਬੰਨਿਓਂ
ਪਤਾ ਹੈ ਰਾਹੁਲ
ਉਹ ਕੀ ਕਹਿੰਦੇ ਨੇ?
ਉਹ ਆਖਦੇ ਨੇ ਬੁੱਧ ਦਾ ਗਿਆਨ ਤਾਂ ਬੱਸ ਕੂੜ ਹੈ
ਅਤੇ ਸਭ ਬੀਮਾਰੀਆਂ ਦੀ ਜੜ੍ਹ

ਦੁਨੀਆਂ 'ਤੇ ਵੱਧ ਰਹੀ ਆਬਾਦੀ ਹੈ
ਜਾਂ ਵੈੱਲਫੇਅਰ ਲੈ ਰਹੇ ਵਿਹਲੇ ਲੋਕ।
ਪਰ ਕਾਸ਼! ਇਨ੍ਹਾਂ ਕਦੇ ਤੱਕੀ ਹੁੰਦੀ
ਵੈੱਲਫੇਅਰ ਲੈ ਰਹੇ ਲੋਕਾਂ ਦੇ ਘਰਾਂ ਅੰਦਰ
ਸ਼ਰਮਨਾਕ ਨਾਚ ਨੱਚਦੀ ਗ਼ਰੀਬੀ
ਕਾਸ਼! ਉਹ ਕਦੇ ਜੀਅ ਭਰ ਕੇ, ਇਕ ਨਜ਼ਰ ਹੀ ਵੇਖ ਸਕਦੇ
ਇਨ੍ਹਾਂ ਵੈੱਲਫੇਅਰ ਲੈ ਰਹੇ ਲੋਕਾਂ ਦੇ ਬੱਚਿਆਂ ਦੇ ਮੂੰਹਾਂ 'ਤੇ
ਬੁੱਸ ਰਿਹਾ ਬਚਪਨ
ਅਤੇ ਰੁੱਸ ਰਹੀ ਜਵਾਨੀ
ਜੋ ਸਕੂਲਾਂ ਤੋਂ ਵੱਧ
ਜੇਲ੍ਹਾਂ ਦੀ ਸ਼ਾਨ ਬਣਦੀ ਹੈ
ਜੋ ਨਸ਼ਿਆਂ ਦੀ ਖ਼ਾਤਿਰ
ਆਦਮੀ ਦਾ ਖ਼ੂਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੀ
ਜੋ ਆਪਣੇ ਟੱਬਰ ਪਾਲਣ ਦੀ ਮਜਬੂਰੀ ਹਿੱਤ
ਉਨ੍ਹਾਂ ਲਈ ਲੜਦੀ ਹੈ
ਕਦੇ ਵੀਅਤਨਾਮ ਵਿਚ ਤੇ ਕਦੇ ਫ਼ਾਕਲੈਂਡ ਵਿਚ!!
ਅਤੇ ਕਦੇ ਐਲਸੈਲਵਾਡੋਰ ਵਿਚ!!!

ਪਰ ਇਹ ਸਭ ਕਿੱਦਾਂ ਤੇ ਕਿੰਜ ਹੋਇਆ?
ਜੇ ਤੂੰ ਇਹ ਜਾਣ ਸਕਿਆ
ਤਾਂ ਸਮਝੀਂ ਮੇਰੇ ਰਾਹੁਲ
ਇਹ ਤੇਰੇ ਗ਼ਰੀਬ ਗੌਤਮ ਬਾਪ ਦੀ
ਤੈਨੂੰ ਇਸ ਸਦੀ ਦੀ, ਸਭ ਤੋਂ ਵੱਡੀ ਸੌਗਾਤ ਹੋਵੇਗੀ।

ਹਾਲਾਂ ਕਿ ਤੇਰੇ ਸੋਚਣ ਜੋਗਾ
ਉਨ੍ਹਾਂ ਨੇ ਕੁਝ ਵੀ ਨਹੀਂ ਛੱਡਿਆ
ਟੀ.ਵੀ., ਸੁਪਰ ਹਾਈਵੇ ਤੇ ਡਿਜੀਟਲ ਕੰਪਿਊਟਰ ਨਾਲ
ਉਨ੍ਹਾਂ ਤੇਰੇ ਸਾਹ, ਪਰੀ ਕਹਾਣੀ ਵਾਂਗ
ਆਪਣੇ ਸੌਫ਼ਟਵੇਅਰ 'ਚ ਕੈਦ ਕਰ ਲਏ ਹਨ, ਆਪਣੇ ਸੌਫ਼ਟ...

ਬੇਅਰਥ ਮੌਤ

(ਸ਼ੁਭਲਕਸ਼ਨ ਕੁਮਾਰ ਸ਼ਰਮਾ ਲਈ)

ਅਸੀਂ ਤੇਰੇ ਜ਼ਿਹਨ ਵਿਚ
ਜਗਦੇ ਚਿਰਾਗ਼ਾਂ ਨੂੰ
ਇੰਜ ਦੀ ਮੌਤ ਨਹੀਂ ਦਿਆਂਗੇ
ਜਿਵੇਂ ਸੁਕਰਾਤ ਨੂੰ ਦਿੱਤੀ ਸੀ।
ਸੂਲ਼ੀ ਵੀ ਤਾਂ ਤੇਰੇ ਮੇਚ ਦੀ ਨਹੀਂ ਲਗਦੀ
ਅਤੇ ਗੋਲ਼ੀ ਤਾਂ
ਸਿਰਫ਼ ਗੁਰੀਲੇ ਲਈ ਰਾਖਵੀਂ ਹੈ।

ਤੈਨੂੰ ਤਾਂ ਅਸੀਂ ਪਹਿਲੀ ਦੁਨੀਆਂ ਦੇ ਮੁਲਕਾਂ ਦਾ ਗਰੀਨ
ਕਾਰਡ ਦਿੰਦੇ ਹਾਂ
ਫਿਰ ਤੂੰ ਆਪਣੇ ਆਪ ਹੀ ਮਰ ਜਾਵੇਂਗਾ
ਕਾਰਾਂ ਤੇ ਘਰਾਂ ਨੂੰ ਆਜ਼ਾਦ ਕਰਾਉਂਦੇ ਕਰਾਉਂਦੇ।

ਕਰੈਡਿਟ ਕਾਰਡਾਂ ਦੇ ਸੀਤ ਸਿਆਲ
ਹੀ ਖਾ ਜਾਣਗੇ
ਤੇਰੀਆਂ ਕੋਸੀਆਂ ਕੋਸੀਆਂ ਧੁੱਪਾਂ ਦੇ ਖੇਤ
ਕੁੱਲ ਉਮਰ ਤੂੰ ਕੰਮ, ਕਿਸ਼ਤਾਂ, ਨੀਂਦ
ਅਤੇ ਹੋਰ ਕੰਮ ਹੀ ਸੋਚੇਂਗਾ।
ਅਸੀਂ ਤੇਰੀ ਗੌਰਵਸ਼ੀਲ ਸਭਿਅਤਾ ਦੀ
ਅਹਾਰ ਨਾੜੀ, ਤੇਰੀ ਬੋਲੀ
ਹੀ ਤੇਰੇ ਬੱਚਿਆਂ ਤੋਂ ਖੋਹ ਲਵਾਂਗੇ
ਫਿਰ ਉਹ ਤੇਰੇ ਤੇ ਤੇਰੇ ਪੁਰਖਿਆਂ ਦੇ
ਨਾਂ ਕੁਨਾਂ ਧਰਨ ਨੂੰ ਵੀ ਫੈਸ਼ਨ ਸਮਝਣਗੇ।

ਇੰਜ ਤੇਰਾ ਅਸਲ ਸਰਮਾਇਆ
ਤੇਰੇ ਬੱਚੇ ਵੀ ਤੈਥੋਂ ਖੋਹ ਲਵਾਂਗੇ ਅਸੀਂ
ਤੇ ਉਹ ਸਾਰੇ ਰਾਂਗਲੇ ਸੁਫ਼ਨੇ
ਜੋ ਤੂੰ ਜੀਵਨ ਦੇ ਪਹਿਲੇ
ਸਵੇਰਿਆਂ 'ਚ ਸਿਰਜੇ ਸਨ
ਕਿ ਸੱਚ ਨੂੰ ਦੀਵੇ ਵਾਂਗ ਜਗਾ ਕੇ
ਤਲੀ 'ਤੇ ਲੈ ਕੇ ਚਲਾਂਗਾ
ਕਿ ਹੱਕਾਂ ਦੀ ਜੰਗ ਲੜਦੇ ਲੜਦੇ
ਸ਼ਹੀਦ ਹੋ ਜਾਵਾਂਗਾ ਇਕ ਦਿਨ।

ਇਹ ਸਭ ਤੈਨੂੰ ਕਦੇ ਵੀ ਯਾਦ ਨਾ ਆਵੇਗਾ
ਇੰਜ ਦੀ ਮੌਤ ਦਿਆਂਗੇ ਅਸੀਂ ਤੈਨੂੰ
ਕਿ ਨਾ ਤੂੰ ਦੇਸ ਦਾ ਰਹੇਂਗਾ
ਨਾ ਪਰਦੇਸ ਦਾ ਰਹੇਂਗਾ।

ਤੈਨੂੰ ਕਿਹਾ ਸੀ ਨਾ ਅਸੀਂ ਬਹੁਤ ਚਾਤਰ ਹਾਂ
ਦੇਖ! ਅਸੀਂ ਹਰ ਮਰਜ਼ ਦੀ ਦਵਾ ਲੱਭ ਲੈਂਦੇ ਹਾਂ
ਇੰਜ ਦੀ ਮੌਤ ਦਿਆਂਗੇ ਤੈਨੂੰ
ਕਿ ਤੈਨੂੰ ਪਤਾ ਵੀ ਨਾ ਚੱਲੂ।
ਅਸੀਂ ਤੈਨੂੰ ਏਨਾਂ ਇਕੱਲਾ ਕਰ ਦੇਵਾਂਗੇ
ਕਿ ਤੇਰੇ ਯਾਦ ਚਿੱਤ ਵੀ ਨ ਆਊ
ਕਿ ਇਹ ਕਿੱਦਾਂ ਤੇ ਕਿੰਜ ਹੋਇਆ?
ਵਤਨ ਜਾ ਕੇ ਵੱਸੇਂਗਾ
ਤਾਂ ਮਾਣੀਆਂ ਸਹੂਲਤਾਂ ਦੇ ਪਰਛਾਵੇਂ
ਲੰਮੇ ਹੋ ਜਾਣਗੇ
ਰਿਸ਼ਤੇਦਾਰਾਂ ਦੇ ਮਿਹਣੇ ਤਾਹਨੇ

ਤੈਨੂੰ ਕੱਖੋਂ ਹੌਲਾ ਕਰ ਦੇਣਗੇ।
ਬਦੇਸ਼ 'ਚ ਰਹੇਂਗਾ
ਤਾਂ ਕੁੱਤੇ ਦੀ ਜੂਨ ਵਾਂਗ।
ਪੋਤੇ ਪੋਤਰੀਆਂ ਦੀ ਬੇਬੀ-ਸਿਟਿੰਗ ਕਰਦਾ
ਬੱਚਿਆਂ ਤੇ ਟੀ.ਵੀ. ਦੇ ਦਰਮਿਆਨ
ਵਧ ਰਹੇ ਫ਼ਾਸਲੇ ਨੂੰ ਨਾਪੇਂਗਾ।
ਪਹਿਲੀ ਦੀ ਪਹਿਲੀ ਤਰੀਕੇ ਆਉਣ ਵਾਲ਼ੀ
ਸੋਸ਼ਲ ਸਕਿਉਰਿਟੀ ਦੀ ਰਕਮ ਹੀ
ਤੇਰੇ ਤੇ ਤੇਰੇ ਬੱਚਿਆਂ ਦੇ
ਅਸਲ ਰਿਸ਼ਤੇ ਦਾ ਕੱਦ ਮਿਣੇਂਗੀ।

ਤੂੰ ਏਨਾ ਫਾਲਤੂ ਹੋ ਜਾਵੇਂਗਾ
ਆਪਣੇ ਹੀ ਸਿਰਜੇ ਘਰ ਵਿਚ
ਕਿ ਤੈਨੂੰ ਪਤਾ ਵੀ ਨਾ ਲੱਗੇਗਾ
ਕਿ ਕਦੋਂ ਤੇ ਕਿੰਜ
ਤੂੰ ਟੁੱਟੇ ਹੋਏ ਟਾਈਮਪੀਸ ਵਾਂਗ
ਗਿਰਾਜ 'ਚ ਪਏ ਪਏ ਇਕ ਦਿਨ
ਸਿਵਿਆਂ ਦੀ ਬਿਜਲ-ਭੱਠੀ 'ਚ ਜਲ ਕੇ
ਰੀਸਾਈਕਲ ਹੋ ਜਾਵੇਂਗਾ।

ਇਸ ਤਰ੍ਹਾਂ ਦੀ ਮੌਤ ਦਿਆਂਗੇ ਅਸੀਂ ਤੈਨੂੰ
ਕਿ ਤੇਰੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਨਾਮੋ ਨਿਸ਼ਾਨ
ਰੈਡ ਇੰਡੀਅਨਾਂ ਵਾਂਗ ਫ਼ਿਲਮਾਂ
ਤੇ ਇਤਿਹਾਸ ਦਾ ਹਿੱਸਾ ਹੋ ਜਾਵੇਗਾ
ਜੀਂਦੀ ਹੋਈ ਜ਼ਿੰਦਗੀ ਦਾ ਨਹੀਂ।
ਏਨੀ ਭਿਆਨਕ ਮੌਤ ਦਿਆਂਗੇ ਅਸੀਂ ਤੈਨੂੰ।

ਦੇਸ਼

ਅਖ਼ਬਾਰਾਂ ਚੀਕਦੀਆਂ ਹਨ
ਦੇਸ਼ ਦੇ ਟੁਕੜੇ
ਇਕ ਬਟਾ ਤਿੰਨ ਲੋਕ ਚੀਕਦੇ ਹਨ
ਦੇਸ਼ ਨੂੰ ਹੁਣ ਕੋਈ ਨਹੀਂ ਬੰਨ੍ਹ ਕੇ ਰੱਖ ਸਕਦਾ
ਤੇ ਇਕ ਬਟਾ ਉਨਾਨਵੇਂ ਲੋਕ ਲਲਕਾਰਦੇ ਹਨ
ਇਹ ਦੇਸ਼ ਦੇਸ਼ ਹੀ ਨਹੀਂ।

ਬੁੱਕਲਾਂ ਦੀ ਭੁੱਬਲ ਤੋਂ ਪਰੇ
ਕੁਝ ਲੋਕਾਂ ਤਾਰਿਆਂ ਵਾਂਗ ਗਿੱਟਮਿੱਟ ਕੀਤੀ
ਜ਼ਿਹਨ ਦੀਆਂ ਬੰਦ ਦਰਾਜ਼ਾਂ 'ਚ ਪਏ
ਬਾਕੀ ਦੇ ਲੋਕ ਹਿਣਹਿਣਾਏ
ਸੁੱਤੇ ਪਏ ਘੋੜੇ ਦੇ ਵਾਂਗ।
ਪਰ ਦੇਸ਼ ਹੈ ਕਿ
ਚਲਦਾ ਹੀ ਰਹਿੰਦਾ ਹੈ ਲਗਾਤਾਰ
ਆਏ ਹੋਏ ਹੜ੍ਹਾਂ ਦੇ ਵਾਂਗ
ਜਿਸ 'ਚ ਨਿੱਤ ਨਵੇਂ ਰੋਜ਼ ਘਟਨਾਵਾਂ ਨਹੀਂ
ਹਾਦਸੇ ਵਾਪਰਦੇ ਹਨ
ਤੇ ਬਾਕੀ ਦੇ ਲੋਕ
ਇਨ੍ਹਾਂ ਹਾਦਸਿਆਂ ਦੀ ਆਰਤੀ ਉਤਾਰਨ 'ਚ ਹੀ
ਉਮਰਾਂ ਗੰਵਾ ਰਹੇ ਹਨ।

ਪ੍ਰਸ਼ਨਾਂ ਦੀਆਂ ਉਹ ਨਦੀਆਂ
ਜਿਨ੍ਹਾਂ ਉੱਤਰ ਰਹੀ ਕਾਲ਼ੀ ਬੋਲ਼ੀ ਹਨੇਰੀ

ਤੇ ਕਹਿਰਾਂ ਦੇ ਘੁਸਮੁੱਸੇ ਨੂੰ
ਰੋਸ਼ਨੀ ਨਾਲ ਸਿੰਜਣਾ ਹੈ
ਫ਼ਿਲਹਾਲ ਵੱਖੋ ਵੱਖਰੇ ਧੜਿਆਂ 'ਚ ਵੰਡੀਆਂ
ਹੀ ਵਹਿ ਰਹੀਆ ਨੇ ਲਗਾਤਾਰ
ਕਦੇ ਨਾ ਇਕ ਹੋਣ ਲਈ।

ਅਤੇ ਹੌਲ਼ੇ ਹੌਲ਼ੇ
ਇੰਜ ਬੀਤ ਰਿਹਾ ਹੈ
ਅੱਜ ਕੱਲ੍ਹ ਮੇਰਾ ਦੇਸ਼।

ਸਮੁੰਦਰ

ਸਮੁੰਦਰ ਤੋਂ ਥੋੜ੍ਹਾ ਜਿਹਾ
ਪਰੇ ਰਹਿਣ ਵਾਲੇ ਲੋਕੋ
ਤਾਰਿਆਂ ਦੀ ਖਿੱਤੀ ਤੋਂ
ਕਿਉਂ ਡਰਦੇ ਹੋ?
ਸਮੁੰਦਰ ਦੀਆਂ ਲਹਿਰਾਂ
ਕੀ ਬੰਸਰੀ ਦੀਆਂ ਲਹਿਰਾਂ
ਕੀ ਬੰਸਰੀ ਦੇ ਗੀਤ ਹਨ?
ਤੂਫ਼ਾਨੀ ਵੇਗ 'ਚ ਚਲਦਾ ਸਮੁੰਦਰ
ਕੀ ਅਸੀਂ ਦੇਖਿਆ ਹੈ?

ਸੜਕਾਂ ਤਾਂ ਸਦਾ
ਇਕਸਾਰ ਚਲਦੀਆਂ ਹਨ
ਕੀ ਤੁਸੀਂ ਵੀ ਭਾਣੇ ਦੇ ਆਰਿਆਂ ਵਿਚ
ਚੀਰੇ ਜਾ ਰਹੇ ਹੋ?
ਰੋਸ਼ਨੀਆਂ ਦੀ ਰੁੱਤ ਚਗ਼ਲ ਔਰਤ ਨਹੀਂ ਹੁੰਦੀ
ਜੀਹਦੇ ਪੱਲੂ ਹੇਠ ਲੁਕ ਜਾਵੇ
ਦੇਸ਼ ਦੀ ਕਿਸਮਤ।
ਜੇ ਤੇਰੇ ਹੱਥ
ਤਰੇਲ ਦੀ ਸਰਘੀ ਦਾ ਚਾਨਣ ਹੋਣ
ਕੀ ਤੂੰ ਰੋਸ਼ਨੀ ਲਈ
ਫਿਰ ਵੀ ਤਰਸਦਾ ਰਹੇਂਗਾ।

ਮਹਿਕ, ਹਵਾ ਤੇ ਬੱਦਲ
ਤਾਂ ਪਾਗਲ ਹਨ
ਜੋ ਐਂਵੇਂ ਭਟਕਦੇ ਰਹਿੰਦੇ ਹਨ
ਜੋ ਪੜ੍ਹ ਵੀ ਨਹੀਂ ਸਕਦੇ
ਸੜਕਾਂ 'ਤੇ ਲਿਖੇ ਸ਼ਹਿਰਾਂ ਦੇ ਨਾਮ
ਸ਼ਾਇਦ ਇਸੇ ਲਈ ਉਹ
ਕਿਸੇ ਵੀ ਸ਼ਹਿਰ ਨਹੀਂ ਜਾਂਦੇ।

ਭੱਜਦੀਆਂ ਹੋਈਆਂ ਕਾਰ ਬੱਤੀਆਂ
ਸਮੁੰਦਰ ਦੀਆਂ ਲਹਿਰਾਂ ਨਹੀਂ
ਜਿਨ੍ਹਾਂ ਨੂੰ ਤੂੰ ਘਟਨਾਵਾਂ ਦੀਆਂ,
ਅਵਾਰਾ ਲਹਿਰਾਂ 'ਚ ਛੱਡ ਦੇਵੇਂ।

ਸਮੁੰਦਰ ਤੋਂ ਪਰੇ ਰਹਿਣ ਵਾਲ਼ੇ ਲੋਕੋ
ਵਕਤ ਆ ਗਿਆ ਹੈ
ਕਿ ਸਮੁੰਦਰ ਨਾਲ ਇਕਮਿਕ ਹੋਈਏ
ਤੇ ਉਹਦੇ ਅਮੁੱਕ ਪਾਣੀਆਂ 'ਤੇ
ਆਪਣੇ ਹੌਸਲਿਆਂ ਦੀਆਂ ਕਿਸ਼ਤੀਆਂ ਤਾਰੀਏ
ਤੇ ਘਟਨਾਵਾਂ ਨੂੰ ਕੋਈ ਅਰਥ ਦੇਈਏ।

ਕੁਹਜ ਕਿ ਸੁਹਜ

ਜਦੋਂ ਮੈਂ ਚੁਣ ਰਿਹਾ ਸਾਂ
ਜ਼ਿੰਦਗੀ ਦੇ ਟੁਕੜੇ
ਖਾਧੇ ਗਏ ਸਲਾਦ ਦੀ ਪਲੇਟ ਵਿਚੋਂ
ਰਹਿੰਦ ਖੂੰਹਦ ਵਾਂਗੂੰ
ਤਾਂ ਉਹ ਆਪਣੇ ਆਪਣੇ
ਨਿੱਕੇ ਨਿੱਕੇ ਫ਼ਾਰਮਾਂ ਦੀ
ਛੱਤਰੀ 'ਤੇ ਬੇਠ ਕੇ ਆਏ।

ਉਨ੍ਹਾਂ ਆਉਂਦਿਆਂ ਸਾਰ ਹੀ
ਭਾਰਤੀ ਰਾਜਨੀਤੀ ਦਾ ਚਰਬਾ ਕੀਤਾ
ਅਤੇ ਆਪਣੇ ਆਪ ਨੂੰ
ਸਭ ਤੋਂ ਵੱਡਾ ਤੇ ਸਹੀ 'ਕਾਮਰੇਡ' ਸਿੱਧ ਕੀਤਾ
ਤੇ ਪੰਜਾਬ ਵਿਚਲੇ
ਆਪਣੇ ਮੁੱਠੀ ਭਰ ਇਨਕਲਾਬੀ ਸਾਥੀਆਂ ਨੂੰ ਹੀ
ਸਮੇਂ ਦੀ ਸਭ ਤੋਂ ਵੱਡੀ ਸਿਆਸਤ ਦੱਸਿਆ
ਮੈਂ ਕੰਬ ਗਿਆ
ਉਨ੍ਹਾਂ ਦੀ ਦਿਉ-ਕੱਦ ਸ਼ਖ਼ਸੀਅਤ ਤੋਂ।
ਉਨ੍ਹਾਂ ਲਈ ਪਿੱਛੋਂ ਆਏ
ਬੁੱਢਿਆਂ ਦੀ
ਜੀਅ ਨਾ ਲੱਗਣ ਦੀ ਬੀਮਾਰੀ ਸੀ
ਤੇ ਕੁਝ ਕੁ ਚਿੰਤਾ ਉਨ੍ਹਾਂ ਬੱਚਿਆਂ ਦੀ ਵੀ ਸੀ
ਜੋ ਉਨ੍ਹਾਂ ਦੇ ਚਾਹੁਣ ਦੇ ਬਾਵਜੂਦ ਵੀ
ਪੰਜਾਬੀ ਭਾਸ਼ਾ ਸਿੱਖਣੋਂ ਇਨਕਾਰੀ ਸਨ।

ਅਤੇ ਮੇਰੇ ਲਈ ਮੁਸ਼ਕਿਲ ਸੀ
ਗਰੀਨ ਕਾਰਡ ਕਿੱਥੋਂ ਤੇ ਕਿਸ ਹੀਲੇ ਆਵੇ?
ਤੇ ਨਾਲ ਵਿਆਹੀ ਗੋਰੀ ਕੁੜੀ ਨਾਲ ਰਹਿੰਦੇ ਹੋਏ ਵੀ
ਕੋਈ ਡਾਲਰ ਕਿਵੇਂ ਬਚਾਵੇ?

ਤਾਂ ਕਿ ਮੈਂ ਸ਼ਾਨ ਨਾਲ ਜੋੜ ਸਕਾਂ
ਗਹਿਣੇ ਪਈ ਜ਼ਮੀਨ ਦੇ ਦੋ ਖੇਤਾਂ ਦੇ ਪੈਸੇ
ਜੋ ਏਜੰਟ ਦੀ ਭੇਟ
ਮੇਰੇ ਮੈਕਸੀਕੋ ਬਾਰਡਰ 'ਤੇ ਅੱਪੜਨ ਤੋਂ ਪਹਿਲਾ ਹੀ ਚੜ੍ਹ ਗਏ ਸਨ।

ਅਤੇ ਅੱਜ ਕੱਲ੍ਹ ਇੰਜ ਜੀਂਦਾ ਹਾਂ ਮੈਂ
ਸੱਤੇ ਦਿਨ ਡਬਲ ਜੌਬ ਕਰ ਕੇ
ਬਾਕੀ ਬਚਦੇ ਵਿਹਲੇ ਸਮੇਂ ਵਿਚ
ਆਪਣੇ ਕੱਪੜੇ ਧੋਂਦਾ
ਰੋਜ਼ ਲਈ ਰੋਟੀ ਟੁੱਕ ਕਰਦਾ
ਤੇ ਕੁਆਲਟੀ ਟਾਈਮ ਦੇ ਨਾਮ 'ਤੇ
ਉਸ ਬਦਸੂਰਤ ਮੋਟੀ ਪਤਨੀ ਨਾਲ
ਹਮ ਬਿਸਤਰ ਹੁੰਦੇ ਸਮੇਂ
ਮਹਿੰਗੀ ਵਿਸਕੀ ਦਾ ਘੁੱਟ ਪੀ ਕੇ ਵੀ
ਤਾਰਿਆਂ ਤੋਂ ਅੱਖ ਬਚਾ ਕੇ ਲੰਘਦਾ ਹਾਂ।

ਤੇ ਦੂਰ ਪਿੰਡ 'ਚ ਕੱਲੀ ਰਹਿ ਗਈ ਆਪਣੀ ਪਤਨੀ ਨੂੰ
ਲੰਮੇ ਲੰਮੇ ਖ਼ਤ ਲਿਖ ਕੇ "ਸੀਤਾ ਵਾਂਗ ਸਵਿੱਤਰੀ ਰਹਿਣ ਦਾ
ਤੇ ਭਾਣਾ ਮੰਨਣ ਦਾ" ਹੁਕਮ ਚਾੜ੍ਹਦਾ ਹਾਂ।

ਸਗੋਂ ਸਾਰਾ ਦੋਸ਼ ਪਿੱਛੇ ਰਹਿ ਗਈ ਪਤਨੀ 'ਤੇ ਸੁੱਟਦਾ ਹਾਂ
ਕਿ ਉਹਦੀ ਖ਼ਾਤਿਰ ਹੀ ਮੈਂ ਕੀ ਦਾ ਕੀ ਬਣਿਆ?

ਨਜ਼ਮਾਂ ਦੇ ਨਾਮ 'ਤੇ
ਸਫ਼ਿਆਂ ਦਾ ਬਲਾਤਕਾਰ ਕਰਦਾ ਹਾਂ
ਕਵਿਤਾ ਦੇ ਸੁਹਜ ਦੀਆਂ ਵਾਦੀਆਂ ਅੰਦਰ
'ਇਹ ਮੈਲ਼ੇ ਕੱਪੜੇ ਪਾ ਕੇ
ਮੈਂ ਕਿੱਥੋਂ ਆਣ ਵੜਿਆਂ?

ਮੈਨੂੰ ਸਮਝ ਨਹੀਂ ਆਉਂਦੀ।
ਕਿ ਔੜ ਮਾਰੇ ਇਸ ਸਮੇਂ ਦੀ ਗਲਾਜ਼ਤ ਨੂੰ ਸਹਿੰਦੇ ਹੋਏ
ਮੈਂ ਕਵਿਤਾ ਦਾ ਸੁੰਦਰ
ਗੁਲਦਸਤਾ ਕਿਵੇਂ ਬਣਾਵਾਂ?
ਤੇ ਚਿੱਬ ਖੜਿੱਬੇ ਇਸ ਭਾਵ ਨੂੰ
ਗ਼ਜ਼ਲਾਂ ਦੇ ਤਾਲ 'ਚ ਕਿਵੇਂ ਬੰਨ੍ਹਾਂ?

ਜਾਗਦੇ ਅੱਖਰ

(ਪਾਸ਼ ਲਈ)

ਉਹਨਾਂ ਲਈ ਭਲਾ ਕਿੰਨਾ ਕੁ ਔਖਾ ਸੀ
ਬੰਦੂਕ ਦਾ ਘੋੜਾ ਦਬਾਉਣਾ
ਇਹ ਤਾਂ ਜਣੇ ਦੀ
ਹਿੱਕ ਵਿਚਲਾ ਜੋਸ਼ ਸੀ
ਜੋ ਏਨਾ ਸਿੱਕਾ
ਜਿਸਮ ਤੇ ਜਰ ਕੇ ਵੀ
ਮਰ ਨਹੀਂ ਸਕਿਆ।

ਉਨ੍ਹਾਂ ਚਾਹਿਆ ਸੀ ਗੋਲ਼ੀਆਂ ਨਾਲ
ਵਿੰਨ੍ਹਣਾ ਜਿਸਮ ਨੂੰ
ਭਲਾ ਕੋਈ ਕਿਤਾਬਾਂ 'ਤੇ ਵੀ
ਗੋਲ਼ੀਆਂ ਚਲਾ ਸਕਦਾ ਹੈ?
ਸਫ਼ਿਆਂ ਦੀ ਹਿੱਕ ਭਲਾ
ਉਹ ਕਿੰਜ ਲੂਹ ਸਕਦੇ ਸਨ?

ਜਦੋਂ ਕਿ ਪਾਸ਼ ਤਾਂ ਕਦੋਂ ਦਾ ਆਖ ਚੁਕਿਆ ਸੀ:
"ਸ਼ਬਦ ਤਾਂ ਕਹੇ ਜਾ ਚੁੱਕੇ ਹਨ"।
ਅਤੇ ਹੁਣ ਤਾਂ ਸਿਰਫ਼
ਗਤੀ 'ਚ ਚਲਦਾ ਸਮਾਂ ਹੈ
ਜਾਂ ਸਿਰਫ਼ ਸਿਰਨਾਵੇਂ ਬਚੇ ਹਨ
ਉਨ੍ਹਾਂ ਤਾਂ ਬਹੁਤ ਚਾਹਿਆ ਸੀ
ਭਾਈਚਾਰੇ ਦੇ ਜੰਗਲਾਂ ਨੂੰ

ਅਗਨ ਭੇਟ ਕਰਨਾ
ਪਰ ਉਹ ਆਪ ਹੀ
ਸੜ ਕੇ ਠੰਢੇ ਰਾਖ ਹੋ ਗਏ।
ਉਨ੍ਹਾਂ ਤਾਂ ਸਿਰਫ਼ ਹਵਾਵਾਂ 'ਤੇ ਫ਼ਾਇਰ ਕੀਤੇ
ਅਤੇ ਜਿਲਦਾਂ 'ਚ ਬੰਦ ਪਏ
ਸੁੱਤੇ ਹੋਏ ਸ਼ਬਦਾਂ ਨੂੰ ਜਗਾ ਦਿੱਤਾ
ਸਗੋਂ ਘਰ ਘਰ ਪਹੁੰਚਾ ਦਿਤਾ।

ਸਵੇਰ ਤੀਕ

ਰਹੀਆਂ ਜੇ ਏਦਾਂ ਸਾਜ਼ਸ਼ੀ, ਰਾਤਾਂ ਸਵੇਰ ਤੀਕ,
ਪਾਏਗਾ ਕੌਣ ਲੋਅ ਦੀਆਂ, ਬਾਤਾਂ ਸਵੇਰ ਤੀਕ।

ਫਿਰ ਤੋਂ ਨਾ ਕੋਈ ਵੰਡ ਸਕੇ, ਸਾਡੇ ਪੰਜਾਬ ਨੂੰ,
ਚਾਰਾ ਕਰੋ ਕੋਈ ਰੱਖਲੇ ਜੇਰਾ ਸਵੇਰ ਤੀਕ।

ਸੜਿਆ ਹੈ ਕੋਈ ਦਿਲ ਕਿ ਜਾਂ ਮਲਿਹਾਰ ਸੜ ਗਿਆ,
ਏਦਾਂ ਰਿਹਾ ਹੈ ਗੜ੍ਹਕਦਾ 'ਨੇਰਾ ਸਵੇਰ ਤੀਕ।

ਏਦਾਂ ਗੁਜ਼ਾਰੇ ਦਿਨ ਅਸੀਂ ਰਾਤਾਂ ਨੂੰ ਜਾਗ ਜਾਗ,
ਘਰ 'ਤੇ ਨਾ ਦੇਵੇ ਬੋਲ ਕੋਈ ਹੱਲਾ ਸਵੇਰ ਤੀਕ।

ਆਂਦਰਾਂ ਮਾਵਾਂ ਦੀਆਂ ਤੇ ਬਾਗ਼ ਸੜ ਗਏ,
ਥੁੱਕਦੇ ਰਹੇ ਸੱਪ ਜ਼ਹਿਰ ਕੁਝ ਏਦਾਂ ਸਵੇਰ ਤੀਕ।

ਦੁਸ਼ਮਣ ਤੇ ਮਿੱਤਰ ਦਾ ਕਿਵੇਂ ਫਿਰ ਫ਼ੈਸਲਾ ਕਰੀਏ,
ਗੋਲੀ ਦੇ ਚਾਨਣ ਵਿਚ ਹੱਸੇ, 'ਨੇਰ੍ਹਾ ਸਵੇਰ ਤੀਕ।

ਮੁੱਢ-ਕਦੀਮੋਂ ਧਰਮ ਹੈ ਕੁਰਸੀ ਦਾ, ਹੀ ਲੁੱਟਣਾ,
ਆਪਾਂ ਹੀ ਕਰੀਏ ਬਚਣ ਦਾ ਹੀਲਾ ਸਵੇਰ ਤੀਕ।

ਕਹਿ ਕੇ ਬਚਾਂਗਾ ਕਿੰਝ ਕਿ ਸਰਕਾਰ ਕਰ ਰਹੀ,
ਬਦਲੇ ਨਾ ਆਪਣੇ ਢੰਗ ਜੇ ਆਪਾਂ ਸਵੇਰ ਤੀਕ।

ਬਿਓਰੋਕਰੇਟਸ ਵਰਸਜ਼ ਟੈਕਨੋਕਰੇਟਸ

ਕੱਲ੍ਹ ਮੈਂ ਇੰਜਨੀਅਰਾਂ ਦੀ
ਸ਼ਾਮ ਦੀ ਮਹਿਫ਼ਲ 'ਚ ਗਿਆ
ਉਨ੍ਹਾਂ ਕੋਲ ਮਹਿੰਗਾਈ ਭੱਤੇ ਦੇ
ਬੇਹੇ ਚੁਟਕਲੇ ਸਨ
ਅਗਲੀ ਪਰਮੋਸ਼ਨ ਦੀਆਂ
ਬੇਅਰਥ ਆਸਾਂ ਸਨ।

ਅੱਜ ਕੱਲ੍ਹ ਉਨ੍ਹਾਂ ਦਾ ਆਪਣੀਆਂ ਮੰਗਾਂ ਲਈ
ਘੋਲ਼ ਚਲਦਾ ਹੈ
ਟੈਕਨੋਕਰੇਟਸ ਵਰਸਜ਼ ਬਿਉਰੋਕਰੇਟਸ
ਉਹ ਜ਼ਿੰਦਾਬਾਦ ਤੇ ਉਹ ਮੁਰਦਾਬਾਦ
ਆਪਣੀਆਂ ਮੰਗਾਂ ਲਈ ਉਹ ਇਕ ਮੁੱਠ ਹਨ।

ਉਂਜ ਉਹ ਏਡੇ ਸੂਰਮੇ ਹਨ
ਕਿ ਫਿਰਕਾਪ੍ਰਸਤੀ ਦੇ ਖ਼ਿਲਾਫ਼
ਇਕ ਮਤਾ ਵੀ ਨਾ ਪਾਸ ਕਰ ਸਕੇ
ਕਿਉਂਕਿ ਉਨ੍ਹਾਂ ਕੋਲ ਬਹੁਤ ਪਾਣੀ ਹੈ
ਸਤਿਲੁਜ ਤੇ ਬਿਆਸਾ ਦਾ
ਜਿਨ੍ਹਾਂ 'ਚ ਆਸਾਨੀ ਨਾਲ ਡੁੱਬ ਸਕਦੀਆਂ ਨੇ
ਅਖ਼ਬਾਰਾਂ ਦੀਆਂ ਵਹਿਸ਼ੀ ਖ਼ਬਰਾਂ
ਦੇਸ਼ ਦੀ ਵੋਟ-ਰਾਜਨੀਤੀ
ਤੇ ਖ਼ੁਦ ਦੇਸ਼ ਵੀ।

ਉਂਜ ਉਹ ਦੇਸ਼ ਦੇ ਨਿਰਮਾਤਾ ਹਨ
ਤੇ ਦੇਸ਼, ਦੇਸ਼ ਦਾ ਕੀ ਹੈ?
ਇਹ ਤਾਂ ਐਵੇਂ ਸਿਰ ਫਿਰਿਆਂ ਦਾ ਟੋਲਾ ਹੈ
ਜੋ ਬਿਲ ਬਾਈਕਾਟ ਦੇ ਨਾਅਰੇ ਮਾਰਦਾ ਹੈ।

ਚੱਕਰ

ਇਕ ਰਿਸ਼ਤਾ ਸੀ
ਜੋ ਸਦੀ ਦੇ ਪਹਿਲੇ ਸਵੇਰੇ
ਹੱਥੋਂ ਕਿਰ ਗਿਆ ਸੀ
ਦੂਰ ਜਗਮਗਾਉਂਦੀਆਂ ਬੱਤੀਆਂ ਦਾ ਸ਼ਹਿਰ
ਸਿਰਫ਼ ਮ੍ਰਿਗ ਤ੍ਰਿਸ਼ਨਾ ਹੈ।

ਸੜਕ ਤੇ ਆਦਮੀ ਨਹੀਂ
ਆਵਾਰਾ ਪਲਾਂ ਦੇ ਦਮ ਦੌੜਦੇ ਹਨ
ਨਿੱਘ ਨਾ ਜਿਸਮਾਂ 'ਚ ਹੈ
ਨਾ ਰੂਹਾਂ ਵਿਚ
ਚਾਨਣ ਨਾ ਘਰਾਂ ਵਿਚ ਹੈ
ਨਾ ਮਸਤਕ ਦੇ ਜੰਗਾਲੇ ਥੇਹਾਂ ਵਿਚ।

ਸੁਵਿਧਾਵਾਂ, ਵਸਤਾਂ ਦੀ ਹਕੂਮਤ 'ਚ ਕੈਦ
ਮਨੁੱਖ ਇਕ ਚੱਕਰ 'ਚ ਘੁੰਮਦਾ ਹੈ
ਸਿਰਫ਼ ਰਸੋਈ ਤੇ ਦੁਕਾਨਾਂ ਤੋਂ ਵਾਕਿਫ਼
ਰਾਤ 'ਚ ਨਿੱਤਰੀ ਝੀਲ ਦੀਆਂ ਲਹਿਰਾਂ ਫੜਦਾ
ਮੁੱਕ ਜਾਂਦਾ ਹੈ ਰਾਤ ਵਾਂਗ ਹੀ।

ਮੁਹੱਬਤ ਦਾ ਸਿਰਨਾਵਾਂ

ਮੈਂ ਲੱਭਦਾ ਰਹਿੰਦਾ ਹਾਂ ਉਹ ਸ਼ਬਦ
ਜੋ ਤੇਰੀ ਮੁਹੱਬਤ ਦੇ ਅਰਥਾਂ ਦੇ ਮੇਚ ਹੋਣ
ਮੈਂ ਢੂੰਡਦਾ ਰਹਿੰਦਾ ਹਾਂ ਉਹ ਸਵੇਰੇ
ਜੋ ਤੇਰੇ ਬੁੱਲ੍ਹਾਂ ਦੀ ਮੁਸਕਾਨ ਵਰਗੇ ਹੋਣ।

ਚੜ੍ਹੀ ਰਹਿੰਦੀ ਹੈ ਗਹਿਰ, ਤੇਰੀਆਂ ਯਾਦਾਂ ਦੀ
ਮੇਰੀ ਰੂਹ ਦੇ ਟਿੱਬਿਆਂ ਦੇ ਸਬਜ਼ੇ 'ਤੇ।
ਉਹ ਪਲ ਜੋ ਅਸੀਂ ਮੁਹੱਬਤ ਨਾਲ ਜੀਵੇ
ਸਾਡੇ ਲਈ ਜ਼ਿੰਦਗੀ ਬਣ ਗਏ
ਬਾਕੀ ਤਾਂ ਬੱਸ
ਗੀਂਘਦੀ ਹੋਈ ਉਮਰ ਦੀ ਸਾਧਾਰਨਤਾ ਹੈ

ਮੇਰੇ ਮੱਥੇ 'ਚ ਬਲਦਾ ਰਹਿੰਦਾ ਹੈ
ਚੁੰਭੇ ਦੀ ਅੱਗ ਵਾਂਗ ਤੇਰਾ ਚੇਤਾ
ਮੈਂ ਸ਼ਾਇਦ ਕਦੇ ਵੀ ਦੱਸ ਨਾ ਸਕਾਂ
ਕਿ ਕਿੰਨੇ ਸਵੇਰੇ ਮੈਂ ਤੈਨੂੰ ਅਰਪਣ ਕੀਤੇ
ਤੇ ਕਿੰਨੀਆਂ ਹੀ ਚਾਨਣੀ 'ਚ ਭਿੱਜੀਆਂ ਰਾਤਾਂ
ਮੈਂ ਸਾਂਭ ਸਾਂਭ ਤੇਰੇ ਲਈ ਰੱਖਦਾ ਰਿਹਾ।

ਅਤੇ ਪਰੂੰ ਜੋ ਕੱਤੇ ਦੇ ਬੱਦਲ ਵਰ੍ਹੇ ਸਨ
ਮੈਂ ਕਿੰਜ ਦੱਸਾਂ?
ਮੇਰੀਆਂ ਕਿੰਨੀਆਂ ਜਾਗੀਆਂ ਰਾਤਾਂ ਦਾ ਸਮੁੰਦਰ ਸਨ।

ਤੇ ਅੱਜ ਵੀ ਮੈਂ ਲੋਚਦਾ ਹਾਂ ਉਹ ਸ਼ਬਦ
ਜੋ ਤੇਰੀ ਮੁਹੱਬਤ ਦੇ ਮੇਚ ਆ ਸਕਣ:
"ਤੇਰੀਆਂ ਬਾਹਵਾਂ ਵਿਚ ਸਵਰਗ ਹੈ ਮੇਰੀ ਚੰਨੋ!"
ਕੀ ਇਸ ਤੋਂ ਪਰੇ ਵੀ ਕਵਿਤਾ ਹੈ?

ਅੱਜ ਕੱਲ੍ਹ

ਮੈਂ ਮਹਿਜ਼ ਪੁਰਜ਼ਾ ਹਾਂ ਘੜੀ ਦਾ
ਵਕਤ ਬਦਲਣ 'ਤੇ ਉਠਦਾ ਹਾਂ
ਘੜੀ ਦੀਆਂ ਸੂਈਆਂ ਬਦਲਦੀਆਂ ਹਨ
ਮੈਂ ਨਹੀਂ।

ਦਿਨ, ਮਹੀਨੇ ਤੇ ਸਾਲ
ਕਈ ਚਿਰਾਂ ਤੋਂ ਮੈਨੂੰ ਭੁੱਲ ਗਏ ਹਨ
ਤੇ ਯਾਦ ਸਿਰਫ਼ ਏਨਾ ਹੈ:
ਕਿ ਲੱਕੀ ਸਟੋਰ ਤੋਂ ਖਾਣ ਲਈ ਸਭ ਕੁਝ ਮਿਲ ਜਾਂਦਾ ਹੈ
ਜਿਵੇਂ ਸੂਰ ਨੂੰ ਗੰਦ ਵਿੱਚੋਂ।

ਹੁਣ 'ਤੇ ਨੰਗੇ ਜਿਸਮਾਂ ਦੀਆਂ
ਸੜਕਾਂ 'ਤੇ ਤੁਰਨਾ ਵੀ
ਮਹਿਜ਼ ਆਦਤ ਜਹੀ ਲਗਦੀ ਹੈ
ਅਖ਼ਬਾਰ ਖੋਲ੍ਹਦਾ ਹਾਂ, ਕਦੇ ਕਦਾਈਂ
ਤਾਂ ਲਗਦੈ ਸਦੀ ਬੇਹੱਦ ਘਟਨਾਵਾਂ 'ਚੋਂ ਲੰਘ ਰਹੀ ਹੈ।

ਤੇ ਮੈਨੂੰ ਯਾਦ ਆਉਂਦਾ ਹੈ
ਟ੍ਰੈਫ਼ਿਕ ਟਿਕਟ ਦਾ ਇਹ ਆਖਰੀ ਦਿਨ ਹੈ
ਇਕ ਦਿਨ ਅਚਾਨਕ ਘੜੀਸਾਜ਼ ਤੋਂ ਪੁੱਛਦਾ ਹਾਂ
ਚੰਗੀ ਘੜੀ ਦੀ ਉਮਰ ਕਿੰਨੀ ਹੈ ਸ੍ਰੀਮਾਨ?
ਤਾਂ ਜੁਆਬ ਮਿਲਦਾ ਹੈ
ਦੋ ਚਾਰ ਸਾਲ ਬਾਅਦ ਘੜੀ ਬਦਲਣੀ ਚਾਹੀਦੀ ਹੈ

ਪੁਰਾਣੀ ਦੀ ਮੁਰੰਮਤ ਨਾਲੋਂ, ਨਵੀਂ ਸਸਤੀ ਪੈਂਦੀ ਹੈ
ਕਿਉਂਕਿ ਮੁਕਾਬਲੇ ਦਾ ਜ਼ਮਾਨਾ ਹੈ।
ਤੇ ਮੈਨੂੰ ਯਾਦ ਆਉਂਦੀ ਹੈ
ਆਪਣੀ ਉਸ ਮਜ਼ਬੂਤ ਕਾਠੀ ਦੀ
ਜਿਸ ਬਾਰੇ ਕੌਡੀ ਖੇਡਦਿਆਂ
ਬਾਪੂ ਕਿਹਾ ਕਰਦਾ ਸੀ
ਬੰਦੇ ਦੀ ਕਾਠੀ ਚੰਗੀ ਹੋਵੇ
ਤਾਂ ਉਹ ਸੌ ਸਾਲ ਨਹੀਂ ਮਰਦਾ।

ਪਰ ਇੱਥੇ ਤਾਂ ਮੇਰਾ ਜਿਸਮ
ਹਮੇਸ਼ਾਂ ਥੱਕਿਆ ਰਹਿੰਦਾ ਹੈ
ਚਿੰਤਾ, ਸਟਰੈੱਸ ਤੇ ਹੋਰ ਸਟਰੈੱਸ ਨਾਲ
ਤੇ ਇੱਥੇ ਤਾਂ ਮੁਕਾਬਲੇ ਦਾ ਜ਼ਮਾਨਾ ਹੈ
ਤੇ ਟੁੱਟ ਗਈ ਜਦੋਂ ਮੇਰੇ ਜਿਸਮ ਦੀ ਇਹ ਘੜੀ
ਕੀ ਹੋਵੇਗਾ ਮੇਰਾ ਹਾਲ?
ਪ੍ਰਸ਼ਨ ਚਿੰਨ੍ਹ ਚਲਦਾ ਹੈ ਮੇਰੇ ਨਾਲ ਨਾਲ।

ਜੇਲ੍ਹ ਵਿਚ ਸੂਰਜ

ਜੇਲ੍ਹ ਵਿਚ ਸੂਰਜ ਉਸ ਤਰ੍ਹਾਂ ਨਹੀਂ ਚੜ੍ਹਦਾ
ਜਿਵੇਂ ਕੈਲੇਫੋਰਨੀਆਂ ਦੀਆਂ ਪਹਾੜੀਆਂ ਪਿੱਛੇ ਸੂਰਜ
ਕਿਸੇ ਨ੍ਹੇਰੀ ਦੇ ਆਉਣ ਤੋਂ ਪਹਿਲਾਂ ਦੇ ਸੰਨਾਟੇ ਵਾਂਗ
ਕਿਰਨਾਂ ਬਖੇਰਦਾ ਹੈ।

ਜੇਲ੍ਹ ਵਿਚ ਸੂਰਜ ਡਿਪਟੀ ਦੀਆਂ ਅੱਖਾਂ
ਤੇ ਬੰਦੂਕ ਤੋਂ ਡਰਦਾ
ਸੈੱਲ ਤੋਂ ਬਾਹਰ ਹੀ ਕਿਧਰੇ
ਜਾਂ ਫਿਰ ਅਠਵੀਂ ਮੰਜ਼ਿਲ ਦੇ ਸੀਮਿੰਟ 'ਚ
ਦਮ ਤੋੜ ਜਾਂਦਾ ਹੈ।

ਕੇਵਲ ਥੱਕੀਆਂ ਹੋਈਆਂ ਟਿਊਬ ਦੀਆਂ ਰੋਸ਼ਨੀਆਂ
ਮੈਨੂੰ ਇੰਜ ਮਿਲਦੀਆਂ ਹਨ
ਜਿਵੇਂ ਮਾਈ ਪੁੰਨੋ ਦੀ ਘਾਹ ਦੀ ਭਾਰੀ ਪੰਡ
ਮਿੰਬਰਾਂ ਦੇ ਗੱਡੇ ਨੂੰ ਉਡੀਕਦੀ ਹੈ।
ਜੇਲ੍ਹ 'ਚ ਘੜੀ ਤੇ ਸਮਾਂ ਅਲੋਪ ਹੁੰਦੇ ਹਨ
ਪਾਰਦਰਸ਼ੀ ਸ਼ੀਸ਼ਿਆਂ ਤੋਂ ਪਰੇ
ਦਿਨ ਇੰਜ ਮਰ ਜਾਂਦਾ ਹੈ
ਜਿਵੇਂ ਕਿਸੇ ਗੁਰੀਲੇ ਦਾ ਮਾਂ ਵੱਲ ਲਿਖਿਆ ਖ਼ਤ
ਸੈਂਸਰ ਦੀ ਜੱਕੋਤੱਕੀ ਦੀਆਂ
ਦਰਾਜਾਂ 'ਚ ਹੀ ਦਮ ਤੋੜ ਜਾਂਦਾ ਹੈ।

ਜੇਲ੍ਹ 'ਚ ਕੈਦੀਆਂ ਦੇ ਚਿਹਰੇ ਤੋਂ ਹੀ ਤੁਸੀਂ
ਡੁੱਬ ਰਹੇ ਸੂਰਜ ਦੀ ਕਲਪਨਾ ਕਰਦੇ ਹੋ

ਟੈਲੀਫੋਨ ਤੋਂ ਰੋਜ਼ ਕੈਦੀ ਗੱਲਬਾਤ ਤੋਂ ਬਿਨਾਂ
ਇਹ ਪੁੱਛਣਾ ਨਹੀਂ ਭੁੱਲਦੇ
ਕਿ ਅੱਜ ਦਾ ਦਿਨ ਕੈਸਾ ਹੈ?
ਯਾਨੀ ਸੂਰਜੀ ਦਿਨ
ਜਾਂ ਮਰੇ ਹੋਏ ਕੈਦੀ ਦੀ ਲਾਸ਼ ਵਰਗਾ।

ਹਰ ਪੇਸ਼ੀ ਵਾਲ਼ੇ ਦਿਨ ਕੈਦੀਆਂ ਦੇ ਚਿਹਰੇ
ਬਾਹਰ ਸੂਰਜ ਦੀਆਂ ਕਿਰਨਾਂ
ਤੇ ਕਿਰਨਾਂ ਵਰਗੇ ਹੁਸਨ ਨੂੰ ਤਲਾਸ਼ਦੇ ਹਨ
ਪੇਸ਼ੀ ਤੋਂ ਬਾਅਦ ਹਰ ਕੈਦੀ ਦਾ ਚਿਹਰਾ
ਝੀਲ 'ਚ ਰੁੜ੍ਹ ਰਹੇ ਸੁੱਕੇ ਪੱਤੇ ਵਾਂਗ ਹੁੰਦਾ ਹੈ
ਜੀਹਨੂੰ ਹੁਣ ਕੋਈ ਵੀ ਸੂਰਜ
ਹਰਿਆ ਨਾ ਕਰ ਸਕੂ।

ਰੱਬ, ਮੌਤ ਤੇ ਲੰਮੀ ਇਕਾਂਤ ਦਾ ਡਰ
ਹਰ ਕੈਦੀ ਦੇ ਚਿਹਰੇ ਤੇ ਇੰਜ ਫੈਲਦਾ ਹੈ
ਜਿਵੇਂ ਧੁੱਪ 'ਚ ਤਪੀ ਸੜਕ 'ਤੇ
ਲੁੱਕ ਪਿਘਲਦੀ ਹੈ।

ਦੁਨੀਆਂ ਦੀ ਕਿਸੇ ਵੀ ਖ਼ਬਰ ਨਾਲ਼ੋਂ ਵੱਧ
ਫ਼ੈਸਲੇ ਦਾ ਦਿਨ ਕੈਦੀ ਦਾ ਲਹੂ ਪੀਂਦਾ ਹੈ
'ਤੇ ਇਨ੍ਹਾਂ ਘੜੀਆਂ 'ਚ ਹੀ ਉਹ
ਰੱਬ ਮੂਹਰੇ ਗਿੜਗੜਾਉਂਦਾ ਹੈ
ਤੇ ਇੰਜ ਸੋਚਾਂ 'ਚ ਦਮ ਤੋੜਦੇ
ਸੂਰਜ ਉਹਦੇ ਚਿਹਰੇ 'ਤੇ
ਪੀਲੀ ਜਹੀ ਧੁੱਪ ਲੈ ਕੇ ਚੜ੍ਹਦਾ ਹੈ।

ਤੇਰੇ ਬਿਨਾਂ

ਤੂੰ ਜਦ ਵੀ ਆਉਂਦੀ ਏਂ
ਅੰਦਰ ਅੱਗ ਜਹੀ ਲਾ ਦਿੰਦੀ ਏਂ

ਤੇਰੇ ਬਿਨਾਂ
ਉਂਜ ਭਲਾ ਕੀ ਹੈ?
ਬਿਰਖ਼ਾਂ ਦੀਆਂ ਟੀਸੀਆਂ ਤੇ ਉਤਰ ਰਹੀ ਇਹ ਸ਼ਾਮ
ਪਹਾੜੀਆਂ ਦੀ ਸੰਨ੍ਹ ਵਿਚਕਾਰ
ਮਰ ਗਿਆ ਉਹ ਦਿਨ
ਜਾਂ ਅਤੀਤ ਦੇ ਕਿਸੇ ਉਦਾਸ ਪਲ ਦਾ ਹਉਕਾ।

ਤੇਰੇ ਬਿਨਾਂ, ਉਂਜ ਭਲਾ ਕੀ ਹੈ?
ਪਹਾੜੀ ਦੇ ਸਿਖ਼ਰਾਂ 'ਤੇ ਡੋਲਦੀ ਜੇਹੀ ਰਾਤ
ਮਰ ਗਏ ਹੰਝੂ ਦੀ ਲਾਸ਼।

ਤੇਰੇ ਬਿਨਾਂ ਭਲਾ ਕੀ ਹੈ?
ਕਿਸੇ ਵੀ ਸੋਹਣੀ ਕੁੜੀ ਦੀ ਖ਼ਾਮੋਸ਼ ਤੱਕਣੀ
ਤੇ ਧੁੰਦਲੇ ਪ੍ਰਛਾਵਿਆਂ 'ਚ ਲੁਕ ਰਿਹਾ ਚੰਨ
ਤੇਰੇ ਬਿਨਾਂ
ਅਸਲ ਵਿਚ ਕੁਝ ਵੀ ਨਹੀਂ ਹੈ
ਇਹ ਸੁੱਕਣੇ ਪਈ ਰਾਤ
ਜਾਂ ਮੱਸਿਆ ਵਾਂਗ ਮਸੋਸਿਆ ਜਿਹਾ
ਮੇਰਾ ਇਹ ਦਿਲ।

ਪਾਸ਼ ਨੂੰ ਯਾਦ ਕਰਦਿਆਂ

ਉਨ੍ਹਾਂ ਸੂਰਜ ਕਤਲ ਕੀਤਾ ਹਰ ਵਾਰ ਹੀ ਹਨੇਰੇ ਹਨੇਰੇ
ਚੰਦਰੇ ਸੁਪਨੇ ਦੀ ਪੈੜ ਜਾਗਦੀ ਹਨੇਰੇ ਹਨੇਰੇ
ਤੂੰ ਹਿਟਲਰ ਦੀ ਨਸਲ ਹੈਂ ਬਸ ਹਨੇਰੇ ਹਨੇਰੇ
ਮਾਸੂਮਾਂ ਦਾ ਖ਼ੂਨ ਡੁੱਲ੍ਹਿਆ ਹੈ ਹਰ ਹਨੇਰੇ ਹਨੇਰੇ
ਹੱਥਕੜੀਆਂ ਦੇ ਜੰਗਲ ਜਾਗਦੇ ਨੇ ਹਨੇਰੇ ਹਨੇਰੇ
ਉਹ ਕਹਿੰਦੇ ਮੁਕਤੀ ਹਾਂ ਅਸੀਂ ਬਸ, ਹਨੇਰੇ ਹਨੇਰੇ
(ਪਰ) ਉਨ੍ਹਾਂ ਦੇ ਕਾਰੇ ਮਿਲਦੇ ਅਸਲ 'ਚ ਹਨੇਰੇ ਹਨੇਰੇ
ਇਸੇ ਲਈ ਯੋਧੇ ਸਾਡੇ ਮਾਰੇ ਉਨ੍ਹਾਂ ਹਨੇਰੇ ਹਨੇਰੇ
ਪਿੰਡ ਤੇ ਸ਼ਹਿਰ ਵੀ ਡਰ ਗਏ ਹਨ ਹਨੇਰੇ ਹਨੇਰੇ
ਹੱਸਦੇ ਪੰਜਾਬ ਨੂੰ ਉੱਥੂ ਆ ਗਿਆ ਹਨੇਰੇ ਹਨੇਰੇ
ਆ ਘੇਰਿਆ ਮੌਤ ਅਲਾਹਣੀਆਂ ਹਨੇਰੇ ਹਨੇਰੇ।

ਤੇਈ ਮਾਰਚ ਦਾ ਦਿਨ ਆ ਗਿਆ ਸਵੇਰੇ ਸਵੇਰੇ
ਨਵੇਂ ਰੰਗ ਫ਼ਿਜ਼ਾ ਵਿਚ ਘੁਲ਼ ਗਏ ਸਵੇਰੇ ਸਵੇਰੇ
ਤੂੰ ਤਾਰਾ ਚੜ੍ਹਿਆ ਨਵੀਂ ਉਸ਼ੇਰ ਦਾ ਸਵੇਰੇ ਸਵੇਰੇ
ਧੁੰਦ ਧਰਤੀ ਦੀ ਦੂਰ ਹੋ ਰਹੀ ਹੈ ਸਵੇਰੇ ਸਵੇਰੇ
ਤੇਰੀਆਂ ਸੋਚਾਂ ਦੇ ਦਿਨ ਟਹਿਕ ਪਏ ਸਵੇਰੇ ਸਵੇਰੇ
ਲੋਕਾਂ ਦੇ ਸੰਘਣੇ ਜੰਗਲ ਜਾਗ ਪਏ ਹਨ ਸਵੇਰੇ ਸਵੇਰੇ
ਤੁਹਾਨੂੰ ਯਾਦ ਕਰਦੇ ਹਾਂ ਅਸੀਂ ਸਭ ਸਵੇਰੇ ਸਵੇਰੇ
ਸ਼ਹੀਦੋ! ਤੁਸੀਂ ਹੀ ਭਾਰਤ ਦੇ ਅਰਥ ਹੋ ਸਵੇਰੇ ਸਵੇਰੇ।

ਆਪਣੀ ਧੁੱਪ

ਬੜੇ ਰਾਹ ਸਨ
ਜੋ ਮੇਰੇ ਪੈਰਾਂ ਨੂੰ ਤਰਸਦੇ
ਪਰ ਮੈਂ ਤਾਂ ਆਪਣੀ
ਧੁੱਪ 'ਚ ਸੜ ਰਿਹਾ ਸਮੁੰਦਰ ਸਾਂ।

ਜਿਸ ਲਈ ਨਾ ਰਾਤਾਂ ਆਪਦੀਆਂ ਸਨ
ਨਾ ਸਮਾਂ, ਨਾ ਦਿਨ, ਨਾ ਤਿੱਥ, ਨਾ ਵਾਰ
ਮੇਰੇ ਜਿਸਮ 'ਤੇ
ਬਿਰਖਾਂ ਦੇ ਪਰਛਾਵੇਂ ਫੈਲ ਰਹੇ ਹਨ
ਕਦੇ ਇਹ ਘੋੜੇ ਵਾਂਗ ਦੌੜਦੇ ਹਨ
ਤੇ ਕਦੇ ਚੱਲ ਰਹੇ ਖੂਹ ਦੇ ਕੁੱਤੇ ਦੀ
ਟਿੱਕ ਟਿੱਕ ਵਾਂਗ ਬੋਲਦੇ ਹਨ।

ਖੋਪੇ ਲੱਗੇ ਬਲਦਾਂ ਵਾਂਗ
ਮੈਂ ਜ਼ਿੰਦਗੀ ਦੀ ਸੜਕੇ ਤੁਰ ਰਿਹਾ ਹਾਂ
ਛਿੱਕੇ ਦਿੱਤੇ ਪਸ਼ੂਆਂ ਵਾਂਗ
ਮੈਂ ਹਰ ਕਾਸੇ ਨੂੰ ਨਿਹਾਰਦਾ ਹਾਂ
ਮੈਲ਼ੀਆਂ ਰੀਝਾਂ ਦੀਆਂ ਉਹ ਸੜਕਾਂ
ਜਿਨ੍ਹਾਂ 'ਤੇ ਮੈਂ ਹਨੇਰੇ ਖ਼ਿਆਲ ਲੈ ਕੇ ਤੁਰਿਆ
ਕਦੋਂ ਦੀਆਂ ਮਰ ਖਪ ਗਈਆਂ ਹਨ।

ਜਿਵੇਂ ਅੱਧੀ ਰਾਤ
ਚੰਨ ਦੇ ਚਾਨਣੇ ਵਿਚ ਚਲਦੀ ਹੈ
ਮੇਰੇ ਬੁੱਲ੍ਹ ਤੇਰੇ ਚੁੰਮਣ ਦੇ ਤਿਹਾਏ ਹਨ
ਪਰ ਹਰ ਸਹਿਰਾ ਦੇ ਕਰਮਾਂ ਵਿਚ
ਸਦਾ ਬਰਸਾਤ ਨਹੀਂ ਹੁੰਦੀ।

ਪਿਛਲੇ ਸਾਲ

ਪਿਛਲੇ ਸਾਲ ਜੋ ਸਾਵਣ ਤੋਂ ਵਿਰਵੇ ਰਹਿ ਗਏ
ਉਹ ਮੇਰੇ
ਮਾਂ ਟਰੇਸਾ ਵਰਗੇ ਬਾਂਸ ਸਨ
ਜੋ ਮੰਜੇ ਤਾਂ ਬਣ ਸਕਦੇ ਹਨ
ਪਰ ਝੰਡੇ ਦਾ ਗੀਤ ਨਹੀਂ।

ਜਿਨ੍ਹਾਂ ਲਈ ਇਕੱਲਤਾ ਦੇ ਸੱਪਾਂ ਬਿਨਾ
ਕੋਈ ਘਰ ਜਾਂ ਸਾਥੀ ਨਹੀਂ
ਉਂਜ ਮੈਂ ਜਦ ਵੀ ਇਕੱਲਤਾ ਨਾਲ ਲੜਿਆ ਹਾਂ
ਤਾਂ ਕਿਤਾਬਾਂ ਮੇਰਾ ਬੋਝਾ ਫਰੋਲਦੀਆਂ ਹਨ
ਦੇਸ਼ ਦੇ ਰਿਸਾਲੇ ਨਾਸ਼ਤਾ ਮੰਗਦੇ ਹਨ
ਦੁਪਹਿਰ ਸਮਤਾ ਦੀ ਉਡੀਕ ਵਿਚ
ਰੋਹਲੇ ਬਾਣ ਹੋ ਜਾਂਦੀ ਹੈ।
ਅਤੇ ਪਿਛਲੇ ਸਾਲ
ਮੈਂ ਖਾਣ ਤੋਂ ਸਿਵਾ
ਜੀਉਣ ਲਈ ਕੁਝ ਵੀ ਨਹੀਂ ਕੀਤਾ।

ਤੂੰ ਮੇਰੇ ਕੋਲ਼ ਹੈਂ

(ਨਵਦੀਪ ਲਈ)

ਤੂੰ ਕੋਈ ਆਈਫ਼ਲ ਟਾਵਰ 'ਤੇ ਨਹੀਂ ਹੈਂ
ਨਵਦੀਪ!
ਤੂੰ ਕਿਤੇ ਵੀ ਜਾ
ਜਿਸ ਵੀ ਮਰਜ਼ੀ ਬੱਦਲ ਉਹਲੇ ਲੁਕ
ਜਿਸ ਵੀ ਮਰਜ਼ੀ ਪਰਛਾਵੇਂ ਮਗਰ ਭੱਜ
ਜਿਹੜੀ ਵੀ ਚਾਹੇਂ
ਉਸ ਪਹਾੜੀ ਦੇ ਪੈਰਾਂ 'ਚ ਸਮਾ
ਤੂੰ ਮੇਰੇ ਕੋਲੋਂ
ਭੱਜ ਹੀ ਨਹੀਂ ਸਕਦੀ।

ਹਰ ਰੋਜ਼ ਪਹਿਨਦੀ ਏਂ ਤੂੰ
ਬੱਦਲਾਂ ਦੀਆਂ ਵੰਗਾਂ
ਤੇ ਚਾਨਣੀ ਦੇ ਖ਼ੂਬਸੂਰਤ ਕਲੀਰੇ
ਗੀਤਾਂ ਦੀ ਬੰਸਰੀ ਤੇਰੇ ਹੋਠਾਂ ਤੋਂ ਪਰੇ
ਦੂਰ ਪਹਾੜੀ ਦੀ ਨੀਵਾਣ ਵਲ ਵਧਦੀ ਹੈ।

ਰਸਤੇ ਵਿਚ ਪਾਈਨਾਂ ਦੇ ਬਿਰਖ਼
ਤੈਨੂੰ ਛੂਹ ਕੇ ਆਉਣ ਵਾਲੀ ਹਵਾ ਦੀ ਗੰਧ ਨਾਲ
ਸ਼ਰਾਬੀ ਹੋਏ ਫਿਰਦੇ ਹਨ।
ਮੈਂ ਪਾਈਨ ਬਿਰਖ਼ਾਂ ਨੂੰ ਚੁੰਮਦਾ ਹਾਂ
ਇਸੇ ਲਈ ਮੈਂ ਕਹਿੰਦਾ ਹਾਂ
ਤੂੰ ਮੇਰੇ ਕੋਲ਼ੋਂ
ਭੱਜ ਹੀ ਨਹੀਂ ਸਕਦੀ।

ਕੈਦੀਆਂ ਦਾ ਥੈਂਕਸ ਗਿਵਿੰਗ ਡੇ

ਇੰਜ ਹੀ ਇਕੱਲੇ ਕਮਰੇ 'ਚ ਬੈਠ
ਉਹ ਉਦਾਸੀ ਦੀ ਬੁੱਕਲ 'ਚ ਰੋਣਗੇ
ਅਤੇ ਬੰਦ ਕਮਰੇ 'ਚ ਕੀਤਾ ਸਫ਼ਰ
ਉਨ੍ਹਾਂ ਦੇ ਹੰਝੂਆਂ ਦੀ ਦਾਸਤਾਨ ਲਿਖੇਗਾ
ਜਿਨ੍ਹਾਂ ਨੂੰ ਜ਼ਿੰਦਗੀ ਨੇ
ਇਕ ਪਾਸੇ ਛੱਡ ਦਿੱਤਾ ਹੈ
ਗਲ਼ੇ ਹੋਏ ਪੱਤੇ ਦੇ ਵਾਂਗ।

ਟੀ. ਵੀ. 'ਤੇ ਉਹ ਦੇਖਦੇ ਹਨ
ਅਵੈਜ਼ਲਿਸਟ ਬੇਕਰ ਤੇ ਟੇਮੀ ਦਾ ਕਿਰਦਾਰ
ਇਰਾਨ ਕੌਂਟਰਾ ਅਫ਼ੇਅਰ 'ਚ ਰੰਗੇ ਹੋਏ
ਹੱਥਾਂ ਵਿਚ ਵਿਲਕਦੀ ਹੋਈ ਸ਼ਾਮ
ਸਵਿੱਸ ਬੈਂਕਾਂ ਵਿਚ
ਬੁੱਢਾ ਹੋ ਰਿਹਾ ਡਾਲਰ।

ਉਹ ਮੁਸਕਰਾ ਕੇ
ਵੇਟ ਪਾਇਲ ਵਲ ਵਧਦੇ ਹਨ।

ਐਲਬਮ 'ਚ ਲੱਗੀਆਂ ਫ਼ੋਟੋਆਂ ਨੂੰ ਦੇਖ
ਉਨ੍ਹਾਂ ਦੀ ਗ਼ੈਰ ਹਾਜ਼ਰੀ 'ਚ ਜੁਆਨ ਹੋਏ
ਬਾਲਾਂ ਨੂੰ ਜਦੋਂ ਉਹ ਦੇਖਦੇ ਹਨ
ਤਾਂ ਉਨ੍ਹਾਂ ਦੀ ਨਜ਼ਰ ਦਾ ਕੱਦ ਹੋਰ ਘਟਦਾ ਹੈ
ਅਤੇ ਥੈਂਕਸ ਗਿਵਿੰਗ ਡੇ 'ਤੇ ਬਣਿਆ ਟਰਕੀ
ਉਨ੍ਹਾਂ ਦੇ ਮੂੰਹਾਂ 'ਚ ਫ਼ੈਲਦਾ ਹੈ।

ਤੇਰੇ ਜਾਣ ਬਾਅਦ

ਤੇਰੇ ਜਾਣ ਬਾਅਦ ਮੈਂ ਸੁਣਿਆਂ ਹੈ
ਸਵੇਰ ਦੀ ਚੁੱਪ ਝਾਂਜਰ ਨੂੰ
ਲੋਕਾਂ ਦੇ ਸਮੂਹ ਦੀਆਂ ਬੇਸੀਸ ਆਵਾਜ਼ਾਂ ਨੂੰ।

ਤੇਰੇ ਜਾਣ ਬਾਅਦ
ਦੁਪਹਿਰ ਆਪਣੀ ਪੰਜਾਲੀ
ਮੇਰੀਆਂ ਯਾਦਾਂ ਦੇ ਉਦਾਸੇ ਹੋਏ
ਬਲਦਾਂ ਗਲ਼ ਜੋੜਦੀ ਹੈ।

ਗਿੱਲੀਆਂ ਸਰਦਲਾਂ ਤੇ ਸ਼ਾਮ ਵੀ
ਤੇਰੇ ਬਿਨਾਂ ਆਉਣ ਤੋਂ ਡਰਦੀ ਹੈ
ਰੈਕ ਤੇ ਪਈ ਰਿਚਾ ਦੀ ਫੋਟੋ ਵੀ
ਮੇਰੇ ਨਾਲ ਸੰਵਾਦ ਨਹੀਂ ਕਰਦੀ।

ਮਨ ਅਜੇ ਵੀ ਕਹਿਰ ਦੀ ਕਾਂਗ
ਵਾਂਗ ਧੜਕਦਾ ਹੈ
ਘਰ ਦੀਆਂ ਇੱਟਾਂ ਤੇ ਕੰਮਾਂ ਕਾਰਾਂ ਦੀ ਲੜੀ
ਇੰਜ ਵੀ ਉਦਾਸ ਹੋ ਜਾਊ
ਤੇਰੇ ਜਾਣ ਬਾਅਦ
ਮੈਂ ਕਦੇ ਨਹੀਂ ਸੀ ਚਿਤਵਿਆ।

ਚੌਰਸਤਾ

ਰਾਜਧਾਨੀ ਦਾ ਰਾਹ
ਚੌਰਸਤਿਆਂ ਨਾਲ ਭਰਿਆ ਪਿਆ ਸੀ
ਇਕ ਰਾਹ 'ਤੇ ਸੰਘਣੇ ਹਨੇਰੇ ਜੇਹੇ ਫ਼ਨੀਅਰ ਸਨ
ਦੂਜਾ ਰਾਹ ਵੋਟਾਂ ਦੀ ਛਾਂ ਹੇਠ ਲੁਕਿਆ ਖੜਾ ਹੈ
ਤੀਜੇ ਰਾਹ 'ਤੇ ਅਰਸਤੂ ਤੇ ਲੈਨਿਨ ਖੜੇ ਹਨ
ਜਿਨ੍ਹਾਂ ਕੋਲ਼ ਆਰਾਂ ਲੱਗੇ ਛਾਂਟੇ ਹਨ।

ਅਤੇ ਮੈਂ ਟੱਬਰ ਤੋਂ ਸਿਆਸਤ ਵਲ ਵਧਦਾ ਹਾਂ
ਤਾਂ ਅੱਗੇ ਮਲੂਕ ਜਿਹਾ ਮੂੰਹ ਲੈ ਕੇ ਬੀਵੀ ਖੜੀ ਹੈ
ਮਾਂ ਦਾ ਚਿਹਰਾ ਚਿੰਤਾਵਾਨ ਹੈ
ਕਿ ਕਿਤੇ ਮੇਰਾ ਪੁੱਤਰ
ਚੌਥੇ ਰਾਹ ਨਾ ਤੁਰ ਪਵੇ
ਚੌਥਾ ਰਾਹ ਜੋ ਭਗਤ ਸਿੰਘ ਤੇ ਪਾਸ਼ ਦਾ ਰਾਹ ਹੈ
ਹੱਕ ਦਾ ਰਾਹ ਹੈ
ਸੱਚ ਦਾ ਰਾਹ ਹੈ।

ਇਕ ਨਾ ਇਕ ਦਿਨ
ਇਹ ਚੌਰਸਤਾ ਮੈਂ ਲੰਘਾਂਗਾ
ਹਾਲੇ ਤਾਂ ਮੈਂ ਘਰ ਦੀਆਂ ਨੀਹਾਂ ਵਿਚ
ਹੀ ਸੁੱਤਾ ਹਾਂ।

ਕਦੇ ਕਦੇ ਪਰ ਸਰਦਲ ਵੱਲ ਨੂੰ
ਤੱਕ ਲੈਂਦਾ ਹਾਂ
ਜੀਣ ਜਿਹਾ ਬਸ ਹੋ ਜਾਂਦਾ ਹਾਂ।

ਜੇ ਭਲਾ

ਜੇ ਭਲਾ ਮੇਰੇ ਕੋਲ ਰਹਿਣ ਲਈ
ਕੋਈ ਅਸਮਾਨ ਹੋਵੇ
ਪਰ ਕੀ ਕਰਾਂ?

ਕੰਮ ਤਾਂ ਮੇਰੀ ਖੁਰਲੀ ਹੈ
ਅਹੁ ਜੋ ਚਮਕਦਾ ਚੰਨ ਹੈ
ਕਵਿਤਾ ਦੀਆਂ ਮੀਢੀਆਂ ਦਾ ਸਿਰਦਾਰ
ਰੋ ਰਹੇ ਬੱਚਿਆਂ ਤੋਂ ਹੈ
ਕਿੰਨਾ ਬੇਖ਼ਬਰ।
ਮੇਰੇ ਅੰਦਰੋਂ ਉੱਠਦੀਆਂ ਅਸੰਖ ਆਵਾਜ਼ਾਂ ਤੋਂ
ਅਹੁ ਛੁਪ ਰਿਹਾ ਸੂਰਜ
ਕਿੰਨਾ ਬੇਨਿਆਜ਼ ਹੈ।

ਘਰ ਦੀਆਂ ਕਿਸ਼ਤਾਂ ਮੂਹਰੇ
ਗਿੜਗੜਾਉਂਦੇ ਹੋਏ ਮੇਰੇ ਸਾਹ
ਦਰਾਮ ਕੁ ਪੀਣ ਦੇ ਭੋਗ ਵਰਗੇ ਸੁਖ ਨੂੰ ਹੀ
ਮੰਜ਼ਿਲ ਸਮਝੀ ਖੜੇ ਹਨ
ਜੀਹਨੂੰ ਬੀਵੀ ਦੀਆਂ ਝਿੜਕਾਂ ਵੀ
ਕਦੇ ਕਦੇ ਤੋੜ ਦਿੰਦੀਆਂ ਹਨ।

ਅਸੀਂ ਭੀੜ ਵਿਚ ਵੀ
ਬਰਾਨੀ 'ਚ ਹਿੱਲਦੇ ਬਾਜਰੇ ਜੇਹੇ 'ਕੱਲੇ ਹਾਂ
ਜੀਅ ਤਾਂ ਬਹੁਤ ਕਰਦਾ ਹੈ

ਆਵਾਗਵਣ ਦੇ ਚੱਕਰਾਂ 'ਚ ਫਸੀ
ਇਸ ਜਾਨ ਨੂੰ ਮੁਕਤ ਕਰੀਏ।
ਪਰ ਹਾਇ! ਇਹ ਗੈਸ 'ਤੇ ਭੁੱਜਦੇ
ਚੌਲਾਂ ਤੇ ਸਵੀਟ ਪੀਜ਼ ਦੀ ਖ਼ੁਸ਼ਬੋ
ਤੇ ਲਾਅਨ ਵਿਚ
ਬਾਰਬੀਕਿਊ ਹੋ ਰਹੇ ਚਿਕਨ ਦੀ ਗੰਧ
ਮੁੜ ਮੈਨੂੰ ਉਸੇ ਘਰ ਵਲ ਲੈ ਆਉਂਦੀ ਹੈ
ਜਿੱਥੇ ਮੈਂ ਨਾ ਚਾਹੁੰਦੇ ਹੋਏ ਵੀ
ਪਿਛਲੇ ਤਰਤਾਲੀ ਸਾਲਾਂ ਤੋਂ
ਬੀਤ ਰਿਹਾ ਹਾਂ।

ਤੇਰੇ ਨਾਲ਼

ਤੇਰੇ ਲਈ ਮੈਂ ਕਿੰਨੀਆਂ ਸਵੇਰਾਂ ਸਾਂਭ ਰੱਖੀਆਂ
ਤੂੰ ਜਾਣ ਵੀ ਨਹੀਂ ਸਕਦੀ
ਤੇਰੇ ਲਈ ਕਿੰਨੀਆਂ ਆਡਾਂ ਦਾ ਚਲਦਾ ਪਾਣੀ
ਮੈਂ ਪਵਿੱਤਰ ਸਮਝ ਮੋੜਦਾ ਰਿਹਾ
ਤੂੰ ਕੀ ਜਾਣੇ?

ਤੇਰੇ ਲਈ ਮੈਂ
ਨਿੰਮਾਂ ਤੇ ਬੋਹੜਾਂ ਦੀਆਂ ਛਾਵਾਂ
ਸਾਂਭ ਸਾਂਭ ਰਖਦਾ ਰਿਹਾ
ਤੈਨੂੰ ਯਾਦ ਕਰਦਿਆਂ
ਦੂਰ ਆਪਣੇ ਖੇਤਾਂ 'ਚ ਪੱਠੇ ਵੱਢਦਿਆਂ
ਬੇਧਿਆਨੇ ਕਿੰਨੀ ਵਾਰ ਦਾਤਰੀ
ਮੇਰੇ ਹੱਥਾਂ 'ਚ ਵੱਜੀ
ਤੇ ਮੂਤ ਨਾਲ ਕਿੰਨੀ ਵਾਰੀ ਮੈਂ ਉਂਗਲੀ ਭੇਈਂ
ਤੂੰ ਕੀ ਜਾਣੇ?

ਪਰ ਜਦੋਂ ਹਵਾ ਨਾਲ
ਰਾਤਾਂ ਨੂੰ ਬਿਰਖ਼ਾਂ ਦੇ ਸੁੱਤੇ ਪਏ ਪੱਤਰ ਹਿੱਲੇ
ਤਾਂ ਤੂੰ ਮੇਰੇ ਨਾਲ ਤੁਰ ਆਈ
ਚੁੱਪ ਚਾਪ
ਜਿਵੇਂ ਕੋਈ ਖ਼ੁਸ਼ਬੋ
ਚੜ੍ਹ ਰਹੇ ਸੂਰਜ ਦੀ ਟਿੱਕੀ ਨੂੰ ਮਿਲਦੀ ਹੈ।

ਕਵਿਤਾ

ਕਵਿਤਾ ਤੁਰਦੇ ਬੋਲਾਂ ਦਾ ਵਿਸਥਾਰ
ਹਰ ਤੁਰਦਾ ਹੋਇਆ ਪਾਣੀ ਕਵਿਤਾ ਹੈ
ਕਵਿਤਾ ਆੜ੍ਹਤ ਦੀਆਂ ਦੁਕਾਨਾਂ ਤੋਂ ਲੈ ਕੇ
ਨਿਸਰੇ ਹੋਏ ਝੋਨੇ ਦੀਆਂ ਮੁੰਜਰਾਂ ਤਕ ਪਸਰੀ ਪਈ ਹੈ।

ਕਵਿਤਾ ਆਦਮੀ ਦੇ ਅੰਦਰ ਦੇ ਝੂਠ ਤੋਂ ਚੱਲ ਕੇ
ਆਪਣੇ ਸ਼ੀਸ਼ੇ ਮੂਹਰੇ ਹੋਣ ਦਾ ਅਹਿਸਾਸ ਹੈ
ਕਵਿਤਾ ਕਦੇ ਗੇਂਦ ਗੀਟੇ ਖੇਡਦੀ
ਕਿੱਕਲੀ ਕਲੀਰ ਵਲ ਭੱਜਦੀ ਹੈ
ਰਿਕਸ਼ੇ 'ਤੇ ਝੁਕੇ ਹੱਥ
ਅਤੇ ਹਾੜੀ ਸੌਣੀ ਦਾ ਹਿਸਾਬ ਕਵਿਤਾ ਹੈ।

ਅੱਜ ਕੱਲ੍ਹ ਕਵਿਤਾ
ਮੰਦਰ/ਹਰਿਮੰਦਰ ਜਾਣ ਤੋਂ ਡਰਦੀ
ਕਈ ਵਾਰ ਮੈਂ ਤੱਕਿਆ ਕਵਿਤਾ ਨੂੰ ਲਾਚਾਰ
ਵਿਸ਼ਵ ਵਿਦਿਆਲੇ ਦੀਆਂ ਪੌੜੀਆਂ ਚੜ੍ਹਦਿਆਂ।

ਇਸ ਦੁਨੀਆਂ ਦਾ ਅੱਜ ਕਵਿਤਾ ਹੈ
ਕੱਲ੍ਹ ਕਵਿਤਾ ਸੀ, ਪਰਸੋਂ ਵੀ ਕਵਿਤਾ ਹੈ
ਇੱਥੇ, ਉੱਥੇ, ਇਧਰ, ਉਧਰ
ਜਿੱਥੇ ਵੀ ਚੇਤਨ ਦਾ ਆਰੰਭ ਹੈ ਹੋਇਆ
ਸਭ ਕਵਿਤਾ ਹੈ।

ਖ਼ਿਆਲ

ਤੂੰ ਕਿਸੇ ਕੁੜੀ ਦੀ ਅੱਲ੍ਹੜ ਵਰੇਸ ਵਿਚ ਸਾਂਭੇ
ਕੰਵਾਰਪਣ ਦਾ ਅਹੰਮ ਹੈਂ
ਫ਼ਰਵਰੀ ਦੇ ਸੁੱਕੇ ਬੱਦਲ ਵਰ੍ਹ ਰਹੇ ਨੇ ਲਗਾਤਾਰ
ਤੇ ਮੈਂ ਕਮਰੇ ਦੀਆਂ ਛੱਤਾਂ ਦੀ ਓਟ ਹੇਠ ਬੈਠਾ
ਬਰਸਾਤ ਦੇ ਨਕਸ਼ ਤੱਕਦਾ ਹਾਂ।

ਉਹ ਕਿਸੇ ਬਦੀ ਦੀ ਰੂਹ ਹੈ
ਜੋ ਬਾਰ ਬਾਰ ਟੋਕਦੀ ਹੈ ਮੈਨੂੰ
ਜੰਗਲ ਵਲ ਜਾਣ ਤੋਂ
ਸਮੁੰਦਰ ਵਲ ਨਿਕਲਣ ਤੋਂ।
ਜੋ ਚਾਹੁੰਦੀ ਹੈ
ਬਾਰਾਂ ਫੁੱਟ ਕਮਰੇ ਦੀ ਕਬਰ ਨੂੰ ਹੀ ਮੈਂ
ਕਿਉਂ ਸਮਝ ਨਹੀਂ ਲੈਂਦਾ ਪੂਰਾ ਸੰਸਾਰ।
ਜਦੋਂ ਕਿ ਧਰਤ ਤਾਂ
ਮੋਰ ਦੇ ਪੈਰਾਂ ਹੇਠ, ਨਾਚ ਨੂੰ ਵੀ ਜਰਦੀ ਹੈ
ਤੇ ਕਾਤਲ ਦੀਆਂ ਤਲ਼ੀਆਂ 'ਤੇ
ਬੁੱਕ ਰਹੇ ਹਨੇਰੇ ਵਿਚ ਵੀ
ਜਿਸਮ ਦਾ ਭਾਰ ਢੋਂਦੀ ਹੈ।

ਬਸ ਜੇ ਜ਼ਰਾ ਜਿੰਨੀ ਵਿਹਲ ਹੋਵੇ
ਮੈਂ ਜੰਗਲ ਤੇ ਸਮੁੰਦਰ ਵਲ ਜਾਵਾਂ
ਇਹ ਜ਼ਰਾ ਜਿੰਨੀ ਵਿਹਲ
ਪਿਛਲੇ ਬਤਾਲੀ ਸਾਲਾਂ ਤੋਂ ਨਹੀਂ ਮਿਲੀ
ਜਦੋਂ ਕਿ ਦੁੱਖਾਂ ਦੇ ਪਹਾੜ
ਉੱਚੇ ਹੋ ਰਹੇ ਨੇ ਹਰ ਰੋਜ਼-ਧਰਤੀ 'ਤੇ।

ਤਾਸੀਰ

ਕੱਚਿਆਂ ਪਰਵਾਸੀਆਂ ਤੋਂ
ਪੱਕੇ ਬਣਨ ਲਈ
ਇੱਥੋਂ ਦੀਆਂ ਔਰਤਾਂ ਕੀ ਮੰਗਦੀਆਂ ਹਨ?
ਘਰ, ਸੁਰੱਖਿਅਤ ਬੈਂਕ ਖਾਤਾ
ਤੇ ਲੋਹੜੀ ਵਰਗਾ ਸੈਕਸ।
ਉਹ ਚਾਹੁੰਦੀਆਂ ਹਨ
ਰੋਲਜ਼ ਰਾਇਸ ਵਰਗੇ ਸੰਗਮਰਮਰੀ ਦਿਨ
ਡਿਸਕੋ ਦੇ ਮੀਂਹ ਵਿਚ ਭਿੱਜੇ ਹੋਏ।

ਜਦੋਂ ਕਿ ਮੇਰੇ ਪਿੰਡੇ ਤੇ ਰੀਂਘਦਾ ਰਹਿੰਦਾ ਹੈ
ਪਿੰਡੋਂ ਆਏ ਖ਼ਤਾਂ ਦਾ ਸਿਲਸਿਲਾ
ਜਿਸ ਵਿਚ ਤਕਾਵੀ ਦੀ ਕਿਸ਼ਤ
ਔੜ ਵਾਂਗ ਲੰਮੀ ਹੋ ਰਹੀ ਹੈ
ਬੇਬੇ ਦੀ ਖੰਘ ਲਗਾਤਾਰ
ਟੀ. ਬੀ. ਦੇ ਕੈਪਸੂਲ ਬਣ ਰਹੀ ਹੈ।

ਬਹਿ ਗਏ ਬੰਬੀ ਦੇ ਬੋਰ ਦਾ ਦੁੱਖ
ਮੇਰੀ ਸੈਂਕਡ ਹੈਂਡ ਕਾਰ ਦੀਆਂ ਬੀਮਾ ਕਿਸ਼ਤਾਂ ਵਾਂਗ
ਮੇਰੇ ਹੱਥਾਂ 'ਚ ਕਿੱਲਾਂ ਵਾਂਗ ਚੁਭਦਾ ਹੈ
ਅਤੇ ਮਨ ਸੂਲ਼ੀ ਲੱਗੇ ਮਸੀਹੇ ਵਾਂਗ
ਅਮਰਤਾ ਦਾ ਭਰਮ ਵੀ ਪਾਲ ਨਹੀਂ ਸਕਦਾ।

ਮੈਂ ਕਦੋਂ ਜਾਣ ਸਕਦਾ ਹਾਂ
ਕਿ ਚਾਨਣੀ ਰਾਤ
ਕਿੰਜ ਅਛੋਪਲੇ ਜਿਹੇ ਲਿਖ ਜਾਂਦੀ ਹੈ
ਦਿਲ ਦੇ ਦਰਵਾਜ਼ੇ 'ਤੇ ਨਗ਼ਮਾ
ਜਦੋਂ ਕਿ ਮੇਰੇ ਹੱਥ ਲਗਾਤਾਰ ਜ਼ਖ਼ਮੀ ਹਨ
ਬਿੱਲਾਂ ਦੇ ਕੰਡਿਆਂ ਨੂੰ ਚੁਗਦੇ ਚੁਗਦੇ।
ਉਂਜ ਇਨ੍ਹਾਂ ਦਾ ਵੀ ਕੀ ਦੋਸ਼?
ਜਿਸ ਸਭਿਅਤਾ ਦੀ ਸਵੇਰੇ ਇਹ ਜੁਆਨ ਹੋਈਆਂ
ਉਥੇ ਪੈਸਾ ਹੀ ਬੰਦੇ ਦੀ ਪਹਿਚਾਣ ਹੈ।
ਸਾਹ ਨਹੀਂ, ਰਿਸ਼ਤਾ ਨਹੀਂ
ਡਾਲਰ ਹੀ ਬੰਦੇ ਦੀ ਜਾਨ ਹੈ
ਮੁਹੱਬਤ, ਪਿਆਰ, ਘਰ ਬਾਹਰ, ਬੱਚੇ
ਸਭ ਇਸ ਤੋਂ ਕੁਰਬਾਨ ਹੈ।

ਅਤੇ ਮੈਂ ਕਿਹੜਾ ਸੱਚਾ ਹਾਂ
ਗਰੀਨ ਕਾਰਡ ਮਿਲਣ ਵਾਂਗ ਕੱਚਾ ਹਾਂ
ਹਰਾ ਪੱਤਾ ਮਿਲਦੇ ਹੀ ਇਸਨੂੰ ਭੁੱਲ ਜਾਵਾਂਗਾ
ਚਾਲੀਆਂ ਦਾ ਹੋ ਕੇ ਵੀ ਦੇਸੋਂ
ਨਵੀਂ ਨਕੋਰ ਅੱਲ੍ਹੜ ਕੁੜੀ ਲਿਆਵਾਂਗਾ
ਉਹਦੀ ਚੜ੍ਹਦੀ ਜਵਾਨੀ ਦੀ ਉਮਰ ਨੂੰ
ਮੈਂ ਢਲ਼ਦੀ ਨਾਲ ਹੌਲ਼ੀ ਹੌਲ਼ੀ ਖਾਵਾਂਗਾ।

ਅਤੇ ਦੇਸ 'ਚ ਕੁੜੀਆਂ ਦੀ ਕਿਹੜੀ ਮਰਜ਼ੀ ਹੈ
ਉਨ੍ਹਾਂ ਦੀ ਜ਼ਿੰਦਗੀ ਤਾਂ, ਮਾਂ ਬਾਪ ਮੂਹਰੇ ਅਰਜ਼ੀ ਹੈ

ਜੀਹਨੂੰ ਉਹ ਮਨਜ਼ੂਰ ਕਰਨ ਜਾਂ ਨਾਂਹ।
ਧੀ ਤਾਂ ਉਥੇ ਅਜੇ ਵੀ ਮਾਪਿਆ 'ਤੇ ਭਾਰ ਹੈ
ਮੁੰਡਾ ਹੋਵੇ ਤਾਂ ਫੁੱਲ, ਕੁੜੀ ਤਾਂ ਵਿਹੜੇ ਵਿਚ
ਉੱਗਿਆ ਹੋਇਆ ਖ਼ਾਰ ਹੈ, ਦਾਜ ਦਾ ਔਜ਼ਾਰ ਹੈ।
ਧੀ ਤਾਂ ਉਥੇ ਅਜੇ ਵੀ ਗਊ ਹੈ, ਗ਼ਰੀਬ ਹੈ
ਜੀਹਦਾ ਰੱਸਾ ਮੇਰੇ ਅਮਰੀਕਾ ਪੱਕੇ ਹੋਏ ਨੂੰ ਨਸੀਬ ਹੈ।

ਅਸਲ ਵਿਚ ਯਾਰੋ!
ਉੱਥੇ ਵੀ ਤੇ ਇੱਥੇ ਵੀ
ਸਭ ਲੋੜ ਦੇ ਹੀ ਰਿਸ਼ਤੇ ਹਨ
ਤੇ ਲੋੜ ਦੇ ਰਿਸ਼ਤਿਆਂ ਵਿੱਚੋਂ
ਸੱਸੀ ਦੀਆਂ ਪੈੜਾਂ
ਤੇ ਰਾਂਝੇ ਦੀ ਵੰਝਲੀ ਨਹੀਂ ਸੁਣੀਂਦੀ।

ਮਿੱਲੀ ਲਈ

ਮਿੱਲੀ! ਤੂੰ ਅਜਿਹੀ ਨਦੀ ਏਂ
ਜਿਸ ਵਿਚ ਡੂੰਘੇ ਸੁਪਨੇ ਤੈਰਦੇ ਹਨ
ਅਸੀਂ ਇਹ ਯਾਦ ਰੱਖਾਂਗੇ
ਕਿ ਕਿੰਜ ਤੇਰੀਆ ਮੁਸਕਾਨਾਂ ਨੇ
ਕੈਦੀਆਂ ਦੇ ਭੈ ਭੀਤ ਚਿਹਰੇ ਨੂੰ
ਜੀਣ ਵਰਗਾ ਬਲ ਦਿੱਤਾ।

ਨਾ ਮੁਹੱਬਤ ਨਾ ਪਿਆਰ
ਤੂੰ ਦੋਸਤੀ ਦੇ ਫੁੱਲਾਂ ਦੀ
ਸਿਰੇ ਦੀ ਖ਼ੁਸ਼ਬੋ ਏ ਮਿੱਲੀ!
ਅਸੀਂ ਤੇਰੇ ਜਾਣ ਬਾਅਦ
ਖ਼ੁਸ਼ੀ ਨਾਲ ਚੂਰ ਉਹ ਮੁਸਕਾਣਾਂ
ਕਿੱਥੋਂ ਲੱਭਾਂਗੇ?

ਚੰਗੇ ਦਿਨ

ਚੰਗੇ ਦਿਨਾਂ ਦੀ ਉਡੀਕ ਕਰਦਿਆਂ
ਜਦੋਂ ਮੈਂ ਅਤੀਤ ਦੀਆਂ ਸੁਨਹਿਰੀ
ਗੁਫ਼ਾਵਾਂ ਵਿਚ ਵਿਚਰਿਆ
ਤਾਂ ਭਵਿੱਖ ਦੀਆਂ ਪਹਾੜੀਆਂ ਦਾ
ਸੁਨਹਿਰੀ ਸੂਰਜ ਡਲ੍ਹਕ ਰਿਹਾ ਸੀ

ਖ਼ਾਲੀ ਜਿਹੇ ਦਿਨ ਲੰਘਦੇ ਨਹੀਂ ਹਨ
ਆਤਮਾ ਭਾਰ ਢੋਂਦੀ ਹੈ
ਅਣਕੀਤੇ ਗੁਨਾਹਾਂ ਦਾ
ਪਾਦਰੀ ਦਾ ਕਾਲ਼ਾ ਚੋਗਾ
ਮੌਤ ਦੀ ਬੁੱਕਲ ਵਿਚ ਹੱਸਦਾ ਹੈ
ਨਰਕ ਦੀ ਅੱਗ
ਸੰਨਾਟਿਆਂ ਦੀ ਉਦਾਸੀ ਪਹਿਨਦੀ ਹੈ
ਕੁਝ ਵੀ ਨਹੀਂ ਬਚਦਾ
ਸਿਵਾ ਆਪਣੇ ਆਪ ਤੋਂ।

ਅਸਲ ਵਿਚ ਚੰਗੇ ਦਿਨ ਉਹੀ ਹਨ
ਜੋ ਮੈਂ ਮੁਹੱਬਤ ਨਾਲ ਜੀਵੇ
ਬਾਕੀ ਤਾਂ ਬਸ
ਰੀਂਘ ਰਹੀ ਜ਼ਿੰਦਗੀ ਦੀ ਜ਼ਲਾਲਤ ਹੈ।

ਤੀਰ

ਕਿੱਥੇ ਨੇ ਤੇਰੇ ਤੀਰ
ਦਿਲ ਦੇ ਦਰਵਾਜ਼ੇ ਉੱਪਰ
ਪਿਆਰ ਦਸਤਕ ਦਿੰਦਾ ਹੈ
ਮੁਹੱਬਤ ਪਹਾੜੀ 'ਤੇ
ਚਾਨਣੀ ਦੇ ਚਿੱਟੇ ਕੰਬਲ ਵਾਂਗ ਵਿਛੀ ਪਈ ਹੈ।

ਪਰ ਮੈਂ ਅਜਿਹਾ ਪੱਤਾ ਹਾਂ
ਜਿਸ ਕੋਲ ਬਿਰਖ਼ ਨਹੀਂ ਹੈ
ਤੇ ਲਗਾਤਾਰ ਇਕੱਲਤਾ ਦੀਆਂ ਗਲ਼ੀਆਂ ਵਿਚ
ਮੈਂ ਭਟਕ ਰਿਹਾ ਹਾਂ
ਹਾਲਾਂ ਕਿ ਮੈਂ ਵੀ ਚਾਹੁੰਦਾ ਹਾਂ
ਉਹ ਮੇਰੇ ਦਿਲ ਵਿਚ ਵੱਸੇ
ਭਿੱਜੇ ਹੋਏ ਗ਼ੁਲਾਬੀ ਦਿਨ ਦੇ ਮੀਂਹ ਵਾਂਗ।

ਪਰ ਉਹ ਹੈ ਕਿ ਮੈਨੂੰ ਛੱਡ
ਮਿਹਰਬਾਨ ਪਹਾੜੀਆਂ ਦੀ ਗੋਦ 'ਚ ਸਮਾ ਜਾਂਦੀ ਹੈ
ਤੇ ਪਿੱਛੇ ਭਟਕਦਾ ਰਹਿੰਦਾ ਹੈ
ਉਸਦਾ ਚੇਤਾ ਲਗਾਤਾਰ ਮੇਰਾ ਪਿੱਛਾ ਕਰਨ ਲਈ।

ਹਥਿਆਰ

ਜਦੋਂ ਉਹ ਲੰਘ ਰਹੇ ਸਨ, ਹੱਥਕੜੀਆਂ ਦਾ ਹਨੇਰਾ
ਮੇਰੀ ਕਵਿਤਾ ਬਹੁਤ ਪਿੱਛੇ ਖੜੀ ਸੀ।
ਕਾਸ਼! ਮੇਰੀ ਇਹ ਕਵਿਤਾ
ਗੁਰੀਲੇ ਦੀ ਗੋਲ਼ੀ ਦੇ ਨਾਲ ਨਾਲ ਚੱਲ ਸਕੇ।

ਉਂਜ ਇਹ ਗੋਲ਼ੀ
ਜਦੋਂ ਦੁਸ਼ਮਣ ਦੇ ਹੱਥਾਂ 'ਚੋਂ ਚਲਦੀ ਹੈ
ਤਾਂ ਮਾਵਾਂ, ਭੈਣਾਂ ਦੇ ਚਿਹਰਿਆਂ 'ਤੇ ਹਰ ਰੋਜ਼
ਹੀਰੋਸ਼ੀਮਾ ਤੇ ਨਾਗਾਸਾਕੀ ਲਿਖ ਦਿੰਦੀ ਹੈ।
ਜਦੋਂ ਇਹ ਗੋਲ਼ੀ ਯੁੱਗ ਪੁਰਸ਼ਾਂ ਦੇ ਹੱਥਾਂ ਦੀ ਸ਼ਾਨ ਬਣੇ
ਤਾਂ ਜ਼ਿੰਦਗੀ ਦੇ ਵਿਹੜੇ ਅੰਦਰ
ਆਸਾਂ ਦਾ ਸੂਹਾ ਫੁੱਲ ਖਿੜਦਾ ਹੈ।

ਅਸਲ ਵਿਚ ਹਥਿਆਰਾਂ ਦੀ ਆਪਣੀ ਮਰਜ਼ੀ
ਕਦੇ ਵੀ ਨਹੀਂ ਹੁੰਦੀ
ਪੱਥਰ ਯੁੱਗ 'ਚ ਇਹ ਹਥਿਆਰ
ਅਸਾਡੀ ਹੋਂਦ ਬਣੇ
ਗੁਰੂ ਗੋਬਿੰਦ ਸਿੰਘ ਦੇ ਹੱਥਾਂ 'ਚ ਹਥਿਆਰ
ਖ਼ਲਕਤ ਦੀ ਢਾਲ਼ ਬਣੇ।
ਅੱਜ ਓਹੀ ਹਥਿਆਰ
ਬੇਵਜ੍ਹਾ ਕਤਲ ਕਰਨ
ਕਦੇ ਪੰਜਾਬ, ਕਦੇ ਕਸ਼ਮੀਰ ਤੇ ਕਦੇ ਰਾਵਲਪਿੰਡੀ।

ਜਦੋਂ ਇਹ ਹਥਿਆਰ
ਯੁੱਗ-ਪੁਰਸ਼ਾਂ ਦੇ ਹੱਥਾਂ ਵਿਚ ਹੋਵਣ
ਉਹ ਚੀਨ ਦੇ ਸਵੇਰਿਆਂ ਨੂੰ
ਲਾਲੋ ਲਾਲ ਕਰਨ
ਮੈਂ ਚਾਹੁੰਦਾ ਹਾਂ
ਮੇਰੀ ਕਵਿਤਾ
ਯੁੱਗ-ਪੁਰਸ਼ਾਂ ਦੇ ਹੱਥਾਂ ਦੇ ਹਥਿਆਰ ਨੂੰ
ਠੀਕ ਅਰਥ ਦੇਵੇ।

ਦੋਸਤੋ

(ਸ਼ੁਭਲਕਸ਼ਮਣ ਸ਼ਰਮਾ ਤੇ ਬਰਿੰਦਰ ਲਈ)

ਮੇਰੇ ਯਾਰੋ! ਮੈਂ ਤੁਹਾਡਾ ਕਰਜ਼ਦਾਰ ਹਾਂ
ਤੁਸੀਂ ਕਹੋਗੇ : ਕਿਵੇਂ ਹੈਂ ਮਿੱਤਰਾ
ਤੂੰ ਜ਼ਿੰਦਗੀ ਦੀ ਸੀਤਾ ਵਰਦੇ ਵਰਦੇ
ਰਾਵਣ ਕਿਵੇਂ ਬਣ ਗਿਆ ਹੈਂ?

ਪਰ ਮੇਰੇ ਯਾਰੋ!
ਮੇਰੇ ਹੱਥਾਂ ਦੇ ਰੱਟਣ ਦੱਸ ਸਕਦੇ ਹਨ
ਮੇਰੇ ਬੀਤੇ ਹੋਏ ਵਰ੍ਹਿਆਂ ਦਾ ਹਾਲ ਚਾਲ
ਉਨੀਂਦਰੀਆਂ ਰਾਤਾਂ
ਤੇ ਮੇਰੇ ਵਧੇ ਹੋਏ ਢਿੱਡ ਦਾ ਕੀ ਰਿਸ਼ਤਾ ਹੈ
ਮੇਰੇ ਪੱਟਾਂ 'ਤੇ ਮਰ ਗਈਆਂ
ਮੋਰਨੀਆਂ ਨਾਲ।

ਅਸਲ ਵਿਚ ਯਾਰੋ!
ਜਵਾਨੀ ਦੀ ਚੜ੍ਹਦੀ ਉਮਰੇ
ਮੈਂ ਵੀ ਸਮਝਦਾ ਸੀ ਜ਼ਿੰਦਗੀ ਨੂੰ
ਹੌਲ਼ੇ ਫੁੱਲ ਜੇਹੇ ਗੀਤ ਦੀ ਸਤਰ
ਪਰ ਕਾਸ਼! ਸਭ ਕੁਝ ਉਸ ਤਰ੍ਹਾਂ ਹੁੰਦਾ
ਜਿਵੇਂ ਦਾ ਮੈਂ ਚਾਹਿਆ ਸੀ
ਜਿਵੇਂ ਦਾ ਤੁਸੀਂ ਸੋਚਿਆ ਸੀ।

ਇੱਥੇ ਮੇਰੇ ਕੁਝ ਕੁ ਸਾਲ
ਤਾਂ ਗਰੀਨ ਕਾਰਡ ਨੇ ਖਾ ਲਏ
ਵੀਹ ਕੁ ਸਾਲਾਂ ਤੋਂ ਮੈਂ ਇਸ
ਕਿਸ਼ਤਾ 'ਚ ਫਸੇ ਘਰ ਨੂੰ
ਆਜ਼ਾਦ ਕਰਵਾ ਰਿਹਾ ਹਾਂ।
ਬਾਪੂ ਦੀ ਬੈਂਕ ਦੀ ਕਾਪੀ ਹੀ ਖਾ ਗਈ
ਅਛੋਪਲੇ ਜੇਹੇ ਮੇਰੇ ਪੰਜ ਕੁ ਵਰ੍ਹੇ
ਤੇ ਫਿਰ ਬੱਚਿਆਂ ਦੀ ਪੜ੍ਹਾਈ
ਗਰੌਸਰੀ, ਪੀ.ਜੀ.ਈ. ਤੇ ਗੈਸ ਤੇ ਬੀਮਾਂ ਕਿਸ਼ਤਾਂ
ਸੱਚ ਜਾਣਿਓਂ ਮਿੱਤਰੋ!
ਮੈਂ ਇੱਥੇ ਜਿਉਂਦੇ ਨਾਲੋਂ
ਮਰਿਆ ਮਹਿੰਗਾ ਹਾਂ।

ਅਤੇ ਉਹ ਸੁਪਨੇ ਜੋ ਆਪਾਂ
ਹੋਸਟਲ ਦੀਆਂ ਕੰਧਾਂ 'ਤੇ ਉਣੇ ਸਨ
ਹੌਲ਼ੀ ਹੌਲ਼ੀ ਕਿਰ ਗਏ ਨੇ ਰੇਤ ਵਾਂਗ
ਮੇਰੇ ਹੱਥਾਂ ਵਿੱਚੋਂ।

ਹਾਂ ਸੱਚ! ਉਹ ਕੁੜੀ ਵੀ
ਜੀਹਨੂੰ ਖ਼ਤ ਲਿਖਦਿਆਂ ਆਪਾਂ ਰਤਜਗਾ ਕਰ ਲੈਂਦੇ ਸਾਂ
ਮੈਨੂੰ ਇੰਜ ਯਾਦ ਆਉਂਦੀ ਹੈ
ਜਿਵੇਂ ਉਹ ਟੁੱਟੀ ਘੜੀ
ਜੋ ਇੰਡੀਆ ਤੋਂ ਆਉਂਦੇ ਸਮੇਂ ਮੇਰੇ ਗੁੱਟ ਦੀ ਸ਼ਾਨ ਸੀ
ਅੱਜ ਕੱਲ੍ਹ ਅਟੈਚੀ ਕੇਸ 'ਚ ਪਈ
ਗਰਾਜ ਦੀ ਰੌਣਕ ਵਧਾ ਰਹੀ ਹੈ।

ਮੇਰੇ ਯਾਰੋ! ਸਾਡੇ ਸਮੇਂ
ਸਿਫ਼ਤੀ ਤਬਦੀਲੀਆਂ 'ਚ
ਕਿਉਂ ਨਹੀਂ ਬਦਲਦੇ?
ਸ਼ਾਇਦ ਇੱਥੇ ਕੁਝ ਵੀ ਨਹੀਂ ਬਦਲਦਾ
ਸਿਰਫ਼ ਧੁੰਦ 'ਚ ਨੱਚਦੀ ਰਾਤ ਦਾ ਪਹਿਰ ਹੈ
ਜਾਂ ਗਤੀ ਵਿਚ ਚਲਦਾ ਸਮਾਂ।

ਤੁਹਾਡਾ ਗਿਲਾ ਵੀ ਜਾਇਜ਼ ਹੈ
ਕਿ ਮੈਂ ਸੱਚਮੁੱਚ ਹੀ ਆਜ਼ਾਦ ਹਾਂ
ਆਪਣੀ ਲੰਕਾ ਵਿਚ
ਲਾਲਚਾਂ ਹੱਥੋਂ ਮਰ ਜਾਣ ਲਈ
ਜਿਵੇਂ ਕਿ ਰਫ਼ਲਾਂ ਅਜੇ ਵੀ ਆਜ਼ਾਦ ਹਨ
ਸੁਰਖ਼ ਸਵੇਰਿਆਂ ਦੀ ਹਿੱਕ ਵਿੰਨ੍ਹਣ ਲਈ।

ਬੱਸ ਜੇ ਤੁਸੀਂ ਹੀ ਕੁਝ ਕਰ ਸਕੋ
ਤੇ ਹੱਕਾਂ ਦੀ ਸੀਤਾ ਨੂੰ
ਸੂਰਜ ਉਗਦੇ ਵਲ ਲੈ ਜਾ ਸਕੋ
ਸੱਚ ਜਾਣਿਓ ਮੇਰਾ ਇਹ ਦਿਲ
ਤੇ ਮੇਰੀਆਂ ਨਜ਼ਮਾਂ
ਤੁਹਾਡੇ ਨਾਲ ਹੋਣਗੀਆਂ।

ਆਜ਼ਾਦ ਰੂਹਾਂ

ਮੈਂ ਹਵਾ ਨੂੰ ਹੱਥ ਦੇ ਕੇ ਕਿਹਾ
ਤੇਰੀ ਉਮਰ ਕਿੰਨੀ ਹੈ?
ਉੱਤਰ ਮਿਲਿਆ : ਹਵਾ ਦੀ ਉਮਰ
ਤੇ ਗੁਰੀਲੇ ਦੀ ਮੌਤ ਦਾ ਵੀ ਭਲਾ
ਕੋਈ ਸੁਰ ਪਤਾ ਹੁੰਦੈ।

ਆਜ਼ਾਦ ਰੂਹਾਂ ਹੋਰ ਹੁੰਦੀਆਂ ਨੇ
ਤੂਫ਼ਾਨਾਂ ਨਾਲ ਅੱਖ ਮੇਲਣ ਜੋਗਾ ਤੂੰ ਕਿੱਥੇ?
ਸਮੁੰਦਰ ਦੀਆਂ ਛੱਲਾਂ 'ਤੇ ਤਰਨ ਵਾਲ਼ੇ
ਹੋਰ ਹੀ ਹੁੰਦੇ ਹਨ
ਇਹ ਤੇਰੇ ਵੱਸ ਦਾ ਰੋਗ ਨਹੀਂ ਹੈ।

ਨਿਰੀ ਕਵਿਤਾ ਲਿਖਣ ਨਾਲ ਗੱਲ ਨਹੀਂ ਬਣਨੀ
ਇੱਥੇ ਤਾਂ ਸਿਰ ਦੇਣਾ ਪੈਂਦਾ ਹੈ
ਕੀ ਤੂੰ ਭੁੱਲ ਗਿਆ ਏਂ
ਰਵੀ, ਪਾਸ਼ ਤੇ ਮਾਨ ਜਹੇ ਉਕਾਬਾਂ ਨੂੰ?

ਤੂੰ ਇਸ ਕਾਬਿਲ ਕਿੱਥੇ
ਤੂੰ ਤਾਂ ਡਰ ਜਾਨਾ ਏਂ
ਬੈਂਸ ਦੀ ਮਾੜੀ ਜੇਹੀ ਘੁਰਕੀ ਤੋਂ
ਕਾਰ ਤੇ ਘਰ ਦੀਆਂ ਕਿਸ਼ਤਾਂ ਹੀ
ਘੇਰੀ ਰੱਖਦੀਆਂ ਨੇ ਤੇਰੇ ਸਾਰੇ ਬ੍ਰਹਿਮੰਡ ਤੇ ਖ਼ਿਆਲ।
ਜਾਹ ਛੱਪੜ ਜੇਹੇ ਪਾਣੀਆਂ ਵਾਂਗ

ਬੁੱਸ ਰਹੀ ਜ਼ਿੰਦਗੀ ’ਚ ਵਾਪਿਸ ਚਲਿਆ ਜਾਹ
ਅੰਨ ਦਾ ਕੀੜਾ ਬਣ
ਦਾਰੂ ਪੀ, ਕੰਮ ਕਰ, ਟੀ.ਵੀ. ਦੇਖ, ਭਾਰ ਵਧਾ
ਤੇ ਇਕ ਦਿਨ ਚੁੱਪ ਚਾਪ ਮਰ ਜਾਹ।
ਆਜ਼ਾਦ ਰੂਹਾਂ ਤਾਂ ਹੋਰ ਹੁੰਦੀਆਂ ਨੇ।

ਗ਼ਜ਼ਲਾਂ

ਮੇਰੇ ਲੋਕ ਚਾਹੁੰਦੇ ਨੇ ਵੱਢਣਾ ਹਨੇਰਾ,
ਕਿਤੇ ਕੋਈ ਸੂਰਜ ਤਾਂ ਚਾਹੀਦਾ ਬਲ਼ਦਾ।
ਇਹ ਜੁਗਨੂੰ ਵੀ ਇਕ ਆਸ ਦਾ ਤਰਜ਼ਮਾ ਨੇ,
ਬਿਨਾ ਸੂਰਜੋਂ ਦਿਨ ਤਾਂ ਭਾਵੇਂ ਨਾ ਚੜ੍ਹਦਾ।

ਕਿਵੇਂ ਖਿੰਡ ਗਿਐ ਕਾਫ਼ਲਾ, ਹਰ ਮੁਸਾਫ਼ਿਰ,
ਸੰਭਲਦਾ ਰਿਹੈ ਜੇ ਫਿਸਲਦਾ-ਫਿਸਲਦਾ,
ਤੁਸੀਂ ਲੈ ਕੇ ਆਵੋ ਜੇ ਏਕੇ ਦਾ ਚਾਨਣ,
ਕਿਦ੍ਹੇ ਆਸਰੇ ਫਿਰ ਹੈ ਅੰਧਕਾਲ ਪਲ਼ਦਾ।

ਇਹ ਭੱਖੜੇ ਦੇ ਫੁੱਲ ਜਾਂ ਨਜ਼ਰ ਦਾ ਹੈ ਧੋਖਾ,
ਕਿ ਜਾਂ ਫਿਰ ਇਹੋ ਹੀ ਹੈ ਕੱਲ੍ਹ ਦਾ ਸਵੇਰਾ,
ਕਿਤੇ ਜੇ ਸਵੇਰਾ ਹੈ ਏਨਾ ਹੀ ਨ੍ਹੇਰਾ,
ਤਾਂ ਚੰਗਾ ਸੀ ਫੁੱਲ ਇਹ ਕਦੇ ਵੀ ਨਾ ਖਿਲਦਾ।

ਜਵਾਨੀ ਦੇ ਦਿਨ, ਇਹ ਅੱਥਰੇ ਨੇ ਘੋੜੇ,
ਨਾ ਜਾਣਨ ਇਹ ਮੰਜ਼ਲ ਨਾ ਵੱਲ ਹੀ ਤੁਰਨ ਦਾ,
ਮੇਰਾ ਮਨ ਜੇ ਮਰਿਆ ਤੇ ਕਾਇਆ ਹੈ ਜੀਂਦੀ,
ਕਦੇ ਇਹਦੇ ਅੰਦਰ ਵੀ ਸੂਰਜ ਸੀ ਦਗਦਾ।

ਮੇਰੇ ਸ਼ੌਕ ਭੁੱਬਲ ਨਹੀਂ, ਹਨ ਅੰਗਾਰੇ,
ਜ਼ਰਾ ਫੋਲ਼ ਵੇਖੋ ਰਿਹਾਂ ਕਿੱਦਾਂ ਜਲਦਾ,
ਮੇਰੇ ਇਹ ਸਵੇਰੇ ਜੋ ਧੁੰਦਾਂ 'ਚ ਸੁੱਤੇ,
ਇਨ੍ਹਾਂ ਦਾ ਸਿਵਾ ਹੀ ਰਿਹਾ ਰੋਜ਼ ਬਲ਼ਦਾ।

ਇਹ ਰਾਤਾਂ ਦੀ ਭਟਕਣ ਇਹ ਸੁੰਨੇ ਸਵੇਰੇ,
ਇਹ ਪਹਿਚਾਣ-ਪੱਤਰ ਨੇ ਮੇਰੇ ਹੀ ਦਿਲ ਦਾ।
ਹਵਾ 'ਚ ਜੋ ਗੁੰਮੇ ਖ਼ਲਾਅ ਵਿਚ ਜੋ ਅਟਕੇ,
ਉਨ੍ਹਾਂ ਦੇ ਸੁਨੇਹੇ ਜੋ ਰਹਿੰਦਾ ਸੀ ਘੱਲਦਾ।

ਇਹ ਕਬਰਾਂ ਜੇ ਪੁੱਟੋ ਤੇ ਸੰਨਾਟੇ ਚੀਰੋ,
ਤਾਂ ਲੱਭੋਗੇ ਇਕ ਦਿਲ ਜੋ ਰਹਿੰਦਾ ਸੀ ਬਲ਼ਦਾ,
ਬੜੇ ਤੇਜ਼ ਹਥਿਆਰ ਹਨ ਨ੍ਹੇਰ ਦੇ ਪਰ,
ਕਦੇ ਲੋਕਤਾ ਤੋਂ ਇਹ ਬਚ ਨਈਂ ਹੈ ਸਕਦਾ।

ਰਵੀ, ਪਾਸ਼ ਜਿਉਂਦੇ ਨੇ ਮਰ ਕੇ ਵੀ ਲੋਕੋ,
ਹਨੇਰਾ ਇਨ੍ਹਾਂ ਨੂੰ ਨਹੀਂ ਮਾਰ ਸਕਦਾ
ਜੋ ਸੋਚਾਂ ਨੂੰ ਵੱਜੇ ਉਹ ਗੋਲ਼ੀ ਬਣੀ ਨਾ,
ਭੁਲੇਖੇ 'ਚ ਹੈ ਨੇਰ੍ਹ ਐਵੇਂ ਮਚਲਦਾ।



ਇਹ ਮਕਤਲ ਦਾ ਜਲਵਾ ਹੈ ਸੁਪਨਾ ਵਸਲਦਾ।
ਮੇਰੇ ਜ਼ਿਹਨ ਵਿਚ ਹੈ ਤੇਰਾ ਖ਼ਾਬ ਪਲਦਾ

ਇਹ ਧਰਤੀ ਹੈ ਬੰਜਰ ਤੇ ਚਿੰਤਾਵਾਂ ਘੇਰੀ,
ਮੇਰਾ ਬਾਗ਼ ਕਿਸਦੇ ਸਹਾਰੇ 'ਤੇ ਫਲ਼ਦਾ।

ਹਨੇਰਾ ਹੈ ਮਨ ਵਿਚ 'ਤੇ ਰੂਹ ਵੀ ਬੁਝੀ ਹੈ,
ਬੜਾ ਬੋਲਬਾਲਾ ਹੈ ਤਨ ਦੀ ਫ਼ਸਲ ਦਾ।

ਮੇਰੀ ਕਲਮ ਖਿਝ ਕੇ, ਤੂੰ ਤੋੜੇਂਗਾ ਜਦ ਵੀ,
ਬਣਾਵਾਂਗਾ ਚਿੱਤਰ, ਮੈਂ ਤੇਰੀ ਰਫਲ ਦਾ।

ਮਰੇ ਨੂੰ ਤੂੰ ਮੈਨੂੰ ਨਾ ਜਿਉਂਦਾ ਕਰੀ ਜਾ,
ਨਸ਼ਰ ਕਰਕੇ ਫਤਵਾ ਇਹ ਮੇਰੇ ਕਤਲ ਦਾ।

ਕਰੀ ਜਾ ਸਰੋਵਰ ਦੀ ਲੱਖ ਕਾਰ-ਸੇਵਾ,
ਤੂੰ ਮੁਜ਼ਰਿਮ ਰਹੇਗਾ ਹਮੇਸ਼ਾ ਕਮਲ ਦਾ।

ਕਦੇ ਬਿਨ ਮੁਖੌਟੇ ਵੀ ਹੋ ਆਪੇ ਸਾਹ੍ਹਵੇਂ,
ਕਦੋਂ ਤਕ ਰਹੇਂਗਾ ਤੂੰ ਸ਼ੀਸ਼ੇ ਨੂੰ ਛਲ਼ਦਾ।

ਤੇਰਾ ਸੁਖਵਿੰਦਰ ਨਹੀਂ ਸੁਖ ਦਾ ਇੰਦਰ,
ਰਹੇ ਤਾਹੀਓਂ ਸੁਣਨੋਂ, ਨਾਂ ਆਪਣਾ ਇਹ ਟਲ਼ਦਾ।



ਤੇਰੇ ਲਈ ਕੀ ਨਜ਼ਮ ਲਿਖਾਂ, ਇਹ ਸੁੰਨੇ ਗੀਤ ਨੇ ਮੇਰੇ!
ਘਰ ਦਾ ਹਾਲ ਕੀ ਪੁੱਛਦੈਂ, ਤੁਰ ਗਏ ਤੇਰੇ ਨਾਲ ਸਵੇਰੇ।

ਚਮਕਦਾ ਸਾਫ਼ ਆਕਾਸ਼ ਵਾਂਗ ਜੋ, ਉਹ ਹੈ ਬਸ ਦਿਲ ਮੇਰਾ,
ਝੱਖੜ, ਬੁੱਲੇ, ਨ੍ਹੇਰੀਆਂ ਤੇਰੇ, ਦਿਲ ਦੇ ਹੈਨ ਹਨੇਰੇ।

ਜੋ ਕਰਦੇ ਨੇ ਕੈਦ ਤਿਤਲੀਆਂ, ਪੰਛੀ ਪਿੰਜਰੇ ਪਾਉਂਦੇ,
ਉਹ ਘਰ ਮੇਰੇ ਹੋ ਨਝੀਂ ਸਕਦੇ, ਮਹਿਲ ਹੋਣਗੇ ਤੇਰੇ।

ਮੁੜ-ਮੁੜ ਧੋਖਾ ਖਾਈਏ, ਫਿਰ ਵੀ ਤੇਰੇ ਹੀ ਦਰ ਆਈਏ,
ਤੇਰੀ ਲੋਅ ਦਾ ਭੇਦ ਖੁੱਲ੍ਹੇ, ਤਾਂ ਫਿਰ ਡਰਨ ਹਨੇਰੇ।

ਕੰਬੇ, ਡੋਲੇ, ਥਿੜਕੇ, ਸੰਭਲੇ, ਮੋਮ ਮਲਾਹ ਦਿਲ ਮੇਰਾ,
ਤੇਰੀਆਂ ਲਹਿਰਾਂ, ਕਿਸ਼ਤੀ ਤੇਰੀ ਤੇ ਪਤਵਾਰ ਵੀ ਤੇਰੇ।

ਭਗਤੀ, ਸ਼ਕਤੀ, ਗੋਲ਼ੀ, ਸੂਲ਼ੀ, ਤਗ਼ਮੇ, ਕਦੇ ਸ਼ਹਾਦਤ,
ਕੌਮ ਲਈ ਇਹ ਮਰਨ ਦੇ ਚੱਕਰ, ਅਸਲ ਸੱਤ੍ਹਾ ਦੇ ਡੇਰੇ.

ਡੁੱਲ੍ਹਿਆ ਕਿਸ ਦਾ ਖ਼ੂਨ ਅਤੇ ਇਹ ਕੌਣ ਹੈ, ਜ਼ਖ਼ਮੀ ਹੋਇਆ,
ਮਾਵਾਂ ਕੋਲੋਂ ਪੁੱਛ ਜਿਨ੍ਹਾਂ ਦੇ ਵਿੱਛੜ ਜਾਣ ਸਵੇਰੇ।



ਆਏ ਨੇ ਢੰਗ-ਸੰਦ ਅਜੇ, ਮਿਲਖਾ ਨੇ ਪਰ ਪੁਰਾਣੀਆਂ,
ਖ਼ੁਸ਼ ਅਸੀਂ ਹਾਂ, ਵੇਖ ਤਸਵੀਰਾਂ ਸੁਹਾਣੀਆਂ।

ਮੇਲੇ ਕੀ ਹਨ ਕਿ ਮਰ ਗਏ ਤਿਉਹਾਰ ਤਿੱਥ ਤੇ ਤੀਜ,
ਬੀਤੇ ਸਮੇਂ ਦੀਆਂ ਬੀਤੀਆਂ ਇਹ ਨੇ ਕਹਾਣੀਆਂ।

ਇਹ ਫ਼ਸਲ ਮੇਰੀ ਧੀ ਜੋ ਫਿਰ ਇਸ ਸਾਲ ਰੁੜ੍ਹ ਗਈ,
ਕੀਤੀ ਕੀ ਮੇਰੇ ਸੰਗ, ਮੇਰੇ ਆਪਣੇ ਹੀ ਪਾਣੀਆਂ।

ਅੱਖਾਂ 'ਚ ਰਾਵੀ ਹੈ ਤਾਂ ਸਮਝੌਂਤਾ ਸੀ ਜ਼ਿਹਨ ਵਿਚ,
ਹੈ ਹਸ਼ਰ ਤਨ ਦਾ ਪਿਆਰ ਵਿਚ, ਜਿਉਂ ਚੜ੍ਹਦੇ ਲਹਿੰਦੇ ਪਾਣੀਆਂ।

ਅੱਜ ਕੱਲ੍ਹ ਦੇ ਬੱਚੇ ਸਮਝਦੇ, ਧਰਮਾਂ ਨੂੰ ਇਸ ਤਰ੍ਹਾਂ,
ਟੀ.ਵੀ. 'ਤੇ ਆਈਆਂ ਹੋਣ ਜਿਉਂ, ਬਾਸੀ ਕਹਾਣੀਆਂ।

ਹੁੰਦੀ ਹੈ ਤਨ ਲਈ ਭੁੱਖ ਜਿਉਂ, ਜਿੰਦ ਨੂੰ ਹੈ ਤੇਰੀ ਯਾਦ ਇਉਂ,
ਅੱਖਾਂ ਅਸਾਡੇ ਵਾਂਗਰਾਂ, ਜੱਗ 'ਤੇ ਕਿਸੇ ਨਾ ਲਾਣੀਆਂ

ਛਿੰਝਾਂ 'ਚ ਵੱਜਦੇ ਢੋਲ ਨਾ, ਹਾਰੇ 'ਚੋਂ ਧੂੰਏ ਮੁੱਕ ਗਏ,
ਦੋਧੀ ਦੇ ਢੋਲ ਖਾ ਗਏ, ਚਾਟੀ ਦੇ ਸਣੇ ਮਧਾਣੀਆਂ।

ਗੀਤ

ਦੇਸ਼ ਦੀਏ ਚਿੱਠੀਏ ਨੀ

ਸੂਲ ਵਾਂਗ ਚੁਭ ਗਈ ਏਂ ਦੇਸ਼ ਦੀ ਚਿੱਠੀਏ ਤੂੰ, ਏਨੀਆਂ ਬਰਛੀਆਂ ਨਾ ਮਾਰ।
ਅਸੀਂ ਪੈਰ ਸ਼ਬਦਾਂ 'ਤੇ ਰੱਖਣੋ ਵੀ ਸੰਗਦੇ ਹਾਂ, ਇਹ ਤਾਂ ਹੁਣ ਬਣੇ ਤਲਵਾਰ।

ਰਾਜ਼ੀ ਖ਼ੁਸ਼ੀ ਸਭ ਏਥੇ ਸਮਾਚਾਰ ਬਸ ਏਨਾ, ਮੀਹਾਂ ਨੇ ਦਿੱਤੇ ਨੇ ਝੋਨੇ ਮਾਰ,
ਹੁਣ ਵੀ ਹੈ ਕਹਿਰ ਢਾਹੁੰਦਾ, ਜਾਪਦਾ ਹੈ ਹੁਣ ਏਥੇ, ਹਰ ਰੁੱਤ ਬਣੀਂ ਅੰਗਿਆਰ,
ਚੇਤ-ਰੁੱਤੇ ਮੌਸਮਾਂ ਦੇ ਕੂਲ਼ੇ ਕੂਲ਼ੇ ਪਿੰਡਿਆਂ 'ਤੇ, ਪੰਜ-ਭੱਠ ਚੜ੍ਹਿਆ ਬੁਖ਼ਾਰ
ਪੰਡਤਾਂ ਦਾ ਟੱਬਰ ਤਾਂ ਛੱਡ ਗਿਆ ਪਿੰਡ ਏਥੋਂ, ਤੁਸੀਂ ਵੀ ਲਈ ਨਾ ਕੋਈ ਸਾਰ।
ਸੂਲ਼ ਵਾਂਗ ਚੁਭ... ... ...।

ਅਣਖੀ ਜੋ ਪੁੱਤ ਸੂਰਾ ਰਤਾ ਵੀ ਮੜਕ ਰੱਖੇ, ਹਿੱਕ ਉਹਦੀ ਦੇਂਦੇ ਨੇ ਉਹ ਠਾਰ,
ਨਹਿਰ ਦੇ ਪੁਲ਼ਾਂ ਦੀ ਵੀ ਨਾ ਕਰਦੇ ਸ਼ਰਮ ਭੋਰਾ, ਘਰੋਂ ਚੁੱਕ ਦੇਂਦੇ ਨੇ ਉਹ ਮਾਰ,
ਚੰਦਰੇ ਸਰਾਲ਼ ਵਾਂਗੂੰ ਸਾਹ ਪੀਤੇ ਲੋਕਾਂ ਦੇ ਨੇ, ਨ੍ਹੇਰੇ ਹੁਣ ਚੁੱਕੇ ਹਥਿਆਰ,
ਦਿਨੇ ਇਥੇ ਪੁਲਿਸ ਦਾ ਤੇ ਰਾਤ ਨੂੰ ਉਨ੍ਹਾਂ ਦਾ ਸਾਇਆ, ਨ੍ਹੇਰਿਆਂ ਦੇ ਜਿਹੜੇ ਆੜੀ ਯਾਰ
ਸੂਲ਼ ਵਾਂਗ ਚੁਭ... ... ...।

ਨਿੱਤ ਮਹਿੰਗਾਈ ਵਧੇ, ਰੋਜ਼ ਭੁੱਖੇ ਸੌਣ ਕਾਮੇ, ਇਹ ਤਾਂ ਗੱਲਾਂ ਦਿੱਤੀਆਂ ਵਿਸਾਰ,
ਕਿੰਨੇ ਹਿੰਦੂ, ਕਿੰਨੇ ਸਿੱਖ ਮਰੇ ਲੋਕ ਪੜ੍ਹਦੇ ਨੇ, ਖ਼ਬਰਾਂ ਤਾਂ ਬਣੀਆਂ ਅੰਗਾਰ,
ਜੱਟ ਦੀ ਜ਼ਮੀਨ ਪਈ ਬੈਂਕਾਂ ਦੇ ਕੋਲ ਕਹਿਣੇ, ਉਸਦੀ ਬਚੀ ਨਾ ਕੋਈ ਠਾਹਰ।
ਅੱਖਾਂ ਵਾਲੇ ਅੰਨ੍ਹਿਆਂ ਮਲਾਹਾਂ ਹੱਥ ਸੌਂਪੀ ਬੇੜੀ, ਡੁੱਬ ਜਾਣੀ ਅੱਧ ਵਿਚਕਾਰ
ਸੂਲ਼ ਵਾਂਗ ਚੁਭ... ... ...।

ਏਤੀ ਏਥੇ ਮਾਰ ਪੈਂਦੀ, ਕੋਈ ਵੀ ਨਾ ਬੋਲਦਾ ਏ, ਕਲਮਾਂ ਤਾਂ ਹੋਈਆਂ ਨੇ ਖ਼ਾਮੋਸ਼,
ਬਾਣ ਰੋਜ਼ ਵੱਜਦੇ ਨੇ, ਲਹੂ ਵੀ ਤਾਂ ਏਨਾ ਡੁੱਲ੍ਹੇ, ਅਜੇ ਵੀ ਨਾ ਮਨ ਫੜ੍ਹੇ ਰੋਸ,
ਕੱਲ੍ਹੇ ਕੱਲ੍ਹੇ ਵੰਡੇ ਵੰਡੇ ਮਾਰ ਖਾਈ ਜਾਂਦੇ ਸੱਭੇ, ਏਦਾਂ ਹੀ ਗਵਾ ਲਏ ਉਨ੍ਹਾਂ ਹੋਸ਼।
ਟਾਕੀਆਂ ਮੈਂ ਲਾਵਾਂ ਕਿਵੇਂ ਫਟੇ ਹੋਏ ਦਿਲਾਂ ਉੱਤੇ, ਇਹ ਤਾਂ ਹੁਣ ਬਣੇ ਨੇ ਲੰਗਾਰ।
ਸੂਲ਼ ਵਾਂਗ ਚੁਭ... ... ...।

ਬੂਹੇ ਤੇ ਬਨੇਰੇ

ਜੇ ਬਨੇਰੇ ਤੋਂ ਬੂਹੇ ਡਰੇ ਰਹਿਣਗੇ,
ਨ੍ਹੇਰੇ ਮਾਲਕ ਇਵੇਂ ਹੀ ਬਣੇ ਰਹਿਣਗੇ।

ਆਇਆ ਨ੍ਹੇਰਾ ਚਾਲਬਾਜ਼, ਚਲੋ ਛੇੜੋ ਕੋਈ ਸਾਜ਼,
ਹੋਵੇ ਯੁੱਧ ਦਾ ਰਿਆਜ਼, ਲੈ ਕੇ ਕਲਮੋਂ ਆਵਾਜ਼,
ਗੀਤ ਕਿੰਨਾ ਚਿਰ ਸ਼ੋਰ ਤੋਂ ਹਰੇ ਰਹਿਣਗੇ,
ਨੇਰ੍ਹ ਮਾਲਕ... ... ...।

ਦੇਖੋ ਪੌਣਾਂ ਪਈਆਂ ਰੋਣ, ਮੈਲ਼ ਉਮਰਾਂ ਦੇ ਢੋਣ,
ਲੈ ਕੇ ਹਰਫ਼ ਸੱਚੇ ਆਵੋ, ਬੂਹੇ ਜ਼ਿੰਦਗੀ ਦੇ ਧੋਣ,
ਬਿੰਬਾਂ ਚਿੰਨ੍ਹਾਂ 'ਚ ਹੀ ਸੱਚ ਨਾ ਦੜੇ ਰਹਿਣਗੇ,
ਨੇਰ੍ਹ ਮਾਲਕ... ... ...।

ਪੌਣ ਨਿੱਘੀ ਨਾ ਠਰੀ, ਚੰਨ ਚਾਨਣੀ ਡਰੀ
ਪੈਣ ਵੈਣ ਵਿਚ ਸੱਥਾਂ, ਹਓਂ ਹੈ ਪਿੰਡ ਦੀ ਮਰੀ,
ਸਾਡੇ ਰਾਹਾਂ 'ਚ ਸੰਨਾਟੇ ਕੀ ਖੜੇ ਰਹਿਣਗੇ,
ਨੇਰ੍ਹ ਮਾਲਕ... ... ...।

ਤੈਨੂੰ ਧਰਮ ਦਾ ਬੁਖ਼ਾਰ, ਸਾਨੂੰ ਲੋਕਾਂ ਦਾ ਪਿਆਰ,
ਤੂੰ ਔਰੰਗੇ ਦੀ ਉਲਾਦ, ਅਸੀਂ ਬੰਦੇ ਤੋਂ ਨਿਸਾਰ,
ਸਾਡੇ ਸਾਹਵੇਂ ਸਰਹਿੰਦ ਨਾ ਅੜੇ ਰਹਿਣਗੇ,
ਨੇਰ੍ਹ ਮਾਲਕ... ... ...।

ਹਰ ਯੁੱਗ 'ਚ ਲੜੇ, ਸਾਡੇ ਸਿਦਕ ਨਾ ਡਰੇ,
ਤੂੰ ਤਾਂ ਰਵੀ-ਪਾਸ਼ ਮਾਰੇ, ਅਸੀਂ ਫੇਰ ਵੀ ਅੜੇ,
ਸਾਡੇ ਰਿਣ ਇਤਿਹਾਸ ਸਿਰ ਚੜ੍ਹੇ ਰਹਿਣਗੇ,
ਨੇਰ੍ਹ ਮਾਲਕ... ... ...।

ਨਾ ਤੂੰ ਏਨਾ ਕੁਰਲਾ, ਗੀਤ ਆਸ ਦਾ ਕੋਈ ਗਾ,
ਦੋਵੇਂ ਦਸਤਕਾਂ ਸਵੇਰ, ਲੱਭੇ ਨੇਰ ਨੂੰ ਨਾ ਰਾਹ,
ਦੀਵੇ ਸੋਚ ਦੇ ਹਥੇਲੀ ਸਾਡੀ ਧਰੇ ਰਹਿਣਗੇ,
ਬੂਹੇ ਨਿੱਤ ਨਾ ਬਨੇਰੇ ਤੋਂ ਡਰੇ ਰਹਿਣਗੇ,
ਨੇਰ੍ਹ ਮਾਲਕ ਹਮੇਸ਼ਾ ਨਵ੍ਹੀਓਂ ਬਣੇ ਰਹਿਣਗੇ।

ਪੰਜਾਬ ਨੂੰ

ਅੱਜ ਮੇਰੇ ਪੰਜਾਬ ਨੂੰ ਦੱਸ ਕੀ ਹੋਇਆ ਹੈ
ਅੱਜ ਮੇਰੇ ਪਿੰਡਾਂ ਨੂੰ ਦੱਸ ਕੀ ਹੋਇਆ ਹੈ
ਅੱਜ ਮੇਰੇ ਸ਼ਹਿਰਾਂ ਨੂੰ ਦੱਸ ਕੀ ਹੋਇਆ ਹੈ
ਕਿਸਨੇ ਆ ਕੇ ਨਫ਼ਰਤ ਦਾ ਬੀਅ ਬੋਇਆ ਹੈ। ਅੱਜ ਮੇਰੇ ਪੰਜਾਬ...

ਸਿਰ ਫ਼ਿਹਣੇ ਨੇ ਮੇਰੇ ਪੁੱਤਾਂ ਨਾਗਾਂ ਦੇ
ਫਿਰ ਆਉਣੀ ਮੁਸਕਾਨ ਹੈ ਇਹਦੇ ਬਾਗ਼ਾਂ 'ਤੇ
ਰੋਂਦਾ ਜ਼ਾਰੋਜ਼ਾਰ ਇਹ ਸੱਥਰ ਢੋਇਆ ਹੈ। ਅੱਜ ਮੇਰੇ ਪੰਜਾਬ...

ਇਸਨੇ ਨਾਦਰ ਦੇ ਜ਼ੁਲਮਾਂ ਨੂੰ ਨੱਥ ਪਾਈ
ਕਦ ਤਕ ਨੀਂਦ 'ਚ ਸੁੱਤੀ ਰਹਿਣੀ ਲੋਕਾਈ
ਮੋਢੇ ਢੋ ਢੋ ਲਾਸ਼ਾਂ ਪਾਗਲ ਹੋਇਆ ਹੈ। ਅੱਜ ਮੇਰੇ ਪੰਜਾਬ...

ਕਿਸ ਨੇ ਪਾਸ਼ ਦਾ ਸੀਨਾ ਛਲਣੀ ਕੀਤਾ ਹੈ
ਮਾਨ ਪੱਢੇ ਦੀਆਂ ਸੋਚਾਂ ਦਾ ਲਹੂ ਪੀਤਾ ਹੈ
ਅੱਜ ਨ੍ਹੇਰੇ ਦੀ ਮੌਤ ਦਾ ਗੀਤ ਮੈਂ ਛੋਹਿਆ ਹੈ। ਅੱਜ ਮੇਰੇ ਪੰਜਾਬ...

ਵੱਖਵਾਦ ਦਾ ਨਾਹਰਾ ਧਰਤੀ ਝੱਲਦੀ ਨਾ
ਅੱਤਿਵਾਦ ਦੀਆਂ ਛਾਵਾਂ ਹੇਠਾਂ ਪਲਦੀ ਨਾ
ਹਰ ਇਕ ਧਰਮ ਦਾ ਅੱਜ ਪੈਗੰਬਰ ਰੋਇਆ ਹੈ। ਅੱਜ ਮੇਰੇ ਪੰਜਾਬ...

ਉਦੈ ਅਸਾਡੀ ਸਾਂਝ ਦਾ ਸੂਰਜ ਹੋਇਆ ਹੈ
ਧਰਤੀ ਗਾਉਂਦੀ ਅੰਬਰ ਨਗਮਾ ਛੋਹਿਆ ਹੈ
ਜਾਗੋ ਲੋਕੋ ਜਾਗਣ ਵੇਲਾ ਹੋਇਆ ਹੈ।
ਅੱਜ ਮੇਰੇ ਪੰਜਾਬ ਨੂੰ ਦੱਸ ਕੀ ਹੋਇਆ ਹੈ।

ਪਰਦੇਸੀਆ

ਪਰਦੇਸੀਆ! ਪਰਦੇਸੀਆ! ਓ ਮੇਰੇ ਦਿਲ ਜਾਨੀਆ
ਉਮਰਾਂ ਤਾਂ ਬੀਤ ਚੱਲੀਆਂ, ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ... ... ...

ਘਰ ਦੀਆਂ ਗਰਜ਼ਾਂ ਨੇ ਖਾਧਾ, ਚੰਨ ਜਿਹਾ ਸੁਹਾਗ ਵੇ
ਦਿਲ 'ਚ ਹੀ ਕੁਮਲਾ ਗਏ, ਰੀਝਾਂ ਦੇ ਮੇਰੇ ਬਾਗ਼ ਵੇ
ਹੁਣ ਤਾਂ ਮੁੜ ਆ ਚੰਨਿਆ ਗੋਤੇ ਗ਼ਮਾਂ 'ਚ ਖਾਨੀਆਂ
ਉਮਰਾਂ ਤਾਂ ਬੀਤ ਚੱਲੀਆਂ ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ... ... ...

ਤੱਤੜੀਆਂ ਇਹ ਦੂਰੀਆਂ, ਕੁਝ ਤੇਰੀਆਂ ਵੀ ਮਜਬੂਰੀਆਂ
ਨਕਸ਼ ਵੀ ਭੁੱਲੇ ਤੇਰੇ, ਆਸਾਂ ਨਾ ਹੋਈਆਂ ਪੂਰੀਆਂ
ਦੋ ਪੈਸਿਆਂ ਦੇ ਕਾਟ ਨਾਲ, ਲੰਘਣ ਨਾ ਇਹੋ ਜਵਾਨੀਆਂ...
ਉਮਰਾਂ ਤਾਂ ਬੀਤ ਚੱਲੀਆਂ ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ... ... ...

ਤੇਰਾ ਵਾਅਦਾ ਆਉਣ ਦਾ, ਹਰ ਵਾਰ ਚੰਨਾ ਸੁੱਕਿਆ
ਕਿਹੜੀ ਚਿੱਟੀ ਧੁੱਪ ਮਿਰਾ, ਸੁਰਮਈ ਸੁਹਾਗ ਲੁੱਟਿਆ
ਭੁੱਲ ਹੀ ਗਈਆਂ ਗਿਣਤੀਆਂ, ਜਦ ਔਸੀਆਂ ਮੈਂ ਪਾਨੀਆਂ
ਉਮਰਾਂ ਤਾਂ ਬੀਤ ਚੱਲੀਆਂ ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ... ... ...

ਵੇਖ ਤੇਰਾ ਬਾਲ ਕਿੰਜ, ਤੈਨੂੰ ਹੈ ਹਾਕਾਂ ਮਾਰਦਾ
ਚੰਨਾ ਵੇ ਲੱਗ ਕਲੇਜੜੇ, ਸੀਨਾ ਹੈ ਮੇਰਾ ਠਰਦਾ
ਇਹ ਨਾ ਜਾਣੇ ਡਾਲਰਾਂ ਨੂੰ, ਇਹਦੀਆਂ ਨਾਦਾਨੀਆਂ
ਉਮਰਾਂ ਤਾਂ ਬੀਤ ਚੱਲੀਆਂ ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ... ... ...

ਵਿਚ ਹਵਾ ਦੇ ਗੁੰਮੀਆਂ, ਵਾਜਾਂ ਜੋ ਤੈਨੂੰ ਮਾਰੀਆਂ
ਸੁਣ ਕੇ ਮੇਰਾ ਦੁੱਖ ਵੇ, ਸੁੱਖੀ ਨੇ ਧਾਹਾਂ ਮਾਰੀਆਂ
ਹੁਣ ਤੇ ਸਹਿ ਨਾ ਹੁੰਦੀਆਂ, ਸ਼ਾਹਪੁਰੀ ਦੀਆਂ ਹਾਨੀਆਂ
ਉਮਰਾਂ ਤਾਂ ਬੀਤ ਚੱਲੀਆਂ ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ! ਪਰਦੇਸੀਆ! ਓ ਮੇਰੇ ਦਿਲ ਜਾਨੀਆ

ਰੂਹ ਦੀ ਸੰਥਾ

ਸੱਜਣ ਜੀ, ਸ਼ਾਲਾ! ਉਹ ਰੁੱਤ, ਫੇਰ ਕਦੇ ਨਾ ਆਏ
ਜੋ ਰੁੱਤ ਆ ਕੇ ਹੌਲ਼ੇ ਹੌਲ਼ੇ, ਅੰਗਾਂ ਵਿਚ ਮਰ ਜਾਏ

ਹੱਡ ਦੀ ਵਿਥਿਆ, ਰੂਹ ਦੀ ਸੰਥਾ
ਜੋ ਵੀ ਸੁਣੇ ਮੁਰਝਾਏ
ਪੈਰੀਂ ਤਾਂ ਬਿਰਹਾ, ਤਾਲ ਕੀ ਹੋਵੇ
ਸਗਲ ਹੋਂਦ ਮਰ ਜਾਏ
ਸੱਜਣ ਜੀ, ਸ਼ਾਲਾ!... ...

ਸੂਰਜ ਸੌਵੇਂ, ਧਰਤੀ ਉੱਤੇ
ਸ਼ਾਮ ਜਿਹੀ ਹੋ ਜਾਏ
ਜਿੰਦੜੀ ਛੂਈ ਮੂਈ ਬੂਟਾ
ਧੁੱਪ ਲੱਗੇ ਕੁਮਲਾਏ
ਸੱਜਣ ਜੀ, ਸ਼ਾਲਾ!... ...

ਚੰਨ ਚਾਨਣੀ ਰਾਤ ਕਹਿਰ ਦੀ
ਗੀਤ ਜਿਹਾ ਕੋਈ ਗਾਏ
ਜਾਂ ਉਹ ਮਰੇ ਜਾਂ ਮੈਂ ਮਰ ਜਾਂ
ਜਾਂ ਗੀਤ ਕਿਤੇ ਗੁੰਮ ਜਾਏ
ਸੱਜਣ ਜੀ, ਸ਼ਾਲਾ!... ...

ਕੰਤ ਵਿਹੂਣੇ ਏਸ ਗਰਾਂ
ਮਹਿੰਦੀ ਬੂਟੇ ਕਿਸ ਲਾਏ?
ਵਾਅਦੇ ਦਾ ਫੁੱਲ ਡਾਲੇ ਸੁੱਕਿਆ
ਮੁੜ ਨਜ਼ਰੀਂ ਨਾ ਆਏ
ਸੱਜਣ ਜੀ, ਸ਼ਾਲਾ!... ...

ਰੇਤ 'ਤੇ ਲਿਖਿਆ ਨਾਮ ਹੈ ਕਿਸ ਦਾ
ਨ੍ਹੇਰੀ ਆਣ ਉਡਾਏ
ਕਿਹੜਾ ਵੱਟਣ? ਕਿਹੜੀਆਂ ਲਾਵਾਂ?
ਹੰਝ ਤਲੀ ਧਰ ਜਾਏ
ਸੱਜਣ ਜੀ, ਸ਼ਾਲਾ!... ...

ਬੰਦਿਸ਼ ਦੀ ਇਸ ਵਾਦੀ ਅੰਦਰ
ਜੇ ਸੁਪਨਾ ਠਰ ਜਾਏ
ਵਰਜਿਤ ਭੋਗ 'ਤੇ ਕਦੋਂ ਹਵਾ ਨੂੰ
ਮਿਲਣਗੇ ਉਹਦੇ ਜਾਏ
ਸੱਜਣ ਜੀ, ਸ਼ਾਲਾ!... ...

ਕਦੋਂ ਫਿਰੂਗੀ ਰੁੱਤ ਸੱਜਣ
ਕਦ ਆਉਣ ਚਾਵਾਂ ਦੇ ਸਾਹੇ
ਬਾਅਦ ਅਸਾਡੇ ਰੁੱਤ ਆਈ ਸੱਜਣ
ਅਸੀਂ ਬ੍ਰਿਥ ਜਨਮ ਗਵਾਏ
ਸੱਜਣ ਜੀ, ਸ਼ਾਲਾ! ਉਹ ਰੁੱਤ, ਫੇਰ ਨਾ ਆਏ।

ਪੌਣਾਂ ਦਾ ਜਾਇਆ

ਵੱਸਿਆ ਨੀ! ਅੱਜ ਵਿਹੜਾ ਸਾਡਾ ਵੱਸਿਆ
ਕੋਈ ਪੌਣਾਂ ਜਾਇਆ, ਮਾਹੀ ਮੇਰਾ ਘਰ ਆਇਆ

ਹੱਸਿਆ ਨੀ ਅੱਜ ਚੰਨ ਅੰਬਰਾਂ ਤੇ ਹੱਸਿਆ
ਰੱਸਿਆ ਨੀ ਸਾਡੇ ਲੂੰ ਲੂੰ ਵਟਣਾ ਰੱਸਿਆ
ਅੱਜ ਕਰ ਇਹ ਗ਼ੁਸਲ ਵਸਲ ਦਾ
ਸਾਡਾ ਜਿਸਮ ਤਿਹਾਇਆ
ਕੋਈ ਪੌਣਾਂ ਜਾਇਆ... ...

ਰੋਕੋ ਨੀ ਕੋਈ ਸ਼ੋਰ ਹਵਾ ਦਾ ਰੋਕੋ
ਟੋਕੋ ਨੀ ਕੋਈ ਸੂਰਜ ਨੂੰ ਅੱਜ ਟੋਕੋ
ਲੱਥ ਨਾ ਜਾਵੇ ਲੰਗਾਰ ਸਮੇਂ ਦਾ
ਮਸੀਂ ਮਸੀਂ ਹੱਥ ਆਇਆ
ਕੋਈ ਪੌਣਾਂ ਜਾਇਆ... ...

ਲਿਆਵੋ ਨੀ ਕੋਈ ਰਿਸ਼ਮ ਹੀ ਬੰਨ੍ਹ ਲਿਆਵੋ
ਪਾਵੋ ਨੀ ਕੋਈ ਸੁਰਮਾ ਚਸ਼ਮੀਂ ਪਾਵੋ
ਦਿਲ ਵਿਚ ਕੋਈ ਰੀਝ ਨਾ ਰਹਿ ਜੇ
ਅੱਲਾ ਮੇਲ ਮਿਲਾਇਆ
ਕੋਈ ਪੌਣਾਂ ਜਾਇਆ... ...

ਮੋੜੋ ਨੀ ਕੋਈ ਵਹਿਣ ਸਮੇਂ ਦੇ ਮੋੜੋ
ਤੋੜੋ ਨੀ ਕੋਈ ਰੂਹ ਦੇ ਤਾਰੇ ਤੋੜੋ
ਇਸ ਜਿਸਮ ਦੀ ਮਿੱਟੀ ਨੇ ਅੱਜ
ਚਾਨਣ ਅੰਗ ਲਗਾਇਆ
ਕੋਈ ਪੌਣਾਂ ਜਾਇਆ... ...

ਮਾਰੋ ਨੀ ਕੋਈ ਬੁੱਕਲ ਸਾਗਰ ਮਾਰੋ
ਖਾਰੋ ਨੀ ਕੋਈ ਲੂਣ ਹਿਜਰ ਦਾ ਖਾਰੋ
ਤਨ ਦੇ ਤੇਲ 'ਚ ਕਿਸ ਨੇ ਆ ਕੇ
ਦੀਵਾ ਇਕ ਜਗਾਇਆ
ਕੋਈ ਪੌਣਾਂ ਜਾਇਆ... ...

ਬਾਲ਼ੋ ਨੀ ਕੋਈ ਚੰਦਨ ਅਗਰ ਹੀ ਬਾਲ਼ੋ
ਟਾਲ਼ੋ ਨੀ ਕੋਈ ਸਰਘੀ ਚਾਨਣ ਟਾਲ਼ੋ
ਜਿੰਦ ਮੇਰੀ ਨੂੰ ਕੈਦ ਮੇਰੀ 'ਚੋਂ
ਪੀਅ ਨੇ ਆਣ ਛੁਡਾਇਆ
ਕੋਈ ਪੌਣਾਂ ਜਾਇਆ... ...

ਸੀਖੋ ਨੀ ਅੱਜ ਸਗਲ ਧਰਤ ਹੀ ਸੀਖੋ
ਡੀਕੋ ਨੀ ਅੱਜ ਬਿਰਹਾ ਸਰਵਰ ਡੀਕੋ
ਹਾਲੇ ਤਾਂ ਮੇਰੇ ਚਾਅ ਵੀ ਪਿਆਸੇ,
ਹਾਲੇ ਸਬਰ ਨਾ ਆਇਆ
ਕੋਈ ਪੌਣਾਂ ਜਾਇਆ, ਮਾਹੀ ਮੇਰਾ ਘਰ ਆਇਆ।

ਤੈਥੋਂ ਬਿਨਾਂ

ਸੰਧਿਆ ਦੇ ਬੱਦਲਾਂ ਥੀਂ ਤਾਰਾ, ਕਦੇ ਕਦੇ ਪਏ ਰੋ
ਯਾਦ ਮੁਹੱਬਤ ਇੰਜ ਆਈ, ਜਿਵੇਂ ਹੁੰਮਸ ਜਾਏ ਖਲੋ

ਮੁਰਮੁਰਿਆਂ ਦੇ ਵਾਂਗ ਭੁੱਜਾ ਦਿਲ
ਕਦੇ ਨਾ ਸਾਡਾ ਹੋਇਆ
ਲੱਖ ਯਤਨਾਂ ਦੇ ਬਾਅਦ ਸੱਜਣ
ਅਸੀਂ ਬੂਹਾ ਦਿਲ ਦਾ ਢੋਇਆ
ਫਿਰ ਵੀ ਕਿਤਿਉਂ ਵਿਰਲਾਂ ਥਾਂਣੀ, ਕਣੀ ਪਵੇ ਕੋਈ ਚੋਅ
ਯਾਦ ਮੁਹੱਬਤ ਦੀ ਇੰਜ ਆਈ... ...

ਕੈਸੇ ਵੇ ਸਾਡੇ ਲੇਖ ਲਿਖੇ ਤੂੰ
ਕੈਸਾ ਸੂਰਜ ਝੋਲੀ ਪਾਇਆ
ਦੁੱਖਾਂ ਸਾਂਭੀ ਜਿੰਦ ਵੇ ਬਿਖਰੀ
ਨਾ ਕੋਈ ਚਾਨਣ ਹਿੱਸੇ ਆਇਆ
ਸੱਜਣ ਸਾਥੋਂ ਸਾਂਭ ਨਾ ਹੋਵੇ, ਭਿੰਨੀ ਇਹ ਖ਼ੁਸ਼ਬੋ
ਯਾਦ ਮੁਹੱਬਤ ਇੰਜ ਆਈ... ...

ਅੰਬਰ ਦੀ ਕੈਨਵਸ 'ਤੇ ਤੇਰਾ
ਕਿਸ ਨੇ ਨਾਮ ਲਿਖਾਇਆ
ਕਿਸ ਕਲਜੋਗਣ ਰੂਹ ਦੇ ਸਫ਼ਿਓਂ
ਮੇਰਾ ਨਾਮ ਮਿਟਾਇਆ
ਅੱਥਰਾ ਸੂਰਜ ਇਹ ਦਿਲ, ਤੈਨੂੰ ਫਿਰ ਵੀ ਕਰਦੈ ਲੋਅ
ਯਾਦ ਮੁਹੱਬਤ ਇੰਜ ਆਈ... ...

ਤੈਥੋਂ ਬਿਨ ਇੰਜ ਬੀਤ ਰਿਹਾ
ਜਿਉਂ ਜੰਗਲੀ ਫੁੱਲ ਦਾ ਹਾਸਾ
ਸੰਗਲ ਬੰਨ੍ਹ ਵਸਲ ਨੂੰ ਰੱਖਿਆ
ਹੱਥ ਨਾ ਆਇਆ ਮਾਸਾ
ਨਿੰਮ੍ਹੀ ਨਿੰਮ੍ਹੀ ਭੂਰ ਪਵੇ, ਤੇ ਦਿਲ ਨੂੰ ਪਵੇ ਕੋਈ ਖੋਹ
ਯਾਦ ਮੁਹੱਬਤ ਇੰਜ ਆਈ, ਜਿਵੇਂ ਹੁੰਮਸ ਜਾਏ ਖਲੋ।

ਮੈਲ਼ਾ ਪਰਨਾ

ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ
ਆਇਆ ਨੀ ਕੋਈ ਗੰਗਾ ਜਲ ਲੈ ਆਇਆ
ਬਦਨ ਮੇਰੇ ਦਾ ਮੈਲ਼ਾ ਪਰਨਾ, ਚੰਦਨ ਵੱਤ ਧੁਆਇਆ
ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ

ਕੱਚੜੇ ਕੱਚੜੇ ਰੰਗ ਏਸ ਦੇ, ਕੀ ਦੱਸਾਂ ਤਕਸੀਰਾਂ
ਪੀਆ ਬਾਝੋਂ ਮੁੱਲ ਟਕਾ ਨਾ, ਸਾਡੇ ਏਸ ਸਰੀਰਾਂ
ਇਕ ਛੋਹ ਤੇਰੀ ਖ਼ੁਦਾ ਕਰ ਜਾਵੇ, ਮਿੱਟੀ ਮੇਰੀ ਕਾਇਆ
ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ

ਆਪੇ ਨੀ ਉਸ ਸੂਰਜ ਸੀਖੇ, ਆਪੇ ਬਾਲ਼ੇ ਤਾਰੇ
ਆਪੇ ਨੀ ਉਸ ਸਾਗਰ ਪੀਤੇ, ਸਾਡੇ ਹੰਝੂ ਖਾਰੇ
ਭੀਕ ਲੈ ਸੱਜਣਾ ਰਾਤ ਇਹ ਸਗਲੀ, ਸਮਾਂ ਹੱਥ ਨਾ ਆਇਆ
ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ

ਅਜੇ ਤਾਂ ਅੰਬਰ ਧੂੰਆਂ ਧੂੰਆਂ, ਅਜੇ ਨਾ ਮੁੱਕੀ ਬਾਤੀ
ਤਿਲ ਤਿਲ ਕਰਕੇ ਸਾਹ ਮੁੱਕ ਜਾਣੇ, ਜਾਣੀ ਬੀਤ ਹਯਾਤੀ
ਹੁਣੇ ਉਹ ਸੁਪਨਾ ਵਿਲਕ ਰਿਹਾ ਸੀ, ਜਿਸ ਨੂੰ ਮੋੜ ਲਿਆਇਆ
ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ

ਪੱਥਰ ਪੱਥਰ ਅੰਗ ਇਹ ਮੇਰੇ, ਬਣ ਗਏ ਪਾਣੀ ਪਾਣੀ
ਲੱਖਾਂ ਚੂੜੇ ਮਿਲ ਜਾਂਦੇ ਨੇ, ਪਰ ਨਾ ਮਿਲਦੇ ਹਾਣੀ

ਅੱਗ ਕਲੀਰਾ ਪਹਿਲੀ ਵਾਰੀ, ਅੱਜ ਅਸਾਂ ਨੇ ਪਾਇਆ
ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ

ਸਾਂਭ ਸੱਜਣ ਸਾਨੂੰ ਭੋਰਾ ਭੋਰਾ ਕਿਣਕਾ ਕਿਣਕਾ ਕਰਕੇ
ਚਾਨਣ ਵਸਲ ਲਿਆ ਮੁੱਲ ਹਰਿ ਥੀਂ, ਹੌਲ਼ੇ ਹੌਲ਼ੇ ਮਰਕੇ
ਮੁੱਖ ਮੇਰੇ 'ਤੇ ਸ਼ਾਮਾਂ ਢਲ਼ੀਆਂ, ਕਾਲ਼ ਸਮੇਂ ਦਾ ਧਾਇਆ
ਨਾਹਿਆ ਨੀ ਕੋਈ ਤਨ ਦੇ ਸਰਵਰ ਨਾਹਿਆ

ਪਾਰਸ

ਸ਼ਹਿਰ ਦੇ ਗਲ਼ ਲੱਗੀ ਸ਼ਾਮ, ਸੱਜਣ ਤੁਸੀਂ ਨਾ ਆਏ
ਅੰਗ ਸੁੱਚੜੇ ਸੁੱਚੜੇ ਸਾਡੇ, ਰਹੇ ਤਿਹਾਏ, ਤੁਸੀਂ ਨਾ ਆਏ।

ਭਿੱਜੀ ਰੁੱਤ ਪਪੀਹਾ ਗਾਵੇ
ਚੰਦਰਾ ਮਨ ਫਿਰ ਵੀ ਕੁਰਲਾਵੇ
ਸਾਵਣ ਸਰਸ ਸਗਲ ਰੁੱਤ ਬਰਸੇ
ਰੂਹ ਦੱਬੀਏ ਹਉਕਾ ਬਣ ਜਾਵੇ
ਕੌਣ ਹੈ ਸਾਡੀ ਕਾਲ਼ੀ ਰਾਤ ਜੋ
ਪੀਆ ਨੂੰ ਟੋਲ ਮਿਲਾਏ, ਅੰਗ ਸੁੱਚੜੇ... ...

ਕਿੱਥੇ ਗਈ ਉਹ ਹਿੰਮਤ ਸਾਡੀ
ਜੋ ਪਰਬਤ ਨਾਲ ਖਹਿੰਦੀ
ਥੋੜਾਂ ਖਾ ਲਈ ਉਮਰਾ ਸਾਡੀ
ਬਾਕੀ ਮਿੱਟੀ ਹੈ ਰਹਿੰਦੀ
ਕੋਈ ਤਾਂ ਪਾਰਸ, ਕਿਤਿਉਂ ਲੱਭੇ
ਰੇਤ ਸੋਨਾ ਹੋ ਜਾਏ, ਅੰਗ ਸੁੱਚੜੇ... ...

ਯਾਦਾਂ ਦੇ ਅੰਬਰ 'ਤੇ ਸੱਜਣਾ
ਵਸਲ ਦੀ ਰਿਸ਼ਮ ਗੁਆਚੀ
ਮਾਰੂਥਲ ਵਿਚ ਪੈੜਾਂ ਗੁੰਮੀਆਂ
ਕਿੱਥੇ ਜਾਏ ਇਹ ਡਾਚੀ
ਚੰਨ ਦੀ ਰਿਸ਼ਮ ਦਾ ਸੂਰਜ ਬਣ ਜਾ
ਇਹ ਡਾਚੀ ਘਰ ਜਾਏ, ਅੰਗ ਸੁੱਚੜੇ... ...

ਇਕ ਧਰਵਾਸ ਪੁਰਾਣਾ ਚੰਨ ਜੀ
ਹੱਥ ਦੀਆਂ ਚਾਰ ਲਕੀਰਾਂ
ਲੋਕਾਂ ਸਾਡੇ ਫੁੱਲ ਸਾਂਭ ਲਏ
ਸਾਡਾ ਹਾਲ ਫ਼ਕੀਰਾਂ
ਕੋਈ ਤਾਂ ਸ਼ਾਲਾ! ਗੀਤ ਮੇਰੇ ਦੀ
ਇਕ ਸਤਰ ਦੁਹਰਾਏ, ਅੰਗ ਸੁੱਚੜੇ... ...

ਦੂਰ ਵਾਦੀ ਵਿਚ ਸੂਰਜ ਲੱਥਾ
ਪੈ ਗਈ ਰਾਤ ਇਹ ਮੈਲ਼ੀ
ਖੇਡ ਸਮੇਂ ਦੀ ਪਿਆਸ ਵੇ ਸੱਜਣਾ
ਬਦਨ ਮੇਰੇ ਦੀ ਪੈਲ਼ੀ
ਕੰਡੇ ਹੀ ਕਿਤੇ ਸਾਂਭ ਨਾ ਜਾਸਣ
ਰੂਹ ਮੇਰੀ ਦੇ ਸਾਏ, ਅੰਗ ਸੁੱਚੜੇ... ...

ਜੋ ਤੇਰੇ ਹਿੱਸੇ ਦਾ ਸੂਰਜ
ਕੋਈ ਚੋਰੀ ਕਰ ਜਾਵੇ
ਕਿਸੇ ਬਾਣੀਏ ਬੂਟਾਂ ਹੇਠਾਂ
ਕੌਣ ਕਲੀ ਕੁਰਲਾਏ
ਡਾਰੋਂ ਵਿਛੜੇ ਪੰਛੀ ਦਾ ਦੁੱਖ
ਅੱਧੀ ਰਾਤ ਸਤਾਏ, ਅੰਗ ਸੁੱਚੜੇ... ...

ਚੰਦਨ ਮਿੱਟੀ

ਕੀ ਵੇ ਸੱਜਣ ਤੈਂਡੇ ਦੇਸ ਹਾਂ ਆਏ, ਕੀ ਵੇ ਸਾਡੀ ਤਕਦੀਰ
ਲੱਖ ਸਮਿਆਂ ਦੇ ਇਸ਼ਕ ਗੁਆਚੇ, ਦਿਲ ਦੀ ਏਸ ਜਗੀਰ

ਕਦੇ ਤਾਂ ਚੰਦਨ ਕਦੇ ਤਾਂ ਮਿੱਟੀ
ਕਦੇ ਬਣੇ ਦਰਿਆ
ਜਿਸਮ ਮੇਰਾ ਇਹ ਛਾਲੇ ਛਾਲੇ
ਰਾਹ ਵਿਚ ਸੁੱਕ ਗਿਆ
ਚੇਤਰ ਫੁੱਲ ਹੱਥੀਂ ਕੁਮਲਾਏ
ਏਹੀਓ ਅੰਤ ਅਖੀਰ, ਲੱਖ ਸਮਿਆਂ ਦੇ... ...

ਹੁਣ ਦੁਮੇਲੇ ਸੂਰਜ ਲਿਸ਼ਕੇ
ਹੁਣੇ ਤਾਂ ਸ਼ਾਮ ਢਲ਼ੀ
ਹੁਣੇ ਤਾਂ ਸਿਜਦਾ ਤੜਫ਼ ਰਿਹਾ ਸੀ
ਤਨ ਦੀ ਏਸ ਗਲ਼ੀ
ਬ੍ਰਿਹਾ ਵਿਲਕੇ ਅੱਥਰੂ ਬਣ ਜੇ
ਕੀ ਵੇ ਇਸ਼ਕ ਤਕਸੀਰ, ਲੱਖ ਸਮਿਆਂ ਦੇ... ...

ਰੇਤੇ ਉਪਰ ਲਿਖ ਸਿਰਨਾਵਾਂ
ਮੈਂ ਇਕ ਹਉਕਾ ਚਿੱਠੀ ਪਾਈ
ਪੌਣਾਂ ਉਹਨੂੰ ਰੋੜ੍ਹ ਲੈ ਗਈਆਂ
ਇਕ ਸਤਰ ਤੈਂਡੇ ਹੱਥ ਨਾ ਆਈ
ਬਿੰਬਾਂ ਦੇ ਵਿਚ ਗੁੰਮ ਹੋ ਜਾਏ
ਸ਼ਾਇਰ ਦੀ ਤਦਬੀਰ, ਲੱਖ ਸਮਿਆਂ ਦੇ... ...

ਦੂਰ ਛੰਭ ਦੇ ਨਿਰਮਲ ਪਾਣੀ
ਚੁੰਝ ਮੁਰਗਾਬੀ ਧੋਵੇ
ਕਦੇ ਕਦੇ ਉਹਦੇ ਬੁੱਲ੍ਹੀਂ ਹਾਸਾ
ਕਦੇ ਕਦੇ ਉਹ ਰੋਵੇ
ਤੇਰੀ ਯਾਦ ਵੀ ਸਾਥੋਂ ਸੰਗਦੀ
ਕੌਣ ਬੰਨ੍ਹਾਵੇ ਧੀਰ, ਲੱਖ ਸਮਿਆਂ ਦੇ.. ...

ਸ਼ਹਿਰ ਤੇਰੇ ਦੇ ਚੌਰਾਹਿਆਂ ਵਿਚ
ਸਾਡੇ ਨਕਸ਼ ਗੁਆਚੇ
ਨਾ ਮਿਲਿਆ ਲੁਕਮਾਨ ਕੋਈ,
ਜੋ ਸਾਡੀ ਬ੍ਰਿਥਾ ਵਾਚੇ
ਰੂਹ ਚਿਰੋਕੀ ਪੈਂਡੇ ਖਾਧੀ
ਧੇਲਾ ਮੁੱਲ ਸਰੀਰ, ਲੱਖ ਸਮਿਆਂ ਦੇ... ...

ਜੇ ਮੇਰੇ ਅੰਗ ਇਹ ਮੈਲ਼ੇ ਮੈਲ਼ੇ
ਮੈਂਡੜਾ ਕੀ ਕਸੂਰ
ਰਸਮਾਂ ਲੋੜਾਂ ਜਿਸਮ ਨੋਚਿਆ
ਰੂਹ ਨੂੰ ਵੇਖ ਹਜ਼ੂਰ
ਥਾਂ ਥਾਂ ਖੇੜੇ ਸੈਦੇ ਬੈਠੇ
ਕੱਲ੍ਹੀ ਤੁਸਾਡੜੀ ਹੀਰ, ਲੱਖ ਸਮਿਆਂ ਦੇ... ...

ਠੱਕਾ ਵਗਦਾ

ਠੱਕਾ ਵਗਦਾ, ਠੱਕਾ ਵਗਦਾ, ਰੋਹੀਆਂ ਦੇ ਪਾਰ, ਵੇ ਠੱਕਾ ਵਗਦਾ
ਦਿਲ ਧੜਕੇ, ਦਿਲ ਧੜਕੇ, ਡੂੰਘੀ ਲੱਗੀ ਆਰ, ਵੇ ਦਿਲ ਧੜਕੇ
ਕੋਈ ਲਵੇ ਨਾ, ਕੋਈ ਲਵੇ ਨਾ, ਏਥੇ ਦਿਲ ਦੀ ਸਾਰ, ਵੇ ਕੋਈ ਲਵੇ ਨਾ
ਚੰਨ ਚਮਕੇ, ਚੰਨ ਚਮਕੇ, ਜ਼ਖ਼ਮਾਂ ਵਿਚਕਾਰ, ਵੇ ਚੰਨ ਚਮਕੇ
ਸੱਟ ਲਗਦੀ, ਸੱਟ ਲਗਦੀ, ਇਸ ਬ੍ਰਿਹਾ ਦੀ ਮਾਰ, ਵੇ ਸੱਟ ਲੱਗਦੀ
ਪੋਟੇ ਰੋਣਗੇ, ਪੋਟੇ ਰੋਣਗੇ, ਨਾ ਤੂੰ ਛੇੜ ਸਿਤਾਰ, ਵੇ ਪੋਟੇ ਰੋਣਗੇ
ਜਿੰਦ ਨਿਕੜੀ, ਜਿੰਦ ਨਿਕੜੀ, ਵੱਡਾ ਹੰਝੂ ਭਾਰ, ਵੇ ਜਿੰਦ ਨਿਕੜੀ
ਕੁਝ ਬੋਲ ਨਾ, ਕੁਝ ਬੋਲ ਨਾ, ਛਮਕਾਂ ਨਾ ਮਾਰ, ਵੇ ਕੁਝ ਬੋਲ ਨਾ
ਜਿੱਤ ਤੈਂਡੜੀ, ਜਿੱਤ ਤੈਂਡੜੀ, ਹੈ ਅਸਾਡੜੀ ਹਾਰ, ਵੇ ਜਿੱਤ ਤੈਂਡੜੀ
ਕੱਚੀ ਟੁੱਟਗੀ, ਕੱਚੀ ਟੁੱਟਗੀ, ਰੋਂਦੇ ਹਾਂ ਵਿਚਕਾਰ, ਵੇ ਕੱਚੀ ਟੁੱਟ ਗਈ
ਹੰਝੂ ਅੱਖ ਦਾ, ਹੰਝੂ ਅੱਖ ਦਾ, ਇਹ ਹੈ ਗਰਮ ਅੰਗਾਰ, ਵੇ ਹੰਝੂ ਅੱਖ ਦਾ
ਮੌਜ ਲੁੱਟ ਲੈ, ਮੌਜ ਲੁੱਟ ਲੈ, ਜੀਵਨ ਇਕੋ ਵਾਰ, ਵੇ ਮੌਜ ਲੁੱਟ ਲੈ
ਮੁੱਠ ਵੰਡਦੇ, ਮੁੱਠ ਵੰਡਦੇ, ਹੁਸਨ ਸਖ਼ੀ ਸਰਕਾਰ, ਵੇ ਮੁੱਠ ਵੰਡਦੇ
(ਕੁਝ ਵਕਫ਼ਾ ਤੇ ਰੋਣ ਦੀ ਆਵਾਜ਼ ਆਉਂਦੀ ਹੈ)
ਕੌਣ ਵਿਲਕੇ, ਕੌਣ ਵਿਲਕੇ, ਤੂੰ ਚਿੱਤ ਵਿਚ ਵਿਚਾਰ, ਵੇ ਕੌਣ ਵਿਲਕੇ
ਫ਼ੌਜਣ ਰੋਂਵਦੀ, ਫ਼ੌਜਣ ਰੋਂਵਦੀ, ਆ ਗਈ ਏ ਤਾਰ, ਵੇ ਫ਼ੌਜਣ ਰੋਂਵਦੀ
ਬੱਚੇ ਰੁਲ਼ਗੇ, ਬੱਚੇ ਰੁਲ਼ਗੇ, ਅੰਨ੍ਹੀ ਹੈ ਸਰਕਾਰ, ਵੇ ਬੱਚੇ ਰੁਲ਼ਗੇ
ਮਰੋ ਟਾਟੇ ਲਈ, ਮਰੋ ਬਾਟੇ ਲਈ, ਇਹੋ ਦੇਸ਼ ਪਿਆਰ, ਵੇ ਮਰੋ ਟਾਟੇ ਲਈ
ਟਕਾ ਮੁੱਲ ਨਾ, ਟਕਾ ਮੁੱਲ ਨਾ, ਕੁਰਬਾਨੀ ਦਾ ਯਾਰ, ਵੇ ਟਕਾ ਮੁੱਲ ਨਾ
ਰਾਣੀ ਜਿੱਤਗੀ, ਰਾਣੀ ਜਿੱਤਗੀ, ਲੋਕ ਗਏ ਨੇ ਹਾਰ, ਵੇ ਰਾਣੀ ਜਿੱਤਗੀ
ਬਹੁਤ ਗਾਲਿਆ, ਬਹੁਤ ਗਾਲਿਆ, ਤੂੰ ਇਸ਼ਕ ਬੀਮਾਰ, ਵੇ ਬਹੁਤ ਗਾਲਿਆ
ਦੁੱਖ ਲੋਕਾਂ ਦੇ, ਦੁੱਖ ਲੋਕਾਂ ਦੇ, ਤੂੰ ਕੁਝ ਸਮਝ ਚਿਤਾਰ, ਵੇ ਦੁੱਖ ਲੋਕਾਂ ਦੇ
ਵੇਲ਼ਾ ਆ ਗਿਆ, ਵੇਲ਼ਾ ਆ ਗਿਆ, ਸਾਨੂੰ ਹੁਣ ਹਥਿਆਰ, ਵੇ ਵੇਲ਼ਾ ਗਿਆ

ਰਲ਼ ਉਨ੍ਹਾਂ ਵਿਚ, ਰਲ਼ ਉਨ੍ਹਾਂ ਵਿਚ, ਜੋ ਨੇ ਬਣੇ ਅੰਗਾਰ, ਵੇ ਰਲ਼ ਉਨ੍ਹਾਂ ਵਿਚ
ਲੋਹਾ ਗੀਤਾਂ ਦਾ, ਲੋਹਾ ਗੀਤਾਂ ਦਾ, ਢਾਲ ਅਤੇ ਤਲਵਾਰ, ਵੇ ਲੋਹਾ ਗੀਤਾਂ ਦਾ
ਛੱਟਾ ਮਾਰ ਤੂੰ, ਛੱਟਾ ਮਾਰ ਤੂੰ, ਚਾਨਣ ਦਾ ਇਕ ਵਾਰ, ਵੇ ਛੱਟਾ ਮਾਰ ਤੂੰ
ਅੰਤ ਜਿੱਤਣੀ, ਅੰਤ ਜਿੱਤਣੀ, ਕਿਰਤੀ ਦੀ ਹੈ ਕਾਰ, ਵੇ ਅੰਤ ਜਿੱਤਣੀ
ਠੱਕਾ ਵਗਦਾ, ਠੱਕਾ ਵਗਦਾ, ਰੋਹੀਆਂ ਦੇ ਪਾਰ, ਵੇ ਠੱਕਾ ਵਗਦਾ।

ਨਾਰੀ

ਨਾਰੀ ਜੱਗ ਦੀ ਮਮਤਾ, ਫਿਰ ਵੀ, ਪੁਰਸ਼ਾਂ ਦੀ ਸਰਦਾਰੀ ਹੋ
ਨਾਰੀ ਜਜ਼ਬੇ ਦਿਲ 'ਚ ਸੜਦੇ, ਆਦਿ ਤੋਂ ਅੰਤ ਬੀਮਾਰੀ ਹੋ
ਨਾਰੀ ਜੱਗ ਦੀ ਮਮਤਾ... ...

ਆਦਿ ਜਨਮ ਤੋਂ ਚਾਅ ਨੇ ਇਸਦੇ, ਜ਼ੁਲਮਾਂ ਨਾਲ ਲਿਤਾੜੇ ਹੋ
ਪਾਕਿ ਪਵਿੱਤਰ ਦਿਲ ਦੇ ਸੁਪਨੇ, ਗ਼ਲਤ ਕਾਨੂੰਨਾਂ ਸਾੜੇ ਹੋ
ਗਿੱਲੇ ਗੋਹੇ ਵਾਂਗੂੰ ਧੁਖਦੀ, ਇਹ ਦਰਦਾਂ ਦੀ ਮਾਰੀ ਹੋ
ਨਾਰੀ ਜੱਗ ਦੀ ਮਮਤਾ... ...

ਨਾਰੀ ਦਾ ਦਿਲ ਅੰਬਰ ਵਰਗਾ, ਸਾਗਰ ਵਰਗਾ ਜੇਰਾ ਹੋ
ਸਹਿ ਜਾਵੇ ਤਾਂ ਫ਼ੱਟ ਸਹੇ ਇਹ, ਨਾਰੀ ਸਬਰ ਇਹ ਤੇਰਾ ਹੋ
ਨਾ ਸਹੇ ਤਾਂ ਕੰਡੇ ਚੋਭ ਵੀ, ਜ਼ਿੰਦਗੀ ਤੋਂ ਵੱਧ ਭਾਰੀ ਹੋ
ਨਾਰੀ ਜੱਗ ਦੀ ਮਮਤਾ... ...

ਮਨ ਦੀਆਂ ਮਨ ਵਿਚ ਮਰ ਗਈਆਂ ਨੇ, ਪਰਬਤ ਜੇਡੀਆਂ ਬਾਤਾਂ ਹੋ
ਰਹੁ-ਰੀਤਾਂ ਦੇ ਸੰਗਲ ਭੈੜੇ, ਕੌਣ ਕਰੇ ਪ੍ਰਭਾਤਾਂ ਹੋ
ਦਿਲ ਦੀ ਨੁੱਕਰੇ ਬਹਿਣਾ ਰੋਣਾ, ਨਾਰੀ ਏਸ ਵਿਚਾਰੀ ਹੋ
ਨਾਰੀ ਜੱਗ ਦੀ ਮਮਤਾ... ...

ਨਾਰੀ ਹਿੱਸੇ ਨਾ ਕੋਈ ਸੂਰਜ, ਨਾ ਕੋਈ ਚੰਨ ਨਾ ਤਾਰਾ ਹੋ
ਇਹਦੇ ਹਿੱਸੇ ਦਰਿਆ ਹੰਝੂ, ਸਾਗਰ ਵਰਗਾ ਖਾਰਾ ਹੋ
ਸੀਨੇ ਲੈ ਕੇ ਮਰ ਜਾਵੇ ਇਹ, ਆਪਣੀ ਰੀਝ ਕੁਆਰੀ ਹੋ
ਨਾਰੀ ਜੱਗ ਦੀ ਮਮਤਾ... ...

ਜਨਮ ਤੋਂ ਲੈ ਕੇ ਢਲ਼ਦੀ ਉਮਰਾ, ਤਿੱਖੜ ਬੋਲ ਸਹਾਰੇ ਹੋ
ਯਾਦ ਕਿਸੇ ਦੀ ਦਿਲ ਵਿਚ ਲੈ ਕੇ, ਸਾਰੀ ਉਮਰ ਗੁਜ਼ਾਰੇ ਹੋ
ਹਉਕੇ ਬਾਲ਼ ਕੇ ਤੁਰ ਜਾਣਾ ਏ, ਜ਼ਿੰਦਗਾਨੀ ਦੀ ਖਾਰੀ ਹੋ
ਨਾਰੀ ਜੱਗ ਦੀ ਮਮਤਾ, ਫਿਰ ਵੀ, ਪੁਰਸ਼ਾਂ ਦੀ ਸਰਦਾਰੀ ਹੋ।

ਵਾਵਰੋਲਾ

(ਇਕ ਸੋਗੀ ਗੀਤ)

ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ ਛਾਂ ਤੋਂ ਡਰਦੀ
ਮੈਂ ਨੈਣੀਂ ਸੁੱਕਾ ਹੰਝੂ ਹਾਂ
ਤੇਰੀ ਉਮਰ ਹੈ ਕੀ ਕੀ ਕਰਦੀ

ਮੈਂ ਵਾਵਰੋਲਾ ਕਿਸਮਤ ਦਾ
ਮੈਨੂੰ ਕੋਈ ਨਾ ਬੰਨ੍ਹ ਖਿਲਾਰੇ
ਮੈਂ ਹੋਣੀ ਸਰਵਰ ਵੇਖ ਲਿਆ
ਮੇਰੇ ਕੋਈ ਨਾ ਕੇਸ ਸੰਵਾਰੇ
ਇਕ ਇਕ ਲੰਮੀ ਉਮਰ ਦੀ ਰੇਖਾ
ਮੇਰੇ ਸਾਏ ਨਾਲ ਹੈ ਮਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਕੋਈ ਪੱਖਾ ਚਲਦਾ ਘੜੀ ਘੜੀ
ਮੈਂ ਪੱਥਰ ਚੱਟਦੀ ਸੱਧਰ ਹਾਂ
ਮੈਂ ਡੀਲੇ ਉੱਗੀ ਥੋਹਰ ਹਾਂ
ਮੈਂ ਤ੍ਰੇਲ 'ਚ ਭਿੱਜੀ ਵੱਧਰ ਹਾਂ
ਜੋ ਕੋਈ ਮੇਰਾ ਰੂਪ ਫੜੇ
ਤਨ ਕਾਇਆਂ ਹੋਵੇ ਜ਼ਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਮੈਂ ਸੁਪਨੇ ਦਾ ਤਨ ਵੇਖ ਲਿਆ
ਮੈਨੂੰ ਕੋਈ ਨਾ ਪਰਤਾਵੇ
ਮੈਂ ਲੇਖ ਜ਼ਿੰਦਗੀ ਵੇਖ ਲਏ
ਹਰ ਰਿਸ਼ਮ ਮੈਥੋਂ ਕੁਮਲਾਵੇ
ਇਜ਼ਰਾਈਲ ਮੈਥੋਂ ਸੰਗਦਾ ਹੈ
ਮੈਂ ਰੂਪ ਰੇਖ ਹਾਂ ਹਰਿ ਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਇਕ ਚਾਨਣ ਰਾਤੇ ਨ੍ਹਾਉਂਦਾ ਹੈ
ਇਹ ਕਾਲ਼ੇ ਮੇਘ ਨੇ ਚੜ੍ਹ ਆਏ
ਤੁਸੀਂ ਕੀ ਹੋ ਚਿੱਕੜ ਦੀ ਵਿਥਿਆ
ਥੋਡੀ ਉਮਰ-ਚਾਦਰ ਭਿੱਜ ਜਾਏ
ਮੈਨੂੰ ਕੋਈ ਕਲੀਰੇ ਨਾ ਬੰਨ੍ਹੇ
ਮੇਰੀ ਹਰ ਆਸ਼ਾ ਹੈ ਖੁਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਮੈਂ ਤੇਰੇ ਦਰ ਤੇ ਦਸਤਕ ਹਾਂ
ਮੈਨੂੰ ਤਾਰੇ ਲੋਅ ਵਿਚ ਦੇਖੋ
ਮੈਂ ਲੋਰੀ ਸੁੱਤੀ ਗੰਦਲ ਹਾਂ
ਮੈਨੂੰ ਹਉਮੈਂ ਸ਼ੀਸ਼ਾ ਦੇਖੋ
ਮੈਂ ਅੰਬਰੀਂ ਚਲਦਾ ਚਾਨਣ ਹਾਂ
ਇਹ ਕੀ ਮੁੱਲ ਹੈ ਤੇਰੀ ਵਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਮੈਂ ਅੰਤਾਂ ਹੀਨ ਸਮੁੰਦਰ ਹਾਂ
ਮੈਨੂੰ ਹੱਥ ਕਿਸੇ ਨਾ ਪਾਇਆ
ਇਹ ਨਿਰਜਨ ਸੁੰਨੇ ਸ਼ਹਿਰਾਂ ਵਿਚ
ਹਰ ਵਕਤ ਫਿਰੇ ਮੇਰਾ ਸਾਇਆ
ਰਾਤਾਂ ਨੂੰ ਬ੍ਰਿਖਾਂ ਓਹੜ ਲਿਆ
ਚੁੰਨੀ ਭਾਗਾਂ ਦੀ ਡਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਇਕੋ ਹੀ ਬਦਨ ਦੇ ਰਹੱਸਾਂ ਨੂੰ
ਨਿਸ ਦਿਨ ਹੀ ਢੋਂਦੇ ਰਹਿਣਾ
ਕਿੰਨਾ ਔਖਾ ਹੈ ਇਕ ਜੂਨੇ
ਆਪਣੀ ਹੀ ਛਾਵੇਂ ਬਹਿਣਾ
ਸ਼ਮਸ਼ਾਨ ਘਾਟ 'ਤੇ ਨਹੀਂ ਦੀਵਾ
ਤਾਹੀਉਂ ਮੇਰੀ ਮਿੱਟੀ ਠਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਮੇਰੇ ਪੈਰਾਂ ਦੇ ਵਿਚ ਧੁੱਪ ਅਟਕੀ
ਕੋਈ ਰੰਗ ਨਾ ਮੇਰਾ ਹਾਣੀ
ਭਵਸਾਗਰ ਲੱਖ ਕਤੇਬਾਂ ਦੇ
ਇਕ ਲੀਕ ਜਿਉਂ ਹੈ ਪਾਣੀ
ਕਈ ਖਪਗੇ ਆਸਣ ਤਪੀਆਂ ਦੇ
ਮੈਂ ਰਹਿ ਗਈ ਪਰਦੇ ਕਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਕੋਈ ਉੱਚੀ ਹੇਕ ਅਲਾਹੁਣੀ ਦੀ
ਮੇਰੇ ਤਨ ਮਨ ਨੂੰ ਰੁਸ਼ਨਾਉਂਦੀ
ਕਿਸੇ ਸੋਗ ਸਭਾ ਦੀ ਇਕ ਮਜਲਿਸ
ਮੇਰੇ ਉੱਪਰ ਸਰ ਭਰ ਗਾਉਂਦੀ
ਕਿਉਂ ਲਾਲਚ-ਖੂਹ ਵਿਚ ਤੂੰ ਡੁੱਬਾ
ਅਸਮਾਨ ਚੜ੍ਹੀ ਹੈ ਗਰਦੀ
ਮੈਂ ਮਹਿਕ ਵਿਹੂਣਾ ਜੰਗਲ ਹਾਂ
ਮੇਰੀ ਧੁੱਪ ਵੀ... ...

ਗੁੰਮਿਆ ਤਾਰਾ

ਬਿਜਲੀ ਦਾ ਚਮਕਾਰਾ, ਤੇਰਾ ਪਿਆਰ, ਨੀ ਮਿੱਤੀਏ
ਵਿਚ ਚਾਨਣ ਗੁੰਮਿਆ ਤਾਰਾ, ਤੇਰਾ ਪਿਆਰ, ਨੀ ਮਿੱਤੀਏ

ਉਹ ਦੂਰ ਪਹਾੜ ਦੀ ਗ਼ਮ-ਹਿਚਕੀ
ਤੇਰੇ ਇਹ ਕੇਸ ਨਿਰਾਲੇ
ਰੱਤ ਕੰਗੂ ਪਾਇਆ ਕਿਸ ਹੋਣੀ
ਦਿਲ ਘਾਉ ਲੱਗਾ ਕਿਸ ਭਾਲੇ
ਇਹ ਸਾਉਣ ਫ਼ੁਹਾਰਾਂ ਲੱਥ ਪਈਆਂ
ਕੋਈ ਇਕ ਕਣੀ ਤਾਂ ਮਾਰ
ਨੀ ਮਿੱਤੀਏ... ...

ਕਿਸੇ ਬੀਆਬਾਨ ਦੇ ਥੇਹਾਂ 'ਤੇ
ਚਾਂਦੀ ਦੇ ਖਿੱਲਰੇ ਨੇ ਵਰਕੇ
ਕਿਸ ਰੇਤ ਰਲ਼ੇ ਫੁੱਲ ਵਸਲਾਂ ਦੇ
ਤੇਰੀ ਨੈਤਿਕਤਾ ਤੋਂ ਡਰ ਡਰ ਕੇ
ਇਹ ਨੈਣੀਂ ਸਾਗਰ ਛਲਕ ਪਿਆ
ਕੋਈ ਬੇੜੀ ਇਸ ਵਿਚ ਤਾਰ
ਨੀ ਮਿੱਤੀਏ... ...

ਇਕ ਪੀਲੀ ਪਰੀ ਤੇਰੇ ਚੇਤੇ ਦੀ
ਮਰੂ-ਭੂਮੀ ਹਰ ਥਾਂ ਕਰਦੀ
ਮੱਟਮੈਲੀ ਰੁੱਤ ਨਸੀਬਾਂ ਦੀ
ਕੋਈ ਬ੍ਰਿਹਾ ਸਰਵਰ ਤਰਦੀ
ਕਿਸੇ ਡੂੰਘੀ ਛਾਵੇਂ ਦੱਬ ਇਹਨੂੰ

ਇਹਦਾ ਹਿਰਦਾ ਦੇਵੀਂ ਠਾਰ
ਨੀ ਮਿੱਤੀਏ... ...

ਕੋਈ ਪਾਗਲ ਹੁਸਨ ਜਾਂ ਪ੍ਰੀਤ ਚਿੜੀ
ਜੋ ਘੁੰਮਦੀ ਵਿਚ ਤਲਾਵਾਂ
ਇਹ ਚਿੱਠੀ ਲਿਖ ਕੇ ਭੁੱਲ ਬੈਠੀ
ਲਿਖਣਾ ਉਸਦਾ ਸਿਰਨਾਵਾਂ
ਕੋਈ ਲੱਭੇ ਉਸਦਾ ਅਤਾ ਪਤਾ
ਨਾ ਰਹਿ ਜੇ ਇਹ ਵਿਚਕਾਰ
ਨੀ ਮਿੱਤੀਏ... ...

ਇਹ ਫ਼ਸਲੀ ਖੇਤ, ਨੀਲੇ ਅੰਬਰੀਂ
ਕੀ ਚੱਲੀਆਂ ਅੱਜ ਹਵਾਵਾਂ
ਹਰ ਦੀਵਾ ਬੱਤੀ ਬੁਝ ਜਾਵੇ
ਕਿਥੋਂ ਚਾਨਣ ਰਿਸ਼ਮ ਲਿਆਵਾਂ
ਤੇਰੀ ਇਕ ਮੁਸਕੜੀ ਥੇਹ ਕੀਤਾ
ਸਾਡਾ ਘੁੱਗ ਵੱਸਦਾ ਘਰ ਬਾਰ
ਨੀ ਮਿੱਤੀਏ... ...

ਮਨ ਅੰਦਰ ਇਕ ਮਨ ਹਰ ਵੇਲ਼ੇ
ਤੇਰੀ ਬਾਤ ਜਹੀ ਹੈ ਪਾਉਂਦਾ
ਅੰਦਰ ਸੂਰਜ ਹਰ ਵਕਤ ਬਲੇ
ਤੇਰਾ ਖ਼ਿਆਲ ਜਿਹਾ ਰੁਸ਼ਨਾਉਂਦਾ
ਇਕ ਟੁਕੜਾ ਧੁੱਪ ਸਾਨੂੰ ਦੇ ਜਾਵੀਂ
ਨਾ ਸਾਡਾ ਹਿੱਸਾ ਮਾਰ
ਨੀ ਮਿੱਤੀਏ... ...

ਵਸਲਾਂ ਛਿੱਜੀ ਬੋਰੀ

ਅਸੀਂ ਪਹਿਰੇਦਾਰ ਖ਼ੁਦਾ ਕੀਤਾ
ਅਸੀਂ ਅੰਬਰ ਪਟਾ ਲਿਖਾਇਆ
ਅਸੀਂ ਬੱਦਲ ਮਲ਼ ਮਲ਼ ਸਾਂਭ ਲਿਆ
ਇਹ ਕੋਈ ਰੁੱਤਾਂ ਦਾ ਜਾਇਆ
ਅਸੀਂ ਪਹਿਰੇਦਾਰ... ...

ਇਕ ਤੀਰ ਜਿਹਾ ਦਿਲ ਵਿਚ ਐਵੇਂ
ਜਾਵੇ ਲੂੰ ਲੂੰ ਨੂੰ ਪੁੜਿਆ
ਜੋ ਮੰਜ਼ਲ ਰਾਹੀਂ ਥਿਰਕ ਪਿਆ
ਉਹ ਕਦੋਂ ਪਿਆਸਾ ਮੁੜਿਆ
ਜਦ ਮੇਘ ਦਿਲੇ ਦਾ ਹੰਭ ਗਿਆ
ਕਿਸ ਨੇ ਬੂਹਾ ਖੜਕਾਇਆ
ਅਸੀਂ ਪਹਿਰੇਦਾਰ... ...

ਸਤਿਲੁਜ ਦੀ ਹਿੱਕ 'ਤੇ ਕਿਸ ਆ ਕੇ
ਅੱਜ ਸਾਂਝੀ ਦੀਵੇ ਤਾਰੇ
ਇਕ ਛੋਹ ਤੇਰੀ ਤੋਂ ਲੱਖ ਵਾਰੀ
ਅਸੀਂ ਸਾਰੇ ਅੰਬਰ ਵਾਰੇ,
ਫੁੱਲ ਸਰਘੀ ਦਾ ਏਸ ਤਲ਼ੀ
ਅੱਜ ਮੇਚ ਮਸੀਂ ਹੈ ਆਇਆ
ਅਸੀਂ ਪਹਿਰੇਦਾਰ... ...

ਅੱਜ ਸਾਰੇ ਬਾਲ ਚਿਰਾਗ਼ ਲਵੋ
ਇਕ ਰਿਸ਼ਮ ਨ੍ਹੇਰ ਨਾ ਹੋਵੇ
ਇਸ ਕੱਖੋਂ ਸੁੰਞੀ ਕੁੱਲੀ ਦਾ

ਅੱਜ ਕਣ ਕਣ ਸੂਰਜ ਹੋਵੇ
ਗੜਵਾ ਪਾਣੀ ਉਮਰਾਂ ਕੂਲ੍ਹੇਂ
ਕੋਈ ਦਰ 'ਤੇ ਲੈ ਕੇ ਧਾਇਆ
ਅਸੀਂ ਪਹਿਰੇਦਾਰ... ...

ਇਕ ਗੀਤ ਪੁਰਾਣੀ ਸੜਕਾਂ ਦੀ
ਨੇ ਮੇਰੀ ਉਮਰਾ ਖੋਰੀ
ਜੋ ਸੁਪਨੇ ਤਲੀਆਂ ਮਰ ਗਏ ਨੇ
ਇਹਦੀ ਕਿਨ ਹੱਥਾਂ ਵਿਚ ਡੋਰੀ
ਇਹ ਜਿਸਮ ਮੇਰੇ ਦੀਆਂ ਸਰਹੱਦਾਂ
ਤੋਂ ਪਰੇ ਕੋਈ ਨਾ ਆਇਆ
ਅਸੀਂ ਪਹਿਰੇਦਾਰ... ...

ਇਹ ਕੌਣ ਖਿਲਾਰ ਗਿਆ ਆ ਕੇ
ਗਲ਼ੀਆਂ ਦੀ ਰੂਹ ਵਿਚ ਹਾਸੇ
ਅੱਜ ਮੌਸਮ ਮੇਰੇ ਹੱਥ ਆਇਆ
ਮੈਂ ਦੰਦੀ ਮਲ਼ੇ ਦੰਦਾਸੇ
ਇਹ ਕੌਣ ਸ਼ਿਵਾਲੇ ਕਿਸ ਟੱਲੀ
ਅੱਜ ਤੇਰਾ ਨਾਮ ਧਿਆਇਆ
ਅਸੀਂ ਪਹਿਰੇਦਾਰ... ...

ਕੋਈ ਸੁਰਮਾ ਪਾ ਕੇ ਸੋਚਾਂ ਦਾ
ਅੱਜ ਰਾਤ ਨੇ ਦਿੱਤੀ ਲੋਰੀ
ਅੱਜ ਪੌਣਾਂ ਤਨ ਤੇ ਆ ਦਿੱਤੀ
ਇਹ ਵਸਲਾਂ ਛਿੱਜੀ ਬੋਰੀ
ਇਹ ਪਾਟੇ ਤੱਪੜ ਪਰੇ ਕਰੋ
ਅੱਜ ਦੂਤਾਂ ਨੇ ਫੁਰਮਾਇਆ
ਅਸੀਂ ਪਹਿਰੇਦਾਰ... ...

ਇਹ ਕੌਣ ਸੁਆਗਤ ਵਿਛੇ ਪਿਆ
ਮੇਰੀ ਆਤਮਾ ਦਿਆਂ ਮਲਾਹਾਂ
ਇਹ ਕੌਣ ਸੁਗੰਧ ਖਿਲਾਰ ਗਿਆ
ਅੱਜ ਉਮਰ ਮੇਰੀ ਦੇ ਸਾਹਵਾਂ
ਤੇਰੀ ਰੂਹ ਦੀ ਸੂਈ ਨਾਲ ਅਸੀਂ
ਬ੍ਰਿਹਾ ਲੰਗਾਰ ਸੰਵਾਇਆ
ਅਸੀਂ ਪਹਿਰੇਦਾਰ... ...

ਸੰਝ ਉਤਰੀ ਮਹਿੰਦੀ ਮਹਿਕ ਪਈ
ਕਿਸ ਅਰਸ਼ਾਂ ਦਰੀ ਵਿਛਾਈ
ਕਈ ਸਦੀਆਂ ਪੈਂਡੇ ਭਟਕੇ ਨੂੰ
ਅੱਜ ਨੀਂਦ ਮਸਾਂ ਹੈ ਆਈ
ਇਹ ਸੱਖਣੇ ਥਾਲ ਚਿਰਾਗ਼ਾਂ ਦੇ
ਕਿਸ ਜਿੰਦੂ ਤੇਲ ਹੈ ਪਾਇਆ
ਅਸੀਂ ਪਹਿਰੇਦਾਰ... ...

ਕਿਸ ਸੱਧਰਾਂ ਪੁਸ਼ਪਾਂ ਦੇ ਗਜਰੇ
ਧਰਤੀ ਦੀ ਚੁੱਪ ਵਿਚ ਗੁੰਦੇ
ਇਹ ਨੈਣ ਪਿਆਸੇ ਵਸਲਾਂ ਦੇ
ਅਜੇ ਹੁਣੇ ਹੁਣੇ ਨੇ ਮੁੰਦੇ
ਦਿਲ ਬੰਸੀ ਸਾਜ਼ ਇਹ ਰੂਹਾਂ ਦਾ
ਹੈ ਕਿਸ ਨੇ ਤਾਰ ਹਿਲਾਇਆ
ਅਸੀਂ ਪਹਿਰੇਦਾਰ ਖ਼ੁਦਾ ਕੀਤਾ
ਅਸੀਂ ਅੰਬਰ ਪਟਾ ਲਿਖਾਇਆ

ਸਗਲੀ ਰੁੱਤ

ਸਗਲੀ ਰੁੱਤ ਸਾਨੂੰ ਮਾਰ ਸੱਜਣ
ਵੇ ਸਗਲੀ ਰੁੱਤ ਸਾਨੂੰ ਮਾਰ
ਹੁਣ ਨਾ ਸੱਜਣ ਸਾਨੂੰ ਮਿੱਠੜਾ ਲਗਦਾ
ਘੜੀ ਪਲਾਂ ਦਾ ਪਿਆਰ
ਸਗਲੀ ਰੁੱਤ... ...

ਜੇ ਤੂੰ ਹੋਵੇਂ ਸੁੰਨਾ ਜੰਗਲ
ਦਿਸੇਂ ਸ਼ਹਿਰ ਜਿਉਂ ਭਰਿਆ
ਹੈ ਕੌਣ ਜੋ ਤਨ ਦੀ ਨੱਈਆ ਵਿਚ
ਜਾਏ ਲਹਿਰ ਜਿਉਂ ਤਰਿਆ
ਮੈਂ ਸੁਪਨੇ ਤਲੀਆਂ ਲਾ ਮਹਿੰਦੀ
ਕੀਤਾ ਵੱਟਣੇ ਨਾਲ ਸ਼ਿੰਗਾਰ
ਸਗਲੀ ਰੁੱਤ... ...

ਲੱਗਣ ਇਹ ਭੀੜੇ ਸਭ ਭੀੜੇ
ਦਰਿਆ ਅਤੇ ਮਕਾਨ
ਮੇਰੇ ਲੇਖੀਂ ਘਰ ਨਾ ਹੋਇਆ
ਵਿਚ ਇਸ ਕੁੱਲ ਜਹਾਨ
ਇਕ ਦੋ ਕਣੀਏ ਪਿਆਸ ਬੁਝੇ ਨਾ
ਸਾਰੀ ਵਰਖਾ ਸ਼ਗਨੀ ਵਾਰ
ਸਗਲੀ ਰੁੱਤ... ...

ਜਿਸਮ ਮੇਰੇ ਦੀਆਂ ਦਹਿਲੀਜ਼ਾਂ 'ਤੇ
ਕਿਸ ਨੇ ਬਾਲ਼ੇ ਦੀਵੇ
ਮੂੰਹ ਧੋਏ ਤੇਰੀ ਯਾਦ ਗਲ਼ੀ ਦਾ
ਪਿਆਰ ਲਹੂ ਨਿੱਤ ਜੀਵੇ
ਹੈ ਮੇਰੇ ਲਈ ਪਾਰਸ ਪੱਥਰ
ਲਾਹਿਆ ਤੇਰੇ ਜਿਸਮ ਉਤਾਰ
ਸਗਲੀ ਰੁੱਤ... ...

ਤਪਦੀ ਰੇਤੇ ਤੁਰਦੀ ਦਾ
ਮੇਰਾ ਲੂੰ ਲੂੰ ਰੇਤਾ ਹੋਇਆ
ਮੇਰੇ ਮੱਥੇ ਵਿਚਲੇ ਅੱਗ ਦਰਿਆ
ਅੱਜ ਤੇਰਾ ਚੇਤਾ ਰੋਇਆ
ਮੇਘ ਲਿਆ ਕੋਈ ਸਦੀਆਂ ਤਪਦਾ
ਜੋ ਜਾਵੇ ਸੀਨਾ ਠਾਰ
ਸਗਲੀ ਰੁੱਤ... ...

ਨੈਤਿਕਤਾ ਦੀ ਪੱਕੀ ਸੜਕੇ,
ਤੇਰੀਆਂ ਪੈੜਾਂ ਗੁੰਮ ਹੋਈਆਂ
ਲਛਮਣ ਰੇਖਾ ਜਿਸਮਾਂ ਦੀ
ਰੂਹਾਂ ਨੇ ਇਸ ਵਿਚ ਘੁੱਟ ਮੋਈਆਂ
ਮੁਸਕੜੀਆਂ ਫੁੱਲਾਂ ਦੀਆਂ ਭੁੱਲੀਆਂ
ਸਾਡੇ ਹਿੱਸੇ ਏਨੇ ਖ਼ਾਰ
ਸਗਲੀ ਰੁੱਤ ਸਾਨੂੰ ਮਾਰ ਵੇ ਸੱਜਣ
ਵੇ ਸਗਲੀ ਰੁੱਤ ਸਾਨੂੰ ਮਾਰ।

ਨਵੇਂ ਸੂਰਜ

ਮਾਤਾ
ਸਵਰਨ ਕੌਰ
ਅਤੇ ਜਸਦੀਪ ਜੈਸੀ
ਲਈ

ਵਤਨ

(ਕਵਿਤਾਵਾਂ)

ਨਵੇਂ ਸੂਰਜ

ਦਿਨ ਕਿੰਨਾ ਰੁੱਖਾ ਅਤੇ ਉਦਾਸ ਹੈ, ਸਾਹ-ਸਤਹੀਣ ਮੌਸਮ
ਇਮਤਿਹਾਨੀ ਡਿਊਟੀ ਵੀ ਕਿੰਨੀ ਬੇਰਸ ਹੈ
ਅਹੁ ਸਾਹਮਣੇ ਮਿਕਸਚਰ ਪਈ ਚਲਦੀ
ਕੰਮੀਂ ਰੁੱਝੇ ਹੱਥ ਕਿੰਨੇ ਚੰਗੇ ਹਨ
ਕੋਈ ਬੱਜਰੀ ਲਿਆਵੇ-ਕੋਈ ਪਾਣੀ ਪਾਵੇ
ਕੋਈ ਸੀਮਿੰਟ ਫੜਾਵੇ-ਕੋਈ ਮਲਬਾ ਲਿਜਾਵੇ
ਘਸੇ-ਘਸੇ ਇਨ੍ਹਾਂ ਦੇ ਰਟਣਾਂ ਭਰੇ ਹੱਥ
ਦਾਲ ਭਾਤ ਖਾ ਕੇ ਖ਼ੁਸ਼ ਰਹਿਣ
ਕੰਮ ਕਰਦੇ ਭਾਰੇ ਤੋਂ ਭਾਰਾ
ਠੇਕੇਦਾਰ ਦਾ ਕੰਮ

ਥਕੇਵਾਂ ਇਨ੍ਹਾਂ ਨੂੰ ਜਦੋਂ ਲੱਗੇ
ਝੱਟ ਚੂੰਢੀ ਖੈਣੀ ਦੀ ਬਨਾਉਣ-ਮੂੰਹ ਵਿਚ ਪਾਉਣ
ਖ਼ੁਸ਼ੀ ਵਿਚ ਮਾਰਨ ਕਿਲਕਾਰੀ
ਪੰਜਾਬ ਦਾ ਕੰਮ ਇਨ੍ਹਾਂ ਲਈ ਵਲੈਤ ਵਰਗਾ
ਕਦੇ ਕਦਾਈਂ-ਵਰ੍ਹੇ ਛਿਮਾਹੀ ਘਰੇ ਜਾਣ
ਚਿੱਟੇ ਝੱਗੇ ਲੁੰਗੀ ਪਾਣ
ਕਦੇ ਕਦੇ ਰਾਤ-ਬਰਾਤੇ
ਢੋਲਕੀਆਂ ਲੈ ਕੇ ਸਾਰੀ ਸਾਰੀ ਰਾਤ ਗਾਣ
ਤੜਕੇ ਸਵੇਰੇ ਫਿਰ ਬਿਨਾ ਥਕਾਵਟ
ਕੰਮ ਉਤੇ ਹੱਸਦੇ ਜਿਹੇ ਆਣ
ਹਾਂ! ਜਦ ਕਦੇ ਚਿੱਠੀ ਜਿਹੀ ਦੇਸੋਂ ਆਵੇ
ਥੋੜ੍ਹਾ ਜਿਹਾ ਕੁਮਲਾਣ-ਫਿਰ ਕੰਮੀਂ ਰੁੱਝ ਜਾਣ

ਗੀਤ ਦਾ ਤਰਾਨਾ ਹੋਠਾਂ ਇਨ੍ਹਾਂ ਦਿਆਂ 'ਤੇ ਲਿਸ਼ਕਦਾ
ਖੌਰੇ ਇਹ ਦਰਾਵੜ ਕਿ ਆਰੀਆ
ਭਾਸ਼ਾ ਦਾ ਨਾ ਝਗੜਾ ਕੋਈ
ਫਰਸ਼ਾਂ 'ਤੇ ਸੌਂ ਕੇ ਰਾਤਾਂ ਪਏ ਗੁਜ਼ਾਰਦੇ
ਬੇਲਚੇ ਕਰੰਡੀਆਂ ਇਨ੍ਹਾਂ ਦੇ ਗਹਿਣੇ
ਫਟੇ-ਫਟੇ ਝੱਗੇ ਪੌਣਾਂ ਵਿਚ ਲਹਿਰਦੇ
ਆਪਸ 'ਚ ਗਾਲ਼ਾਂ ਕੱਢਦੇ-ਜੋਸ਼ 'ਚ ਆਵਣ ਕਹਿਰ ਦੇ
ਉੱਚੇ-ਉੱਚੇ ਮਹਿਲ ਇਹ ਉਸਾਰਦੇ
ਖ਼ੁਸ਼ ਹੁੰਦੇ-ਭੰਗ ਪੀਂਦੇ

ਸਿਆਸਤ ਦੇ ਨਾਂ 'ਤੇ ਸਿਰਫ਼ ਜਾਨਣ
ਬਾਪੂ ਗਾਂਧੀ ਇੰਦਰਾ ਦਾ ਬਾਪ ਸੀ
ਇਮਤਿਹਾਨੀ ਕੇਂਦਰ 'ਚ ਖੜ੍ਹਾ ਮੈਂ ਸੋਚਦਾ
ਕਲਾਸਾਂ 'ਚ ਬੱਚੇ ਜਦੋਂ ਪੜ੍ਹਨਗੇ
ਇਨ੍ਹਾਂ ਦਾ ਨਾਮ ਇਨ੍ਹਾਂ ਵਾਂਗ ਹੀ ਗੁੰਮ ਹੋਵੇਗਾ

ਸੋਚਦਾ ਹਾਂ!
ਕਦੋਂ ਇਹ ਆਪਣਿਆਂ ਮਹਿਲਾਂ ਦੀ ਉਸਾਰੀ ਕਰਨਗੇ
ਕਦੋਂ ਇਹ ਸਦੀਆਂ ਤੋਂ
ਭੁੱਖੀਆਂ ਸੁਆਣੀਆਂ ਤੇ ਬੱਚਿਆਂ ਦਾ
ਰੋਟੀ ਤੇ ਗੀਤਾਂ ਸੰਗ ਢਿੱਡ ਭਰਨਗੇ
ਹਾਲ ਦੀ ਘੜੀ ਤਾਂ ਇਹ
ਜ਼ਿੰਦਗੀ ਦੇ ਆਰੇ ਦੀ ਤੇਜ਼ ਧਾਰ ਨੂੰ ਜਰਨਗੇ
ਜਦੋਂ ਉਠ ਖੜ੍ਹੇ ਇਹ ਸਿੰਘ-ਭੂਮ ਅਤੇ ਗਯਾ ਦੇ ਵਾਸੀ
ਉਸ ਦਿਨ ਸੂਰਜ ਨਵੇਂ ਹੀ ਚੜ੍ਹਨਗੇ

ਅਸੀਂ ਤੁਸੀਂ

ਸਾਨੂੰ ਕੀ ਗ਼ਰਜ਼ ਹੈ ਕਿ ਅਸੀਂ
ਤੁਹਾਡੇ ਪੈਰਾਂ 'ਚ ਕੁੱਤੇ ਵਾਂਗ ਵਿਛਦੇ ਫਿਰੀਏ
ਉਹ ਮੇਜ਼ ਹੋਰ ਹੁੰਦੇ ਨੇ
ਜੋ ਕੁਰਸੀਆਂ ਤੋਂ ਡਰ ਕੇ ਕੰਬਣ ਲਗਦੇ ਨੇ
ਅਸੀਂ ਤਾਂ ਵਕਤ ਦੇ ਬਾਦਸ਼ਾਹ
ਅਤੇ ਉਹਦੇ ਜੁੱਤੀ-ਚੱਟਾਂ ਦੀਆਂ
ਅੱਖਾਂ 'ਚ ਅੱਖਾਂ ਪਾ ਕੇ ਤੱਕਦੇ ਹਾਂ

ਮੈਨੂੰ ਪਤਾ ਏ ਤੁਹਾਡੇ ਪਿੱਛੇ ਡੇਢ ਲੱਤਾਂ ਵਾਲ਼ੇ
ਅਣਗਿਣਤ ਮੇਜ਼ਾਂ ਦੀ ਫੌਜ ਹੈ
ਹੈਰਾਨੀ ਹੈ ਫਿਰ ਵੀ ਤੁਸੀਂ ਡਰਦੇ ਹੋ
ਮੈਂ ਜਾਣਦਾ ਹਾਂ ਵੇਲ਼ੇ ਸਿਰ
ਇਨ੍ਹਾਂ ਡੇਢ ਲੱਤੇ ਮੇਜ਼ਾਂ ਨੇ
ਤੁਹਾਡੀਆਂ ਫਾਈਲਾਂ ਰੱਖਣੋਂ ਇਨਕਾਰ ਕਰ ਦੇਣਾ ਹੈ
ਤੁਹਾਡੀ ਹਰ ਬੁਰਕੀ, ਤੁਹਾਡੀ ਹਰ ਘੁਰਕੀ
ਵਕਤ ਦੀ ਗਹਿਰੀ ਸਾਜ਼ਿਸ਼ ਹੈ
ਜਿਸ ਨੂੰ ਅਸਾਂ ਇਕ ਦਿਨ ਤੋੜ ਦੇਣਾ ਹੈ

ਅਸੀਂ ਥੋੜ੍ਹੇ ਹਾਂ
ਪਰ ਭੇਡਾਂ ਦਾ ਇੱਜੜ ਨਹੀਂ ਹਾਂ
ਸਾਡੇ ਕੋਲ ਇਤਿਹਾਸ ਦੀ ਗਰਮੀ ਹੈ
ਸਾਂਝੇ ਵਿਰਸੇ ਦੀ ਤੇਜ਼ ਸ਼ਰਾਬ ਹੈ
ਯੁੱਧ ਵਿਚ ਲੜਦੇ ਸੂਰਮਿਆਂ ਦੀ ਗਾਥਾ ਹੈ

ਸਿਰਫ਼ ਹਾਲ ਦੀ ਘੜੀ
ਤੁਸੀਂ ਇਨ੍ਹਾਂ ਡੇਢ ਲੱਤੇ ਮੇਜ਼ਾਂ 'ਤੇ
ਆਪਣੇ ਆਡਰਾਂ ਦੇ ਪੇਪਰ-ਵੇਟ ਰੱਖ ਸਕਦੇ ਹੋ
ਮਤਿਆਂ ਦੀ ਤੇਜ਼ ਛੁਰੀ ਟਿਕਾਅ ਸਕਦੇ ਹੋ
ਵਿਦਵਤਾ ਦੇ ਹੋਲਡਰ ਸਟੈਂਡ ਸਜਾ ਸਕਦੇ ਹੋ

ਮੇਜ਼ 'ਤੇ ਪਾਰਦਰਸ਼ੀ ਸ਼ੀਸ਼ਾ ਰੱਖ ਦੰਭ ਕਰਦੇ ਹੋ
ਪਰ ਉਸ ਵਕਤ ਕੀ ਕਰੋਗੇ
ਜਦੋਂ ਅਸੀਂ ਸੂਰਜ ਦਾ ਬਿਗਲ ਵਜਾਵਾਂਗੇ
ਚਾਨਣ ਦੇ ਬੀਜ ਲੈ ਕੇ ਆਵਾਂਗੇ
ਗਰਮ ਲੋਹੇ ਵਰਗੇ ਪਰਚਮ ਲਹਿਰਾਵਾਂਗੇ
ਸੋਚਾਂ ਦੇ ਸੂਹੇ ਗ਼ੁਲਾਬ ਉਗਾਵਾਂਗੇ
ਤੇ ਉਦੋਂ ਤੁਸੀਂ ਰਹਿਮ ਦੀ ਦੁਆ ਕਰਦੇ
ਕੁੱਤੇ ਵਾਂਗ ਪੂਛ ਹਿਲਾਉਗੇ
ਇਸ ਲਈ ਫਿਲਹਾਲ ਸਾਨੂੰ
ਉਕਾ ਹੀ ਲੋੜ ਨਹੀਂ
ਕਿ ਤੁਹਾਡੇ ਕਦਮਾਂ 'ਚ
ਕੁੱਤੇ ਵਾਂਗ ਵਿਛਦੇ ਫਿਰੀਏ

ਸ਼ਬਦ

ਸ਼ਬਦ ਇਕ ਹੱਦ ਤਕ
ਤੁਹਾਡਾ ਸਾਥ ਦਿੰਦੇ ਹਨ
ਫਿਰ ਸ਼ਬਦ ਦੋਸਤ ਜਾਂ ਦੁਸ਼ਮਣ ਹੁੰਦੇ ਹਨ
ਸਮਾਜਕ ਸੰਬੰਧਾਂ ਦੇ ਬਿੰਬਾ 'ਚ ਫਸੇ ਸ਼ਬਦ
ਕਈ ਵਾਰ ਅਰਥਹੀਣ ਬਣਦੇ ਨੇ
ਕਦੇ ਕੋਈ ਖਿੜਿਆ ਗ਼ੁਲਾਬ

ਇਸ ਵਕਤ
ਸ਼ਬਦ ਜ਼ਿੰਦਗੀ ਦੇ ਹਰ ਖੇਤਰ 'ਚ
ਲੋਕ ਰਾਜ ਦੀ ਸੜ੍ਹਾਂਦ ਵਾਂਗ ਫੈਲੇ ਪਏ ਹਨ
ਕਾਮੇ ਲਈ ਸ਼ਬਦਾਂ ਦਾ ਅਰਥ
ਕਰਜ਼ੇ 'ਚ ਸਿੰਮਦਾ ਭਵਿੱਖ ਹੁੰਦਾ ਹੈ
ਤੇ ਦਫ਼ਤਰ ਦੇ ਬਾਬੂ ਲਈ
ਕੋਈ ਛੋਟੀ ਮੋਟੀ 'ਸਾਮੀ'
ਉਨ੍ਹਾਂ ਦੇ ਹੱਥਾਂ ਵਿਚ ਸ਼ਬਦ 'ਮਕਾਲੂ ਕਾਂਡ' ਹੁੰਦੇ ਹਨ
ਤੇ ਸਾਡੇ ਕੋਲ
ਸਾਡੀ ਆਪਣੀ ਹੀ ਬਚੀ-ਖੁਚੀ ਸੰਵੇਦਨਾ
ਸ਼ਬਦ ਚਾਹੇ ਰੂਸੀ ਹੋਣ ਜਾਂ ਅਮਰੀਕੀ
ਲੁੱਟ ਦੀ ਭਾਸ਼ਾ ਹਮੇਸ਼ਾ ਇਕ ਹੁੰਦੀ ਹੈ

ਤੁਸੀਂ ਸ਼ਬਦਾਂ ਨੂੰ ਥਾਂ-ਕੁ-ਥਾਂ ਨਾ ਸੁੱਟੋ
ਇਨ੍ਹਾਂ ਨੂੰ ਜਾਤੀ ਜਾਂ ਫ਼ਿਰਕੇ 'ਚ ਨਾ ਰੋਲ਼ੋ
ਨਾ ਮੋਹ ਦੀਆਂ ਜ਼ੰਜੀਰਾਂ 'ਚ ਜਕੜੋ

ਇਨ੍ਹਾਂ ਨੂੰ ਬਣ ਜਾਣ ਦਿਉ ਤਲਵਾਰ
ਤੇ ਭਿੜ ਜਾਣ ਦਿਉ ਹਨੇਰੇ ਦੇ ਵਾਰਸਾਂ ਸੰਗ
ਉਨ੍ਹਾਂ ਸ਼ਬਦਾਂ ਨੂੰ ਹਮੇਸ਼ਾ ਹੀ ਰੋਲ਼ਿਆ ਹੈ
ਕਦੇ 'ਕਮਿਸ਼ਨਾਂ' ਅਤੇ ਕਦੇ ਚੋਣਾਂ ਦੇ ਡੱਬਿਆਂ 'ਚ

ਸਾਥੀ!
ਹੁਣ ਤੁਸੀਂ ਹੀ ਸ਼ਬਦਾਂ ਦੀ ਤਕਦੀਰ ਬਦਲੋ
ਨਹੀਂ ਤਾਂ ਸ਼ਬਦ ਸਦਾ ਵਾਂਗ
ਗੋਲ਼ੀ, ਕਾਲ਼ ਕੋਠੜੀ ਅਤੇ ਝੂਠੇ ਕੇਸ ਰਹਿਣਗੇ

ਪਿਆਰੇ ਸਾਥੀ! ਉੱਠੋ
ਕਿ ਵਕਤ ਵਾਂਗ ਸ਼ਬਦ ਕਦੇ ਉਡੀਕ ਨਹੀਂ ਕਰਦੇ
ਇਨ੍ਹਾਂ ਨੂੰ ਸਿਧਾਂਤਕ ਬਹਿਸਾਂ 'ਚ ਉਲਝਾ ਕੇ
ਨੰਗੇ ਚਿੱਟੇ ਦਿਨ ਸਾਨੂੰ ਖੁਆਰ ਨਾ ਕਰੋ
ਸ਼ਬਦ ਤਦ ਹੀ ਅਰਥ ਬਣਦੇ ਹਨ
ਜਦੋਂ ਸਿਧਾਂਤ ਤੋਂ ਅਮਲ 'ਚ ਬਦਲਣ

ਉਠੋ ਸਾਥੀ! ਸ਼ਬਦਾਂ ਨੂੰ ਇੰਝ ਕਤਲ ਨਾ ਹੋਣ ਦੇਵੋ
ਇਨ੍ਹਾਂ ਨੂੰ ਖੋਹ ਲਵੋ
ਉਨ੍ਹਾਂ ਦੇ ਅਦਿੱਖ ਹੱਥਾਂ 'ਚੋਂ
ਨਹੀਂ ਤਾਂ ਪੀੜ੍ਹੀ-ਦਰ-ਪੀੜ੍ਹੀ ਰਹੇਗਾ
ਸਾਡੇ ਬੱਚਿਆਂ 'ਤੇ ਇਨ੍ਹਾਂ ਸ਼ਬਦਾਂ ਦਾ ਕਰਜ਼ਾ

ਕਵਿਤਾ ਦੀ ਕਸਮ

ਪਿਆਰੇ ਘਰ! ਤੇਰੀ ਕੀ ਕਸਮ ਖਾਵਾਂ
ਜੋ ਫ਼ਕੀਰੀਏ ਦੀ ਹੱਟੀ ਤੋਂ ਲੈ ਕੇ
ਬੈਂਕ ਦੀਆਂ ਮਿਸਲਾਂ ਤੀਕ ਤੋੜ ਜ਼ਖ਼ਮੀ ਹੈ
ਸ਼ਾਨਦਾਰ ਮੁਹੱਲੇ! ਕੀ ਤੇਰੀ ਛਾਂ ਥੱਲੇ ਬੈਠਾਂ
ਜੋ ਪਤਾ ਨਹੀਂ ਕਦੋਂ ਦਾ ਈਰਖਾ ਦੇ
ਸਮੁੰਦਰ ਵਿਚ ਡੁੱਬ ਰਿਹਾ ਹੈ

ਮੇਰੇ ਪਿੰਡ! ਤੇਰੇ ਕੋਲ ਨਿੱਘ ਹੋਣੈ
ਪਰ ਕਿੱਥੇ, ਤੂੰ ਤਾਂ ਸਦੀ ਦੇ ਪਹਿਲੇ ਸਵੇਰੇ ਤੋਂ ਹੀ
ਵਿਰਕਾਂ ਤੇ ਤਖਾਣਾਂ 'ਚ ਵੰਡਿਆ ਖੜ੍ਹਾ ਹੈਂ
ਤੇ ਅਫ਼ਸੋਸ! ਘੋੜਿਆਂ ਦੀਆਂ ਪਿੱਠਾਂ 'ਤੇ
ਉਸਰਨ ਵਾਲੇ ਸੱਚ ਦਾ ਇਤਿਹਾਸ
ਘੋੜਿਆਂ ਨਾਲ ਹੀ ਜਲਾਵਤਨ ਹੋ ਗਿਐ

ਐ ਪੰਜਾਬ! ਕੀ ਤੇਰੀ ਬਾਤ ਪਾਵਾਂ
ਅੱਜ-ਕਲ੍ਹ ਮੈਥੋਂ ਵੱਧ ਤੇਰੇ ਕੋਲ
ਮਜ਼ੇਦਾਰ ਖ਼ਬਰਾਂ ਦਾ ਅੰਨ੍ਹਾ ਵੇਗ ਹੈ
ਮਸਲਨ ਗੋਲ਼ੀ ਬੰਦੇ ਨੂੰ ਨਹੀਂ
ਕਿਸੇ ਧਰਮ ਨੂੰ ਵੱਜਦੀ ਹੈ
ਤੇ ਬੰਦਾ, ਬੰਦਾ ਨਹੀਂ ਕਿਸੇ ਫ਼ਿਰਕੇ ਦਾ ਦੁਮ-ਛੱਲਾ ਹੈ

ਮੇਰੇ 'ਤੇ ਲੱਦੇ ਸਮਾਜ
ਤੇਰੇ ਕੋਲ ਮੇਰੇ ਲਈ ਵਕਤ ਕਿੱਥੇ

ਤੂੰ ਤਾਂ ਬੰਦੇ ਦੇ ਸੰਸਥਾ 'ਚ ਬੱਝਣ ਵੇਲ਼ੇ ਤੋਂ ਹੀ
ਹੁਮਕ ਮਾਰਦੇ ਨੈਤਿਕਤਾ ਦੇ ਪਾਣੀਆਂ 'ਚ ਤਿਲਮਿਲਾ ਰਿਹੈ

ਮਾਤ-ਭੂਮੀ! ਤੇਰੀ ਕਸਮ ਕਿੰਜ ਖਾਵਾਂ
ਤੂੰ ਤਾਂ ਈਸਟ ਇੰਡੀਆ ਕੰਪਨੀ ਵੇਲ਼ੇ ਤੋਂ ਹੀ
ਪੌਂਡਾਂ, ਡਾਲਰਾਂ ਤੇ ਰੂਬਲਾਂ 'ਚ ਗਿਰਵੀਂ ਹੈਂ
ਇਸ ਲਈ ਹੇ ਮੇਰੇ ਸ਼ਾਨਾ-ਮੱਤੇ ਇਤਿਹਾਸ
ਮੈਂ ਤੇਰੀ ਕਸਮ ਖਾਂਦਾ ਹਾਂ

ਇਹ ਫ਼ਿਰਕੂ ਬੱਦਲ ਸਦਾ ਨਹੀਂ ਰਹਿਣੇ
ਕਿ ਜਥੇਬੰਦ ਵਕਤ ਕਰਵਟ ਲੈ ਰਿਹੈ
ਕਿ ਡਾਲਰਾਂ ਅਤੇ ਰੂਬਲਾਂ ਦੇ ਦੈਂਤ
ਕਿਰਤ ਦੇ ਰਟਣਾਂ ਨੇ ਸੱਥ ਵਿਚਕਾਰ ਕੁੱਟਣੇ ਹਨ
ਸੋ ਹੇ ਮੇਰੇ ਸ਼ਾਨਾਂ-ਮੱਤੇ ਇਤਿਹਾਸ
ਹਾਲ ਦੀ ਘੜੀ ਮੈਂ ਆਪਣੀ ਕਵਿਤਾ ਲਈ
ਤੇਰੀ ਤੇ ਸਿਰਫ਼ ਤੇਰੀ ਕਸਮ ਖਾਂਦਾ ਹਾਂ

ਕਾਮਰੇਡਾਂ ਦੀ ਸੇਵਾ ਹਿੱਤ

ਉੱਥੇ ਜਿੱਥੇ 'ਸਭੇ ਸਾਂਝੀਵਾਲ ਸਦਾਇਨਿ'
ਉਥੇ ਕਦੇ ਪੂਰਬ ਦੇ ਪਹੁ-ਫੁਟਾਲੇ 'ਚੋਂ
ਭੁੱਖਾਂ ਦੇ ਮਾਰੇ ਆਰੀਆ ਦਰਾਵੜਾਂ ਨਾਲ ਲੜੇ
ਬੁੱਧ ਦੀ ਅਹਿੰਸਾ ਕਈ ਸਦੀਆਂ
ਖ਼ੂਨ ਦੇ ਦਰਿਆ ਤਰਦੀ ਰਹੀ
ਕਾਲਿੰਗਾ ਦੇ ਮੈਦਾਨ 'ਚੋਂ ਅਸ਼ੋਕ ਨੂੰ
ਅਖ਼ੀਰ ਜਦੋਂ ਕੁਝ ਹੱਥ ਨਾ ਆਇਆ
ਤਾਂ ਉਹਦੇ ਸਾਹਮਣੇ ਸਿਰਫ਼ ਲੋਕ ਸਨ
ਜਾਂ ਕਪਲ-ਵਸਤੂ ਦਾ ਨਿੰਮ੍ਹਾ ਜਿਹਾ ਚਾਨਣ ਸੀ
ਜੀਹਦੇ ਮੂੰਹ-ਹਨੇਰੇ 'ਚ ਉਹ ਲਾਸ਼ਾਂ ਦੀ ਨਦੀ ਤਰ ਕੇ
ਗਯਾ ਦੇ ਬੋਧ ਬਿਰਖ਼ ਤੀਕ ਅਪੜਿਆ

ਉਦੋਂ ਵੀ ਇਸ ਧਰਤੀ 'ਤੇ
ਨਿੰਮ੍ਹਾ ਜਿਹਾ ਚੰਨ ਚੜ੍ਹਦਾ ਸੀ
ਉਦੋਂ ਵੀ ਇਸ ਸ਼ਾਨਾਂ-ਮੱਤੀ ਧਰਤ ਦੇ ਰੇਤਲੇ ਟਿੱਬਿਆਂ 'ਤੇ
ਸੂਰਜ ਉਦੈ ਹੁੰਦਾ ਸੀ
ਉਦੋਂ ਵੀ ਹਰ ਨਵੀਂ ਸਵੇਰ ਤ੍ਰੀਮਤਾਂ
ਭੁੱਖਾਂ ਝਾਗਦੀਆਂ ਪਗਡੰਡੀਆਂ ਤੋਂ ਰਾਹਾਂ ਵੱਲ ਵਧੀਆਂ
ਉਦੋਂ ਵੀ ਨਰਮੇ ਦੇ ਖੇਤ ਅਤੇ ਖੇਤਾਂ ਦੇ ਵਾਰਿਸ ਭੁੱਖੇ ਸਨ
ਉਦੋਂ ਵੀ ਵਕਤ ਦੇ ਹਾਕਮਾਂ ਨੇ
ਮਨੁੱਖ ਦੀ ਆਤਮਾ ਨੂੰ ਚਹੁੰ ਵਰਣਾਂ 'ਚ ਵੰਡਿਆ ਸੀ
ਇਨ੍ਹਾਂ ਵਰਣਾਂ ਦੀ ਅੱਗ 'ਚ ਜਲਦੇ ਲੋਕ
ਕਈ ਸਦੀਆਂ ਦੁਸ਼ਮਣ ਦੀ ਪਹਿਚਾਣ ਨਾ ਕਰ ਸਕੇ

ਇਸੇ ਲਈ ਗ਼ਜ਼ਨੀ ਸ਼ਹਿਰ ਦੀਆਂ ਹੁਸੜ ਸ਼ਾਮਾਂ ਵਿਚ
ਔਰਤਾਂ ਟਕੇ ਦੀ ਛਾਂ 'ਚ ਹੀ ਵਿਕਦੀਆਂ ਰਹੀਆਂ
ਤੇ ਇਸੇ ਧਰਤੀ ਤੋਂ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ'
ਦਾ ਮਿਹਣਾ ਮਾਰਨ ਵਾਲੇ ਪਰਮ ਮਨੁੱਖ ਦੀ ਆਤਮਾ ਨੇ
ਵਰਣਾਂ ਦੀ ਅੱਗ ਨੂੰ ਸ਼ਬਦ ਦੇ ਅਰਥਾਂ ਦੇ ਝਰਨੇ 'ਚ ਠਾਰਿਆ ਸੀ

ਖੰਡੇ ਦੀ ਪਾਹੁਲ ਦਾ ਅੰਮ੍ਰਿਤ ਕਦੇ ਨਹੀਂ ਸੀ ਜਾਣਦਾ
ਕਿ ਲੋਹੇ ਤੇ ਸ਼ਬਦ ਦਾ ਮੇਲ ਇਕ ਦਿਨ
ਇਸੇ ਧਰਤੀ ਨੂੰ ਕਾਲਿੰਗਾ ਦਾ ਮੈਦਾਨ ਬਣਾ ਦਊ
(ਉਹ ਕੌਣ ਸਨ? ਜਿਨ੍ਹਾਂ ਹਰ ਸਦੀ ਦੋਸਤ ਤੇ ਦੁਸ਼ਮਣ ਦੀ ਪਰਿਭਾਸ਼ਾ
ਰੰਗਾਂ, ਨਸਲਾਂ 'ਚ ਕਰਨ ਦੀ ਸਾਜ਼ਿਸ਼ ਰਚੀ)

ਪਰ ਇਸੇ ਧਰਤੀ ਦੇ ਪਹਿਲੇ ਸਵੇਰਿਆਂ 'ਚੋਂ
ਪੱਥਰਾਂ ਦੀ ਚੁੱਪ ਵਿਚੋਂ ਭਾਈ ਕਨ੍ਹਈਏ ਜੰਮਦੇ ਰਹੇ
ਇਸੇ ਧਰਤੀ ਤੋਂ ਪੱਕੇ ਹੋਏ ਝੋਨੇ ਦੀਆਂ ਵੱਟਾਂ 'ਤੇ ਤੁਰਦੇ ਹੋਏ
ਵਗਦੀ ਆਡ ਦੇ ਖਚਰੇ ਜਿਹੇ ਘਾਹ ਨੂੰ ਝਕਾਨੀ ਦਿੰਦੇ
ਬਾਲਾਂ ਦੀਆਂ ਮਾਸੂਮ ਅੱਖਾਂ 'ਚ ਸੁਪਨੇ ਬੀਜਦੇ ਹੋਏ
ਦੱਧਾਹੂਰ ਤੇ ਜਗਤਪੁਰ ਦੇ ਆਮ ਪਿੰਡਾਂ 'ਚੋਂ ਯੋਧੇ ਤੁਰੇ ਸਨ
ਜਿਨ੍ਹਾਂ ਦੇ ਜਿਸਮਾਂ ਦੀ ਰੌਸ਼ਨੀ ਵਿਚ ਵਰਣਾਂ ਦੇ ਹਨੇਰੇ ਸਦਾ ਡਰਦੇ ਰਹੇ
ਪਰ ਅਫ਼ਸੋਸ! ਉਨ੍ਹਾਂ ਦੇ ਕਦਮਾਂ ਦੀ ਤਾਲ ਕੌਮਾਂਤਰੀ ਪਹਾੜੀ ਦੀ ਟੀਸੀ ਦਾ
ਅਤੇ ਆਪਣੇ ਘਰ ਦੀਆਂ ਹੱਦਾਂ ਦਾ ਨਾਪ ਨਾ ਕਰ ਸਕੀ

ਇਸੇ ਪਹਾੜੀ ਵੱਲ ਵਧਦੇ ਉਨ੍ਹਾਂ ਦੇ ਕਦਮਾਂ ਦੀ ਤਾਲ
ਪਗਡੰਡੀਆਂ 'ਚ ਵਟ ਗਈ
ਸ਼ਾਮਾਂ ਦੇ ਡੂੰਘੇ ਹਨੇਰਿਆਂ ਅਤੇ ਪਤਝੜੀ ਸ਼ਾਮਾਂ ਵਿਚ ਵੀ

ਉਹ ਫੁੱਲ ਦੀਆਂ ਪੱਤੀਆਂ ਨੂੰ ਇਕ ਹੀ ਸਮਝਦੇ ਰਹੇ
ਤੇ ਇਹ ਕੈਸਾ ਵਕਤ ਆ ਗਿਆ ਹੈ ਯਾਰੋ
ਕਿ ਉਸੇ ਧਰਤੀ ਤੋਂ 'ਜੋਗਾ ਸਿੰਘ' ਵਿਰਲਾਪ ਕਰਦਾ ਹੈ
"ਕਿੱਥੇ ਮਰ ਗਿਆਂ ਹੈਂ ਤੂੰ ਸ਼ਾਂਤੀਦੇਵ"

ਉਸੇ ਧਰਤੀ ਦੀਆਂ ਰਾਂਗਲੀਆਂ ਸਵੇਰਾਂ
ਕਿੰਝ ਲਹੂ ਨਾਲ ਨ੍ਹਾਤੀਆਂ ਗਈਆਂ
ਕਿੰਝ ਹੱਟੀਆਂ ਅਤੇ ਖੇਤਾਂ ਦੀ ਸਾਂਝ
ਇਤਿਹਾਸ ਦੇ ਗੰਦੇ ਕੀੜੇ 'ਚ ਬਦਲ ਗਈ
ਜੇ ਅਜੇ ਵੀ ਸਾਡਾ ਵਿਸ਼ਵਾਸ ਹੈ
ਕਿ ਸਾਂਝੀਵਾਲਤਾ ਦਾ ਜਾਲ਼ ਪੀਡਾ ਹੈ
ਤਾਂ ਸਾਡਾ ਭਰਮ ਹੈ ਯਾਰੋ
ਉਨ੍ਹਾਂ ਨੇ ਕੁਤਰ ਦਿੱਤਾ ਹੈ ਇਹ ਜਾਲ਼
ਬੱਚਿਆਂ ਅਤੇ ਮਾਸੂਮਾਂ ਦੀਆਂ ਲਾਸ਼ਾਂ 'ਤੇ ਪੈਰ ਧਰ ਕੇ

ਉਹ ਲੋਕ ਜਿਨ੍ਹਾਂ ਇਸ ਜਾਲ਼ ਨੂੰ
ਇਤਿਹਾਸ ਦੇ ਚਲਦੇ ਸਾਹਾਂ ਨਾਲ ਗੰਢਣਾ ਸੀ
ਸ਼ਾਇਦ ਹਾਲ ਦੀ ਘੜੀ ਫਿਰਕੂ ਏਕਤਾ ਦੀ ਅਪੀਲ ਕਰ ਰਹੇ ਹਨ
ਜਾਂ ਫਿਰ ਕੌਮਾਂਤਰੀ ਸੰਬੰਧਾਂ ਦੀ ਖੁਰਲੀ ਵਿਚ
ਆਪਣੀ ਰਾਜਨੀਤੀ ਦੇ ਬਾਜਰੇ ਨੂੰ ਹੀ
ਅੰਤਿਮ ਸੱਚ ਦਾ ਐਲਾਨ ਕਰ ਰਹੇ ਹਨ
ਕਿੱਥੇ ਹਨ ਉਨ੍ਹਾਂ ਦੀ ਖੁਰਪੀ ਤੇ ਨਕੰਦੇ
ਕਿੱਥੇ ਨੇ ਉਨ੍ਹਾਂ ਦੇ ਉਹ ਧਰਤੀ ਤੋਂ ਵੱਡੇ ਸੰਦ
ਜਿਸ ਨਾਲ ਉਨ੍ਹਾਂ ਬ੍ਰਹਿਮੰਡ ਦੀ ਚਾਦਰ ਨੂੰ ਸੀਣਾ ਹੈ।

ਹਾਲੇ ਵੀ ਵਕਤ ਹੈ ਯਾਰੋ
ਕਿ ਆਪਣੇ ਹੀ ਪਰਛਾਵੇਂ ਦੀ ਰਾਜਨੀਤੀ ਨੂੰ ਛਡਦੇ ਹੋਏ
ਵਕਤ ਦੇ ਭੂਤਰੇ ਸਾਨ੍ਹ ਨੂੰ ਨੱਥ ਪਾਈਏ
ਨਹੀਂ ਤੇ ਕਿਤੇ ਇੰਝ ਨਾ ਹੋਵੇ ਕਿ ਅਸੀਂ ਤੁਸੀਂ
ਸਭ ਵਰਤੀ ਗਈ ਡਾਕ ਟਿਕਟ ਵਾਂਗ
ਸਿਰਫ਼ ਅਤੀਤ ਦੀ ਐਲਬਮ 'ਚ ਦਮ ਤੋੜ ਜਾਈਏ

ਤਲਖ਼ ਮੌਸਮਾਂ ਦਾ ਹਿਸਾਬ

ਰਾਜਨੀਤੀ ਬਹੁਤ ਕੁਝ ਰੋੜ੍ਹ ਦਿੰਦੀ ਹੈ
ਮਸਲਨ
ਪਿਆਰ, ਰਿਸ਼ਤੇ, ਪਰਿਵਾਰ, ਮੁਹੱਲਾ ਤੇ ਸਮਾਜ
ਰਾਜਨੀਤੀ ਬਹੁਤ ਚਲਾਕ ਲੂੰਬੜੀ ਹੈ
ਜੋ ਹਰ ਵਾਰ ਸਾਡੇ ਅੰਗੂਰ ਖਾ ਕੇ ਵੀ
ਖੱਟੇ ਦਸਦੀ ਹੈ

ਰਾਜਨੀਤੀ ਦਰਅਸਲ ਠਹਿਰੀ ਰਾਤ 'ਚ
ਆਪਣੇ ਹੀ ਬਿਸਤਰੇ 'ਤੇ ਖੇਡਿਆ ਨਾਟਕ ਹੈ
ਰਾਜਨੀਤੀ ਪਾਣੀ ਲਾਉਂਦੇ ਕਿਸਾਨ ਦੀਆਂ ਅੱਖਾਂ 'ਚ
ਉੱਗਿਆ ਮੌਸਮੀ ਫ਼ਸਲ ਦਾ ਮੁੱਲ ਹੈ
ਰਾਜਨੀਤੀ ਵਿਸ਼ਵ-ਵਿਦਿਆਲਿਆਂ 'ਚ
ਭੋਰਾ ਭੋਰਾ ਵਿਕ ਕੇ ਕੀਤੀ ਖ਼ੁਸ਼ਾਮਦ ਹੈ

ਨਜ਼ਰਾਂ ਦਾ ਹਰਦਮ ਵਿਛੇ ਰਹਿਣਾ
ਤਲਖ਼ ਮੌਸਮਾਂ ਦਾ ਹਿਸਾਬ ਪੁੱਛਣਾ
ਹੋਰ ਕੁਝ ਨਹੀਂ, ਅਸਲ ਵਿਚ
ਮੌਤ ਦੀ ਫ਼ਾਈਲ 'ਤੇ
ਆਪਣੇ ਹਿੱਸੇ ਦੇ ਵਾਦ ਦੀ ਨੋਟਿੰਗ ਕਰਨਾ ਹੈ
ਜਾਂ ਵੋਟਾਂ ਦੇ ਡੱਬਿਆਂ 'ਚੋਂ
ਲੋਕਾਂ ਦੀ ਕਿਸਮਤ ਲੱਭਣਾ ਹੈ
ਉਂਝ ਰਾਜਨੀਤੀ ਕਮਾਲ ਹੈ
ਇਹ ਮਨੁੱਖ ਨੂੰ ਰਿਸ਼ਤਾ ਨਹੀਂ

ਇਕ ਵੋਟ ਮੰਨਦੀ ਹੈ
ਜਿਨ੍ਹਾਂ ਇਸ ਦੰਭ ਨੂੰ ਤੋੜਨਾ ਸੀ
ਉਹ ਦਾਅ-ਪੇਚਕ ਨੀਤੀ ਦਾ ਦੰਭ ਰਚਦੇ ਹੋਏ
ਸਮਝੌਤੇ ਕਰਦੇ ਹਨ
ਕਦੇ ਆਸਾਮ ਵਿਚ ਅਤੇ ਕਦੇ ਬੰਗਾਲ ਵਿਚ
ਜਾਂ ਫਿਰ ਰਾਜਨੀਤੀ
ਆਪਣੇ ਸੱਚ ਦੀ ਰੱਖਿਆ ਕਰਦੇ ਹੋਏ
ਇੰਟੈਰੋਗੇਸ਼ਨ ਕੇਂਦਰ 'ਚ ਪੁੱਠੇ ਲਟਕਦਿਆਂ
ਨਕਸਲਬਾੜੀ ਸੰਕਲਪ ਦੀ ਲਾਜ ਰੱਖਣਾ ਹੈ

ਉਂਝ ਅੱਜ ਕੱਲ੍ਹ ਉਨ੍ਹਾਂ ਦੇ ਦਸਤਾਵੇਜ਼ਾਂ 'ਚ ਵੀ
ਨਾ ਸੜ ਰਹੇ ਪੰਜਾਬ ਦੀ ਚਿੰਤਾ ਹੈ
ਨਾ ਕਿਸਾਨ-ਮਜ਼ਦੂਰ ਏਕਤਾ ਦੀ ਬਾਰਿਸ਼ ਹੈ
ਸਗੋਂ ਰੂਸ, ਅਮਰੀਕਾ ਤੇ ਚੀਨ ਦੀ ਰਾਜਨੀਤੀ ਦੇ
ਅੱਧ-ਖਾਧੇ ਵੰਡ ਦੀ ਜੁਗਾਲੀ ਹੈ
ਉਂਝ ਰਾਜਨੀਤੀ ਕਮਾਲ ਹੈ
ਰਾਜਨੀਤੀ ਕਮਾਲ ਹੈ

ਆਰੰਭ ਅਤੇ ਨੁੱਕਰ

(ਮੋਹਨਜੀਤ ਲਈ)

ਸ਼ਬਦ ਆਪਣੀਆਂ ਘਾਟੀਆਂ 'ਚ ਗੁੰਮ ਹੁੰਦੇ ਸੋਚਣਗੇ
ਅਸੀਂ ਕਿਨ੍ਹਾਂ ਦੀ ਖ਼ਾਤਰ ਹਾਂ

ਸੋਚ ਪਲ ਦੀ ਪਲ ਲੜਖੜਾਏਗੀ
ਤੇ ਫੇਰ ਉਸੇ ਤਰ੍ਹਾਂ
ਰਾਜੇ ਅਦਲੀ ਦਾ ਭਾਰ ਢੋਂਹਦੀ ਰੂਹ
ਇੱਥੇ ਜਾਂ ਉੱਥੇ ਫ਼ਰਜ਼ਾਂ ਥੱਲੇ ਜੰਮ ਜਾਏਗੀ
ਇਕ ਪਲ ਲਈ ਆਵੇਗਾ ਖ਼ਿਆਲ
ਉਸ 'ਆਰੰਭ' ਦਾ
ਜੋ ਸਦੀ ਦੇ ਐਨ ਅੱਧ-ਵਿਚਕਾਰ ਕੀਤਾ ਸੀ
ਬਹੁਤ ਰਹਿ ਜਾਵੇਗਾ 'ਕੱਲ੍ਹਾ ਜਦੋਂ ਆਵੇਗਾ ਉਬਾਲ
ਤੇ ਹੌਲੇ ਹੌਲੇ ਕਿਰ ਜਾਵੇਗੀ
ਉਹਦੇ ਕੋਸਿਆਂ ਹੱਥਾਂ 'ਚੋਂ ਉਹ ਕਵਿਤਾ
ਜਿਹਦੇ ਲਈ ਇਹ ਅਸਮਾਨ ਬਹੁਤ ਛੋਟਾ ਹੈ
ਅਤੇ ਇਸ ਪੁਲਾੜ ਦਾ ਸਫ਼ਾ ਬਹੁਤ ਨਿੱਕਾ

ਫਿਰ ਉਹ ਪਹਿਨ ਕੇ ਬੌਧਿਕਤਾ ਦੀ ਸਤਰੰਗੀ ਪੀਂਘ
ਨਦੀ ਤੇ ਰਿਖੀ ਦਾ ਸੁਰ-ਪਤਾ ਟੋਲਣ ਤੁਰੇਗਾ
ਜੋ ਉਹਦੀ ਜੇਬ 'ਚ ਹੀ ਕਿਧਰੇ ਅਟਕਿਆ ਪਿਆ ਹੈ
ਉਹਦੇ ਮੱਥੇ 'ਚ ਦਮ ਤੋੜ ਦੇਵੇਗਾ ਉਹ ਸਫ਼ਰ
ਜਿਸ ਨਾਲ ਉਸ ਚੁਰਾਸੀ ਆਸਣ ਫ਼ਤਿਹ ਕਰਨੇ ਸਨ
ਬਲਦੀਆਂ ਤਾਰਾਂ ਨੂੰ ਵੱਸ ਕਰਨ ਦਾ ਪ੍ਰੇਤ ਮੰਤਰ
ਐਨ ਦਰਾਂ ਮੂਹਰੇ ਖੰਘਦੀ ਮਮਤਾ 'ਚ ਸਿਮਟ ਜਾਵੇਗਾ

ਪਿੱਛੇ ਰਹਿ ਗਏ ਉਹਦੇ ਸਾਥੀ ਜਦੋਂ ਕਰਨਗੇ
ਦਿੱਲੀ ਦੇ ਲਾਲ ਕਿਲ੍ਹੇ ਦੀ ਕੋਸੀ ਜਿਹੀ ਧੁੱਪ ਦਾ ਸੁਆਲ
ਤਾਂ ਉਹ ਮੁਸਕਰਾ ਕੇ ਆਖੇਗਾ:
ਬਾਬਿਓ ਦਿੱਲੀ ਦੂਰ ਹੈ ਅਜੇ, ਬਹੁਤ ਦੂਰ
ਮੈਨੂੰ ਯਾਦ ਆਵੇਗਾ
ਉਹਦਾ ਗੋਭਲਾ ਜਿਹਾ ਪਾਨ ਨਾਲ ਰੰਗਿਆ ਮੂੰਹ
ਜਿਸ ਬਾਰੇ ਉਸ ਕਿਹਾ ਸੀ ਕਦੇ
ਪਾਨ ਦਾ ਰੰਗ ਵੀ ਖ਼ੂਨ ਵਰਗਾ ਹੈ
ਤੇ ਭਾਅ, ਪੰਜਾਬ 'ਚ ਅੱਜ ਕੱਲ੍ਹ
ਖ਼ੂਨ ਤਾਂ ਪਾਨ ਨਾਲੋਂ ਵੀ ਸਸਤਾ ਹੈ
ਮੋਹਨ ਸਿੰਘ, ਸ਼ਿਵ ਕੁਮਾਰ ਦੇ ਖ਼ੂਨ ਦਾ ਇਤਿਹਾਸ
ਕਿੰਝ ਤੇ ਕਿੱਦਾਂ ਹੋ ਗਿਆ ਮੇਰੇ ਸ਼ਾਇਰ

ਜਦੋਂ ਉਹ ਲਿਖ ਰਹੇ ਸਨ ਹਥਿਆਰਾਂ ਨਾਲ
ਬੰਦੇ ਦੇ ਖ਼ੂਨ ਦੀ ਕਵਿਤਾ
ਤਾਂ ਤੁਸੀਂ ਇਤਿਹਾਸ ਦੀ ਕਿਸ ਨੁੱਕਰੇ
ਖੜ੍ਹੇ ਸਉ ਮੇਰੇ ਸ਼ਾਇਰ
ਇਤਿਹਾਸ ਇਕ ਨਵੇਂ ਆਰੰਭ ਦੀ
ਮੰਗ ਕਰਦਾ ਹੈ ਮੇਰੇ ਸ਼ਾਇਰ
ਇਕ ਨਵੇਂ ਆਰੰਭ ਦੀ ਮੰਗ

ਬਚਪਨ

(ਕਰਨਲ ਤੇ ਜਰਨਲ ਲਈ)

ਜਿਨ੍ਹਾਂ ਬੱਚਿਆਂ ਦੇ ਬਾਪ ਘਰ ਨਹੀਂ ਪਰਤਦੇ
ਉਨ੍ਹਾਂ ਦਾ ਚੰਨ ਅੱਧਾ ਹੁੰਦਾ ਹੈ
ਜਿਨ੍ਹਾਂ ਦੇ ਬਾਪ
ਘਰ ਦੀਆਂ ਗ਼ਰਜ਼ਾਂ ਤੋਂ ਤੰਗ ਆ ਕੇ
ਪਰਦੇਸ ਚਲੇ ਜਾਂਦੇ ਹਨ
ਉਨ੍ਹਾਂ ਲਈ ਬਚਪਨ ਊੜੇ-ਐੜੇ ਦਾ ਸੀਮਤ ਖੇਤਰਫਲ ਹੁੰਦਾ ਹੈ

ਜਦੋਂ ਕਿ ਉਨ੍ਹਾਂ ਦੀ ਮਾਂ ਸ਼ਰੀਕੇ ਦੇ ਬੋਲਾਂ 'ਚ
ਪਹਿਲਾਂ ਹੀ ਮਰ ਜਾਂਦੀ ਹੈ
ਜਿਨ੍ਹਾਂ ਬੱਚਿਆਂ ਦੇ ਬਾਪ ਫੌਜੀ ਹਨ
ਉਨ੍ਹਾਂ ਲਈ ਬਚਪਨ ਵਰ੍ਹੇ ਛਿਮਾਹੀ ਖੁੱਲ੍ਹਦੀ ਖਿੜਕੀ ਹੈ
ਜਿਸ ਵਿਚ ਝੂੰਗੇ ਜਿੰਨੀ ਚੀਜ਼ ਤੋਂ ਵੱਧ ਝਿੜਕਾਂ ਹਨ
ਜਿਨ੍ਹਾਂ ਬੱਚਿਆਂ ਦੇ ਬਾਪ ਘਰ ਵਾਪਿਸ ਨਹੀਂ ਆਉਂਦੇ
ਉਨ੍ਹਾਂ ਲਈ ਜ਼ਿੰਦਗੀ ਮਾਰੂਥਲ ਹੁੰਦੀ ਹੈ
ਉਨ੍ਹਾਂ ਲਈ ਲੋਰੀ ਰੂੜ੍ਹੀ 'ਤੇ ਪੈ ਰਿਹਾ ਮੀਂਹ ਹੁੰਦੀ ਹੈ
ਉਨ੍ਹਾਂ ਦੇ ਅਰਮਾਨ ਨਹੀਂ ਹੁੰਦੇ
ਉਹ ਸਚਮੁੱਚ ਯਤੀਮ ਹੁੰਦੇ ਹਨ
ਉਨ੍ਹਾਂ ਦੇ ਅੰਬਰ 'ਤੇ ਸੁਰੱਖਿਅਤਾ ਦੀ ਪੀਂਘ ਕਦੇ ਨਹੀਂ ਪੈਂਦੀ
ਉਨ੍ਹਾਂ ਦੇ ਆਕਾਸ਼ 'ਤੇ ਇਕੱਲਤਾ ਦੀ ਬੱਦਲੀ ਇੰਝ ਭੌਂਦੀ ਏ
ਜਿਵੇਂ ਚਰਖੇ ਦੁਆਲੇ ਘੁੰਮਦੀ ਹੋਈ ਮਾਹਲ
ਤੇ ਇਸੇ ਮਾਹਲ ਦੁਆਲੇ ਗੇੜੇ ਦਿੰਦੇ ਉਹ ਬੀਤ ਜਾਂਦੇ ਹਨ

ਜਿਨ੍ਹਾਂ ਬੱਚਿਆ ਦੇ ਬਾਪ ਹਾਕਮ ਦੀ ਚਾਕਰੀ ਕਰਦੇ
ਆਪਣੇ ਹੱਥ ਹੀ ਗਵਾ ਬਹਿੰਦੇ ਹਨ
ਉਨ੍ਹਾਂ ਲਈ ਜੀਵਨ ਮਿੱਧੀ ਹੋਈ ਪੈੜ ਵਰਗਾ ਹੁੰਦਾ ਹੈ
ਜਿਨ੍ਹਾਂ ਬੱਚਿਆਂ ਦੇ ਕੰਨ ਸਿਰਫ਼ ਕਰਫਿਊ ਸੁਣਦੇ ਹਨ
ਉਨ੍ਹਾਂ ਲਈ ਦਿਨ ਟੀ.ਵੀ. ਦੀ ਸਕਰੀਨ ਵਰਗਾ
ਅਤੇ ਰਾਤ ਰੇਡੀਉ ਕੁ ਜਿੱਡੀ ਹੁੰਦੀ ਹੈ

ਜਿਨ੍ਹਾਂ ਬੱਚਿਆਂ ਕੋਲ ਇਤਿਹਾਸ ਦੇ ਨਾਮ 'ਤੇ
ਸਿਰਫ਼ ਜਾਰਜ ਵਸ਼ਿੰਗਟਨ ਦੀ ਮਹਿਮਾ ਹੁੰਦੀ ਹੈ
ਉਹ ਉਮਰ ਭਰ ਚਾਨਣ ਤੋਂ ਤ੍ਰਹਿੰਦੇ ਹਨ
ਅਤੇ ਸਭ ਕਾਸੇ ਨੂੰ 'ਹਉ ਪਰ੍ਹੇ' ਆਖਣ ਵਾਲੀ ਜਮਾਤ ਦੇ
ਉਹ ਅਨਿੰਨ ਭਗਤ ਬਣਦੇ ਹਨ

ਤੇ ਜੋ ਬੱਚੇ ਸੁੰਘਦੇ ਹਨ ਉਮਰ ਨੂੰ
ਸ਼ਹਿਰ ਦੀਆਂ ਭੀੜੀਆਂ ਗਲ਼ੀਆਂ ਵਾਂਗ
ਉਨ੍ਹਾਂ ਦੇ ਸੁਪਨੇ ਖੁੱਲ੍ਹੇ ਅਸਮਾਨ ਦੀ ਸੀਮਾ ਹੁੰਦੇ ਹਨ
ਜਿਨ੍ਹਾਂ ਬੱਚਿਆਂ ਦੇ ਬਾਪ ਹਾਕਮ ਦੇ ਹਨ੍ਹੇਰੇ ਵਾਲ਼ਾਂ ਦੀ ਗੁੱਥੀ ਨੂੰ
ਸੂਰਜ ਦੀ ਕੰਘੀ ਨਾਲ ਸੰਵਾਰਦੇ ਇਤਿਹਾਸ ਹੋ ਜਾਂਦੇ ਹਨ
ਉਨ੍ਹਾਂ ਦੀ ਅੱਜ ਹੀ ਨਹੀਂ ਕਲ੍ਹ ਵੀ ਆਪਣੀ ਹੁੰਦੀ ਹੈ
ਅਤੇ ਜੋ ਬੱਚੇ ਉਮਰ ਭਰ
ਚੀਚ ਵਹੁਟੀਆਂ ਵਰਗੇ ਲਿਬਾਸਾਂ ਨੂੰ ਤਰਸਦੇ ਹਨ
ਉਨ੍ਹਾਂ ਲਈ ਉਮਰ ਗੁਰੀਲੇ ਦੀ ਗੋਲ਼ੀ ਵਰਗੀ ਹੁੰਦੀ ਹੈ
ਤੇ ਉਨ੍ਹਾਂ ਲਈ ਯੁੱਧ ਤੋਂ ਵੱਡਾ ਕੋਈ ਦੇਸ਼ ਨਹੀਂ ਹੁੰਦਾ
ਤੇ ਇਸ ਦੇਸ਼ ਨੂੰ ਜਿੱਤਣ ਬਾਅਦ
ਵਰਤਮਾਨ ਦੇ ਝੰਡੇ 'ਤੇ ਖਲੋਤਿਆਂ ਉਹ ਆਖਦੇ ਹਨ:

ਤੁਸੀਂ ਸਭ ਕਿੱਥੇ ਹੋ
ਬਚਪਨ 'ਚ ਗੁਆਚ ਗਈਓ ਪੈੜੋ
ਹਵਾਵਾਂ ਦੀ ਦਸਤਕ 'ਤੇ
ਕੌਣ ਕਿਸ ਨੂੰ ਉਡੀਕ ਰਿਹਾ ਹੈ?

ਸਾਡੇ ਹਾਣ ਦੀ ਗੀਤਾ

ਅੱਜ ਜਨਮ ਅਸ਼ਟਮੀ ਹੈ
ਕੋਈ ਸ਼ਰਾਬੀ ਗਾ ਰਿਹੈ ਬਾਰ-ਬਾਰ
ਕੰਸ ਨੂੰ ਕੇਸੀਂ ਪਕੜ ਗਿਰਾਇਆ
ਯਸ਼ੋਧਾ ਪਈ ਉਡੀਕੇ ਮੱਖਣ ਚੋਰੀ ਕੀਤਾ
ਅੱਜ ਮੱਖਣ ਦੀ ਚੋਰੀ, ਗਊ ਚਰਬੀ ਦੀ ਮੋਰੀ

ਹੇ ਕ੍ਰਿਸ਼ਨ! ਬੀਤ ਗਈਆਂ ਨੇ ਸਦੀਆਂ
ਬਦਲ ਗਏ ਨੇ ਸਮੇਂ
ਹੇ ਸਖੀਆਂ ਦੇ ਕੱਪੜੇ ਚੁਰਾਉਣ ਵਾਲੇ
ਹੇ ਦਰੋਪਦੀ ਦਾ ਨੰਗੇਜ਼ ਕੱਜਣ ਵਾਲੇ
ਅੱਜ ਕਪੜਿਆਂ 'ਚ ਢੱਕੀ ਸਭਿਅਤਾ ਨੰਗੀ ਫਿਰਦੀ ਹੈ
ਗਊਆਂ ਦੇ ਝੁੰਡ ਹੁਣ ਮੱਖਣ ਨਹੀਂ ਬਣਦੇ
ਸਗੋਂ ਦੋਧੀ ਦੇ ਢੋਲਾਂ 'ਚ ਬਦਲ ਜਾਂਦੀ ਹੈ ਕਰੀਮ
ਪੁਸ਼ਤ-ਦਰ-ਪੁਸ਼ਤ ਹਿਜੜੇ ਹੋਣ ਲਈ

ਹੇ ਕ੍ਰਿਸ਼ਨ! ਤੂੰ ਕਿਹੜੀ ਫੌਜ ਸਿਰਜੇਂਗਾ
ਬੇ-ਆਸੀਸੇ ਲੋਕਾਂ ਦੀ ਭੀੜ ਨਾਲ
ਕਿਹੜੀ ਗੀਤਾ ਰਚੇਂਗਾ
ਜਦੋਂ ਕਿ ਪਹਿਲੇ ਅਧਿਆਇ 'ਚ ਹੀ ਦਰਜ ਕਰਨੇ ਪੈਣਗੇ
ਮਾਨਯੋਗ ਐਮ.ਐਲ.ਏ. ਦੇ ਸਫ਼ਰੀ ਭੱਤੇ
ਸਿਫ਼ਾਰਸ਼ੀ ਚਿੱਠੀਆਂ, ਕੋਟੇ ਤੇ ਪਰਮਿਟ ਦੀ ਅਵੈਧ ਮੰਜ਼ੂਰੀ
ਦੂਜੇ ਅਧਿਆਇ ਵਿਚ ਲਿਖਣੀ ਹੋਵੇਗੀ
ਬੇਰੁਜ਼ਗਾਰਾਂ ਦੇ ਹੱਥਾਂ 'ਚ ਰੁਲ਼ ਰਹੀ ਸ਼ਾਮ

ਵੇਸਵਾਵਾਂ ਦੀ ਰਾਤ-ਕਥਾ, ਔਸਤ ਭਾਰਤੀ ਆਦਮੀ ਦੇ ਅੰਗ
ਜੋ ਰੂਸ ਅਮਰੀਕਾ ਕੋਲ ਪਹਿਲਾਂ ਹੀ ਗਿਰਵੀ ਹਨ
ਤੇ ਹੋਰ!
ਕਿਸ ਅਧਿਆਇ ਵਿਚ ਦਰਜ ਕਰੇਂਗਾ
ਅਜੀਤਾ ਮੈਨਨ ਤੇ ਗੰਭੀਰੇ ਦੇ ਕਤਲ
ਬਾਬਾ ਬੂਝਾ ਸਿੰਘ ਦੇ ਮੁਕਾਬਲੇ ਲਈ ਸ਼ਾਇਦ
ਕੋਈ ਢੁਕਵਾਂ ਸ਼ਲੋਕ ਤੇਰੇ ਕੋਲ ਨਾ ਹੋਵੇ
ਤੂੰ ਕੋਈ ਤਾਰਕੁੰਡੇ ਕਮਿਸ਼ਨ 'ਤੇ ਨਹੀਂ
ਜੋ ਦਰਜ ਕਰਦਾ ਫਿਰੇਂ
ਤਸੀਹਾ-ਕੇਂਦਰਾਂ 'ਚ ਗੁਪਤ ਅੰਗਾਂ 'ਤੇ ਪਏ ਸਿਗਰਟਾਂ ਦੇ ਨਿਸ਼ਾਨ
ਕਿ ਭਗਤ ਸਿੰਘ ਦੇ ਵਾਰਿਸਾਂ ਵਾਰੀ ਕਿੰਝ ਜਾਨ
ਇਸੇ ਲਈ ਹੇ ਕ੍ਰਿਸ਼ਨ!
ਸੱਚ ਸਦਾ ਇਕਸਾਰ ਨਹੀਂ ਹੁੰਦੇ

ਇਨ੍ਹਾਂ ਨੂੰ ਬਦਲ ਦਿੰਦਾ ਹੈ
ਅੰਨ੍ਹੇ ਖਰਾਸ ਵਿਚ ਚਲਦਾ ਸਮਾਂ
ਅੱਜ ਅਰਜਨ ਨਹੀਂ, ਸਗੋਂ ਮੰਤਰੀ ਪਿੱਛੇ 'ਸੱਚ' ਹੈ
ਜਿਸ ਦੇ ਵਾਅਦਿਆਂ 'ਚ ਲੋਕ ਰੇਤ ਵਾਂਗ ਉਡਦੇ ਨੇ
ਤੇ ਸੁਸਰੀ ਵਾਂਗ ਸੌਂਦੇ
ਅੱਜ ਸਾਡੇ ਬੱਚਿਆਂ ਲਈ ਰਾਧਾ ਸਖੀ ਨਹੀਂ
ਸਗੋਂ ਡਿਸਕੋ ਨੱਚਦੀ ਜ਼ੀਨਤ ਅਮਾਨ ਹੈ।
ਜੀਹਦੇ ਪੈਰਾਂ 'ਚ ਵਿਛਿਆ ਸਾਰਾ ਅਸਮਾਨ ਹੈ, ਜਹਾਨ ਹੈ

ਦੁਆਪਰ ਯੁੱਗ ਦੀ ਕਥਾ ਨਾ ਛੇੜ
ਸੱਚ ਬਹੁਤ ਨੰਗਾ ਵਿਲਕਦਾ ਹੈ

ਕੈਫ਼ੇ ਘਰਾਂ ਅਤੇ ਹਿਜੜੇ ਵਿਸ਼ਵ-ਵਿਦਿਆਲਿਆਂ ਦੇ
ਸ਼ੰਕਰਾਚਾਰੀਆਂ ਦੀਆਂ ਫ਼ਾਈਲਾਂ ਦੇ ਨੋਟ ਵਿਚ
ਕੌਮ ਦੀ ਅਰਥਵਿਵਸਥਾ
ਕੌਮਾਂਤਰੀ ਲੋਕਾਂ ਦੇ ਜੀਣ ਦਾ ਹੱਜ
ਨਿੱਜੀ ਪੂੰਜੀ ਨੇ ਤੋੜ ਦਿੱਤਾ ਹੈ ਆਦਮੀ
ਜਾਤਾਂ, ਰੰਗਾਂ, ਨਸਲਾਂ ਤੇ ਰਾਸ਼ਟਰਵਾਦ ਦੇ ਅੰਨ੍ਹੇ ਖੂਹ ਵਿਚ
ਕੰਸ ਅੱਜ ਵੀ ਮਾਂ ਦੀ ਬੁੱਕਲ 'ਚੋਂ ਦੇਖਦਾ ਹੈ
ਪ੍ਰਧਾਨ ਮੰਤਰੀ ਬਣਨ ਦੇ ਸੁਪਨੇ
ਜਦੋਂ ਕਿ ਤੇਰੀ ਸਾਰੀ ਫ਼ੌਜ ਅਤੇ ਲੋਕ
ਉਸ ਮਾਂ ਦੇ ਪੈਰਾਂ 'ਚ ਇੰਝ ਤੱਕਦੇ ਨੇ
ਜਿਵੇਂ ਝਟਕਈ ਦਾ ਕੁੱਤਾ ਝਾਕਦਾ ਹੈ
ਸੱਜਰੇ ਬਣੇ ਬੱਕਰੇ ਦੀ ਮਾਸ-ਪੇਟੀ
ਜ਼ਿੰਦਗੀ ਦਾ ਹਰ ਛਿਣ ਕੁਰੂਕਸ਼ੇਤਰ ਹੈ
ਤੂੰ ਕਿਥੇ ਬਾਲ਼ੇਂਗਾ ਬਦਲੇ ਹੋਏ ਗਿਆਨ ਦੇ ਦੀਵੇ
ਜਦੋਂ ਕਿ ਪਾਂਡਵਾਂ ਦਾ ਕਬੀਲਾ ਬੌਣਾ ਹੋ ਚੁੱਕਾ ਹੈ

ਫਿਰ ਵੀ ਹੇ ਕ੍ਰਿਸ਼ਨ
ਆਖ਼ਿਰ ਤੂੰ ਮੰਨਿਆ ਹੋਇਆ ਨੀਤੀਵਾਨ ਹੈਂ
ਸਾਡੀ ਮਿੱਥ ਹੈਂ, ਸਾਡਾ ਭਗਵਾਨ ਹੈਂ
ਇਨ੍ਹਾਂ ਘਟਨਾਵਾਂ ਦੀਆਂ ਆਵਾਰਾਂ ਗਊਆਂ ਨੂੰ ਸਾਂਭ
ਫਿਰ ਵੀ ਤੂੰ ਲਿਖ ਸਕੇਂਗਾ
ਬੰਦੇ ਦੇ ਹਾਣ ਦੀ ਗੀਤਾ
ਬੰਦੇ ਦੀ ਸ਼ਾਨ ਦੀ ਗੀਤਾ

ਪਰ ਇਸ ਵਾਰ ਤੈਨੂੰ ਬਦਲਣਾ ਪਵੇਗਾ
ਕਰਮ ਤੇ ਫਲ ਦਾ ਸਿਧਾਂਤ
ਤੇ ਲਿਖਣਾ ਹੋਵੇਗਾ, ਜੇ ਕਿਰਤ ਨੂੰ ਫਲ ਨਹੀਂ ਮਿਲਦਾ
ਤਾਂ ਉਸ ਲਈ ਜਾਨ ਵੀ ਵਾਰੋ
ਨਾਲੇ ਹਥਿਆਰ ਵੀ ਸਾਣੋਂ

...ਪਾਰਟੀ ਲਈ

ਪਿਆਰੀ...ਪਾਰਟੀ
ਤੈਥੋਂ ਬਗ਼ੈਰ ਮੈਂ ਸਦਾ ਅਧੂਰਾ ਹਾਂ
ਇਹ ਸਿਰਫ਼ ਤੂੰ ਹੀ ਸੈਂ
ਜਿਸ ਮੈਨੂੰ ਬਰਿੰਦਰ ਤੇ ਦਾਤਾਰ ਵਰਗੇ ਦੋਸਤ ਦਿੱਤੇ
ਜਿਸ ਮੈਨੂੰ ਆਦਮੀ ਦੇ ਰੀਂਘਣ ਤੋਂ ਉਪਰ
ਮਨੁੱਖ ਦੀ ਵਿਸ਼ਾਲਤਾ ਦੱਸੀ
ਜਿਸ ਮੈਨੂੰ ਜ਼ਿੰਦਗੀ ਦੀ ਅਨੰਤਤਾ
ਤੇ ਅਸਮਾਨਾਂ ਦਾ ਰਹੱਸ ਦੱਸਿਆ
ਤੇ ਦੱਸਿਆ
ਕਿ ਘਟਨਾਵਾਂ ਅਵਾਰਾ ਵੱਗ ਨਹੀਂ ਹੁੰਦੀਆਂ
ਜਿਨ੍ਹਾਂ ਨੂੰ ਜਿੱਧਰ ਮਰਜ਼ੀ ਮੋੜ ਲਈਏ

ਸਿਰਫ਼ ਤੂੰ ਹੀ ਸੈਂ
ਜਿਸ ਮੈਨੂੰ ਫੁੱਲਾਂ ਵਾਂਗ ਖਿੜਨਾ ਤੇ ਜੀਣਾ ਦੱਸਿਆ
ਜ਼ਿੰਦਗੀ ਨੂੰ ਪਿਆਰਨਾ ਤੇ ਵਿਰੋਧਾਂ 'ਚੋਂ ਉੱਚਾ ਉਠ ਸਕਣਾ
ਸਿਰਫ਼ ਤੂੰ ਹੀ ਦੱਸ ਸਕਦੀ ਸੀ
ਪਰਿਵਾਰ ਤੋਂ ਉੱਚਾ ਉਠਣਾ
ਤੇ ਹਵਾ ਵਾਂਗ ਸਾਂਝਾ ਹੋਣਾ
ਕੇਵਲ ਤੂੰ ਹੀ ਸਿਖਾ ਸਕੀ
ਕਿ ਲਹੂ ਤੋਂ ਪਰ੍ਹੇ ਵੀ ਕੋਈ ਰਿਸ਼ਤਾ ਹੈ
ਕਿ ਰੀਂਘਣ ਤੋਂ ਪਰ੍ਹੇ ਵੀ ਕੋਈ ਜ਼ਿੰਦਗੀ ਹੈ

ਹੱਕ ਮੰਗਦੇ ਲੋਕਾਂ ਦੇ ਕਾਫ਼ਲੇ ਨੂੰ
ਮੈਂ ਵੀ ਚੋਰ ਜਾਂ ਡਾਕੂ ਹੀ ਕਹਿਣਾ ਸੀ
ਜੇ ਤੂੰ ਨਾ ਹੁੰਦੀ
ਸਿਰਫ਼ ਤੂੰ ਹੀ ਦੱਸ ਸਕੀ
ਕਿ ਵਤਨ ਲਈ ਮਰ ਮਿਟਣ ਵਾਲ਼ੇ ਕਦੇ ਗ਼ੱਦਾਰ ਨਹੀਂ ਹੁੰਦੇ

ਭਾਵੇਂ ਉਨ੍ਹਾਂ ਕੋਲ ਤੇਜ਼ ਰਫ਼ਤਾਰ ਐਟਮ ਨੇ
ਪਰ ਪਿਆਰੀ ਪਾਰਟੀ
ਗ਼ਮ ਨਾ ਕਰ ਤੇਰੇ ਪੱਲੂ ਵਿਚ ਉਹ ਖ਼ੂਨ ਏ
ਜੋ ਸਦੀਆਂ ਬੀਤਣ 'ਤੇ ਵੀ
ਚਿੱਟਾ ਨਹੀਂ ਹੋਵੇਗਾ

ਸੂਰਜ

ਮੈਂ ਤੱਕਿਆ ਇਕ ਸੂਰਜ ਨੂੰ
ਪਲ ਪਲ ਮਰਦੇ ਹੋਏ
ਮੈਂ ਤੱਕਿਆ ਹੈ ਸੂਰਜ ਨੂੰ
ਦੂਰ ਜੰਗਲ ਦੇ ਸੱਨਾਟੇ 'ਤੇ ਉਦੈ ਹੁੰਦੇ
ਮੈਂ ਤੱਕਿਆ ਉਸ 'ਸੂਰਜ' ਨੂੰ ਚੋਣ ਸਮਝੌਤੇ ਕਰਦੇ
ਕਦੇ ਸੱਜੇ ਪਾਸੇ ਅਤੇ ਕਦੇ ਖੱਬੇ ਪਾਸੇ

ਅੰਬਰ 'ਤੇ ਫੈਲਦਾ ਆਕਾਰ ਵੀ
ਉਸ ਵਕਤ ਸਿਮਟ ਜਾਂਦਾ ਹੈ
ਜਦੋਂ ਮਹਿੰਗੇ ਭਾਅ ਲਈ 'ਦੂਜੀ ਆਜ਼ਾਦੀ' ਵੀ
ਲਿਖ ਦਿੰਦੀ ਹੈ
ਪੰਤ ਨਗਰ ਤੇ ਬੇਲਚੀ ਦੇ ਖ਼ੂਨ ਦਾ ਇਤਿਹਾਸ
'ਸੂਰਜ' ਬੇਸ਼ਰਮੀ ਦੀ ਹੱਦ ਤੀਕ
ਕਦੇ ਕਦੇ ਬੱਦਲਾਂ ਤੋਂ ਸਹਿਮ ਜਾਦਾ ਹੈ

ਇਕੀ-ਬਾਈ ਫਰਵਰੀ ਦੇ ਸਬਕ ਵੀ
'ਸੂਰਜ' ਨੂੰ ਕੁਝ ਨਾ ਸਿਖਾ ਸਕੇ
ਸਾਡੇ ਵਿਹੜਿਆਂ 'ਚ ਜਦੋਂ ਗੂੰਜਦਾ ਰਿਹਾ
ਆਕਾਸ਼ਵਾਣੀ ਦਾ ਵਿਰਲਾਪ
ਆਸਮਾਨ ਦੀ ਕਿਸੇ ਨੁੱਕਰੇ ਲੱਗਾ 'ਸੂਰਜ'
ਕਰਦਾ ਰਿਹਾ 'ਲੋਕ ਜਮਹੂਰੀ ਇਨਕਲਾਬ' ਦੇ ਮਤੇ ਪਾਸ

ਉਸ ਵਕਤ!
ਜਦੋਂ ਬੇੜੀਆਂ ਤੇ ਉੱਤਰ ਰਿਹਾ ਸਿਆਲ਼ ਸੀ
'ਸੂਰਜ' ਬਾਦਬਾਨਾਂ ਦੇ ਪਿਛੇ ਹੀ ਲੁਕਿਆ ਰਿਹਾ
ਤੇ ਦਿੱਲੀ ਦੀ ਠੰਢ ਦੇ ਭੰਨੇ ਹੋਏ ਲੋਕ
ਕਰਦੇ ਰਹੇ 'ਸੂਰਜ' ਨੂੰ ਵੀ ਲੋਕਾਂ ਦੀ ਰੱਤ 'ਚੋਂ
ਆਉਂਦੀ ਹੈ 'ਹਰੇ ਇਨਕਲਾਬ' ਦੀ ਮਹਿਕ
ਉਂਝ ਬਹੁਤ ਸਮਾਂ 'ਸੂਰਜ' ਰੌਸ਼ਨੀ ਦੇ ਨਾਮ 'ਤੇ
ਖਾਂਦਾ ਰਿਹਾ ਹੈ ਫੰਡਾਂ ਦੀ ਦਾਲ਼

ਦੂਰ ਨਹਿਰ ਦੇ ਪੁਲ਼ਾਂ 'ਤੇ
ਜਦੋਂ ਸੰਗੀਨਾਂ ਲਿਖਦੀਆਂ ਸਨ 'ਯੋਧਿਆਂ ਦਾ ਇਤਿਹਾਸ'
ਤਾਂ 'ਸੂਰਜ' ਨੇ ਸਾਜ਼ਿਸ਼ੀ ਚੁੱਪ 'ਚੋਂ ਐਲਾਨ ਕੀਤਾ
'ਦੇਸ਼ ਆਤੰਕਵਾਦ ਦੇ ਖੱਬੇ ਚੁਰਾਹੇ ਆਣ ਖੜਿਆ ਹੈ'
ਹੁਣ ਕਦੇ ਕਦੇ 'ਸੂਰਜ' ਫਿਰਕੂ ਏਕਤਾ ਦੀ ਅਪੀਲ ਕਰਦਾ ਹੈ
ਤੇ ਕਦੇ ਕੋਈ ਸ਼ੋਕ ਮਤਾ ਪਾਸ
ਤੇ ਉਹ ਜਿਨ੍ਹਾਂ ਨੂੰ ਸੂਰਜ ਦੀ ਪੋਟਾ ਪੋਟਾ ਉਡੀਕ ਸੀ
ਫ਼ਿਲਹਾਲ ਕਾਲਖ਼ ਨੂੰ ਹੀ ਸੂਰਜ ਮੰਨਣ ਦੀ
ਮਿੱਥ ਸਿਰਜ ਰਹੇ ਹਨ
ਪਰ ਮੈਂ ਤੱਕਿਆ ਹੈ ਸੂਰਜ ਨੂੰ
ਦੂਰ ਜੰਗਲ ਦੇ ਸੰਨਾਟੇ 'ਚੋਂ ਉਦੈ ਹੁੰਦੇ

ਹੀਰਾ ਜਨਮ

ਉਸ ਕੋਲੋਂ ਕੀ ਪੁੱਛਦੇ ਹੋ
ਉਹ ਤਾਂ ਉਦਾਸ ਜ਼ਿੰਦਗੀ ਦਾ ਤਬਸਰਾ ਹੈ
ਜਿਸ ਨੂੰ ਇਤਹਾਸ ਤੇ ਰਿਸ਼ਤਿਆਂ ਨੇ
ਭੋਰਾ ਭੋਰਾ ਕਰਕੇ ਪੀਤਾ ਹੈ

ਵਕਤ ਦੀ ਸ਼ੁਕਦੀ ਨਦੀ 'ਤੇ
ਉਸ ਕਦੀ ਸੋਹਲ ਅੱਖਰ ਤਾਰ ਕੇ ਸਮਝਿਆ ਸੀ
ਜ਼ਿੰਦਗੀ ਸ਼ਾਇਦ ਇਸ ਤੋਂ ਵੱਡੀ ਸਚਾਈ ਨਹੀਂ
ਉਦੋਂ ਉਸ ਲਈ ਜ਼ਿੰਦਗੀ ਪਿਆਰ ਦੀ ਫੁਲਝੜੀ ਸੀ
ਜਿਹਦੇ ਲਰਜ਼ਦੇ ਲਿਸ਼ਕਾਰੇ 'ਚ ਉਹ
ਬੱਦਲਾਂ ਦੀਆਂ ਲੋਈਆਂ ਲਪੇਟ ਸਕਦਾ ਸੀ
ਸੂਰਜ ਨੂੰ ਸੂਹੀ ਟੋਪੀ ਬਣਾ ਸਿਰ 'ਤੇ ਸਜਾ ਸਕਦਾ ਸੀ

ਚੰਦਰਮਾ ਉਦੋਂ ਸੰਘਰਸ਼ 'ਚੋਂ ਭੱਜਿਆ ਸਾਥੀ ਨਹੀਂ
ਸਗੋਂ ਸ਼ਾਮਾਂ ਵੇਲ਼ੇ ਉਦੈ ਹੁੰਦਾ ਕੋਈ ਗੀਤ ਸੀ
ਜਿਹਦੀਆਂ ਰਿਸ਼ਮਾਂ 'ਚ ਬੈਠ
ਉਹ ਕਪਾਹ ਵਰਗੀਆਂ ਕੁੜੀਆਂ 'ਤੇ
ਸਤਰੰਗੀ ਪੀਂਘ ਬਣ ਫੈਲ ਸਕਦਾ ਸੀ
ਉਦੋਂ ਮਾਰਕਸ ਦੀ ਪੂੰਜੀ
ਉਹਦੇ ਲਈ ਜ਼ਿੰਦਗੀ ਦੀ ਆਲਮੀ ਸਚਾਈ ਸੀ
ਜੀਹਦੇ ਮਟਕ ਚਾਨਣੇ 'ਚ ਖਲੋ
ਉਹ ਬ੍ਰਹਿਮੰਡ ਨੂੰ ਇਕਸੁਰ ਕਰ ਸਕਦਾ ਸੀ

ਉਦੋਂ ਉਹ ਬਹੁਤ ਮੁਸਕਰਾਉਂਦਾ ਸੀ
ਉਨ੍ਹਾਂ ਲਤੀਫ਼ਿਆ 'ਤੇ
ਜਿਨ੍ਹਾਂ 'ਚ ਪਤੀ ਸਬਜ਼ੀਆ ਦੇ ਭਾਅ ਪੁੱਛਦੇ ਹੋਏ
ਸਅਝੌਂਤੇ ਕਰਦੇ ਸਨ
ਉਨ੍ਹਾਂ 'ਚ ਉਹ ਮਹਿਬੂਬ ਕੁੜੀ ਲਈ
ਹਮਰਾਜ਼ ਤੇ ਹਮਸਫ਼ਰ ਵਰਗੇ ਸ਼ਬਦਾਂ ਦੇ
ਗੁਲਦਸਤੇ ਬੁਣਦਾ ਸੋਚਦਾ
ਉਸ ਸੰਗ ਹਮ-ਬਿਸਤਰ ਹੁੰਦੇ ਸਮੇਂ
ਇਹ ਗਾ ਰਹੀ ਰੁੱਤ ਕਿੰਨੀ ਸੋਹਣੀ ਹੋਵੇਗੀ
ਇਹ ਫੈਲ ਰਹੇ ਤਾਰੇ ਹਮੇਸ਼ਾ ਹੱਸਿਆ ਕਰਨਗੇ

ਪਰ ਜਦੋਂ ਵਕਤ ਦੇ ਮੱਥੇ ਤੋਂ
ਉਹਦੇ ਬੀਬੇ ਜਿਹੇ ਸ਼ਬਦ
ਉਸਦਿਆਂ ਨੈਣਾਂ 'ਚ ਤਕਲ਼ਾ ਬਣ ਕੇ ਖੁਭੇ
ਜਦੋਂ ਬਾਪੂ ਦੇ ਪਹਿਲੇ ਸਰਾਧ
ਅਤੇ ਆਪਣੇ ਸੱਜਰੇ ਵਿਆਹ ਬਾਅਦ ਉਹਦੇ ਹਿੱਸੇ 'ਚ ਬਚਿਆ
ਲੂਣ ਤੇਲ ਦਾ ਖੁਸ਼ਕ ਜਿਹਾ ਭਾਸ਼ਣ
ਉਹ ਰੂਹ ਤੀਕ ਕੰਬਿਆ ਤੇ ਫੜਫੜਾਇਆ
ਤਦ ਤੀਕ ਜ਼ਿੰਦਗੀ ਦੀ ਪ੍ਰਿਜ਼ਮ
ਉਹਦਿਆਂ ਹੱਥਾਂ 'ਚੋਂ ਤਿਲਕ ਚੁੱਕੀ ਸੀ

ਉਹ ਜੋ ਕਹਿੰਦਾ ਹੁੰਦਾ ਸੀ
ਮੈਂ ਜ਼ਿੰਦਗੀ ਦੀ ਸੀਤਾ ਵਰਨੀ ਹੈ
ਮੈਂ ਮਰਿਆਦਾ ਪਰਸ਼ੋਤਮ ਰਾਮ ਹੋਣਾ ਹੈ

ਫਿਲਹਾਲ ਉਹ ਫੈਕਟਰੀ ਦੀਆਂ ਤਹਿਸ਼ੁਦਾ ਫ਼ਾਈਲਾਂ ਸਾਂਭਦਾ
ਰਾਮ ਨਾਥ ਹੈ! ਸਿਰਫ਼ ਰਾਮ ਨਾਥ!!
ਅੱਜ ਕਲ੍ਹ ਉਸ ਕੋਲ ਕੇਵਲ ਚਾਰ ਮੁਰਦਾ ਸ਼ਬਦ ਹਨ
ਸਵੇਰ, ਦਫ਼ਤਰ, ਬੀਵੀ ਅਤੇ ਨੀਂਦ

ਤਿੰਨ ਚਾਰ ਨੌਕਰੀ 'ਤੇ ਮੁੜ ਬਹਾਲ ਹੋਣ ਬਾਅਦ
ਚੌਥੀ ਹੜਤਾਲ਼ ਵੇਲ਼ੇ
ਉਹ ਦਫ਼ਤਰ ਦਾ ਵਫ਼ਾਦਾਰ ਕਰਮਚਾਰੀ ਸੀ
ਪਰ ਅਜੇ ਵੀ ਕਦੇ ਕਦਾਈਂ ਪਹਿਲੀ ਤਰੀਕੇ
ਦਾਰੂ 'ਚ ਮਸਤ ਹੋ
ਉਹਨੂੰ ਚੜ੍ਹਦੀ ਹੈ ਸਿਧਾਂਤਾਂ ਦੀ ਧੂੜ
ਉਦੋਂ ਉਹ ਪਹਿਲੇ ਚੁੰਮਣ ਤੋਂ ਲੈ ਕੇ
ਚੇਅ ਗੇਵਰਾ ਤਕ ਦਾ ਇਤਿਹਾਸ ਬੁੜਬੁੜਾਉਂਦਾ ਹੈ

ਤੇ ਹੌਲੀ ਹੌਲੀ ਬੁਝ ਰਹੇ ਦੀਵੇ ਵਾਂਗ
ਪ੍ਰਾਵੀਡੈਂਟ ਫੰਡ, ਮਹਿੰਗਾਈ ਭੱਤੇ
ਨਵੀਂ ਕਿਸ਼ਤ ਮੂਹਰੇ ਗਿੜਗਿੜਾਉਂਦਾ
ਡੁੱਬਦੇ ਸੂਰਜ ਨੂੰ ਭਖਵੀਂ ਗਾਲ਼ ਕੱਢ ਸੋਚਦਾ ਹੈ
ਸ਼ਾਇਦ ਇਹ ਬੇਸੁਰਾ ਮੌਸਮ ਹੀ ਮੇਰੀ ਹੋਣੀ ਸੀ

ਬੱਦਲ, ਸੂਰਜ ਅਤੇ ਚੰਨ ਅਜੇ ਵੀ ਚੜ੍ਹਦੇ ਨੇ
ਪਰ ਹੁਣ ਉਹ ਹਾਰਿਆ ਮਜ਼ਲੂਮ ਆਦਮੀ ਹੈ
ਜੀਹਦੇ ਬਾਰੇ ਉਹਦੇ ਸਾਥੀ ਆਖਦੇ ਨੇ
ਇਹਨੇ ਸਫ਼ਰ 'ਚ ਪਿੱਠ ਦਿਖਾਈ

ਅਤੇ ਪਤਨੀ ਚੀਖਦੀ ਹੈ
ਤੇਰੇ ਲੜ ਲੱਗ ਮੇਰੇ ਸਭ ਚਾਅ
ਕੁਆਰੇ ਹੀ ਦਮ ਤੋੜ ਗਏ

ਅੱਜ ਕਲ੍ਹ ਵੀ ਉਹ ਕਦੇ ਕਦਾਈਂ
ਪਾਰਟੀ ਨੂੰ ਚੰਦਾ ਦਿੰਦੇ ਸੋਚਦਾ ਹੈ
ਉਫ਼! ਇਹ ਹੀਰਾ ਜਨਮ
ਕੌਡੀ ਬਦਲੇ ਬੀਤ ਗਿਆ
ਕੌਡੀ ਬਦਲੇ ਬੀਤ ਗਿਆ

ਸ਼ਿਕਨ

ਅਸੀਂ ਚੁੱਪ ਵਿਚ ਵੀ
ਲੱਖਾਂ ਅਸਮਾਨ ਸਿਰਜ ਸਕਦੇ ਹਾਂ
ਅਸੀਂ ਹਨੇਰ੍ਹਿਆਂ 'ਚ ਲੱਖਾਂ ਦਿਲਾਂ ਦੇ ਚਾਨਣ ਹਾਂ
ਅਸੀਂ ਹਰ ਪਲ ਸ਼ੂਲ਼ੀ 'ਤੇ ਲਟਕੇ ਮਸੀਹੇ ਹਾਂ
ਕਫ਼ਨ ਬਿਨਾਂ ਰੁਲ਼ ਰਹੀ ਲਾਸ਼ ਹਾਂ
ਅਸਮਾਨਾਂ 'ਤੇ ਡਰੇ ਸਹਿਮੇ ਤਾਰੇ ਹਾਂ
ਹੱਥਾਂ 'ਚੋਂ ਕਿਰ ਗਏ ਵਕਤ ਹਾਂ
ਹੜ੍ਹਾਂ ਤੋਂ ਬਾਅਦ ਨਿਪੱਤਰੀ ਧਰਤ ਹਾਂ
ਜਾਂ ਫਿਰ ਸ਼ਾਇਦ
ਚਿਰਾਂ ਦਾ ਗੁਆਚਾ ਇਤਿਹਾਸ ਹਾਂ
ਮੌਸਮ ਦੇ ਮੱਥੇ 'ਤੇ ਸਰਾਪ ਹਾਂ
ਕੇਵਲ ਸਾਡਿਆਂ ਸਾਹਾਂ 'ਚ
ਸਾਰੀ ਸਦੀ ਦਾ ਦਰਦ ਢਲ਼ਦਾ ਰਿਹਾ

ਉਂਝ ਵਕਤ ਦੀ ਗਰਦਿਸ਼ 'ਤੇ ਹੱਸਦੇ ਰਹੇ ਅਸੀਂ
ਰਾਤ ਦੇ ਜਿਸਮ 'ਚ ਅਸੀਂ ਕਰਦੇ ਰਹੇ
ਮੈਲ਼ੇ ਬਿਸਤਿਰਆਂ ਦਾ ਯੁੱਧ
ਪਿਛਲੀ ਪੂਰੀ ਇਕ ਸਦੀ ਤੋਂ
ਅਸੀਂ ਨਿਹੱਥੇ ਲੜ ਰਹੇ ਹਾਂ ਆਪਣੇ ਖ਼ਿਲਾਫ਼
ਖੇਤਾਂ 'ਚ ਵੇਖ ਕੇ ਸੂਹੇ ਲਾਲ ਫੁੱਲ
ਅਸੀਂ ਕ੍ਰਾਂਤੀ ਦੀ ਉਡੀਕ ਕਰ ਰਹੇ ਹਾਂ
ਸਾਡੇ ਲਈ ਜ਼ਿੰਦਗੀ ਮਹਿਜ਼ ਰੋਟੀ ਦਾ ਸੰਸਾ ਸੀ
ਵੇਦ-ਮਹਿਮਾ ਸਾਡਾ ਵਿਰਸਾ ਸੀ

ਤੇ ਆਤਮ ਗਿਲਾਨੀ ਭਵਿੱਖ
ਮੌਤ ਦੇ ਫੈਲੇ ਸੰਨਾਟੇ ਨੂੰ ਵੇਖਣਾ
ਜ਼ਿੰਦਗੀ ਨੂੰ ਆਦਤ ਵਾਂਗ ਨਿਗਲ ਜਾਣਾ
ਅਸੀਂ ਸਚਮੁੱਚ ਬਹੁਤ ਥੱਕ ਗਏ ਹਾਂ
ਜਾਨਵਰਾਂ ਵਾਂਗ ਪੈਦਾ ਹੋਣ
ਕੰਮ ਕਰਨ ਤੇ ਮਰ ਜਾਣ ਦੀ ਲੀਹ ਤੋਂ
ਉਨ੍ਹਾਂ ਨੇ ਤੋੜ ਦਿੱਤਾ ਹੈ ਸਾਨੂੰ
ਜਾਤਾਂ, ਰੰਗਾਂ ਤੇ ਨਸਲਾਂ 'ਚ

ਤੇ ਹਜ਼ੂਰ!
ਕਿੱਥੇ ਹੈ ਮਨੁੱਖ ਦਾ ਸੂਰਮਾ ਲਹੂ
ਪਰਮ ਮਨੁੱਖ ਦੀ ਕਲਪਨਾ
ਜੀਹਦੇ ਚਾਨਣ 'ਚ ਵੀ ਲੁਕ ਜਾਂਦੈ
ਸਾਡਾ ਇਤਿਹਾਸ, ਮਿਥਿਹਾਸ
ਸ਼ਾਇਦ ਸਾਡੇ ਸਮਿਆਂ ਦਾ ਗੀਤ
ਸਿਰਫ਼ ਅਸੁਰੱਖਿਅਤਾ ਦੀ ਮਾਤਮੀ ਧੁਨ ਹੈ
ਜਾ ਜੀਣ ਲੀ ਮਾੜਾ ਜਿਹਾ ਤਰਲਾ

ਇਕ ਸੰਵਾਦ

ਹਵਾ ਨੂੰ ਕਹੋ
ਸਾਡੇ ਘਰਾਂ 'ਤੇ ਮਿਹਰਬਾਨ ਰਹੇ
ਨਹੀਂ ਤਾਂ ਤਪਦੇ ਪਿੰਡ ਗਰਕ ਹੋ ਜਾਣਗੇ
ਬਾਰਸ਼ ਨੂੰ ਕਹੋ, ਸਾਡੇ ਖੇਤਾਂ 'ਤੇ ਬਰਸੇ
ਨਹੀਂ ਤਾਂ ਜੰਮ ਜਾਵੇਗੀ, ਕੰਜਕਾਂ ਦੇ ਗਰਭਾਂ 'ਚ ਜ਼ੁਲਮਾਂ ਦੀ ਪੀੜ
ਸਾਡੇ ਸਨਮਾਨਿਤ ਲੇਖਕਾਂ ਨੂੰ ਕਹੋ
ਸਿਰਫ਼ ਵਿਸ਼ਾਦ 'ਚ ਟੁੱਟੇ ਵਿਅਕਤੀਆਂ ਦਾ ਨਾਮ ਹੀ
ਇੰਟਰਵਿਊ ਨਹੀਂ ਹੁੰਦਾ
ਸਗੋਂ ਖੇਤਾਂ ਅਤੇ ਦਫ਼ਤਰਾਂ ਵਿਚ ਰੁਲ ਰਹੇ, ਔਰਤਾਂ ਅਤੇ ਮਰਦ
ਇਤਿਹਾਸ ਦੀ ਗਰਭ-ਪੀੜ ਝੱਲਦੇ
ਲਿਖਦੇ ਨੇ ਸਮੇਂ ਦੀ ਸਰਵਉਚ ਪੱਤ੍ਰਿਕਾ
ਜੋ ਗੁੰਮ ਜਾਂਦੀ ਹੈ ਹੌਲੀ ਹੌਲੀ
'ਕਾਮਰੇਡ' ਦੇ ਸਥਾਪਿਤ ਸਰਕਾਰ ਨਾਲ ਸਮਝੌਤੇ ਵਾਂਗ

ਅੰਬਰ ਜਾਣਦਾ ਹੈ
ਪ੍ਰਯੋਗਵਾਦ ਸਤਮਾਹੇ ਬੱਚਿਆਂ ਦਾ ਸ਼ਰਮਨਾਕ ਹਾਦਸਾ ਸੀ
ਪ੍ਰਗਤੀਵਾਦ ਘੜੀਆਂ ਨਾਲੋਂ ਟੁੱਟਾ ਪੇਂਡੂਲਮ...
ਅਤੇ ਜਿਸ ਨੂੰ ਤੁਸੀਂ ਕ੍ਰਾਂਤੀਕਾਰੀ ਆਖਦੇ ਹੋ
ਉਹ ਨਾਹਰਿਆਂ ਦੇ ਉਦੈ ਹੋਣ ਵੇਲ਼ੇ
ਜੋਸ਼ 'ਚ ਆਇਆ ਸਤਲੁਜ ਸੀ
ਜਿਹਦੇ ਸੁੱਕ ਜਾਣ ਬਾਅਦ ਪੈ ਗਈ ਹੈ ਅੰਬਰਾਂ 'ਤੇ ਸ਼ਾਮ
ਤੇ ਇੰਝ ਹੌਲੀ ਹੌਲੀ ਕਿਰ ਰਹੇ ਲੋਕ
ਉਨ੍ਹਾਂ ਲਈ ਕਬਰਾਂ ਹੁੰਦੇ ਹਨ
ਜਿਨ੍ਹਾਂ ਨੂੰ ਮੈਂ ਆਖਦਾ ਹਾਂ
ਸਦੀ ਦਾ ਸਿਰਲੇਖ, ਸਦੀ ਦਾ ਸਿਰਲੇਖ

ਯਾਦਾਂ ਦੇ ਅੰਗ ਸੰਗ

ਆਉ ਕਿ ਅਤੀਤ ਵੱਲ ਚੱਲੀਏ
ਜਿੱਥੇ ਉਡੀਕ ਰਿਹਾ ਹੈ ਬੁੱਢਾ ਜਿਹਾ ਹਉਂਕਦਾ ਦਿਨ
ਆਉ ਕਿ ਮੌਸਮਾਂ ਦੀ ਸਾਰ ਪੁੱਛੀਏ
ਜਿਹਨਾਂ ਕੋਲ ਸਿਵਾਏ ਉਦਾਸ ਯਾਦਾਂ ਦੇ ਹੋਰ ਕੁਝ ਨਹੀਂ ਹੈ
ਆਉ ਕਿ ਸਾਗਰਾਂ ਵੱਲ ਚਲੀਏ, ਜਿਥੇ ਉਡੀਕਦੀ ਹੈ
ਪਿਛਲੀ ਇਕ ਸਦੀ ਤੋਂ ਉਦਾਸ ਸਾਹਾਂ 'ਚ ਲਿਪਟੀ
ਜਵਾਰਭਾਟੇ ਦੀ ਲਹਿਰ

ਆਉ ਕਿ ਅਸਮਾਨ ਵੱਲ ਚਲੀਏ
ਜਿਥੇ ਖੁਰ ਰਿਹਾ ਹੈ ਹੌਲੀ ਹੌਲੀ ਬੁੱਢਾ ਹੁੰਦਾ ਰੱਬ
ਆਉ ਕਿ ਪਹਿਲੀ ਮੁਹੱਬਤ ਨੂੰ ਯਾਦ ਕਰੀਏ
ਜੋ ਜ਼ਿੰਦਗੀ ਦੇ ਅਜੀਬ ਰਿਸ਼ਤਿਆਂ ਦੀ ਧੁੰਦ 'ਚ
ਭੁੱਲ ਚੁੱਕੀ ਹੈ ਖ਼ੁਦ ਆਪਣੀ ਪਹਿਚਾਣ
ਜੇ ਹੋਰ ਕੁਝ ਨਹੀਂ ਤਾਂ ਆਪਣੇ ਜਿਸਮਾਂ ਵੱਲ ਪਰਤੀਏ
ਜਿਥੇ ਮਿਲ ਰਹੇ ਨੇ ਬਚਪਨ ਅਤੇ ਬੁਢਾਪਾ
ਲਗਾਤਾਰ ਇਕ ਹੋਣ ਦੀ ਕੋਸ਼ਿਸ਼ ਵਿਚ

ਹੋਰ ਕੁਝ ਨਹੀਂ ਤਾਂ ਜਨਾਬ ਅਸੀਂ ਪਰਤ ਸਕਦੇ ਹਾਂ
ਆਪਣੇ ਉੱਜੜੇ ਘਰਾਂ ਵਿਚ
ਜਿਥੇ ਮਾਂ ਦਾ ਪਿਆਰ ਮਾਹਾਂ ਦੀ ਦਾਲ਼ ਵਾਂਗ ਬੁੱਸ ਰਿਹਾ ਹੈ
ਜਿਥੇ ਭੈਣਾਂ ਕੋਲ 'ਦਿਹਾਰ' ਤੋਂ ਵੱਡੇ
ਰਿਸ਼ਤੇ ਜਿਹਾ ਕੋਈ ਮੌਸਮ ਨਹੀਂ
ਜਿਥੇ ਬਾਪੂ ਦੀ ਆਸ ਨੂੰ ਸਾਡੇ ਬਗ਼ੈਰ ਖਾਣ ਲਈ
ਵਿਸ਼ਾਲ ਹਿੰਦੁਸਤਾਨ ਦਾ ਇਤਿਹਾਸ ਹੈ।

ਉਦਾਸ ਸੁਰ

ਜ਼ਿੰਦਗੀ ਦੇ ਬੀਆਬਾਨ ਵਿਚ
ਗੁੰਮ ਹੋ ਗਈ ਏ ਸਾਡੀ ਹੋਂਦ
ਅਸੀਂ ਜੋ ਵਕਤ ਦੇ ਚਲਦੇ ਸਾਹ ਹਾਂ
ਸਾਡੀਆਂ ਪੈੜਾਂ 'ਚ ਜੰਮ ਜਾਂਦਾ ਰਿਹਾ ਪੂਰੀ ਸਦੀ ਦਾ ਜ਼ਹਿਰ
ਉਮਰ ਭਰ ਅਸੀਂ ਉਦਾਸ ਸੁਰਾਂ 'ਚ ਗੁਣਗੁਣਾਉਣਾ ਹੈ
ਜ਼ਿੰਦਗੀ ਦਾ ਗੀਤ

ਚੁੱਪਚਾਪ ਪੀ ਕੇ ਜ਼ਹਿਰ ਫ਼ਰਜਾਂ ਦਾ, ਅਸੀਂ ਗੁੰਮ ਜਾਣਾ ਹੈ
ਆਪਣੇ ਆਪਣੇ ਹਿੱਸੇ ਆਉਂਦੀ ਰਾਖ਼ ਵਾਂਗ
ਸਮੇਂ ਦੀ ਹਨੇਰੀ 'ਚ ਬਿਖ਼ਰ ਜਾਣਾ ਹੈ
ਸਾਡੇ ਸੁਪਨਿਆਂ ਦਾ ਸਾਂਭ ਸਾਂਭ ਰੱਖਿਆ ਸੰਸਾਰ
ਲਗਾਤਾਰ ਘੁਟਨ ਦੀ ਧੁੱਪ 'ਚ ਕੁਮਲ਼ਾ ਜਾਣਾ ਹੈ
ਸਾਡੀਆਂ ਆਸਾਂ ਦਾ ਬਾਗ਼
ਤੇ ਹਜ਼ੂਰ! ਇਸ ਅਮਨ ਦੀ ਦੇਵੀ ਦੇ ਹੱਥਾਂ 'ਚ
ਬਹੁਤ ਅਸੁਰੱਖਿਅਤ ਹੈ ਸਾਡਾ ਭਵਿੱਖ।

ਇਹ ਕੇਹਾ ਵਕਤ ਹੈ ਯਾਰੋ!
ਕਿ ਪੈਰਾਂ 'ਚ ਜ਼ੰਜੀਰਾਂ ਹਨ
ਹੱਥਾਂ ਵਿਚ ਮਹਿਕਦੇ ਸੂਹੇ ਫੁੱਲ
ਤੇ ਅਸੀਂ ਘਬਰਾ ਕੇ ਅਸਮਾਨ ਵੱਲ ਤਕਦੇ ਹਾਂ
ਸ਼ਾਇਦ ਕਿਤੋਂ ਵਰ੍ਹ ਹੀ ਪਵੇ ਖ਼ੁਸ਼ੀਆਂ ਦਾ ਮੀਂਹ
ਪਰ ਅਫ਼ਸੋਸ! ਕਿ ਕੈਂਸਰ ਵਾਂਗ ਪਲ਼ ਰਹੀ ਉਦਾਸੀ
ਹਾਲ ਦੀ ਘੜੀ ਸਾਡੀ ਸੀਮਾ ਹੈ

ਕਿੱਦਾਂ ਮਿਲ਼ੇ ਛੁਟਕਾਰਾ ਇਸ ਤੋਂ
ਹਰ ਪਲ ਇਹੋ ਸੋਚ ਰਿਹਾ ਹਾਂ
ਨਹੁੰਆਂ ਨਾਲ ਉਦਾਸੀ ਨੂੰ ਖਰੋਚ ਰਿਹਾ ਹਾਂ

ਕਲਾਸ ਰੂਮ

ਜ਼ਿੰਦਗੀ ਇਕ ਕਲਾਸ ਰੂਮ ਸੀ
ਅਫ਼ਸੋਸ
ਮੈਂ ਜੋ ਜ਼ਿੰਦਗੀ ਨੂੰ ਓੜਕਾਂ ਦੀ ਮੁਹੱਬਤ ਕਰਦਾ ਸਾਂ
ਹਮੇਸ਼ਾ ਲਾਸਟ ਬੈਂਚਰ ਰਿਹਾ

ਜਿਸਮ ਸੋਚਾਂ ਤੋਂ ਡਰਦਾ
ਡੈਸਕ ਬਣਿਆ ਰਿਹਾ ਅਤੇ ਕਦੇ ਡਸਟਰ
ਜਿੰਨੇ ਵੀ ਅਧਿਆਪਕ ਆਉਂਦੇ ਰਹੇ
ਲਗਾਤਾਰ ਕਈ ਵਰ੍ਹੇ ਮੇਰੀ ਰੂਹ ਦੀ ਸਲੇਟ 'ਤੇ
ਕਦੇ ਆਈਨਸਟਾਈਨ ਲਿਖਦੇ ਰਹੇ
ਅਤੇ ਕਦੇ ਨਿਊਟਨ ਦਾ ਗੁਰੂਤਾ-ਸਿਧਾਂਤ

ਇਕ ਮੈਂ ਸੀ ਜੋ ਸਾਰੀ ਉਮਰ
ਮਨੁੱਖ ਦੇ ਸੂਰਮੇ ਲਹੂ ਦੀ ਵਾਰ ਗਾਉਂਦਾ ਵੀ
ਮੱਧ ਵਰਗੀ ਗੁਰੂਤਾ ਤੋਂ ਟੁੱਟ ਨਾ ਸਕਿਆ
ਇਤਿਹਾਸ ਤੇ ਕਲਾਸ ਰੂਮ ਅਜੇ ਵੀ ਜਿਊਂਦੇ ਨੇ

ਪਰ ਅਫ਼ਸੋਸ! ਹੁਣ ਮੈਂ ਵਿਦਿਆਰਥੀ ਨਹੀਂ
ਸਗੋਂ ਦੇਸ਼ ਦਾ 'ਸਾਊ' ਨਾਗਰਿਕ ਹਾਂ
ਜਿਹਨੂੰ ਨੌਕਰੀ ਨਤਮਸਤਕ ਹੋਣਾ ਸਿਖਾਉਂਦੀ ਹੈ
ਅਤੇ ਬੀਵੀ ਗੀਂਘਣਾ।

ਟਿਕ ਟਿਕ

ਹੁਣ ਕੋਈ ਨਹੀਂ ਪਰਤੇਗਾ
ਇਸ ਉਦਾਸ ਬੀਆਬਾਨ ਘਰ ਵਿਚ
ਸਿਰਫ਼ ਲਗਾਤਾਰ ਬਾਰਿਸ਼ ਦੀ ਟਿਕ ਟਿਕ ਹੈ
ਜਾਂ ਉਦਾਸੀ ਦੀ ਲੰਮੀ ਸਿੱਲ੍ਹ
ਤੇ ਖ਼ਾਮੋਸ਼ੀ, ਜੋ ਮੱਕੜੀ ਦੇ ਜਾਲ਼ੇ ਵਾਂਗ
ਮੇਰੀਆਂ ਸੋਚਾਂ 'ਚ ਫੈਲੀ ਹੈ
ਹਾਲ ਦੀ ਘੜੀ ਮੇਰੇ ਲਈ ਕਾਫ਼ੀ ਹੈ

ਕਿਸੇ ਵੀ ਸੜਕ ਦਾ ਅੰਤ ਮੇਰਾ ਘਰ ਨਹੀਂ ਹੈ
ਜ਼ਖ਼ਮ ਦਾ ਤਾਂ ਪਤਾ ਨਹੀਂ
ਪਰ ਰੂਹ ਤੇ ਅੱਧ-ਖੁਰੇ ਸੁਪਨੇ ਦੀ ਪੈੜ ਹੈ
ਜਦੋਂ ਇਹ ਘਰ ਜਿਊਂਦਾ ਸੀ
ਤਾਂ ਇਥੇ ਰਿਸ਼ਤਿਆਂ ਦੇ ਸਤਰੰਗੇ ਫੁੱਲ ਸਨ
ਯਾਰਾਂ ਦੀਆਂ ਬਹਿਕੀਆਂ ਆਵਾਜ਼ਾਂ ਵਿਚ ਵੀ
ਜ਼ਿੰਦਗੀ ਦਾ ਸਕੂਨ ਹੁੰਦਾ ਸੀ

ਇਕ ਦਹਾਕੇ ਦਾ ਸੂਰਜ ਜਦੋਂ ਡੁੱਬਿਆ
ਤਾਂ ਅੱਧੇ ਦੋਸਤ ਪਰਿਵਾਰ ਦੇ ਦਾਇਰੇ 'ਚ
ਨਾਸ਼ਤੇ ਲਈ ਜ਼ਲੀਲ ਹੋਣ ਲੱਗੇ
ਭਾਰਤੀ ਫ਼ਿਲਮਾਂ ਲਈ ਲਾਈਨਾਂ ਵਿਚ ਲੱਗਣ ਲੱਗੇ
ਜੋ ਕਹਿੰਦੇ ਸਨ
ਰੋਟੀ ਤਾਂ ਕੁੱਤੇ ਵੀ ਖਾਂਦੇ ਹਨ

ਬਾਕੀ ਹੌਲੀ ਹੌਲੀ ਵਿਵਸਥਾ ਅੱਗੇ ਵਹਿ ਤੁਰੇ
ਕੁਝ ਖ਼ਾਸ ਜੋ ਅਜੇ ਵੀ ਜ਼ਿੰਦਾ ਸਨ
ਆਪਣੀ ਸ਼ਾਇਰੀ ਅਤੇ ਡਾਇਰੀ ਲਈ
ਆਪਣੇ ਆਪ ਘਟਨਾਵਾਂ ਦੇ ਵੇਗ ਮੂਹਰੇ
ਨਤਮਸਤਕ ਹੋ ਗਏ

ਹੁਣ ਸਿਰਫ਼ ਮੈਂ ਬਚਿਆ ਹਾਂ
ਜਿਸ ਕੋਲ ਰਿਸ਼ਤਿਆਂ ਦੇ ਨਾਮ 'ਤੇ
ਅਭੀਮੰਨਿਊ ਦੇ ਚੱਕਰਵਿਊ 'ਚ ਫਸੇ ਯਾਰਾਂ ਲਈ
ਸਿਰਫ਼ ਕਵਿਤਾ ਹੈ
ਤੇ ਤੁਸੀਂ ਜਾਣਦੇ ਹੋ ਕਿ
ਕਵਿਤਾ ਨਾ ਸ਼ਿਖੰਡੀ ਦਾ ਸਿਰ ਹੈ
ਨਾ ਕ੍ਰਿਸ਼ਨ ਦਾ ਸੁਦਰਸ਼ਨ ਚੱਕਰ
ਜਿਸ ਨਾਲ ਘਟਨਾਵਾਂ ਦੀਆਂ ਅਦਿੱਸ ਤੰਦਾਂ ਦੇ
ਸਿਰ ਨੂੰ ਵੱਢਿਆ ਜਾ ਸਕੇ
(ਤੇ ਜੋ ਬਦੇਸ਼ਾਂ 'ਚ ਨਿਊਨ ਬੱਤੀਆਂ ਦੀ ਆਸ ਲੈ ਕੇ ਬੁੱਢੇ ਹੋ ਪਰਤੇ)
ਉਨ੍ਹਾਂ ਸਭ ਲਈ ਤੇ ਆਪਣੇ ਆਪ ਲਈ
ਤੇ ਉਨ੍ਹਾਂ ਰੂਹਾਂ ਲਈ
(ਜਿਨ੍ਹਾਂ ਨੂੰ ਮੈਂ ਤੇ ਮੇਰੇ ਦੋਸਤਾਂ ਮੁਹੱਬਤ ਕੀਤੀ)
ਸਿਰਫ਼ ਕਵਿਤਾ ਦੇ ਸ਼ਬਦਾਂ ਦੀ ਖੁਰਲੀ ਹੈ
ਤੇ ਤੁਸੀਂ ਜਾਣਦੇ ਹੋ
ਖੁਰਲੀ ਤੇ ਬੱਝੇ ਡੰਗਰ ਕਿੰਨੇ ਆਗਿਆਕਾਰ ਹੁੰਦੇ ਹਨ

ਫਿਰ ਵੀ ਪਤਾ ਨਹੀਂ ਕਿਉਂ
ਇਹ ਆਡ ਵਾਂਗ ਸਿੰਮਦੇ ਦਿਲ
ਤੇ ਖਵਰੇ ਬਰਸਾਤ ਕਰਕੇ ਲਗਦੈ
ਮੇਰੇ ਘਰ ਦੀ ਬਾਰਿਸ਼ ਵੀ ਟਿਕ ਟਿਕ ਹੈ
ਲਗਾਤਾਰ ਬਾਰਿਸ਼ ਦੀ ਟਿਕ ਟਿਕ ਹੈ

ਲੋਕ ਰਾਜ

ਉਹ ਹਰ ਪੰਜਾਂ ਸਾਲਾਂ ਬਾਅਦ ਲੈ ਆਉਂਦੇ ਹਨ
ਵਾਅਦਿਆਂ ਦੀ ਨਵੀਂ ਹਨੇਰੀ
ਜਿਸ ਵਿਚ ਉਡਦੇ ਹਨ
ਲੋਕ ਰਾਜ ਦੇ ਛੋਟੇ ਛੋਟੇ ਅੰਗ

ਕਾਨੂੰਨ ਚੌਰਾਹਿਆਂ 'ਚ ਨੰਗਾ ਵਿਲਕਦਾ ਹੈ
ਤੇ ਸੱਚ ਬੰਦ ਕਮਰਿਆਂ 'ਚ ਦਮ ਤੋੜ ਦਿੰਦਾ ਹੈ
ਉਹ ਲੋਕ ਜਿਨ੍ਹਾਂ ਸਲੀਬ ਬਣਨਾ ਸੀ
ਫ਼ਿਲਹਾਲ ਰਾਜ ਸਭਾ ਦੀ ਭੂਮਿਕਾ ਨਿਭਾਉਂਦੇ
ਆਪਣੇ ਹੱਥ ਵੇਚ ਬੈਠੇ ਹਨ

ਸਾਡੇ ਇਥੇ ਲੋਕ ਰਾਜ, ਲੋਕਾਂ ਦਾ ਰਾਜ ਨਹੀਂ
ਸਗੋਂ ਲੋਕਾਂ ਉਤੇ ਰਾਜ ਹੈ
ਜੋ ਹੱਤਿਆ ਦੀ ਮਾਸੂਮੀਅਤ 'ਤੇ ਸਵਾਰ ਹੋ ਕੇ ਆਉਂਦਾ ਹੈ
ਇਸ ਕੋਲ ਹਨੇਰੇ ਦੇ ਚਲਦੇ ਦਰਿਆ ਹਨ
ਜਿਨ੍ਹਾਂ ਵਿਚ ਸਾਡੀਆਂ ਬੇੜੀਆਂ 'ਤੇ ਬਰਸਦੇ ਰਹਿੰਦੇ ਹਨ
ਜ਼ੁਲਮਾਂ ਦੇ ਚਾਬਕ
ਤੇ ਅਸੀਂ ਸਾਰੇ ਨੀਝ ਲਾ ਅੰਬਰ ਵੱਲ ਤੱਕਦੇ ਹਾਂ
ਜਿਥੇ ਦੁਮੇਲ ਤੋਂ ਪਰ੍ਹੇ ਸੂਰਜ ਦਾ ਨਿੰਮ੍ਹਾ ਜਿਹਾ ਚਾਨਣ
ਉਦੈ ਹੋ ਰਿਹਾ ਹੈ

ਪੰਜਾਬ ਕਥਾ

ਕਿੰਨਾ ਚਾਅ ਜਿਹਾ ਸੀ ਤੈਨੂੰ ਆਜ਼ਾਦੀ ਦਾ
ਕਿ ਤੂੰ ਬਉਰਾ ਹੋਇਆ ਖੂਹ ਦੀ ਗਾਧੀ ਨੂੰ ਹੀ ਗੀਤ ਸਮਝ ਬੈਠਾ
ਸੁੱਕੇ ਹੋਏ ਗੋਹੇ ਦੀ ਹੁੰਮਕ ਤੈਨੂੰ ਲੈਵੰਡਰ ਲਗਦੀ ਸੀ
ਪਾਣੀ ਦੀਆਂ ਟਿੰਡਾਂ ਜੇ ਇਤਿਹਾਸ ਹੁੰਦੀਆਂ ਤਾਂ ਦੱਸ ਸਕਦੀਆਂ
ਤੇਰੀ ਹਿੱਕ 'ਚ ਮਚਲ ਰਹੇ ਨਗ਼ਮਿਆਂ ਦੀ ਆਵਾਜ਼
ਤੇਰੇ ਲਈ ਦਿਨ ਉਦੋਂ ਤੇਰੀ ਪਤਨੀ ਦੇ ਘੱਗਰੇ ਦੀ ਲੌਣ ਵਰਗਾ ਸੀ
ਤੇ ਰਾਤ ਜਥੇਬੰਦ ਹਕੀਕਤਾਂ ਦੀ ਸੱਜਰੀ ਗੁੰਨ੍ਹੀ ਤੌਣ ਵਰਗੀ ਸੀ
ਜਿਨ੍ਹਾਂ ਨੂੰ ਪਲੇਥਣ ਲਾਉਣਾ ਤੈਨੂੰ ਕਿੰਨਾ ਸੁਖਦਾਈ ਲਗਦਾ ਸੀ

ਡੰਗਰ ਚਾਰਦੇ ਹੋਏ ਤੇਰੇ ਪੈਰ
ਸਮੇਂ ਦੀਆਂ ਸੂਲ਼ਾਂ ਤੋਂ ਕਿੰਨਾ ਅਣਭਿੱਜ ਰਹੇ ਸਨ ਮੇਰੇ ਯਾਰ
ਤੈਨੂੰ ਤਾਂ ਇਹ ਵੀ ਪਤਾ ਨਾ ਚੱਲਿਆ
ਕਿ ਜਾਂਦੇ ਸਮੇਂ ਰਾਣੀ ਦੇ ਉਹ ਚਿੱਟੇ ਬਾਂਦਰ
ਕਿੰਝ ਤੇਰੇ ਪਿੰਡ ਦੇ ਇਰਫਾਨ ਹਬੀਬ ਨੂੰ ਹੀ ਹਲਾਲ ਕਰ ਗਏ
ਤੇ ਬਾਰੋਂ ਉਜੜ ਕੇ ਆਏ ਦੁੰਬੀਚੱਬਾਂ ਦਾ ਲਾਣਾ
ਤੈਨੂੰ ਓਪਰੇ ਦੇਸ ਦਾ ਪਰਦੇਸੀ ਲਗਦਾ ਸੀ

ਤੈਨੂੰ ਤਾਂ ਸ਼ਾਇਦ ਯਾਦ ਵੀ ਨਾ ਹੋਵੇ
ਉਨ੍ਹਾਂ ਲਈ ਕਿੰਨਾ ਅਸਹਿ ਸੀ ਜੜ੍ਹਾਂ ਵਾਲੇ ਦੀ ਬਾਰ ਛੱਡਣੀ
ਜਿਨ੍ਹਾਂ ਦੇ ਹੱਥਾਂ ਦੇ ਰਟਣ
ਉਸ ਜੰਗਲ ਨੂੰ ਸੁਆਰਦੇ ਅਜੇ ਵੀ ਜ਼ਖ਼ਮੀ ਸਨ
ਤੇਰੇ ਭਾਣੇ ਤੇ ਟੋਭਾ ਟੇਕ ਸਿੰਘ ਇਕ ਘੁੰਮਦਾ ਰਕਾਟ ਸੀ
ਜੀਹਦੀ ਘਸੀ ਹੋਈ ਆਵਾਜ਼ ਕੇਵਲ ਦੱਸ ਸਕਦੀ ਸੀ

ਉਧਰ ਰਹਿ ਗਈ ਬਾਜਵਿਆਂ ਦੀ ਕਿੰਦਰ ਦੀ ਕਹਾਣੀ
ਤੇ ਛੱਤੀ ਚਾਦਰ ਚੱਕ ਕੋਲ ਮਾਰੇ ਗਏ ਤਾਏ ਬਿਸ਼ਨੇ ਦੀ ਲਾਸ਼
ਕਿੰਝ ਅਰਦਾਸ ਨੂੰ ਤਰਸਦੀ ਪੰਛੀਆਂ ਦੀ ਭੇਂਟ ਹੋ ਗਈ ਸੀ
ਜਦੋਂ ਕਿ ਲਾਲ ਕਿਲ੍ਹੇ ਤੋਂ ਉਹ ਐਲਾਨ ਕਰ ਰਹੇ ਸਨ
'ਹਮ ਨੇ ਆਜ਼ਾਦੀ ਲੀ ਬਿਨਾਂ ਏਕ ਖ਼ੂਨ ਕਾ ਕਤਰਾ ਬਹਾਏ'

ਪਰ ਮੈਨੂੰ ਤੇ ਐਨ ਯਾਦ ਹੈ
ਫਾਂਸੀ 'ਤੇ ਲਟਕੇ ਹੋਏ ਭਗਤ ਸਿੰਘ ਦੇ ਬੋਲ ਕਿੰਝ ਸਾਨੂੰ ਹਲੂਣਦੇ ਰਹੇ ਸਨ
ਸਰਾਭਾ ਕਈ ਵੇਰ ਰਾਤ ਬਰਾਤੇ ਮੈਨੂੰ ਮਿਲਣ ਆਉਂਦਾ ਰਿਹਾ
ਸਤਲੁਜ ਦਰਿਆ ਜ਼ਖ਼ਮੀ ਹੁੰਦੇ ਹੋਏ ਵੀ
ਰਾਤਾਂ ਦੀ ਚੁੱਪ ਵਿਚੋਂ ਸਾਨੂੰ ਵੰਗਾਰਦਾ ਰਿਹਾ
ਪਰ ਪਿੰਡ ਸਨ ਕਿ ਸਦਾ ਸੁੱਤੇ ਜਹੇ ਰਹੇ
ਤੇ ਸ਼ਹਿਰ ਨਸ਼ਿਉਂ ਟੁੱਟੇ ਅਮਲੀ ਵਾਂਗ ਡਿਗਦੇ ਜਹੇ ਰਹੇ

ਹਰਿਮੰਦਰ ਤਾਂ ਉਦੋਂ ਵੀ ਜ਼ਖ਼ਮੀ ਸੀ
ਪਰ ਉਹਦੇ ਸਿਸਕਦੇ ਬੋਲਾਂ ਦੀ ਆਵਾਜ਼
ਪੰਜਾਬ ਦੇ ਰਾਠਾਂ ਦੀਆਂ ਹਵੇਲੀਆਂ ਹੇਠ ਨੱਪੀ ਰਹੀ
ਉਨ੍ਹਾਂ ਲਈ ਤਾਂ ਸਭ ਅੱਛਾ ਸੀ
ਜਿਨ੍ਹਾਂ ਦੇ ਖੇਤ ਬੱਤੀ ਸਟੈਂਡਰਡ ਏਕੜ ਵੇਲ਼ੇ ਵੀ
ਖੁੱਲ੍ਹੇ ਘੋੜਿਆਂ ਵਾਂਗ ਦਨਦਨਾਉਂਦੇ ਰਹੇ
ਤੇ ਮੰਡੀਆਂ ਵਿਚ ਭਾਅ ਦੇ ਖੁੰਢੇ ਹਥਿਆਰ
ਬਾਬਾ ਬੂਝਾ ਸਿੰਘ ਦੀ ਹਿੱਕ ਹੀ ਵਿੰਨ੍ਹਦੇ ਰਹੇ

ਤੂੰ ਕਦੋਂ ਤਕ ਰਹੇਂਗਾ ਭਾਲਦਾ ਆਜ਼ਾਦੀ ਦੇ ਅਰਥ
ਟੁੱਟੀ ਹੋਈ ਪੰਜਾਲੀ ਤੇ ਖੁੰਢੀ ਹੋਈ ਦਾਤਰੀ ਕੋਲੋਂ

ਤੈਨੂੰ ਤੇ ਪਤਾ ਵੀ ਨਹੀਂ ਚੱਲਿਆ
ਕਿ ਰੂੜ ਸਿੰਘ ਦੇ ਬਲ਼ਦ ਕਿੰਝ ਹੌਲੀ ਹੌਲੀ ਹਾਰ ਗਏ
ਵਿਰਕਾਂ ਦੇ ਟਰੈਕਟਰ ਕੋਲੋਂ
ਕਿ ਰੂੜ ਸਿੰਘ ਦੇ ਮੁੰਡਿਆਂ ਲਈ ਅੱਜ ਕਲ੍ਹ
ਮੰਡੀ 'ਚ ਬਹੁਕਰਾਂ ਫੇਰਨਾ ਕਿੰਨਾ ਦੁਖਦਾਈ ਹੈ
ਕਿ ਹਰੀਏ ਮੋਚੀ ਦੀ ਖੱਲ-ਧੌੜੀ ਦੀ ਜੁੱਤੀ
ਕਿੰਨਾ ਕੁ ਚਿਰ ਠਹਿਰ ਸਕਦੀ ਸੀ
ਬਾਟਾ ਅਤੇ ਕਰੋਨਾ ਦੇ ਸਸਤੇ ਮਾਲ ਸਾਹਵੇਂ
ਜੀਹਨੂੰ ਟੀ.ਵੀ. ਦੀ ਫਸਲ 'ਚ ਜੁਆਨ ਹੋਏ ਜੁਆਕਾਂ ਨੇ
ਅੰਤਾਂ ਦਾ ਸਤਿਕਾਰ ਦਿੱਤਾ
ਅਤੇ ਰਿਕਸ਼ੇ ਹਾਰ ਹੀ ਗਏ ਥ੍ਰੀ-ਵੀਲ੍ਹਰਾਂ ਤੋਂ
ਤੇ ਮੁਣਸ਼ੀ ਦੇ ਟਾਂਗੇ ਦੀ ਲਾਖੀ ਘੋੜੀ
ਕਦੋਂ ਦੀ ਹੱਡਾ-ਰੋੜੀ ਦਾ ਸ਼ਿਕਾਰ ਹੋ ਚੁੱਕੀ ਹੈ
ਕਿਸ਼ੋਰ ਕੁਮਾਰ ਅਤੇ ਟੀ.ਵੀ. ਦੇ ਹੜ੍ਹ ਨੇ ਖਾ ਹੀ ਲਿਆ
ਪ੍ਰਕਾਸ਼ ਕੌਰ ਦੇ ਤਵਿਆਂ ਦਾ ਹਰਾ ਹਰਾ ਬੂਰ
ਬਿਹਾਰ ਦੇ ਭਈਏ ਜਿਨ੍ਹਾਂ ਲਈ ਪੰਜਾਬ ਕਦੇ ਕੈਨੇਡਾ ਸੀ
ਅੱਜ ਕਲ੍ਹ ਪਾਗਲ ਹਨੇਰੇ ਤੋਂ ਡਰਦੇ ਸਿਰ ਪੈਰਾਂ 'ਚ ਲੁਕੋ ਕੇ
ਰਾਤ ਦੀਆਂ ਡਰੀਆਂ ਪੈੜਾਂ ਨੂੰ ਬਿਸਤਰੇ 'ਚ ਬੰਨ੍ਹ ਕੇ
ਪਟਨੇ ਦੀ ਭੁੱਖੀ ਸਵੇਰ ਨੂੰ ਹੀ ਮਹਿਫੂਜ਼ ਸਮਝਦੇ ਹਨ
ਇਹ ਕਮਾਲ ਸੀ ਮੇਰੇ ਯਾਰ
ਕਿ ਬਦਲਦੇ ਹੋਏ ਖੂਹਾਂ ਤੋਂ ਟਿਊਬਵੈਲਾਂ ਨੇ
ਪੰਜਾਬ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿਤਾ
ਕਿ ਹਰੀ ਕ੍ਰਾਂਤੀ ਨੂੰ ਉਨ੍ਹਾਂ ਵੇਸਵਾ ਵਾਂਗ ਭੋਗਿਆ
ਕਾਤਲਾਂ ਤੇ ਜੁੰਡੀਦਾਰਾਂ ਦੀਆਂ ਹਵੇਲੀਆਂ ਪਿੰਡਾਂ ਤੋਂ ਤੁਰ ਕੇ
ਰਾਜਧਾਨੀ ਦੀਆਂ ਨਿਊਨ ਬੱਤੀਆਂ 'ਚ ਸਮਾ ਗਈਆਂ

ਤੇ ਰਾਜਧਾਨੀ ਵਿਚ ਤਾਂ ਅੰਤਾਂ ਦਾ ਪਾਣੀ ਹੈ
ਕੀ ਹੋਇਆ ਜੇ ਪਿੰਡਾਂ ਦਾ ਪਾਣੀ ਸੱਤ ਤੋਂ ਸੱਤਰ ਫੁੱਟ ਚਲੇ ਗਿਆ
'ਸਬਰ ਕਰ' ਕਿ ਗੜ੍ਹੇਮਾਰ ਤੋਂ ਬਾਅਦ ਖੇਤ ਦਾ ਮੁੱਲ ਨੱਬੇ ਰੁਪੈ ਪਿਆ
'ਸੰਤੋਖ ਕਰ' ਜੇ ਖਾਦਾਂ ਦੇ ਭਾਅ ਤਿੱਗਣੇ ਹੋ ਗਏ
ਅੱਜ ਤਕ ਇਹੀ ਤਾਂ ਕਰਦਾ ਰਿਹਾ ਹੈਂ ਮੇਰੇ ਯਾਰ

ਉੱਧਰ ਸਵੇਰ ਦੀ ਚੁੱਪ 'ਚ ਸਰੋਵਰ ਰੋ ਰਿਹਾ ਹੈ
ਬੇਰੀਆਂ ਦੇ ਬੂਰ ਕੁਮਲਾ ਗਏ ਹਨ
ਮੂੰਹ ਝਾਖਰੇ ਵਿਚ ਬੜਾ ਕੁਝ ਰਹੱਸਮਈ ਹੈ
ਪਰ ਹੁਣ ਜਦੋਂ ਵੀ ਉਹ ਤਿਰੰਗੇ ਨੂੰ ਸਲਾਮੀ ਦਿੰਦੇ ਹਨ
ਤਾਂ ਜੀਅ ਕਰਦਾ ਹੈ
ਬਾਂਝ ਹੋਏ ਤਿੰਨ ਰੰਗਾਂ ਦੇ ਇਸ ਟੋਟੇ ਨੂੰ ਤਾਈ ਬਾਵੀ ਦੇ ਸਿਰ ਦੇ ਦਿਆਂ
ਜੀਹਦੇ ਸਿਰ ਦੀ ਲੱਜ-ਸਮਸ਼ਾਨ ਚਲੇ ਗਈ
ਕਿਉਂਕਿ ਭਟਕੇ ਹੋਏ ਹਨੇਰੇ ਦੀ ਡਾਰ
ਉਹਦੀ ਝਟਕੇ ਦੀ ਦੁਕਾਨ ਨੂੰ ਹੀ
ਧਰਮ ਦਾ ਅਪਖਮਾਨ ਸਮਝ ਬੈਠੀ
ਪਿੰਡਾਂ ਤੇ ਸ਼ਹਿਰਾਂ ਦੀਆਂ ਸਾਊ ਦਾਹੜੀਆਂ 'ਚ ਹਉਕਾ ਉਭਰਿਆ
'ਧਰਮ ਸੰਕਟ ਵਿਚ ਹੈ, ਪੰਥ ਖ਼ਤਰੇ ਵਿਚ ਹੈ'
ਅਤੇ ਅਸਮਾਨ ਕਿੰਨਾ ਕੁ ਚਿਰ ਖਲ੍ਹਾਰ ਸਕਦਾ ਸੀ
ਡੁੱਬ ਰਹੇ ਸੂਰਜ ਦੀ ਲਾਲ ਟਾਕੀ ਨੂੰ
ਜਦੋਂ ਕਿ ਗਤੀ ਦੇ ਦਨਦਨਾਉਂਦੇ ਘੋੜੇ
ਸੂਰਜ ਨੂੰ ਚਾਰ ਚੁਫ਼ੇਰੇ ਘੇਰੀ ਖੜ੍ਹੇ ਸਨ

ਅਸੀਂ ਕਦੇ ਵੀ ਹਾਰ ਨਹੀਂ ਸਾਂ ਸਕਦੇ
ਜੇ ਤੂੰ ਮੇਰੇ ਨਾਲ ਹੁੰਦਾ ਮੇਰੇ ਸ਼ਾਇਰ

ਪਰ ਤੂੰ ਤਾਂ ਸੁੱਤਾ ਹੀ ਰਿਹਾ ਹੈਂ ਹੁਣ ਤਕ
ਜਦੋਂ ਕਿ ਦੁਸ਼ਮਣ ਹਥਿਆਰਾਂ ਨਾਲ ਲੈਸ ਖੜ੍ਹਾ ਹੈ

ਉਂਝ ਇਹ ਕਮਾਲ ਸੀ ਮੇਰੇ ਸ਼ਾਇਰ
ਕਿ ਦਿੱਲੀ ਦੰਗਿਆਂ 'ਚ ਮਰੇ ਲੋਕਾਂ ਨੂੰ ਦੇਖ
ਤੇਰੀ ਕਲਮ ਲਹੂ ਦੇ ਅੱਥਰੂ ਰੋਈ
ਤੇ ਤੇਰਾ ਇੰਝ ਕਰਨਾ ਜਾਇਜ਼ ਵੀ ਸੀ ਮੇਰੇ ਸ਼ਾਇਰ
ਪਰ ਦੇਸ਼ 'ਚ ਮਰੇ ਬਾਕੀ ਦੇ ਸਾਧਾਰਨ ਲੋਕ
ਕੀ ਤੇਰੇ ਲਈ ਸਿਰਫ਼ ਖ਼ਬਰਾਂ ਦੀ ਬੁਰਕੀ ਸਨ
ਜਿਨ੍ਹਾਂ ਨੂੰ ਤੂੰ ਨਾਸ਼ਤੇ ਦੀ ਮੇਜ਼ 'ਤੇ ਹੀ ਵਿਲਕਦੇ ਛੱਡ ਗਿਆ
ਕੀ ਉਨ੍ਹਾਂ ਦੇ ਖ਼ੂਨ ਦਾ ਰੰਗ ਏਨਾ ਪਤਲਾ ਸੀ
ਕਿ ਉਹ ਤੇਰੀ ਕਲਮ ਦਾ ਰੁਦਨ ਨਾ ਬਣ ਸਕੇ

ਨਾਨਕ ਤੇ ਸ਼ਾਇਦ ਬਉਰਾ ਸ਼ਾਇਰ ਸੀ
ਜੋ 'ਏਤੀ ਮਾਰ ਪਈ ਕੁਰਲਾਣੈ' ਦਾ ਹੋਕਾ ਦਿੰਦਾ ਰਿਹਾ
ਪਰ ਤੂੰ ਤੇ ਜਜ਼ਬਿਆਂ ਨੂੰ ਹੀ ਵੰਡ ਦਿਤਾ ਹੈ ਮੇਰੇ ਸ਼ਾਇਰ
ਦੱਸ ਭਲਾ ਇਨ੍ਹਾਂ ਨੇ ਤੇਰਾ ਕੀ ਵਿਗਾੜਿਆ ਸੀ
ਇਸੇ ਲਈ ਮੇਰੇ ਸ਼ਾਇਰ ਮੈਂ ਨਹੀਂ ਚਾਹੁੰਦਾ
ਉਨ੍ਹਾਂ ਨਾਲ ਕੋਈ ਵੀ ਵਾਸਤਾ ਰੱਖਾਂ
ਜਿਨ੍ਹਾਂ ਦੇ ਹੱਥ ਕਾਤਲ ਸ਼ਬਦ ਦੇ ਭਾਵ-ਵਾਚਕ ਬਣ ਗਏ ਹਨ
ਤੇ ਨਾ ਹੀ ਉਨ੍ਹਾਂ ਨਾਲ ਜਿਨ੍ਹਾਂ ਦੀਆਂ ਭਾੜੇ ਦੀਆਂ ਸੰਗੀਨਾਂ ਨੂੰ
ਇਹ ਡੈਣ ਸਰਕਾਰ ਤਮਗ਼ਿਆਂ ਨਾਲ ਸਜਾਉਂਦੀ ਹੈ

ਮੇਰੀ ਕਵਿਤਾ ਉਨ੍ਹਾਂ ਸੁਹਜ ਸਵਾਦਾਂ ਦੀ
ਜੂਠੀ ਥਾਲ਼ੀ ਵਿਚ ਬੈਠਣ ਤੋਂ ਇਨਕਾਰ ਕਰਦੀ ਹੈ

ਜਿਨ੍ਹਾਂ ਇਸ ਸਭ ਕਾਸੇ ਨੂੰ 'ਹਊ ਪਰ੍ਹੇ' ਆਖ
ਸਫ਼ਿਆਂ ਨੂੰ ਅਖੌਤੀ ਪਿਆਰ ਚਾਸ਼ਨੀ ਨਾਲ ਪਲੀਤ ਕੀਤਾ
ਤੇ ਮੈਂ ਨਹੀਂ ਚਾਹੁੰਦਾ ਮੇਰੀ ਕਵਿਤਾ ਉਨ੍ਹਾਂ ਰਸਾਲਿਆਂ 'ਚ ਛਪੇ
ਜਿਨ੍ਹਾਂ 'ਸ਼ਹੀਦਾਂ' ਦੇ ਨਾਮ 'ਤੇ ਆਪਣੀ ਵਿਕਰੀ 'ਚ ਵਾਧਾ ਕੀਤਾ
ਤੇ ਜਿਨ੍ਹਾਂ ਆਪਣੇ ਡਰੇ ਹੋਏ ਅੰਦਰਲੇ ਹਨੇਰੇ ਨੂੰ
ਅਖੌਤੀ ਬਿੰਬਾਂ ਤੇ ਪ੍ਰਤੀਕਾਂ ਦੀ ਕਬਰਗਾਹ 'ਚ ਸੁਆ ਦਿੱਤਾ
ਅਤੇ ਜਿਨ੍ਹਾਂ ਪੰਜਾਬ ਦੇ ਪਹਿਲਾ ਹੀ ਲਹੂ ਲੁਹਾਨ ਪਿੰਡੇ ਨੂੰ
ਫ਼ਿਰਕਿਆਂ 'ਚ ਵੰਡਣ ਦਾ ਸ਼ੁਭ ਕਾਰਜ ਕੀਤਾ

ਤੇ ਨਾ ਹੀ ਮੈਂ ਚਾਹੁੰਦਾ ਹਾਂ ਉਨ੍ਹਾਂ ਸ਼ਾਇਰਾਂ ਨਾਲ ਕਲਾਮ ਕਰਨਾ
ਜਿਨ੍ਹਾਂ ਦੀਆਂ ਜੀਭਾਂ ਪੰਜਾਬ ਕਤਲਾਂ ਵੇਲ਼ੇ ਟੁੱਕੀਆਂ ਰਹੀਆਂ
ਭਾਵੇਂ ਹਾਲ ਦੀ ਘੜੀ ਅਸੀਂ ਜਿੱਤ ਨਾ ਸਕੀਏ
ਪਰ ਸਾਡੇ ਵਕਤ ਦੇ ਪੰਜੇ ਵਿਚ ਅਜੇ ਗ਼ੈਰਤ ਜ਼ਿੰਦਾ ਹੈ
ਜੋ ਕਵਿਤਾ ਤੇ ਵਿਸ਼ੇ-ਵਸਤੂ ਦੇ ਖੇਤ ਦੀ ਰਖਵਾਲੀ ਕਰ ਸਕਦੀ ਹੈ
ਜੋ ਅਜੇ ਵੀ ਸੁਹਾਗ ਸਕਦੀ ਹੈ ਇਸ ਕੋਲਾਜ ਵਿਰੋਧ ਨੂੰ
ਬਿਨਾਂ ਤੁਹਾਡੇ ਹੰਭੇ ਹੋਏ ਬਲਦ ਮੰਗਣ ਤੋਂ
ਬਿਨਾਂ ਤੁਹਾਡੇ ਹੰਭੇ ਹੋਏ ਬਲਦ ਮੰਗਣ ਤੋਂ।

ਉਹਨਾਂ ਸਭ ਲਈ

ਪਿਆਰੇ ਅਗਨੀਹੋਤਰੀ, ਜੇ ਕੋਈ ਛਾਂ-ਦਾਰ ਰੁੱਖ
ਅਜੇ ਵੀ ਬਚਿਆ ਹੋਵੇ ਤਾਂ ਪਤਾ ਦੇਣਾ
ਕਿਉਂਕਿ ਮੈਂ ਜਾਣਦਾ ਹਾਂ ਹਨੇਰੇ ਦਾ ਪਾਗਲ ਕੁੱਤਾ
ਇਕ ਪੂਰੀ ਦੀ ਪੂਰੀ ਪੀੜ੍ਹੀ ਨੂੰ ਵੱਢ ਚੁੱਕਾ ਹੈ

ਮੈਂ ਇਸ ਚਾਨਣੀ ਰਾਤ ਨੂੰ ਕਿਥੇ ਰੱਖਾਂਗਾ
ਜਦੋਂ ਕਿ ਘਰ ਪਹਿਲਾਂ ਹੀ ਜ਼ਖ਼ਮੀ ਹੈ
ਮਿੱਤਰ ਸ਼ੌਕੀਨ ਸਿੰਘ! ਕੀ ਲੋਕ ਨਾਥ ਅਜੇ ਵੀ
ਘੁੱਪ ਹਨੇਰੀਆਂ ਰਾਤਾਂ ਵਿਚ ਤੇਰੇ ਨਾਲ ਲੁਕਣਮੀਟੀ ਖੇਡਦਾ ਹੈ
ਜਾਂ ਉਹਨੂੰ ਹਨੇਰੇ ਤੋਂ ਡਰ ਲੱਗਣ ਲੱਗਿਆ ਹੈ, ਪਤਾ ਦੇਣਾ

ਸਾਂਝੀਵਾਲਤਾ ਦੇ ਉਹ ਪੰਛੀ
ਕੀ ਹਨੇਰੀ 'ਚ ਮਰ ਗਏ? ਪਤਾ ਦੇਣਾ
ਇਹ ਆਲ੍ਹਣੇ ਕਿਸ ਨੇ ਤੀਲ੍ਹੋ ਤੀਲ੍ਹ ਕੀਤੇ
ਅਤੇ ਉਹ ਸਭ ਰਾਂਗਲੀਆਂ ਸੱਧਰਾਂ ਤੇ ਯਾਦਾਂ
ਜੋ ਸਮੇਂ ਦੀ ਢਾਬ 'ਚ ਮੈਂ ਪਿੱਛੇ ਛੱਡ ਆਇਆ ਹਾਂ

ਖ਼ਬਰਾਂ ਦੀ ਸ਼ੈਲਿੰਗ
ਸਾਨੂੰ ਕਿਵੇਂ ਫ਼ਿਰਕਿਆਂ 'ਚ ਵੰਡ ਰਹੀ ਹੈ, ਪਤਾ ਦੇਣਾ
ਤੇ ਸ਼ਾਂਤੀ ਦੀ ਉਹ ਸਲਾਭੀ ਜਹੀ ਰੁੱਤ
ਜੀਹਦੇ ਵਿਚ ਦਿੱਲੀ ਦਾ ਚਾਂਦਨੀ ਚੌਕ
ਸੀਸ ਭੇਂਟ ਦੀ ਰਸਮ ਬਣਾਇਆ ਸੀ
ਉਸ ਦਰਵਾਜ਼ੇ ਨੂੰ ਕਿਸ ਨੇ ਜ਼ਖ਼ਮੀ ਕੀਤਾ? ਪਤਾ ਦੇਣਾ
ਅਸੀਂ ਜੋ ਬੀਜਦੇ ਰਹੇ ਸਾਂ ਲੱਖ ਸਮਿਆ ਤੋਂ

ਰੋਟੀ ਤੇ ਬੇਟੀ ਦੀ ਸਾਂਝ ਦੇ ਰਿਸ਼ਤੇ
ਉਹ ਕਿਨ੍ਹਾਂ ਗੋਲੀਆਂ ਨੇ ਵਿੰਨ੍ਹ ਦਿੱਤੇ? ਪਤਾ ਦੇਣਾ
ਤੈਨੂੰ ਯਾਦ ਹੋਣੈ ਲੋਹੜੀ ਦੀ ਰੁੱਤੇ
ਮਿੰਬਰਾਂ ਦੀ ਕੁਲਬੀਰ ਕੌਰ ਦਾ
ਤੁਹਾਡੀ ਸ਼ਸ਼ੀ ਨਾਲ ਕੱਠੇ ਲੋਹੜੀ ਮੰਗਣਾ
ਹਲਵਾਈ ਨਾਥੇ ਦਾ ਹਰ ਸੰਗਰਾਂਦੇ
ਸਵਾ ਪੰਜਾਂ ਦੀ ਦੇਗ਼ ਕਰਾਉਣਾ
ਤੇ ਬਾਬੇ ਭਾਨ ਸਿੰਘ ਦਾ ਬੱਗੀ ਦਾਹੜੀ 'ਚੋਂ
ਪੂਰੇ ਨਗਰ ਦੀ ਸੁੱਖ ਮੰਗਦਾ ਚਿਹਰਾ
ਇਹ ਸਭ ਕਿਸ ਡਰ ਦੇ ਪੈਰਾਂ ਹੇਠ ਲੁਕਿਆ ਹੈ, ਪਤਾ ਦੇਣਾ

ਪਿਆਰੇ ਅਗਨੀਹੋਤਰੀ, ਪ੍ਰੇਮ ਕੁਮਾਰ ਸ਼ਰਮਾ ਨੂੰ ਦੱਸਣਾ
ਕਿ ਲਾਲਾ ਜਗਤ ਨਰਾਇਣ ਉਹਦਾ ਕੁਝ ਨਹੀਂ ਲਗਦਾ
ਲਗਦੇ ਹਾਂ ਤਾਂ ਅਸੀਂ ਤੁਸੀਂ ਸਾਰੇ
ਜਿਨ੍ਹਾਂ ਲਈ ਬਿਜਲੀ ਸੰਕਟ ਇਕੋ ਜਿੰਨਾਂ ਦਰਦ ਰਖਦਾ ਹੈ
ਜਿਨ੍ਹਾਂ ਲਈ ਖਾਦਾਂ ਦੇ ਭਾਅ ਖ਼ੂਨ ਚੂਸਦੇ ਹਨ
ਜਿਨ੍ਹਾਂ ਲਈ ਟੀ.ਏ., ਡੀ.ਏ. ਦੀਆਂ ਸੱਜਰੀਆਂ ਕਿਸ਼ਤਾਂ ਬਾਅਦ ਵੀ
ਟੱਬਰ ਦਾ ਨੰਗ ਕੱਜਿਆ ਨਹੀਂ ਜਾ ਰਿਹਾ
ਤੇ ਹਿੰਦੂ-ਸੁਰਕਸ਼ਾ ਸੰਮਤੀਆਂ ਦੀ ਛਾਂ ਹੇਠ
ਅਸੀਂ ਤੁਸੀਂ ਹੋਰ ਵੀ ਵੰਡੇ ਜਾ ਰਹੇ ਹਾਂ
ਆਪਣੇ ਹੀ ਸਹਿਮ ਦੇ ਪਰਛਾਵਿਆਂ ਹੇਠ

ਪਿਆਰੇ ਅਗਨੀਹੋਤਰੀ, ਪਤਾ ਦੇਣਾ
ਕੀ ਤੁਸੀਂ ਲੱਭ ਲਏ ਹਨ ਉਹ ਹੱਥ
ਜੋ ਪੰਜਾਬ 'ਚ ਕਤਲ ਕਰਦੇ ਹਨ

ਜੋ ਦਿੱਲੀ ’ਚ ਬਲਦੇ ਟਾਇਰ ਸੁੱਟਦੇ ਹਨ
ਜੋ ਆਂਧਰਾ ’ਚ ਭੁੱਖੇ ਦਰਾਵੜਾਂ ’ਤੇ ਗੋਲ਼ੀ ਚਲਾਉਂਦੇ ਹਨ
ਜੋ ਮੁੱਠੀ ਭਰ ਵੋਟਾਂ ਲਈ ਘੀਸ਼ਿੰਗ ਦੀ ਪਿੱਠ ਠੋਕਦੇ ਹਨ
ਜੋ ਹਰ ਦੂਜੇ ਤੀਜੇ
ਇਸ ਜਾਂ ਉਸ ਮੰਦਰ ਦਾ ਸ਼ਿਲਾਲੇਖ ਰਖਦੇ ਹਨ?
ਕੌਣ ਹਨ ਇਹ ਹੱਥ? ਕੈਸੀ ਹੈ ਇਨ੍ਹਾਂ ਦੀ ਤਾਸੀਰ

ਮੈਂ ਇਥੇ ਬੈਠਾ ਵੀ ਖ਼ਬਰਾਂ ਦੀ ਤੂੜੀ ’ਚੋਂ ਚੁਣ ਸਕਦਾ ਹਾਂ
ਘਟਨਾਵਾਂ ਦੇ ਗਲ਼ੇ ਸੜੇ ਦਾਣੇ
ਤੁਸੀਂ ਜੇ ਲੱਭ ਲਏ ਹੋਣ ਉਹ ‘ਹੱਥ’
ਤਾਂ ਇਨ੍ਹਾਂ ਬਾਰੇ ਅਹੁ ਖੇਡ ਰਹੇ ਬੱਚਿਆਂ ਨੂੰ ਜ਼ਰੂਰ ਦੱਸਣਾ
ਕਿ ਕਿੰਝ ਖੋਹ ਲਈਆਂ ਨੇ ਇਨ੍ਹਾਂ ਹੱਥਾਂ ਨੇ
ਉਨ੍ਹਾਂ ਦੇ ਵਡੇਰਿਆਂ ਦੀਆਂ ਮੁਸਕਾਣਾਂ?
ਮਿੱਲਾਂ ਤੇ ਖੇਤਾਂ ’ਚ ਕੰਮ ਕਰਦੇ
ਮੇਰੇ ਚਾਚਿਆਂ, ਤਾਇਆਂ ਤਕ ਵੀ ਲੈ ਕੇ ਜਾਣੀ
ਇਨ੍ਹਾਂ ਹੱਥਾਂ ਦੀ ਖ਼ੂਨੀ ਦੰਭ-ਕਥਾ

ਹੋਰ ਸਭ ਪੜ੍ਹਦੇ ਸੁਣਦੇ ਨੂੰ ਯਾਦ
ਤੈਨੂੰ ਸਹੁੰ ਲੱਗੇ ਜੇ ਅਜੇ ਵੀ ਦੱਸ ਨਾ ਸਕੇਂ
ਇਨ੍ਹਾਂ ਹੱਥਾਂ ਦੀ ਸਾਜ਼ਿਸ਼ੀ ਦਾਸਤਾਨ
ਤੈਨੂੰ ਤੇਰੇ ਹੋਣ ਦੀ ਹੀ ਸਹੁੰ
ਜੇ ਅਜੇ ਵੀ ਦੱਸ ਨਾ ਸਕੇਂ
ਇਨ੍ਹਾਂ ਹੱਥਾਂ ’ਚ ਸਹਿਮੀ ਹੋਈ
ਮੇਰੇ ਤੇਰੇ ਭਵਿੱਖ ਦੀ, ਚਾਨਣ ਦੀ ਰਿਸ਼ਮ ਕਹਾਣੀ
ਚਾਨਣ ਦੀ ਰਿਸ਼ਮ ਦੀ ਕਹਾਣੀ

ਮੱਧ ਵਰਗ

ਅਸੀਂ ਬੇਜਾਨ ਸੜਕਾਂ ਹਾਂ
ਜਿਨ੍ਹਾਂ ਤੋਂ ਲੰਘ ਜਾਂਦੀਆਂ ਨੇ
ਫ਼ਰਜ਼ਾਂ ਦੀਆਂ ਮੋਟਰਾਂ ਚੁੱਪਚਾਪ
ਜਾਂ ਫਿਰ ਅਸੀਂ ਨਖਲਿਸਤਾਨਾਂ ਦੀ
ਉਡੀਕ ’ਚ ਬੁੱਢੇ ਹੋ ਰਹੇ ਦਿਨ ਹਾਂ
ਜਿਨ੍ਹਾਂ ਦੀ ਹਯਾਤੀ
ਸੰਖ ਪੂਰਨ ਤੋਂ ਲੰਮੀ ਰਾਤ ਹੁੰਦੀ ਹੈ

ਜ਼ਿੰਦਗੀ ਦੇ ਵੀਰਾਨ ਪੈਰਾਂ
ਅਤੇ ਹਾਦਸਿਆਂ ਦੇ ਟੁਕੜਿਆਂ ’ਚ
ਖਿੰਡ ਪੁੰਡ ਗਏ ਅਸੀਂ
ਚੁੱਪ ਚਾਪ ਦਫ਼ਤਰੀ ਸ਼ਬਦਾਂ ਦੇ ਦਾਇਰਿਆਂ ’ਚ
ਮਸਲਦੇ ਰਹੇ ਸੱਧਰਾਂ
ਧੁੱਪ ਨੂੰ ਬੀਜ ਕੇ ਤਲੀਆਂ ’ਤੇ
ਅਸੀਂ ਪੂਰੀ ਸਦੀ ਉਡੀਕਦੇ ਰਹੇ
ਕਿ ਮੌਸਮ ਪਰਤ ਆਵੇਗਾ

ਪਲ, ਦਿਨ, ਮਹੀਨੇ ਤੇ ਉਮਰ
ਸਾਡਿਆਂ ਕੋਸਿਆਂ ਹੱਥਾਂ ’ਚੋਂ ਕਿਰ ਕਿਰ ਗਏ
ਅਸੀਂ ਜਿਨ੍ਹਾਂ ਨੇ ਲਿਖਣੀ ਸੀ ਜ਼ਿੰਦਗੀ ਦੀ ਕਵਿਤਾ
ਫ਼ਿਲਹਾਲ ਦਫ਼ਤਰੀ ਫ਼ਾਇਲਾਂ ’ਤੇ
ਚਾੜ੍ਹ ਰਹੇ ਹਾਂ ਹਵਾਲਿਆਂ ਦੀ ਨੋਟਿੰਗ
ਨਿੱਕੇ ਜਿਹੇ ਬਾਲ ਜਾਂ ਬੀਵੀ ਦੀਆਂ ਅੱਖਾਂ ’ਚ

ਜਦ ਵੀ ਹੁੰਦੀ ਹੈ ਕਿਸੇ ਸੁਪਨੇ ਦੀ ਬਰਸਾਤ
ਤਾਂ ਦੂਜੇ ਹੀ ਪਲ ਢਲ਼ ਜਾਂਦੀ ਹੈ
ਸਾਡੇ ਚਿੱਟੇ ਕਾਲਰਾਂ 'ਤੇ ਮੱਧਵਰਗੀ ਦੰਭ ਦੀ ਮੋਮ

ਇਹ ਸ਼ਾਇਦ ਵਕਤ ਦੀ ਸਾਜ਼ਿਸ਼ ਹੈ
ਕਿ ਅਸੀਂ ਫ਼ਿਲਹਾਲ ਬੰਦ ਹਾਂ
ਆਪਣੇ ਆਪਣੇ ਘੋਗਿਆਂ ਵਿਚ
ਪਰ ਕਦੇ ਤਾਂ ਆਵਾਂਗੇ
ਇਨ੍ਹਾਂ ਘੋਗਿਆਂ ਤੋਂ ਬਾਹਰ
ਸੂਰਜ ਦਾ ਮੁੱਖ ਦੇਖਣ ਲਈ
ਸੂਰਜ ਦਾ ਮੁੱਖ ਦੇਖਣ ਲਈ

ਰੌਸ਼ਨੀ ਦੇ ਗੀਤ

ਪੱਥਰ ਸੌਂਦੇ ਹਨ ਤੇ ਉਹ ਜਾਗਦਾ ਹੈ
ਕਿਉਂਕਿ ਉਹ ਜਾਣਦਾ ਹੈ ਕਿ ਪਾਣੀਆਂ ਨੂੰ ਸੁਪਨੇ ਨਹੀਂ ਆਉਂਦੇ
ਨਾ ਹੀ ਸੂਰਜ ਕਦੇ ਰੋਂਦਾ ਹੈ
ਰੋਂਦੀ ਹੈ ਤਾਂ ਵਿਚਾਰੀ ਮਾਂ
ਜੀਹਦੇ ਪੁੱਤ ਦੇਸ ਜਾਂ ਪਰਦੇਸ ਜੇਲ੍ਹਾਂ 'ਚ ਬੈਠੇ ਹਨ

ਬਿਰਖ਼ ਸੌਂਦੇ ਹਨ ਤੇ ਉਹ ਉਲਝਦਾ ਹੈ
ਉਹ ਜਾਣਦਾ ਹੈ ਕਿ ਹਾਦਸਿਆਂ ਦੀ ਉਮਰ ਤੋਂ ਬਾਅਦ
ਧਰਤੀ ਕਦੇ ਵਿਰਲਾਪ ਨਹੀਂ ਕਰਦੀ
ਕਰਦੀ ਹੈ ਤਾਂ ਉਹ ਬੁੱਢੀ ਜਹੀ ਜਾਨ ਮਾਂ
ਜੀਹਦਾ ਇਕ ਹਿੱਸਾ ਪੁੱਤ ਨਾਲ ਜੇਲ੍ਹ ਕੱਟਦਾ ਹੈ

ਘਾਹ ਸੌਂਦਾ ਹੈ ਅਤੇ ਉਹ ਉਦਾਸ ਬੋਲ ਲਿਖਦਾ ਹੈ
ਕਿਉਂਕਿ ਉਹ ਜਾਣਦਾ ਹੈ ਕਿ ਜੇਲ੍ਹ ਕਦੇ ਨਹੀਂ ਹੱਸਦੀ
ਹੱਸਦੀ ਹੈ ਤਾਂ ਟੀ.ਵੀ. 'ਤੇ ਬੱਚੇ ਦੀ ਆਵਾਜ਼
ਜਾਂ ਵਿਸ਼ਵ ਸੁੰਦਰੀ ਜੀਹਦੇ ਕੁੱਤੇ ਦਾ ਵਿਆਹ
ਰਾਣੀ ਦੀ ਕੁੱਤੀ ਨਾਲ ਧੂਮ ਧਾਮ ਨਾਲ ਹੋਇਆ

ਖੂਹ ਦਾ ਰਸਤਾ ਸੌਂਦਾ ਹੈ ਤੇ ਉਹਦੀ ਪਤਨੀ ਜਾਗਦੀ ਹੈ
ਕਿਉਂਕਿ ਰੋਟੀਆਂ ਦੀ ਚੰਗੇਰ ਕਦੇ ਵੀ ਦੱਸ ਨਹੀਂ ਸਕਦੀ
ਹਾਲ਼ੀਆਂ ਦੀ ਡੂੰਘੀ ਹੋ ਰਹੀ ਭੁੱਖ ਦਾ ਸੰਤਾਪ
ਹਨੇਰਾ ਸੌਂਦਾ ਹੈ ਜਾਗਦੇ ਨੇ ਹਨੇਰੇ ਦੇ ਬਚੇ ਖੁਚੇ ਗਾਡੀਵਾਨ
ਜਿਨ੍ਹਾਂ ਦੀਆਂ ਸੰਗੀਨਾਂ ਵਿੰਨ੍ਹ ਸੁੱਟਦੀਆਂ ਨੇ

ਸਾਡੇ ਪਿੰਡਾਂ ਦੀਆਂ ਸਵੇਰਾਂ ਅਤੇ ਸ਼ਹਿਰਾਂ ਦੀਆਂ ਸ਼ਾਮਾਂ
ਅਤੇ ਉੱਚੇ ਹੋ ਰਹੇ ਸੱਚ ਦੇ ਪਰਚਮ ਦੀ ਲੋਅ
ਟਰੈਕਟਰ ਕਦੇ ਵੀ ਉਦਾਸ ਨਹੀਂ ਹੁੰਦਾ
ਕਿਉਂਕਿ ਉਹ ਜਾਣ ਹੀ ਨਹੀਂ ਸਕਦਾ
ਆ ਰਹੀ ਕਿਸ਼ਤ ਦਾ ਮਣਾਂ-ਮੂੰਹੀਂ ਭਾਰ
ਜੀਹਦੇ ਥੱਲੇ ਅੱਧਾ ਪੰਜਾਬ ਰੋਂਦਾ ਹੈ

ਸੜਕਾਂ ਸੌਂਦੀਆਂ ਹਨ, ਜਾਗਦੇ ਹਨ ਤਾਂ ਹੋਣੀਆਂ ਦੇ ਪੁੱਤ
ਜਿਨ੍ਹਾਂ ਪਿੰਡ ਪਿੰਡ, ਸ਼ਹਿਰ ਸ਼ਹਿਰ
ਆਪਣੇ ਸਿਦਕ ਅਤੇ ਹਨੇਰੇ ਦੀ ਮੌਤ ਦਾ ਪੈਗ਼ਾਮ ਦੇਣਾ ਹੈ
ਇਸੇ ਲਈ ਅੱਜ ਕੱਲ੍ਹ ਉਹ ਰੌਸ਼ਨੀ ਦੇ ਗੀਤ ਲਿਖਦਾ ਹੈ
ਜੋ ਸੁਪਨਿਆਂ ਨਾਲ ਧੜਕ ਰਹੀ ਛਾਤੀ ਦੀ ਗੂੰਜ ਬਣ ਸਕਣ
ਅਤੇ ਜੋ ਹਨੇਰਿਆਂ ਦੀ ਧਰਤ 'ਤੇ
ਚਾਨਣ ਦਾ ਪਹਿਲਾ ਦੀਵਾ ਬਣ ਜਗਣ

ਧਰਮ ਅਤੇ ਮੈਂ

ਉਹ ਕੋਈ ਬਚਪਨ ਦੀ ਰਾਂਗਲੀ ਸਵੇਰ ਸੀ
ਕਿ ਧੂੜ ਭਰੇ ਰਾਹਾਂ ਵਿੱਚੋਂ ਵਗਦੀਆਂ ਪੈੜਾਂ ਨੱਪਦਾ
ਮੈਂ ਘਰੇ ਪਰਤਿਆ ਸਾਂ
ਮੂੰਹ ਹੱਥ ਧੋ ਜਦੋਂ ਮੈਂ ਮੱਥਾ ਟੇਕ ਬੈਠਿਆ
ਤਾਂ ਮਾਂ ਨੇ ਕਿਹਾ ਸੀ
ਪੁੱਤ ਦਰਬਾਰ ਵੱਲ ਪੈਰ ਕਰਕੇ ਨਹੀਂ ਬੈਠੀਦਾ
ਬੜਾ ਹੀ ਪਾਪ ਲਗਦਾ ਹੈ
ਤੇ ਸਾਰੀ ਰਾਤ ਸੁਪਨੇ ਵਿਚ ਮੈਂ ਨਰਕ-ਨਦੀ ਤਰਦਾ ਰਿਹਾ ਸਾਂ

ਮੈਂ ਮਸ਼ੀਨ ਵਾਂਗ ਪਿੰਡ ਦੇ ਵਾਤਾਵਰਨ
ਤੇ ਆਪਣੀ ਹੋਂਦ ਦੀ ਚੱਕੀ ਵਿਚਾਲੇ ਪਿਸਦਾ ਰਿਹਾ
ਪਰ ਦਸਵੀਂ ਵਿਚ ਜਦੋਂ ਵਾਲ਼ ਕੱਟੇ ਹੋਣ 'ਤੇ
ਭਾਈ ਨੇ ਪੰਜਾਂ ਪਿਆਰਿਆਂ ਦਾ ਪਰਸ਼ਾਦ ਦੇਣੋਂ ਹੀ ਨਾਂਹ ਕਰ 'ਤੀ
ਤਾਂ ਮੈਂ ਅਚਾਨਕ ਸੋਚਿਆ ਕਿ
ਇਹ ਕਿਸ ਤਰ੍ਹਾਂ ਦਾ ਰੱਬ ਹੈ
ਜੋ ਬੰਦੇ ਨੂੰ ਨਹੀਂ ਸਗੋਂ ਚਿੰਨ੍ਹਾਂ ਨੂੰ ਹੀ ਮੰਨਦਾ ਹੈ
ਅਤੇ ਕਿਤਾਬਾਂ ਵਿਚ ਸਾਂਭ ਸਾਂਭ ਰੱਖੀਆਂ ਗੁਰੂਆਂ ਦੀਆਂ ਫੋਟੋ
ਅਚਾਨਕ ਮੇਰੇ ਹੱਥਾਂ ਵਿਚੋਂ ਕਿਰ ਕਿਰ ਗਈਆਂ
ਮੇਰੇ ਅੰਦਰੋਂ ਧਰਮ ਗੁਆਚ ਚੁੱਕਾ ਸੀ
ਰੱਬ ਦਾ ਵਿਸ਼ਵਾਸ ਗਰਕ ਹੋ ਚੁੱਕਾ ਸੀ
ਪਰ ਉਹਦੀ ਨੈਤਿਕਤਾ ਅਜੇ ਵੀ ਜੀਂਦੀ ਸੀ
ਤੇ ਇੰਝ ਮੇਰੀ ਆਤਮਾ ਦੀ ਹਨੇਰੀ ਰਾਤ ਵਿਚ
ਬੜਾ ਚਿਰ ਜਾਂਗਲੀ ਬੱਦਲ ਗਰਜਦੇ ਰਹੇ

ਫਿਰ ਜਦੋਂ ਮੈਂ ਆਪਣੇ ਹੀ ਢਾਈ ਦਰਿਆਵਾਂ ਦੇ ਦੇਸ਼ ਵਿਚ
ਧਰਮ ਦੇ ਨਾਮ 'ਤੇ ਖ਼ੂਨ ਦੇ ਦਰਿਆ ਵਗਦੇ ਵੇਖੇ
ਜਦੋਂ ਮੈਂ ਬੁੱਢੀ ਫੱਫੇਕੁਟਣੀ ਦੀ ਮੌਤ ਬਾਅਦ ਦਿੱਲੀ ਵਿਚ
ਮੌਤ ਦੇ ਵਾਵਰੋਲੇ ਚੀਖ਼ਦੇ ਹੋਏ ਦੇਖੇ
ਤੇ ਜਦੋਂ ਮੈਂ 'ਸ਼ਹੀਦੀ ਫੰਡਾਂ' ਦੇ ਨਾਮ 'ਤੇ ਬਦੇਸ਼ਾਂ ਵਿਚ
ਲੱਖਾਂ ਹੀ ਡਾਲਰ ਹੜੱਪ ਹੁੰਦੇ ਦੇਖੇ
ਤਾਂ ਮੈਨੂੰ ਲੱਗਿਆ ਕਿ ਧਰਮ ਦਾ ਕੋਈ ਵੀ ਧਰਮ ਨਹੀਂ ਹੁੰਦਾ
ਧਰਮ ਹੁੰਦਾ ਹੈ ਤਾਂ ਲੋਟੂ ਸਰਕਾਰਾਂ ਦਾ
ਜਾਂ ਸਰਕਾਰ ਬਣਾਉਣ ਦੇ ਸੁਪਨੇ ਲੈਣ ਵਾਲ਼ਿਆਂ ਦਾ
ਜੋ ਉਚੇ ਹੋ ਰਹੇ ਲੋਕ-ਰੋਹ ਦੇ ਤੂਫ਼ਾਨਾਂ ਨੂੰ
ਧਰਮ ਦੀਆਂ ਕਿਸ਼ਤੀਆਂ ਨਾਲ ਤਰਨਾ ਚਾਹੁੰਦੇ ਹਨ
ਜੋ ਡੁੱਬਦੀ ਹੋਈ ਵੋਟ ਬੇੜੀ ਨੂੰ
ਧਰਮ ਦੇ ਤਿਣਕੇ ਦਾ ਸਹਾਰਾ ਦਿੰਦੇ ਹਨ

ਧਰਮ ਜੀਂਦਾ ਸੀ
ਜਦੋਂ ਭਾਈ ਕਨ੍ਹਈਆ ਦੀ ਡੱਬੀ ਵਿਚ
ਭੇਦ-ਭਾਵ ਵੀ ਮਲ੍ਹਮ ਨਹੀਂ
ਸਗੋਂ ਸਾਂਝੀਵਾਲਤਾ ਦੀ ਦੁੱਧ ਚਿੱਟੀ ਪੱਟੀ ਸੀ

ਇਹ ਕਿਹੋ ਜਿਹੀ ਮੱਸਿਆ ਦੀ ਕਾਲ਼ੀ ਰਾਤ ਹੈ
ਕਿ ਮੈਨੂੰ ਆਪਣੇ ਹੀ ਨਕਸ਼ 'ਤੇ ਅੰਗ-ਸਾਕ ਭੁੱਲੇ ਹਨ
ਮੈਂ ਮਨੁੱਖ ਨਹੀਂ, ਸਗੋਂ ਇਕ ਚਿੰਨ੍ਹ ਬਣ ਗਿਆ ਹਾਂ
ਮੇਰੇ ਪਿੰਡੇ ਵਿਚੋਂ ਏਨਾ ਖ਼ੂਨ ਜੀਰ ਚੁੱਕਿਆ ਹੈ
ਕਿ ਮੇਰੇ ਅੰਦਰ ਨਾ ਬਚਪਨ ਦੀ ਸਤਰੰਗੀ ਪੀਂਘ ਦਾ ਮੋਹ ਹੈ
ਨਾ ਸ਼ਰਧਾ ਦਾ ਕੋਈ ਸੁੱਕਾ ਨਿਸ਼ਾਨੀ ਫੁੱਲ ਬਚਿਆ ਹੈ
ਬਚਿਆ ਹੈ ਤਾਂ ਇਕੋ ਇਕ ਵਿਸ਼ਵਾਸ
ਕਿ ਹਨੇਰੇ ਦੀ ਮੌਤ ਦਾ ਦਿਨ ਦੂਰ ਨਹੀਂ ਹੈ

ਸੰਕਲਪ

ਅਸੀਂ ਭੁੱਲ ਜਾਂਦੇ ਹਾਂ
ਔਰੰਗਜ਼ੇਬ ਦੀ ਜੇਬ 'ਚ ਪਿਆ ਜ਼ੁਲਮ ਦਾ ਹੁਕਮਨਾਮਾ
ਚੰਗੇਜ਼ ਖ਼ਾਨ ਦੇ ਹੱਥਾਂ 'ਚ ਸਾਡੇ ਹੀ ਖ਼ੂਨ ਨਾਲ ਲਿਬੜੀ ਕਟਾਰ

ਅਸੀਂ ਭੁੱਲ ਜਾਂਦੇ ਹਾਂ
ਇਤਿਹਾਸ ਦੀਆਂ ਪੈੜਾਂ 'ਚ ਝੁਲਦੀ ਦਹਿਸ਼ਤ ਦੀ ਹਨੇਰੀ ਨਾਲ
ਤੀਲ੍ਹੋ ਤੀਲ੍ਹ ਹੋਏ ਆਲ੍ਹਣਿਆਂ ਦੀ ਦਾਸਤਾਨ
ਹਾਰ ਨੂੰ ਅਸੀਂ 'ਸਤ ਵਚਨ' ਮੰਨ ਲੈਂਦੇ ਰਹੇ ਹਾਂ
ਤੇ ਇੰਝ ਜਿੱਤਣ ਦਾ ਖ਼ਾਬ ਸਾਡੇ ਪਰਾਂ ਨੂੰ ਓਪਰਾ ਜਿਹਾ ਲਗਦਾ ਹੈ

ਕਿੰਨੀਆਂ ਹੀ ਸਦੀਆਂ ਅਸੀਂ ਭਾਣਾ ਮੰਨਣ ਦੀ ਰਸਮ 'ਚ
ਨਿਰਵਿਘਨ ਸ਼ਾਮਿਲ ਹੁੰਦੇ ਰਹੇ ਹਾਂ
ਅਸੀਂ ਭੁੱਲ ਜਾਂਦੇ ਹਾਂ ਉਨ੍ਹਾਂ ਸੁਪਨਿਆਂ ਦੀ ਪੈੜ
ਜੋ ਅਸੀਂ ਪਲਕਾਂ ਦੇ ਸਵੇਰਿਆਂ 'ਚ ਸਿਰਜੇ ਸਨ
ਤੇ ਉਨ੍ਹਾਂ ਬਹੁਤ ਉਦਾਸ ਰਸਤਿਆਂ ਦੀ ਚੁੱਪ ਕਥਾ
ਜਿਨ੍ਹਾਂ 'ਤੇ ਤੁਰਦਿਆਂ ਅਸੀਂ
ਇਹ ਬ੍ਰਹਿਮੰਡ ਦੀ ਲਾਂਡਰੀ ਨੂੰ ਧੋਣ ਦਾ ਸੰਕਲਪ ਕੀਤਾ ਸੀ
ਅਸੀਂ ਭੁੱਲ ਜਾਂਦੇ ਹਾਂ ਕਿ ਸ਼ਾਇਰੀ ਦੀ ਕਿਤਾਬ
ਕ੍ਰਾਂਤੀ ਦੀ ਮਸ਼ਾਲ ਤਾਂ ਬਣ ਸਕਦੀ ਹੈ
ਖ਼ੁਦ ਕ੍ਰਾਂਤੀ ਨਹੀਂ ਹੋ ਸਕਦੀ

ਮਾਰਕਸ ਵਿਚਾਰਾ ਤਾਂ ਬਥੇਰਾ ਸਾਨੂੰ ਸਮਝਾਉਂਦਾ ਰਿਹਾ
ਕਿ ਰਾਜ ਬੰਦੇ ਦੀ ਰਾਖੀ ਲਈ ਨਹੀਂ

ਸਗੋਂ ਘੋੜੇ ਦੀ ਕਾਠੀ ਵਾਂਗ ਹੈ
ਜੋ ਕਾਠੀ ਹੁੰਦੇ ਹੋਵੇ ਵੀ
ਮਨੁੱਖ ਦੀ ਪਿੱਠ 'ਤੇ ਲੱਦਿਆ ਖੜ੍ਹਾ ਹੈ
ਅਸੀਂ ਭੁੱਲ ਜਾਂਦੇ ਹਾਂ ਉਹ ਭਾਸ਼ਾ ਲੋਕਾਂ ਦੀ
ਜਿਸ ਵਿਚ ਉਨ੍ਹਾਂ 'ਤੇ ਦੁੱਖਾਂ ਦੇ ਪਹਾੜ ਟੁੱਟਦੇ ਹਨ
ਤੇ ਸਿੱਖ ਲੈਂਦੇ ਹਾਂ ਭਾਸ਼ਾ ਦੀ ਉਹ ਰਾਜਧਾਨੀ
ਜਿਸ ਵਿਚ ਪਤਵੰਤੇ ਸੱਜਣਾਂ ਲਈ ਤਾਂ ਬੇਹੱਦ ਥਾਂ ਹੈ
ਪਰ ਤਾਏ ਗੁਲਜ਼ਾਰੀ ਲਈ ਸਿਰਫ਼ ਝਾੜੂ ਹੈ
ਜਾਂ ਸੜਕਾਂ ਤੇ ਦਿਮਾਗ਼ਾਂ 'ਚ ਰੀਂਘਦੀ ਹੋਈ ਗੰਦਗੀ

ਅਸੀਂ ਭੁੱਲ ਜਾਂਦੇ ਹਾਂ ਉਨ੍ਹਾਂ ਕੱਚੇ ਰਸਤਿਆਂ ਦੀ ਕਹਾਣੀ
ਜਿਨ੍ਹਾਂ 'ਤੇ ਸਾਡੇ ਪੁਰਖੇ ਚਲਦੇ ਰਹੇ
ਤੇ ਅਸੀਂ ਚੱਲਣ ਦਾ ਭਰਮ ਪਾਲ਼ ਰਹੇ ਹਾਂ
ਹਾਂ ਸਾਨੂੰ ਭੁੱਲਣ ਦੀ ਆਦਤ ਰਹੀ ਹੈ ਹੁਣ ਤਕ
ਅਸੀਂ ਵਿਸਰ ਚੁੱਕੇ ਹਾਂ 'ਤਿਭਾਗਾ' 'ਚ ਹੋਏ ਕਾਂਡ
ਤੇ 'ਬੋਫਰ' ਕੰਪਨੀ ਦੀਆਂ ਰਿਸ਼ਵਤੀ ਤੋਪਾਂ ਦਾ ਧੂੰਆਂ ਵੀ ਕੱਲ੍ਹ ਨੂੰ
ਸਾਡੇ ਲਈ ਬੀਤੇ ਦੀ ਕਬਰ ਬਣ ਜਾਣਾ ਹੈ
ਜਿਸ 'ਤੇ ਵੋਟਾਂ ਦੀ ਰੁੱਤੇ ਖੁਸਰਿਆਂ ਨੇ
ਆਪਣੀਆਂ ਲਾਲਸਾਵਾਂ ਦੇ ਹਾਰ ਬੰਨ੍ਹਣੇ ਹਨ

ਅਸੀਂ ਭੁੱਲ ਚੁੱਕੇ ਹਾਂ ਕਿ ਗੰਭੀਰੇ ਦੇ ਕਤਲ ਦੀ ਸਾਜ਼ਿਸ਼
ਰਾਜਧਾਨੀ ਦੇ ਹੰਢੇ ਵਰਤੇ ਦਿਮਾਗ਼ਾਂ ਦੀ ਉਪਜ ਸੀ
ਤੇ ਅਜਿਤਾ ਮੈਨਨ ਦਾ ਯਾਤਨਾਵਾਂ ਨਾਲ ਭੰਨਿਆ ਸਰੀਰ
'ਲੋਕਰਾਜ' ਦੇ ਬਿਫ਼ਰੇ ਹੋਏ ਹਾਥੀ ਦਾ ਪੈਰਾਂ ਹੇਠ ਲਿਤਾੜਿਆ

ਧਰਤੀ ਦਾ ਕੇਵਲ ਵਿਰਾਨ ਟੁਕੜਾ ਸੀ
ਅਤੇ ਸਾਡੇ ਘਰਾਂ 'ਤੇ ਚੜ੍ਹੇ ਚੰਨ ਨੂੰ
ਜਦੋਂ ਹਾਕਮ ਉਧਾਲ ਕੇ ਲੈ ਜਾਂਦੇ ਹਨ
ਤਾਂ ਅਸੀਂ 'ਬਹੁਤ ਜ਼ੁਲਮ ਹੋਇਆ' ਆਖ ਭੁੱਲ ਜਾਂਦੇ ਹਾਂ
ਚਾਨਣੀ ਦਾ ਕੀਤਾ ਵਿਰਲਾਪ

ਇਸੇ ਲਈ ਸਾਡੇ ਵਿਹੜਿਆਂ 'ਤੇ ਅੱਜ ਕੱਲ੍ਹ
ਨਿੱਕੀ ਨਿੱਕੀ ਕਣੀ ਦੇ ਗੀਤ ਨਹੀਂ ਵਰ੍ਹਦੇ
ਸਗੋਂ ਜ਼ਿਬਾਹ ਹੋਈਆਂ ਹਵਾਵਾਂ ਦੇ ਅਰਥ
ਘੱਟੇ ਤੇ ਧੁੱਦਲ ਵਾਂਗ ਘੁੰਮਦੇ ਹਨ
ਤੇ ਸਾਡੀ ਜ਼ਾਲਮ ਤੇ ਜ਼ੁਲਮ ਨੂੰ
'ਹਊ ਪਰ੍ਹੇ' ਆਖਣ ਦੀ ਨੀਤੀ ਨੇ
ਬਹੁਤ ਚਿਰ ਲਿਤਾੜਿਆ ਹੈ ਸਾਨੂੰ
ਆਪਦੇ ਹੀ ਡਰ ਦੇ ਪੈਰਾਂ ਹੇਠ

ਜੇ ਅਸੀਂ ਚਾਹੁੰਦੇ ਹਾਂ ਇਤਿਹਾਸ ਦੇ ਸੁਨਹਿਰੀ ਕਲਸਾਂ ਹੇਠ ਬੈਠਣਾ
ਤਾਂ ਸਾਨੂੰ ਯਾਦ ਰੱਖਣਾ ਪਊ
ਕਿ ਚਿੱਟੀ ਚਾਨਣੀ 'ਚ ਖਿੜੇ ਹੋਏ ਖੇਤ
ਤੇ ਖੇਤਾਂ ਵਰਗੇ ਪੁੱਤ ਕਿਸ ਕਤਲ ਕੀਤੇ

ਸਾਨੂੰ ਨੱਪਣਾ ਹੀ ਪਊ ਲਾਲ ਕਿਲ੍ਹੇ ਵੱਲ ਜਾਂਦੇ
ਕਾਤਲ ਦੀ ਪੈੜ ਦਾ ਖ਼ੁਰਾ
ਸਾਨੂੰ ਯਾਦ ਰੱਖਣਾ ਪਊ
ਕਿ ਸੂਰਜ ਸਾਡਾ ਭਰਾ ਹੈ ਤੇ ਧਰਤੀ ਸਾਡੀ ਮਾਂ
ਜੋ ਸਾਨੂੰ ਇਨ੍ਹਾਂ ਤੋਂ ਵੱਖ ਕਰਦਾ ਹੈ
ਸਾਡਾ ਦੋਸਤ ਨਹੀਂ, ਦੁਸ਼ਮਣ ਹੈ
ਸਾਡਾ ਦੋਸਤ ਨਹੀਂ, ਦੁਸ਼ਮਣ ਹੈ

ਭਾਰਤ ’ਚ ਮਿਰਜ਼ਾ

ਮਿਰਜ਼ਾ ਸਦਾ ਵਾਂਗ ਨਹੀਂ ਸੌਂਦਾ
ਉਹਨੂੰ ਰਾਈਫ਼ਲਾਂ ਤੋਂ ਡਰ ਲਗਦਾ ਹੈ
ਉਹਦੇ ਭਾਣੇ ਤਾਂ ਸਾਹਿਬਾਂ ਜੰਡ ਤੋਂ ਥੋੜ੍ਹਾ ਪਾਰ ਦਾ ਸਫ਼ਰ ਹੈ

ਪਰ ਵਿਚਾਰਾ ਨਹੀਂ ਜਾਣਦਾ
ਡਾਲਰਾਂ ਦੇ ਹਥਿਆਰ ਸਾਹਿਬਾਂ ਦੇ ਦਰ ਮੂਹਰੇ ਪਹਿਰੇ ਤੇ ਖਲੋਤੇ ਹਨ
ਕਿ ਮਿਰਜ਼ੇ ਦੇ ਤੀਰ, ਇਕੱਲੇ ਹੁਣ ਕੰਮ ਨਹੀਂ ਕਰਦੇ
ਇਨ੍ਹਾਂ ਨੂੰ ਹਰ ਲਾਸ਼ ’ਚੋਂ ਉਠਦੀ ਭਾਫ਼ ਦੀ ਭਾਸ਼ਾ ਦੇ ਹੱਥ ਚਾਹੀਦੇ ਹਨ
ਪਰ ਮਿਰਜ਼ੇ ਕੋਲ ਸਿਵਾ ਲੜਨ ਦੇ ਹੋਰ ਚਾਰਾ ਵੀ ਕੀ ਹੈ
ਕਿ ਘਰੇ ਬੈਠ ਜਾਣ ਬਾਅਦ ਵੀ, ਅਚਿੰਤੇ ਬਾਜ਼ਾਂ ਨੇ ਉਸ ’ਤੇ ਟੁੱਟ ਪੈਣਾ ਹੈ
ਤੇ ਮਿਰਜ਼ੇ ਦਾ ਮੌਲਵੀ
ਉਦੋਂ ਵਾਂਗ ਹੁਣ ਵੀ ਵਿਸ਼ਵ ਵਿਦਿਆਲਿਆਂ ’ਚ ਲੁਕ ਕੇ
ਸ਼ਰ੍ਹਾ ਦੇ ਅਰਥਾਂ ਨੂੰ ਮਨਚਾਹੇ ਕੱਚੇ ਤੇ ਖੋਟੇ ਰੰਗਾਂ ’ਚ ਬਦਲਦਾ ਹੈ
ਮਿਰਜ਼ਾ ਜਾਵੇ ਤਾਂ ਕਿੱਥੇ ਜਾਵੇ

ਉਸ ਪਾਰ ਪੈਸਾ ਤਾਂ ਹੈ, ਪਰ ਸਾਹਿਬਾਂ ਨਹੀਂ ਹੈ
ਇਸ ਪਾਰ ਸਾਹਿਬਾਂ ਤਾਂ ਹੈ
ਪਰ ਖਾਣ ਲਈ ਸਿਰਫ਼ ਹੁਕਮਨਾਮੇ ਹਨ
ਜਾਂ ਰਫ਼ਲਾਂ ਦੇ ਸਹਿਮ ਵਰਗੇ ਪਰਛਾਵਿਆਂ ਦਾ ਭਉ

ਉਂਝ ਅੱਜ ਕੱਲ੍ਹ
ਨਾ ਭਉ ’ਚ ਪਵਣ ਚਲਦੀ ਹੈ, ਨਾ ਘਟਨਾਵਾਂ ਦੇ ਮਰੇ ਪੰਛੀ
ਚਲਦੇ ਹਨ ਤਾਂ ਮਿਰਜ਼ੇ ਦੇ ਕਬੀਲੇ ਦੇ ਅੰਗ ਸਾਕ

ਜਿਨ੍ਹਾਂ ਨੂੰ ਲਾਣੇਦਾਰਾਂ ਤੇ ਸੋਨ ਚਿੜੀਆਂ ਦੀ ਖਹਿਬਾਜ਼ੀ ਨੇ
ਹੁਣ ਤੀਕ ਸਫ਼ੈਦ ਕਾਗਜ਼ ਵਾਂਗ ਕੋਰੇ ਰੱਖਿਆ ਹੈ
ਸਗੋਂ ਖਰੀਦੀ ਹੋਈ ਭਾੜੇ ਦੀ ਖੱਚਰ ਹੈ
ਜਿਸ ਕੋਲ ਨਾ ਹੜ੍ਹਾਂ ਨੂੰ ਸਾਂਭਣ ਦੀ ਸ਼ਕਤੀ ਹੈ
ਨਾ ਲੂਣ ਦੇ ਖੁਰ ਜਾਣ ਦਾ ਝੋਰਾ ਹੈ

ਉਂਝ ਭਲਾ! ਆਹ ਡਾਂਡੀ ਸਫ਼ਰ ਕੀ ਵਸਤ ਹੈ
ਮਿਰਜ਼ੇ ਦੀ ਮੌਤ ਲਈ ਲਿਖਿਆ ਹਰਫ਼ੇ ਆਖ਼ਿਰ
ਜਾਂ ਸ਼ਰ੍ਹਾ ਦੀ ਕੈਦ ’ਚ ਗੁੰਮ ਹਉਕਿਆਂ ਦੀ ਦਾਸਤਾਨ
ਉਂਝ ਭਲਾ ਜੇ ਸੋਚੀਏ ਤਾਂ
ਮਾਸੀ ਬੀਬੋ ਦੇ ਵਕਤ ਦੀ ਸਰਹੱਦ ’ਤੇ ਲਿਖੇ ਬੋਲ
ਨਾ ਮਿਰਜ਼ੇ ਨੂੰ ਪੜ੍ਹਨ ਦੀ ਵਿਹਲ ਹੈ
ਨਾ ਸਾਹਿਬਾਂ ਕੋਲ ਪਾਰਖੂ ਅੱਖ ਹੈ

ਇਸੇ ਲਈ ਅੱਜ ਕੱਲ੍ਹ ਮਿਰਜ਼ਾ ਭਾਈ ਬੰਦਾਂ ਕੋਲ ਬੈਠ ਕੇ ਪੁੱਛਦਾ ਹੈ
ਇਸ ਖ਼ੂਨੀ ਗੁਸਲ ਦੇ ਲਹੂ ਨੂੰ ਕਦੋਂ
ਹੱਕ ਸੱਚ ਦੀ ਸੂਹੀ ਕਮਾਨ ’ਚ ਬਦਲਣਾ ਹੈ
ਕਿ ਇਸ ਪਾਸ਼ ਪਾਸ਼ ਹੋਈ ਕੋਹੀ ਚਿੜੀ ਦਾ
ਕੀ ਬਾਜ਼ਾਂ ਨੂੰ ਵੇਦਾਂ ਜਾਂ ਸ਼ਰ੍ਹਾ ਨੇ ਹੱਕ ਦਿੱਤਾ ਹੈ

ਪਰ ਇਸ ਵਾਰ ਮਿਰਜ਼ੇ ਨੇ ਹਾਰਨਾ ਨਹੀਂ ਹੈ
ਉਸ ਲੈਣਾ ਹੈ ਆਪਣੇ ਨਾਮ ਚੜ੍ਹੇ ਕਰਜ਼ੇ ਦਾ ਹਿਸਾਬ
ਜੋ ਉਹਦੇ ਪਿਉ ਦਾਦੇ ਤੋਂ ਪਹਿਲਾਂ ਦੇ
ਲੰਡਿਆਂ ’ਚ ਲਿਖਿਆ ਹੈ
ਪਹਿਲਾਂ ਦੇ ਲੰਡਿਆਂ ’ਚ ਲਿਖਿਆ ਹੈ।

ਹਨੇਰਾ

ਮੈਂ ਜਿਸ ਹਨੇਰੇ ਦੀ ਗੱਲ ਕਰਦਾ ਹਾਂ
ਉਹ ਇੱਥੇ ਹੀ ਕਿਤੇ
ਪੰਜਾਂ ਪਾਣੀਆਂ ਦੀ ਧਰਤ 'ਤੇ
ਇਸ ਪਿਛਲੇ ਦਹਾਕੇ ਜਿਹੇ 'ਚ ਉੱਗਿਆ ਹੈ
ਉਂਝ ਭਾਰਤ ਦੇ ਰੰਗੀਨ ਤੱਟਾਂ 'ਤੇ
ਇਸ ਹਨੇਰੇ ਦੇ ਬੀਜ
ਗਾਂਧੀ ਅਤੇ ਹੈਡਗਵਾਰ ਨੇ ਜਥੇਬੰਦ ਰੂਪ 'ਚ ਬੀਜੇ ਸਨ
ਇਸ ਹਨੇਰੇ ਦੀ ਪਾਠਸ਼ਾਲਾ 'ਚ ਪੜ੍ਹਦੇ ਬਾਲਕ
ਇਤਿਹਾਸ ਦੀ ਗ਼ਰਕ ਰਹੀ ਦਲਦਲ 'ਚ ਫ਼ਾਬੇ ਹਨ
ਜਾਂ ਫਿਰ ਹਨੇਰੀ ਰਾਤ 'ਚ ਭਟਕੇ ਰਾਹੀ ਹਨ
ਜਿਨ੍ਹਾਂ ਦੇ ਬਚੇ ਖੁਚੇ ਹੰਕਾਰ ਨੂੰ
ਸਹਿਕ ਰਹੇ ਬਾਜ਼ਾਂ ਤੇ ਸੂਰਜ ਦੇ ਅਰਘ ਨੇ
ਅੰਤਾਂ ਦਾ ਖੁਆਰ ਕੀਤਾ ਹੈ

ਉਨ੍ਹਾਂ ਦੇ ਬਸਤੇ ਵਿਚ ਟੁੱਟ ਰਹੀ
ਜਗੀਰਦਾਰੀ ਦੀਆਂ ਮੋਰਨੀਆਂ ਹਨ
ਜਾਂ ਫਿਰ ਸਾਮਰਾਜੀ ਮੁਲਕਾਂ ਦਾ ਅਜ਼ਮਾਇਆ ਕੈਪਸੂਲ ਹੈ
ਜਿਸ ਅਧੀਨ ਤੀਸਰੀ ਦੁਨੀਆਂ ਦੇ
ਵਿਰੋਧਾਂ ਦੇ ਝੰਡਿਆਂ ਨੂੰ
ਧਰਮਾਂ ਤੇ ਨਸਲਾਂ 'ਚ ਵੰਡਿਆ ਜਾ ਸਕੇ।

ਇਸ ਪਾਠਸ਼ਾਲਾ ਦੀਆਂ ਪਾਠ ਪੁਸਤਕਾਂ ਵਿਚ
ਭਾਈਚਾਰੇ ਦਾ ਰੌਅ ਨਹੀਂ

ਸਗੋਂ ਹਥਿਆਰਾਂ ਦੀ ਲੰਮੀ ਫ਼ਹਿਰਿਸਤ ਹੈ
ਮਤੇ ਉਨ੍ਹਾਂ ਨੂੰ ਲੱਗ ਜਾਵੇ ਚੇਤਨਾ ਦੀ ਖਟਾਸ ਜਾਗ
ਮਤੇ ਉਹ ਜਾਣ ਜਾਵੇ ਕਿ ਹਰ ਬੰਦੂਕ ਪਿਛਲਾ ਹੱਥ ਯੋਧਾ ਨਹੀਂ
ਪਰ ਹਨੇਰੇ ਦੇ ਗਾਡੀਵਾਨ ਸ਼ਾਇਦ ਨਹੀਂ ਜਾਣਦੇ
ਹਥਿਆਰ ਤੇ ਬਲ਼ਦੇ ਟਾਇਰ ਕਦੇ ਨਹੀਂ ਮਾਰ ਸਕਣਗੇ
ਮਨੁੱਖ ਦਾ ਸਦੀਆਂ ਬਲਦਾ ਵਿਸ਼ਵਾਸ
ਇਹ ਹਨੇਰਾ ਬੋਦੀ ਵਾਲਾ ਤਾਰਾ ਹੈ
ਜੋ ਅੰਨ੍ਹੀ ਸ਼ਰਧਾ ਦੇ ਅੰਬਰ 'ਤੇ ਚੜ੍ਹਿਆ ਹੈ

ਮਨੁੱਖ ਦਾ ਜਥੇਬੰਦ ਚਾਨਣ ਵਰਗਾ ਲਹੂ
ਕਦੋਂ ਤੀਕ ਇਸ ਹਨੇਰੇ ਤੋਂ ਡਰਿਆ ਰਹੂ
ਪਲਾਂ ਨੂੰ ਸਦੀ 'ਚ ਅਮਰ ਕਰਨ ਵਾਲਾ ਆਦਮ
ਕਦੋਂ ਤੀਕ ਡਰਿਆ ਰਹੂ
ਕਦੇ ਤਾਂ ਸੱਚ ਦਾ ਸੂਰਜ ਚੜ੍ਹੂ
ਜੋ ਸੀਤ ਨ੍ਹੇਰੇ ਦੀ ਸਾਜ਼ਿਸ਼ ਨੂੰ ਮਾਤ ਪਾਊ
ਆਸ ਦੀ ਇਸ ਫੁਲਕਾਰੀ 'ਚ ਬੈਠਾ ਮੈਂ
ਲਗਾਤਾਰ ਲਿਖ ਰਿਹਾ ਹਾਂ

ਉਦੋਂ ਤੇ ਅੱਜ

ਪਿਆਰ ਬਰਸਾਤ ਵਾਂਗ ਕਿਉਂ ਨਹੀਂ ਵਸਦਾ
ਜਦੋਂ ਵੀ ਆਉਂਦਾ ਹੈ ਤਾਂ ਲੋੜਾਂ ਥੋੜਾਂ ਦੇ ਗੁਦਾਮ ਵਿੱਚੋਂ
ਗ਼ਮਲੇ ਵਾਂਗ ਟੁੱਟ ਜਾਂਦਾ ਹੈ

ਜਿਨ੍ਹਾਂ ਲਈ ਇਹ ਧਰਤ ਉਚੇ ਨਛੱਤਰੀਂ ਵਸਦੀ ਸੀ
ਮੈਂ ਉਨ੍ਹਾਂ ਦੇ ਜ਼ਿਹਨ ਦੀਆਂ ਵਿਸ਼ਵਾਸ ਸਲਾਈਡਾਂ 'ਚ ਬੈਠ ਕੇ ਤੱਕਿਆ
ਤੇ ਨਿੰਦਿਆ ਦੇ ਤੰਦੂਰਾਂ ਵਿਚ ਰੋਟੀ ਵਾਂਗ ਸੜ ਕੇ ਵੀ
ਸਤਾਰਾਂ ਤੇ ਇਕੀ ਸੈਕਟਰ ਦੇ ਬੈਰਾਗੀ ਮਨ ਨਾਲ ਤੁਰ ਕੇ ਵੀ ਦੇਖਿਆ
ਪਰ ਵਾਹ ਵਾਹ ਦੇ ਫੁੱਲ ਕਦੇ ਗੁਲਦਸਤੇ ਨਾ ਬਣੇ
ਇਸੇ ਲਈ ਹੇ ਸਤਨ ਵਾਂਗ ਸੌਂ ਰਹੀ ਧਰਤੀ
ਮੈਂ ਪ੍ਰਸ਼ਨ ਕਰਦਾ ਹਾਂ
ਕਵਿਤਾ ਕਦੋਂ ਆਉਂਦੀ ਹੈ

ਕੀ ਇਹ ਮੀਂਹਾਂ ਹੇਠ ਗਿੱਲੇ ਹੋ ਗਏ ਗੀਰ੍ਹਿਆਂ ਦਾ ਨਾਂ ਹੈ
ਜਾਂ ਬਿਸਤਰੇ 'ਤੇ ਉਡੀਕ ਰਹੀ ਪਤਨੀ ਦਾ ਵਿਰਲਾਪ
ਜਾ ਵਿਸ਼ਵ-ਵਿਦਿਆਲੇ 'ਚ ਕਾਮਰੇਡ ਅਖਵਾਉਂਦੇ ਹੋਏ ਵੀ
ਵਸਤਾਂ ਦੀ ਸੁਰੰਗ ਹੇਠ ਦਬ ਜਾਣ ਦਾ ਨਾਮ ਹੈ
ਖੂਹ ਦੀ ਮਿੱਟੀ ਖੂਹ 'ਚ ਪਾ ਕੇ 'ਅੰਨ-ਦਾਤਾ' ਦਾ ਖ਼ਿਤਾਬ ਲੈਣਾ
ਤੇ ਖਰਾਦਾਂ 'ਤੇ ਚਲਦੇ ਹੋਏ ਹੱਥ ਜਦੋਂ
ਜੀਣ ਜੋਗੀ ਜ਼ਿੰਦਗੀ ਵੀ ਨਹੀਂ ਦੇ ਸਕੇ
ਕੀ ਇਹੀ ਕਵਿਤਾ ਹੈ

ਗੋਲ਼ੀ ਇਧਰੋਂ ਚੱਲੇ ਜਾਂ ਉਧਰੋਂ
ਜ਼ਖ਼ਮੀ ਤਾਂ ਚੰਨ ਹੁੰਦਾ ਹੈ ਜਾਂ ਉਹਦੀਆਂ ਰਿਸ਼ਮਾਂ
ਕੇਵਲ ਵੋਟ ਦੀ ਪਰਚੀ ਹੱਸਦੀ ਹੈ ਜਾਂ ਪਰਚੀ ਵਰਗੇ ਲੋਕ
ਪਰ ਇਸ ਸਭ ਕਾਸੇ ਦੇ ਬਾਵਜੂਦ
ਰਾਹਾਂ ਨੂੰ ਅਜੇ ਵੀ ਉਡੀਕ ਰਹਿੰਦੀ ਹੈ ਕਿ ਕੋਈ ਤੁਰੇ ਉਨ੍ਹਾਂ 'ਤੇ
ਅਣਖ ਨਾਲ ਸਿਰ ਉਚਾ ਕਰਕੇ ਸੂਰਮਾ
ਮੰਗੂਵਾਲ ਜਾਂ ਕਾਲ਼ੇ ਸੰਘਿਆਂ ਦਾ ਕੋਈ ਪਿੰਡ

ਪਰ ਮਕਾਨ ਹਨ ਕਿ ਬਦਲਣ ਹੀ ਨਹੀਂ ਦਿੰਦੇ
ਬੰਦੇ ਤੋਂ ਪੁਰਖ ਦੀ ਪਰਿਭਾਸ਼ਾ
ਸ਼ਾਇਦ ਇਹ ਭਾਰਤ ਦੇ ਸੂਰਜਾਂ ਨੂੰ ਹੀ ਸਰਾਪ ਹੈ
ਕਿ ਇੱਥੇ ਦਿਨ, ਮਹੀਨਿਆਂ ਤੇ ਰੁੱਤਾਂ ਦੇ ਨਾਮ
ਪੁਰਖਾਂ ਤੋਂ ਨਹੀਂ, ਧਰਮਾਂ ਤੋਂ ਤੁਰਦੇ ਹਨ
ਪਰ ਅਹੁ ਚਹਿਕ ਰਹੇ ਪੰਛੀਆਂ ਦੀ ਕਸਮ
ਰਾਹ ਸਦਾ ਕੱਚੇ ਤਾਂ ਨਹੀਂ ਰਹਿਣੇ
ਰਾਹ ਸਦਾ ਕੱਚੇ ਤਾਂ ਨਹੀਂ ਰਹਿਣੇ।

ਪਰਵਾਸ

(ਕਵਿਤਾਵਾਂ)

ਅਹਿਸਾਸ

ਮੈਂ ਨੀਂਦ ਨਾਲ ਲੜਦਾ ਹਾਂ
ਇਕ ਸੁਪਨਾ ਮੇਰੇ ਦਰਵਾਜ਼ੇ 'ਤੇ ਦਸਤਕ ਦਿੰਦਾ ਹੈ
ਸੁਪਨੇ 'ਚ ਬਾਲ ਵਿਲਕਦਾ ਹੈ
ਤੇ ਮੋਈਆਂ ਰਾਤਾਂ ਦਾ ਦਰਦ ਜਾਗ ਉਠਦਾ ਹੈ
ਅੰਬਰ 'ਤੇ ਭਟਕਦਾ ਚੰਨ ਮੈਨੂੰ ਦਸਦਾ ਹੈ
ਮੈਂ ਕਿਵੇਂ ਬੀਤ ਰਿਹਾ ਹਾਂ

ਕਿਤੇ ਉਹਨੇ ਚਲਦੀ ਸੜਕ 'ਤੇ
ਥੁੱਕ ਨਾ ਸੁੱਟਿਆ ਹੁੰਦਾ
ਤਾਂ ਜ਼ਿੰਦਗੀ ਹੋਰ ਹੋਣੀ ਸੀ
ਜਦੋਂ ਆਇਆ ਤਾਂ ਨੰਗੇ ਜਿਸਮਾਂ ਦੀਆਂ
ਨਿਊਨ ਬੱਤੀਆਂ ਯਾਦਾਂ 'ਚ ਡੂੰਘੀਆਂ ਲੱਥੀਆਂ
ਨਾਸ਼ਤੇ, ਕੰਮ ਤੇ ਨੀਂਦ ਨੇ ਏਨਾ ਸਤਾਇਆ ਕਿ
ਸੈਵਨ ਅਲੈਵਨ 'ਤੇ ਕੰਮ ਕਰਦੀ ਗੋਰੀ ਕੁੜੀ ਵੀ
ਹੁਣ ਤਾਂ ਬੇਹੂਦਾ ਲਗਦੀ ਹੈ
ਉਹਦੀ ਮੇਰੇ ਸ਼ਬਦਾਂ ਦੇ ਤਾਜ ਮਹੱਲ ਤੋਂ
ਮੇਰੇ ਘਰ 'ਚ ਸ਼ਕੁੰਤਲਾ ਬਣਨ ਦੀ ਖਾਹਿਸ਼
ਮਹਿਜ਼ ਦੁਸ਼ਯੰਤ ਰਾਜੇ ਦਾ ਦੰਭ ਲਗਦੀ ਹੈ
ਜਦੋਂ ਕਿ ਮੇਰੇ ਦਿਲ ਦੀਆਂ ਜੇਬਾਂ 'ਚ
ਦੁਸ਼ਯੰਤ ਤੇ ਉਹਦੀ ਦਿੱਤੀ ਮੁੰਦਰੀ ਨਹੀਂ
ਸਗੋਂ ਭੁੱਖ ਤੇ ਪਿੱਛੇ ਰਹਿ ਗਏ ਟਰੈਕਟਰ ਦੀਆਂ ਕਿਸ਼ਤਾਂ ਹਨ
ਜਿਨ੍ਹਾਂ ਵਿਚ ਕਦੇ ਕਦਾਈਂ
ਕਿਸੇ ਰਸਾਲੇ ਲਈ ਚੰਦਾ

ਜਾਂ ਭੈਣਾਂ ਲਈ ਰੱਖੜੀ ਦੀਆਂ ਰਸੀਦਾਂ ਹਨ
ਉਂਝ ਹੋਰ ਵੀ ਬੜਾ ਕੁਝ ਹੈ
ਮਸਲਨ!
ਮੈਂ ਬੰਦੇ ਵਾਂਗ ਜਿਊਣਾ ਚਾਹੁੰਦਾ ਹਾਂ
ਮੈਂ ਨਜ਼ਮਾਂ ਲਿਖਣਾ ਚਾਹੁੰਦਾ ਹਾਂ
ਮੈਂ ਪਾਸ਼ ਤੇ ਪ੍ਰਮਿੰਦਰਜੀਤ ਨੂੰ ਖ਼ਤ ਲਿਖਣਾ ਚਾਹੁੰਦਾ ਹਾਂ
ਪਰ ਹਾਇ!
ਇਹ ਡਾਲਰਾਂ ਨੂੰ ਰੁਪਈਆਂ 'ਚ ਗਿਣਨ ਦੀ ਜਾਚ
ਸ਼ਾਹਪੁਰ ਤੋਂ ਤਲਵੰਡੀ ਸਲੇਮ ਦਾ ਰਸਤਾ ਭੁਲਾ ਦਿੰਦੀ ਹੈ

ਉਂਝ ਇਥੇ ਮੁਰਦੇ ਬੰਦੇ ਦਾ ਸੋਗ ਨਹੀਂ ਮਨਾਉਂਦੇ
ਬਸ ਐਵੇਂ ਚਰਚ 'ਚ 'ਕੱਠੇ ਹੋਣ ਦਾ ਬਹਾਨਾ ਹੈ
ਤੇ ਜਿਸ ਦਿਨ ਮੈਂ ਮਰਿਆ, ਮੇਰੇ ਯਾਰੋ!
ਭੁੱਲ ਜਾਣਾ ਕਿ ਕੰਬੋਜ ਹੁੰਦਾ ਸੀ
ਜੋ ਯਾਰਾਂ ਤੋਂ ਪੈਸੇ ਫੜ੍ਹ ਕੇ
ਮੋੜਨੇ ਭੁੱਲ ਜਾਂਦਾ ਸੀ

ਭੁੱਲ ਜਾਣਾ ਕਿ ਪਾਸ਼ ਤੇ ਪ੍ਰਮਿੰਦਰਜੀਤ ਦੀਆਂ ਨਜ਼ਮਾਂ
ਉਹ ਆਪਣੇ ਨਾਂ ਹੇਠ ਬੋਲ ਜਾਂਦਾ ਸੀ
ਭੁੱਲ ਜਾਣਾ ਕਿ ਡਾ. ਹਰਿਭਜਨ ਸਿੰਘ ਕੋਲ
ਉਸ ਨੌਕਰੀ ਲਈ ਕਿੰਨੇ ਤਰਲੇ ਕੀਤੇ ਸਨ

ਬਸ ਇਹ ਨਾ ਭੁੱਲਣਾ ਮੇਰੇ ਯਾਰੋ
ਕਿ ਕੰਬੋਜ ਮਿੱਤਰਾਂ ਦਾ ਮਿੱਤਰ ਸੀ
ਕਿ ਉਹ ਜ਼ਿੰਦਗੀ ਤੇ ਕਵਿਤਾ ਦਾ ਆਸ਼ਕ ਸੀ
ਕਿ ਉਹ...

ਕਰਨਲ ਦੇ ਜਨਮ ਦਿਨ ਲਈ

ਮੇਰੇ ਬੱਚੇ
ਮੈਂ ਤੇਰੇ ਲਈ ਅੱਜ ਨਜ਼ਮ ਲਿਖਣੀ ਹੈ
ਜਿਸ ਵਿਚ ਜ਼ਿੰਦਗੀ ਦੇ ਸਭ ਕੁਝ ਨੇ
ਤੇਰੀ ਮਾਸੂਮ ਮੁਸਕਾਨ ਵਾਂਗ ਮੁਸਕਰਾਉਣਾ ਹੈ

ਮੈਨੂੰ ਗੋਰਿਆਂ ਵਾਂਗ
ਇਹ ਦੱਸਣ ਦੀ ਲੋੜ ਨਹੀਂ ਹਰ ਪਲ
ਕਿ ਮੈਂ ਤੈਨੂੰ ਮੁਹੱਬਤ ਕਰਦਾ ਹਾਂ
ਮੈਂ ਜਦੋਂ ਵੀ ਡੂੰਘੀਆਂ ਤਰਦੀਆਂ ਸਮੁੰਦਰੀ ਲਹਿਰਾਂ
ਜਾਂ ਡੋਲ ਰਹੀਆਂ ਲਹਿਰਾਂ ਵਿਚ
ਅਸਤ ਹੁੰਦੇ ਸੂਰਜ ਨੂੰ ਵੇਖਦਾ ਹਾਂ
ਜਾਂ ਫਿਰ 101 ਹਾਈਵੇ ਦੇ ਪੁਲਾਂ ਥੱਲਿਉਂ ਲੰਘਦੇ
ਕੰਬ ਰਹੇ ਚੰਨ ਦੀ ਚਾਦਰ ਨੂੰ ਤੱਕਦਾ ਹਾਂ
ਤਾਂ ਤੂੰ ਜੀ ਭਿਆਣੇ ਮੇਰੇ ਕੋਲ ਹੁੰਦਾ ਹੈਂ
ਆਪਣੀ ਤੋਤਲੀ ਜ਼ਬਾਨ ਵਿਚ ਗੱਲਾਂ ਕਰਦੇ
ਸੁਬ੍ਹਾ ਤੋਂ ਸ਼ਾਮ ਤਕ ਕੰਮ ਨਾਲ ਥੱਕੇ ਅੰਗ
ਭਾਵੇਂ ਇਨਕਾਰੀ ਹਨ ਕੁਝ ਵੀ ਕਰਨ ਤੋਂ
ਪਰ ਰੂਹ ਵਿਚ ਤੇਰੇ ਜਨਮ ਦਿਨ ਦੇ ਜਸ਼ਨ ਦਾ
ਅੰਤਾਂ ਦਾ ਖੇੜਾ ਹੈ

ਮੈਂ ਜਦੋਂ ਵੀ ਜ਼ਿੰਦਗੀ ਵਿਚ
ਕੁਝ ਵੀ ਸੁਹਣਾ ਤੱਕਦਾ ਹਾਂ
ਤਾਂ ਤੂੰ ਮੇਰੇ ਕੋਲ ਹੁੰਦਾ ਹੈਂ
ਐਨ ਧੜਕ ਰਹੇ ਦਿਲ ਵਾਂਗ

ਉਂਝ ਮੇਰੇ ਬੱਚੇ
ਅੱਜ ਇਹ ਨਜ਼ਮ ਲਿਖਣ ਲੱਗਿਆਂ ਸੋਚਦਾ ਹਾਂ
ਜੇ ਇਹ ਨਜ਼ਮ ਆਪਣਾ ਆਪ ਬਚਾ ਸਕੀ
ਸੜ ਰਹੇ ਭਾਈਚਾਰੇ ਦੇ ਜੰਗਲ ਤੋਂ
ਤਾਂ ਮੈਂ ਤੇਰੀਆਂ ਮਾਸੂਮ ਅੱਖਾਂ 'ਚ
ਅੱਖਾਂ ਪਾ ਤੱਕ ਸਕਾਂਗਾ

ਪਰ ਜੇ ਇਹ ਨਜ਼ਮ
ਹਾਰ ਗਈ ਚਾਨਣ ਦੀ ਅਣਹੋਂਦ ਕੋਲੋਂ
ਤਾਂ ਬਸ ਫਿਰ ਮੈਨੂੰ ਮੁਆਫ਼ ਕਰੀਂ!
ਤਾਂ ਬਸ ਫਿਰ ਮੈਨੂੰ ਮੁਆਫ਼ ਕਰੀ!!

ਸਾਨਫ਼ਰਾਂਸਿਸਕੋ ਦੀ ਸ਼ਾਮ

ਸੜਕਾਂ ਉਪਰ ਬੰਪਰ ਨਾਲ ਬੰਪਰ ਲੱਗਾ ਹੈ
ਰੇਡੀਓ ਬੋਲਿਆ ਹੈ
ਥੱਕੇ ਹੋਏ ਅੰਗ ਤੇ ਬੱਚੇ ਸੜਕਾਂ 'ਤੇ ਨਿਕਲ ਆਏ ਹਨ
ਗਰੌਸਰੀ ਸਟੋਰਾਂ 'ਤੇ ਲੰਮੀ ਭੀੜ ਹੈ
ਕਾਫ਼ੀ ਤੇ ਡੋਨਟ ਹਾਊਸ ਦੀ ਖ਼ਾਮੋਸ਼ੀ ਤੱਕਣ ਵਾਲੀ ਏ
ਡੇਟਸ ਆਪਣੇ ਲਈ ਚੰਗੀ ਡਿਸਕੋ
ਜਾਂ ਰੈਸਤਰਾਂ ਲੱਭ ਰਹੀਆਂ ਹਨ
ਇਕੱਲੇ ਬੰਦੇ ਆਪਣੀ ਪ੍ਰੀਚਿਤ ਉਦਾਸੀ ਨਾਲ
ਘਰਾਂ ਦੇ ਕੋਨਿਆਂ 'ਚ ਸਿਮਟੇ ਬੈਠੇ ਹਨ
ਮੇਰੇ ਦਾਦੀ ਦੇ ਬੁੱਲ੍ਹਾਂ 'ਤੇ ਰੱਬ ਦਾ ਨਾਮ
ਗਿਰਜੇ ਦੀ ਘੰਟੀ ਵਾਂਗ ਸੰਗੀਤਕ ਲਹਿਰਾਂ ਪੈਦਾ ਕਰਦਾ ਹੈ

ਅਣਪਿਆਰੇ, ਅਣਲੋੜੇ ਤੇ ਮੇਰੇ ਵਰਗੇ
ਨੀਝ ਭਰੀਆਂ ਅੱਖਾਂ ਨਾਲ
ਖ਼ਲਾਅ ਦੀ ਦੂਰੀ ਨਾਪ ਰਹੇ ਹਨ
ਦੂਰ ਪਹਾੜੀ ਨੇ ਸੂਰਜ ਨੂੰ ਸੂਹੀ ਫੁਲਕਾਰੀ ਵਾਂਗ ਲਪੇਟ ਲਿਆ ਹੈ
ਘਰਾਂ ਵਿਚ ਜੈਮ ਤੇ ਚੀਜ਼ ਦੀ ਖ਼ੁਸ਼ਬੋ
ਸ਼ਾਮ ਦੇ ਸਾਇਆਂ 'ਚ ਘੁਲ਼ ਗਈ ਹੈ
ਦੂਰ ਕੋਈ ਵਾਇਲਨ 'ਤੇ ਗਾ ਰਿਹੈ
ਜਿਵੇਂ ਕਿਸੇ ਦੇ ਅਣਹੰਢਾਏ ਸਾਲ ਗਿਣ ਰਿਹਾ ਹੋਵੇ

ਨਿਊਨ ਬੱਤੀਆਂ ਨੇ ਸੜਕਾਂ, ਪਾਰਕਾਂ ਤੇ ਘਰਾਂ ਦੀਆਂ ਵਿੱਥਾਂ ਨੂੰ
ਚਾਨਣ ਨਾਲ ਨੁਹਾ ਦਿੱਤਾ ਹੈ

ਬਿਲਕੁਲ ਉਂਝ ਜਿਵੇਂ ਕੂੰਜਾਂ ਦੀ ਡਾਰ ਘੁਸਮੁਸੇ 'ਚ
ਬੇਸੰਗਤੀ ਵੀ ਬੰਸਰੀ ਦੀ ਹੇਕ ਬਣਦੀ ਹੈ
ਤੇ ਕਾਰਾਂ ਦੀ ਭੀੜ ਦੀ ਪਹਿਲੀ ਸੁਰਖ਼ੀ ਬਾਅਦ
ਰੇਡੀਉ 'ਤੇ ਸਟੀਵੀ ਵਾਂਡਰ ਦਾ ਗੀਤ ਗੂੰਜ ਰਿਹੈ
ਮਕਡਾਨਲ, ਪੀਜ਼ਾ ਹਟਸ ਤੇ ਲੰਗਵਾਹ ਕਿਚਨ
ਭੀੜ ਨਾਲ ਅੱਟੀਆਂ ਪਈਆਂ ਹਨ

ਰੈਡ ਕੋਚ ਬਾਰ ਸ਼ਰਾਬੀ ਪਲਾਂ ਵਿਚ
ਅਲਸਾਈ ਜਿਹੀ ਲੇਟੀ ਹੈ
ਮੇਰੇ ਘਰ ਦੇ ਬਾਹਰ ਸਕੇਟਿੰਗ ਬੋਰਡ ਦੀਆਂ ਆਵਾਜ਼ਾਂ
ਦਿਨ ਦੇ ਬੁਢਾਪੇ ਨੂੰ
ਸ਼ਾਮ ਦੀ ਚਾਦਰ ਨਾਲ ਢੱਕ ਰਹੀਆਂ ਨੇ
ਮੇਰੇ ਹੱਥ ਅਚਾਨਕ
ਸਿੰਕ 'ਚ ਪਏ ਭਾਂਡਿਆ ਵੱਲ ਵਧਦੇ ਹਨ
ਲਗਦੈ ਸ਼ਾਮ ਉਤਰ ਆਈ ਹੈ।

ਕੁਲੰਬਸ ਦਾ ਵਰਤਮਾਨ

ਕੁਲੰਬਸ ਦੇ ਦਿਲ 'ਚ ਭਾਰਤ ਸੀ
ਅਤੇ ਨਜ਼ਰਾਂ ਸਾਹਵੇਂ ਅਮਰੀਕਾ
ਜਿਸਮ ਦੇ ਇਸ ਪਾਰ ਕੁਲੰਬਸ ਹੈ
ਰੂਹ ਦੇ ਉਸ ਪਾਰ ਕੁਲੰਬਸ ਹੈ

ਰਿਸ਼ਤਿਆਂ ਦੀ ਛਾਨਣੀ 'ਚ ਛਣਦਾ
ਗ਼ਰੀਬ ਕੁਲੰਬਸ ਜਦੋਂ ਘਰੋਂ ਤੁਰਿਆ ਸੀ
ਤਾਂ ਜੇਬ 'ਚ ਪਹਾੜੀਆਂ 'ਤੇ ਡੁੱਬ ਰਿਹਾ ਸੂਰਜ ਨਹੀਂ ਸੀ
ਸਗੋਂ ਕੋਠੇ ਤੋਂ ਕੋਠੀ ਬਣਨ ਦਾ ਸੁਪਨਾ ਸੀ

ਮਾਂ ਨੇ ਵਿਦਾਈ ਹੰਝੂਆਂ 'ਚ ਕਿਹਾ ਸੀ
ਵੇਖ ਪੁੱਤ ਕੋਠੇ ਜਿੱਡੀਆਂ ਤਿੰਨ ਭੈਣਾਂ ਦਾ ਚੇਤਾ ਨਾ ਭੁਲਾਵੀਂ
ਤੇਰੀ ਟਿਕਟ ਲਈ ਗਹਿਣੇ ਪਿਆ ਖੇਤ
ਤੇਰੇ ਸਫ਼ਰ ਦੀ ਸੁੱਖ ਮੰਗਦਾ ਹੈ
ਤੇਰੇ ਬਾਪੂ ਦੀਆਂ ਨਾੜਾਂ 'ਚ ਚਲਦਾ ਅਫ਼ੀਮ ਦਾ ਲਹੂ
ਹੁਣ ਹੋਰ ਬੋਝ ਝੱਲਣ ਤੋਂ ਇਨਕਾਰੀ ਹੈ
ਤੇਰੇ ਨਿੱਕੇ ਵੀਰ ਪੰਮੇ ਦਾ ਬਚਪਨ ਡੰਗਰ ਚਾਰਦੇ
ਕਿਤੇ ਡੰਗਰ ਨਾ ਹੋ ਜਾਵੇ
ਕਿ ਇਸ ਵਾਰੀ ਤਕਾਵੀ ਦੀ ਕਿਸ਼ਤ
ਕਿਤੇ ਥਾਣੇਦਾਰ ਦੀਆਂ ਝਿੜਕਾਂ ਨਾ ਹੋ ਨਿਬੜੇ
ਕੁਲੰਬਸ ਨੂੰ ਐਨ ਯਾਦ ਹੈ
ਨਾਨੇ ਦਾ ਵਰ੍ਹੇ ਬਾਅਦ ਮਾਂ ਲਈ ਦਿਹਾਰ ਲੈ ਕੇ ਆਉਣਾ
ਤੇ ਉਹਦੀਆਂ ਵਿਦਾਈ ਘੜੀਆਂ ਨੂੰ

ਭੁੱਖੇ ਮੰਗਤੇ ਵਾਂਗ ਨਿਹਾਰਦੇ ਰਹਿਣਾ
ਕਿ ਸ਼ਾਇਦ ਪਿਆਰ ਦੀ ਅਠਿਆਨੀ ਮੇਰਾ ਵੀ ਨਸੀਬ ਬਣੇ
ਕਾਲਜ ਦੀ ਕੰਟੀਨ ਵਿਚ ਦੋਸਤਾਂ ਸੰਗ ਬੈਠ ਕੇ
ਟੈਨੀਸਨ ਦੀ ਕਵਿਤਾ 'ਓਡ ਟੂ ਓਸ਼ਨ' ਵਿਚਾਰਦੇ ਕਹਿਣਾ
ਕਿ ਦੋਸਤੋ ਮੈਂ ਤਾਂ ਬਚਪਨ ਤੋਂ ਹੀ ਚਾਹ ਨਹੀਂ ਪੀਤੀ
ਅਤੇ ਸੱਖਣੀ ਜੇਬ ਦੀ ਨਮੋਸ਼ੀ ਨੂੰ
ਹਰ ਤਰ੍ਹਾਂ ਦੇ ਝੂਠ ਦੀ ਕਿੱਲੀ 'ਤੇ ਟੰਗਣਾ

ਉਹਨੂੰ ਯਾਦ ਹੈ, ਹਾਂ...ਉਹਨੂੰ ਐਨ ਯਾਦ ਹੈ
ਉਹਦੀ ਪਲੇਠੀ ਮੁਹੱਬਤ
ਕਿੰਝ ਜਾਤਾਂ, ਗੋਤਾਂ ਦੇ ਬਹਾਨੇ
ਉਹਦੀ ਬੇਰੁਜ਼ਗਾਰੀ ਅਤੇ ਥੋੜ੍ਹੀ ਪੈਲੀ ਦੀ ਸੁਰੰਗ ਹੇਠ ਦੱਬੀ ਗਈ ਸੀ

ਉਦੋਂ ਕੋਈ ਵੀ ਅਸਮਾਨ ਨਹੀਂ ਸੀ ਪਾਟਾ
ਨਾ ਧੌਲ਼ੇ ਬਲਦ ਦੇ ਸਿੰਗਾਂ ਹੇਠ ਧਰਤੀ ਹਿੱਲੀ ਸੀ
ਬਸ ਐਵੇਂ ਦਿਲ ਦਾ ਆਹ ਫ਼ਾਲਤੂ ਜਿਹਾ ਦੀਵਾ
ਬਿਨ ਤੇਲ ਹੀ ਮਚਦਾ ਰਿਹਾ ਸੀ
ਅਤੇ ਜਦੋਂ ਲੰਘ ਰਹੇ ਬਰਾਤੀਆਂ ਦਾ ਹਾਸਾ
ਉਹਦੇ 'ਤੇ ਗੜਿਆਂ ਵਾਂਗ ਬਰਸ ਰਿਹਾ ਸੀ
ਉਦੋਂ ਉਹ ਡੀਜ਼ਲ ਦੀ ਕਤਾਰ 'ਚ ਖ਼ਾਮੋਸ਼ ਖੜ੍ਹਾ ਸੀ

ਅਤੇ ਕੁਲੰਬਸ ਮਹਾਂ ਉਦਾਸ ਹੋ ਗਿਆ ਸੀ
ਕਿਤਾਬਾਂ ਦੇ ਜੰਗਲ 'ਚ ਸਾੜੇ ਉਹਦੇ ਉਨੀਂ ਵਰ੍ਹੇ
ਤੇ ਦਿਹਾੜੀ ਜਾਣ ਵਾਂਗ ਕਮਾਈਆਂ ਉਹਦੀਆਂ ਡਿਗਰੀਆਂ
ਉਹਦੇ ਮੂੰਹ 'ਤੇ ਹੀ ਖਚਰਾ ਹਾਸਾ ਹੱਸੀਆਂ

ਗੁਰਦੁਆਰੇ ਦੇ ਗੁੰਬਦ 'ਤੇ ਚਮਕ ਰਿਹਾ ਪੀਲਾ ਜਿਹਾ ਚੰਨ
ਅਤੇ ਲੰਮੇ ਫ਼ੌਜੀ ਦੀ ਬੰਬੀ 'ਤੇ ਠਹਿਰ ਗਈ ਰਾਤ
ਕੁਲੰਬਸ ਦੀਆਂ ਅੱਖਾਂ 'ਚ ਪਾਸ਼-ਪਾਸ਼ ਹੋ ਗਈ ਸੀ
ਦਿੱਲੀ ਏਅਰਪੋਰਟ ਅਪੜਨ ਤੀਕ ਉਹਨੂੰ ਲੱਗਿਆ
ਉਹਦੀ ਪੈਂਟ ਕਮੀਜ਼ ਫ਼ੈਸ਼ਨ ਨਹੀਂ, ਸਗੋਂ ਨੰਗ ਢੱਕਦਾ ਕੱਚ ਹੈ
ਤੇ ਉਹਦੇ ਹਰ ਗੋਰੇ ਨੂੰ ਨਮਸਕਾਰ ਕਰਦੇ ਹੱਥ
ਬਸ ਨਮਸਕਾਰ ਹੀ ਹੋ ਗਏ ਹਨ
ਸੇਨ ਹੋਜ਼ੇ ਸ਼ਹਿਰ ਦੀਆਂ ਸੜਕਾਂ 'ਤੇ ਉੱਗਿਆ ਹੁਸਨ
ਉਹਨੂੰ ਚਕਾਚੌਂਧ ਦੀ ਸਿਲਕਨ ਵੈਲੀ ਕਰ ਗਿਆ ਸੀ
ਟਿੱਲਰ 'ਚ ਭਾਨ ਗਿਣਦੇ ਉਹਦੇ ਹੱਥ ਪਹਿਲਾਂ-ਪਹਿਲ
ਜਿਸਮਾਂ ਦੇ ਉਭਾਰ ਨੂੰ ਪਲੋਸਦੇ ਰਹਿੰਦੇ
ਪਰ ਉਨੀਂਦਰੀਆਂ ਰਾਤਾਂ ਤੇ ਉਹਦੇ ਪਿੰਡੇ 'ਚ ਉੱਗ ਆਏ
ਪਿੰਡੋਂ ਅਪੜੇ ਖ਼ਤਾਂ ਦੀ ਨੌਕਦਾਰ ਦੱਬ ਵਿਚ
ਇਹ ਅਸਾਧਾਰਨਤਾ ਵੀ ਨੀਰਸਤਾ ਦੀ ਨਾਲੀ 'ਚ ਵਹਿ ਗਈ ਸੀ

ਕੁਲੰਬਸ ਅੱਜ ਕਲ੍ਹ ਚੀਜ਼ਾਂ ਤੇ ਵਸਤਾਂ ਦੀ
ਸੋਨ-ਕੰਧ 'ਚ ਚਿਣਿਆ ਪਿਆ ਹੈ
ਉਹਨੂੰ ਹੁਣ ਵੀ ਕਦੇ ਕਦੇ ਆਉਂਦੀ ਹੈ
ਖੁਰਲੀ 'ਤੇ ਬੱਝੇ ਉਦਾਸ ਡੰਗਰਾਂ ਦੀ ਯਾਦ
ਉਹਦੇ ਚੇਤਿਆਂ ਵਿਚ ਖੂਹ ਦਾ ਕੱਚਾ ਰਸਤਾ
ਮੀਂਹ ਦੀ ਤਿਲਕਣ ਵਾਂਗ ਤਿਲਕ ਜਾਂਦਾ ਹੈ
ਅਚਾਨਕ ਕਾਰ ਦੇ ਸਟੇਰਿੰਗ 'ਤੇ ਮੋੜ ਕਟਦੇ
ਉਹਦੇ ਹੱਥ ਕੰਬਦੇ ਹਨ

ਕੁਲੰਬਸ ਹੁਣ ਵੀ ਹੁੰਦਾ ਹੈ ਮਹਾਂ ਉਦਾਸ
ਪਰ ਇਹ ਉਦਾਸੀ ਬੌਧਿਕ ਮੁੱਠਮਾਰੀ ਜਿਲ੍ਹਣ ਤੋਂ ਪਾਰ ਨਹੀਂ ਜਾਂਦੀ
ਉਹਦੀ ਸਮੁੰਦਰ ਦੇ ਅਮੁੱਕ ਸਫ਼ਰ 'ਤੇ ਨਿਕਲਣ ਦੀ ਖ਼ਾਹਿਸ਼
ਉਹਦੇ ਹਾਰ ਗਏ ਬੇੜਿਆਂ ਅਤੇ ਸਾਲਾਂ ਦੀ ਗਵਾਹੀ ਹੈ

ਪਰ ਕੁਲੰਬਸ ਅਜੇ ਵੀ ਸੋਚਦਾ ਹੈ
ਕਿ ਇਸ ਨਾਲ ਦੀ ਗਲਾਜ਼ਤ ਤੋਂ ਬਾਅਦ
ਵਿਹਲ ਦੀ ਪਹਿਲੀ ਘੜੀ ਵਿਚ
ਉਹ ਸਮੁੰਦਰ ਦੇ ਸਫ਼ਰ 'ਤੇ ਨਿਕਲੇਗਾ!
ਉਹ ਸਮੁੰਦਰ ਦੇ ਸਫ਼ਰ 'ਤੇ ਨਿਕਲੇਗਾ!!

ਯੂ ਹੈਵ ਏ ਗੁੱਡ ਡੇ

ਏਸ ਗੁਡ ਡੇ ਦੀ ਧੁੱਪ 'ਚ ਸੜਦਿਆਂ ਮੈਂ ਜਾਣਿਆਂ
ਕਿ ਦਿਨ ਮੇਰੇ ਲਈ ਨਾ ਭਾਰਤ ਵਿਚ ਚੰਗਾ ਸੀ
ਨਾ ਕੈਲੀਫੋਰਨੀਆਂ ਦੀਆਂ ਵਾਦੀਆਂ 'ਚ
ਕਾਰਾਂ 'ਤੇ ਚੜ੍ਹਦਿਆਂ ਵੀ

ਬਸ ਸਭ ਕੁਝ ਜ਼ੰਗ ਖਾਧੇ ਰੇਡੀਉ ਵਾਂਗ ਪੁਰਾਣਾ ਤੇ ਬੇਸੁਰਾ ਹੈ
ਕਦੇ ਕਦੇ ਲਗਦਾ ਹੈ
ਮੈਂ ਫਾਂਸੀ 'ਤੇ ਲਟਕਿਆ ਮਸੀਹਾ ਹਾਂ
ਜੀਹਦੇ ਆਦਰਸ਼ਾਂ ਨੂੰ ਘਰ ਦੀਆਂ ਗ਼ਰਜ਼ਾਂ
ਤੇ ਬਾਪੂ ਦੀ ਹਰ ਸਾਲ
ਨਵਾਂ ਕਿੱਲਾ ਖਰੀਦਣ ਦੀ ਖ਼ਾਹਿਸ਼ ਨੇ
ਘੁਣ ਵਾਂਗ ਧੁਰ ਤੀਕ ਖਾ ਲਿਆ ਹੈ

ਉਥੇ ਮੇਰੇ ਲਈ 'ਗੁਡ ਡੇ' ਪ੍ਰਿੰਸੀਪਲ ਦੀ ਜੀ-ਹਜ਼ੂਰੀ ਸੀ
ਤਾਂ ਕਿ ਤਨਖ਼ਾਹ ਦੀ ਸੁਰੱਖਿਅਤਾ ਦੀ ਨਹਿਰ
ਮੁਕੰਦੇ ਦੀ ਹੱਟੀ ਦੇ ਸੌਦੇ ਦੇ ਬੂਟਿਆਂ ਨੂੰ
ਹਰ ਮਹੀਨੇ ਸਿੰਜਦੀ ਰਹੇ
ਤਾਂ ਕਿ ਹਰ ਡਰੇ ਹੋਏ ਆਦਮੀ ਦੀ ਪਰਿਭਾਸ਼ਾ
ਪਿੰਡ ਦੇ ਲੋਕੀਂ ਫ਼ਖ਼ਰ ਨਾਲ ਪ੍ਰੋਫ਼ੈਸਰ ਦੀ ਕਰ ਸਕਣ
ਤੇ ਬਾਪੂ ਦੀ ਬੱਗੀ ਦਾਹੜੀ ਦਾ ਭਰਮ ਇਸ ਕਦਰ ਬਣਿਆ ਰਹੇ
ਕਿ 'ਜਗੀਰ ਸਿਆਂ ਔਲਾਦ ਹੋਵੇ ਤਾਂ ਤੇਰੇ ਪੁੱਤਾਂ ਵਰਗੀ
ਵੇਖ ਲਾ ਘਰ ਦਾ ਮੂੰਹ ਧੋ 'ਤਾ, ਧੋ 'ਤਾ ਕਿ ਨਹੀਂ?'

ਤੇ ਇਥੇ ਕੈਲੀਫ਼ੋਰਨੀਆ ਵਿਚ
ਵੈਂਛਲ ਡੋਨਟ ਹਾਊਸ 'ਤੇ ਡੋਲਨ ਵੇਚਦੇ
ਜਦੋਂ ਹਰ ਗਾਹਕ ਨੂੰ ਮੈਂ ਕਹਿੰਦਾ ਹਾਂ
'ਯੂ ਹੈਵ ਏ ਗੁਡ ਡੇ'
ਤਾਂ ਲਗਦੈ
ਹਰ ਗਾਹਕ ਧੁੱਪ 'ਚ ਸੜ ਰਿਹਾ ਪਰਿੰਦਾ ਹੈ
ਜੀਹਦੇ ਮਗਰ ਲੱਗੇ ਹੋਏ ਹਨ
ਲਾਲਸਾਵਾਂ ਦੇ ਸ਼ਿਕਾਰੀ ਕੁੱਤੇ

ਰੋਲਜ਼ ਰਾਇਸ 'ਤੇ ਬੀਚ ਦੀ ਧੁੰਦ 'ਚ ਅਲਸਾਏ ਹੋਏ ਲੇਟਣਾ
ਪੀਜ਼ਾ ਹੱਟ ਤੇ ਡਿਸਕੋ ਡਾਂਸ 'ਚ ਮਸਤ ਹੋਏ
ਇਸ ਨੂੰ ਹੀ ਬ੍ਰਹਿਮੰਡ ਦੀ ਹੱਦ ਮਿਥ ਲੈਣਾ

ਇਹ ਲੋਕ ਕਦੇ ਨਹੀਂ ਸਮਝ ਸਕਣਗੇ
ਕਿ ਕਿੰਝ ਖੋਹ ਲੈਂਦੀਆਂ ਨੇ ਇਨ੍ਹਾਂ ਦਾ
'ਗੁੱਡ ਡੇ' ਕਾਰ ਦੀਆਂ ਕਿਸ਼ਤਾਂ
ਇਹ ਲੋਕ ਕਦੇ ਨਹੀਂ ਸਮਝ ਸਕਣਗੇ
ਕਿ ਜ਼ਿੰਦਗੀ ਇਸ ਤੋਂ ਪਰ੍ਹੇ ਵੀ
ਪੋਹ ਦੀ ਰਾਤ 'ਚ ਠਰੇ ਪੈਰਾਂ ਵਾਂਗ
ਧਰਤੀ 'ਤੇ ਰੀਂਘ ਰਹੀ ਹੈ
ਕਿ ਸੂਰਜ ਇਥੋਂ ਪਰ੍ਹੇ ਵੀ ਕਿਧਰੇ
ਇਕ ਲੰਮੇ ਧੁੱਧ 'ਚ ਸ਼ਰੀਕ ਹੈ
ਤੇ ਇੱਥੇ ਮੇਰੇ ਲਈ ਗੁੱਡ ਡੇ
ਪਸ਼ੂ ਵਾਂਗ ਕੰਮ ਕਰਨਾ ਤੇ ਖਾਣਾ ਹੈ
ਮੁਰਗੇ ਦੀ ਤਰੀ ਕਈ ਦਿਨ ਫ਼ਰਿਜ 'ਚ ਰੁਲਦੀ ਹੈ

ਜਿਹਦੇ ਲਈ ਭਾਰਤ 'ਚ ਤਰਸਦਿਆਂ
ਕਦੇ ਕੁਲੰਬਸ ਬਣਿਆ ਸਾਂ

ਕੰਮ, ਘਰ ਤੇ ਨੀਂਦ ਤੋਂ ਪਰ੍ਹੇ
ਚੌਥਾ ਸ਼ਬਦ ਮੇਰੇ ਜੀਵਨ ਦੀ ਕਿਤਾਬ 'ਚੋਂ ਇੰਝ ਮਿਟਿਆ ਹੈ
ਜਿਵੇਂ ਵਰਖਾ ਦੀ ਰਾਤ ਨੂੰ ਤਾਰੇ ਛੁਪਦੇ ਹਨ
ਬੋਨਸ ਦੇ ਲਾਲਚ 'ਚ ਸੋਲ੍ਹਾਂ ਘੰਟੇ ਕੰਮ ਕਰਦਿਆਂ
ਥੱਕੇ ਹੋਏ ਅੰਗ
ਮਾਂ ਦਾ ਖ਼ਤ ਪੜ੍ਹਨ ਤੋਂ ਵੀ ਇਨਕਾਰੀ ਹਨ
ਕਦੇ ਕਦਾਈਂ ਸਾਥੀਆਂ ਨੂੰ ਸੌ ਡਾਲਰ ਭੇਜਣ ਦਾ ਕਾਰਜ
ਇੰਝ ਹੀ ਲਗਦਾ ਹੈ ਜਿਵੇਂ
ਗੁਰਦੁਆਰੇ ਕਿਸੇ ਅਦਿਸ ਭੈਅ ਤੋਂ ਡਰਦੇ
ਮੱਥਾ ਟੇਕ ਰਿਹਾ ਹੋਵਾਂ

ਡਿਸਟ੍ਰਿਕ ਮੈਨੇਜਰ ਦਾ ਫ਼ੋਨ
ਅਤੇ ਫ਼ੋਨ 'ਤੇ ਹੋਈ ਹਰ ਗੱਲਬਾਤ ਦਾ ਸ਼ਬਦ
ਮੇਰੇ ਘਰ ਦੇ ਫ਼ਰਨੀਚਰ 'ਚ ਵਾਧਾ ਕਰਦਾ ਹੈ

ਮੈਂ ਇੰਝ ਵੀ ਮਰ ਜਾਵਾਂਗਾ, ਮੈਂ ਕਦੇ ਨਾ ਸੋਚਿਆ ਸੀ
ਕਿ ਅਮਰੀਕਾ ਧੁੰਦ 'ਚ ਲਪੇਟੀ ਗੰਨੇ ਦੀ ਖੋਰੀ ਹੈ
ਜੀਹਦੇ ਕਸੀਰਾਂ ਦੇ ਜ਼ਖ਼ਮ
ਮਰਦੇ ਦਮ ਤੀਕ ਨਿੱਕੇ ਦੁੱਖ ਵਾਂਗ
ਮੇਰੇ ਹੱਡਾਂ ਦਾ ਹਿੱਸਾ ਬਣ ਜਾਣਗੇ
ਮੈਂ ਕਦੇ ਨਾ ਸੋਚਿਆ ਸੀ

ਸਵੇਰਾਂ

ਮੈਂ ਵੇਖੀਆਂ ਹਨ ਸਵੇਰਾਂ
ਕਾਰ ਦੀਆਂ ਬੱਤੀਆਂ ਹੇਠ ਮਰਦੀਆਂ ਹੋਈਆਂ
ਐਵੇਂ ਖੌਰੂ ਜਿਹਾ ਪਾਉਂਦਾ ਬੱਦਲ
ਤੇਰੇ ਖ਼ਿਆਲ ਵਾਂਗ ਭੱਜਦੇ ਹੋਏ
ਕਿੰਨਾ ਕੁ ਚਿਰ ਭੱਜਦਾ ਰਹੇਗਾ

ਮਨ ਦਾ ਹਾਰਿਆ ਹੋਇਆ ਪੰਛੀ
ਤੇਰੀ ਨਾਂਹ ਦੇ ਮੂੰਹ-ਹਨੇਰੇ ਅੱਗੇ ਇਨ੍ਹਾਂ ਗਲ਼ੀਆਂ 'ਚ ਹੀ ਕਿਧਰੇ
ਉਹ ਰੋਟੀ ਦਾ ਪਰਚਮ ਬਣ ਕੇ ਲਹਿਰਾਏਗਾ
ਜੀਹਨੂੰ ਤੂੰ ਜਥੇਬੰਦ ਹੋ ਰਹੇ ਹਨੇਰੇ ਕੋਲ ਛੱਡ ਗਈ ਸੀ

ਲਿੰਕਨ ਦੇ ਜਿਊਂਦਿਆਂ
ਉਤਰ ਰਹੇ ਜਹਾਜ਼ਾਂ ਦੀ ਤੇਰੀ ਯਾਦ ਵਾਂਗ ਬੁਝਦੀ ਜਗਦੀ ਬੱਤੀ
ਕਿੰਨਾ ਕੁ ਚਿਰ ਮੇਰੇ ਮਨ ਦੀ ਠਾਹਰ ਬਣੇਗੀ
ਇਥੇ ਚਿੜੀਆਂ ਦੇ ਚੰਬੇ ਲਹਿਲਹਾਉਂਦੇ ਘਰ ਨਹੀਂ ਪਰਤਦੇ
ਬਸ ਨਿਰਲੱਜ ਚੁੰਮਣਾਂ ਦੀ ਇਕ ਵਹਿੰਦੀ ਨਦੀ ਹੈ
ਜੀਹਦੇ ਮਟਮੈਲ਼ੇ ਪਾਣੀਆਂ 'ਚ ਜਿਸਮ ਦਾ ਸੁੱਚਮ ਸਿਮਟ ਜਾਂਦਾ ਹੈ
ਉਂਝ ਅਜੇ ਵੀ ਮੇਰੇ ਚੇਤਿਆਂ ਵਿਚ
ਤੂੰ ਜਦੋਂ ਭਿੱਜੀਆਂ ਸੜਕਾਂ 'ਤੇ ਨੰਗੇ ਪੈਰ ਚਲਦੀ ਹੈਂ
ਤਾਂ ਮੈਥੋਂ ਪੁੱਛ
ਮੈਂ ਕਿਵੇਂ
ਪੂਰੇ ਦਾ ਪੂਰਾ ਅਸਮਾਨ ਹੁੰਦਾ ਹਾਂ

ਉਡੀਕ

ਤੇਰੀ ਉਡੀਕ ਵਿਚ
ਜੇ ਜਿਸਮ ਸ਼ਾਮਿਲ ਨਹੀਂ ਸੀ
ਤਾਂ ਮੇਰਾ ਕੀ ਦੋਸ਼ ਹੈ ਰਾਣੋ

ਤੇਰੀ ਉਡੀਕ ਵਿਚ ਲੱਖਾਂ ਅਸਮਾਨ ਬਲ਼ਦੇ ਰਹੇ
ਦੀਵੇ ਟਿਮਟਿਮਾਉਂਦੇ ਰਹੇ
ਹਵਾ ਚੁੱਪ-ਚਾਪ ਤੇਰੀ ਉਡੀਕ ਕਰਦੀ ਰਹੀ
ਦੂਰ ਪਹਾੜੀਆਂ 'ਤੇ ਪੈ ਰਹੀ ਸ਼ਾਮ
ਕੱਲ੍ਹ ਵੀ ਤੇਰਾ ਰਾਹ ਵਿੰਹਦੀ ਰਹੀ
ਰਸਤਿਆਂ 'ਤੇ ਚਿਰਾਗ਼
ਅਤੇ ਸਾਹਾਂ 'ਚ ਦਿਨ ਦਫ਼ਨ ਹੁੰਦੇ ਰਹੇ
ਪਾਰਦਰਸ਼ੀ ਮੌਸਮ ਸਾਰੇ ਦਾ ਸਾਰਾ
ਤੇਰੇ ਰਾਹਾਂ 'ਚ ਵਿਛਿਆ ਰਿਹਾ

ਮੇਰੇ ਘਰ ਦੀਆਂ ਅੱਥਰੀਆਂ ਦਹਿਲੀਜ਼ਾਂ
ਤੇਰੀ ਉਡੀਕ ਵਿਚ ਬੁੱਢੀਆਂ ਹੋ ਗਈਆਂ
ਆਤਮਾ ਦੇ ਜੰਗਲ ਵਿਚ ਕੁਝ ਪਲ ਜੁਗਨੂੰ ਟਿਮਟਿਮਾਏ
ਤੇ ਫਿਰ ਜਿਸਮ...
ਜਿਸਮ ਦਾ ਕੀ ਏ
ਇਹ ਤਾਂ ਪਹਿਨੀਂ ਰਖਦੈ
ਸਾਊ ਬੰਦਿਆਂ ਦੀ ਭਾਸ਼ਾ
ਤੇ ਮੱਧਵਰਗੀ ਗ਼ਲਾਜ਼ਤ

ਅਸੁਰੱਖਿਅਤਾ

ਤੂੰ ਕਿੰਨਾ ਕੁ ਚਿਰ ਉਹਲਿਆਂ ਦੇ ਪਰਛਾਵੇਂ ਭਾਲ਼ਦੀ
ਖ਼ਫਾ ਹੁੰਦੀ ਰਹੇਂਗੀ ਨਖਲਿਸਤਾਨਾਂ 'ਤੇ
ਤੂੰ ਕਿੰਨਾ ਕੁ ਚਿਰ ਆਤਮਕ ਦੁੱਖ ਦੇ ਬਹਾਨੇ
ਲੁਕਦੀ ਰਹੇਂਗੀ ਜ਼ਿੰਦਗੀ ਦੀ ਰੌਸ਼ਨੀ ਤੋਂ
ਤੂੰ ਕਿੰਨਾ ਕੁ ਚਿਰ ਭਾਵਨਾਵਾਂ ਦੀ
ਅਸੁਰੱਖਿਅਤ ਨਦੀ 'ਚ ਰੁੜ੍ਹਦੀ
ਕਰਦੀ ਰਹੇਂਗੀ ਵਿਰਲਾਪ ਮੌਸਮਾਂ ਦੀ ਉਡੀਕ ਦਾ
ਤੂੰ ਕਿੰਨਾ ਕੁ ਚਿਰ ਵਰਤਮਾਨ ਦੀ ਕਬਰ 'ਤੇ
ਰਹੇਂਗੀ ਦੀਵੇ ਜਗਾਉਂਦੀ
ਕਿ ਸ਼ਾਇਦ ਕੋਈ ਰੁੱਤ ਤੇਰਾ ਹਾਣ ਬਣੇ

ਤੂੰ ਕਿੰਨਾ ਸਮਾਂ ਹੋਰ ਅਤੀਤ ਦੇ ਪਹਾੜਾਂ ਨੂੰ
ਸਰਗੋਸ਼ੀਆਂ ਦੇ ਜੰਗਲ 'ਚ ਇਕੱਲਿਆਂ ਛੱਡ
ਭਵਿੱਖ ਦੀਆਂ ਸਰਦਲਾਂ 'ਤੇ ਲਹੂ-ਲੁਹਾਨ ਹੁੰਦੀ ਰਹੇਂਗੀ
ਜਦੋਂ ਕਿ ਵਰਤਮਾਨ ਦੇ ਹਨੇਰੇ ਦਾ ਥੱਕਿਆ ਘੋੜਾ
ਤੇਰੀਆਂ ਸੋਚਾਂ ਵਿਚ ਇਕ ਪਲ ਤੁਰਨ ਤੋਂ ਇਨਕਾਰੀ ਹੈ

ਸਮੇਂ ਦੇ ਰੱਥ ਜੇ ਖੜ ਸਕਦੇ ਤੇਰੇ ਖਲੋਤਿਆਂ
ਤਾਂ ਮੈਂ ਧੁੱਪ ਨੂੰ ਖਿਲਾਰ ਦਿੰਦਾ
ਤੇਰੀ ਉਡੀਕ ਰਾਤ ਅੱਖਾਂ ਵਿਚ
ਜੇ ਬਿਰਖ਼ਾਂ 'ਚੋਂ ਵਗਦੀ ਠੰਡੀ ਹਵਾ ਰੋਕ ਸਕਦੀ
ਪਰਛਾਵਿਆਂ ਨੂੰ ਰਾਤ ਦੀ ਦਲਦਲ 'ਚ ਡੁੱਬਣੋਂ
ਜੇ ਪਹਾੜੀ ਟਿੱਲੇ 'ਤੇ ਮੈਂ ਬੰਨ੍ਹ ਸਕਦਾ

ਲਵਾਂਡੇ ’ਚ ਕੰਬ ਰਹੇ ਚੰਨ ਦੀ ਟਿੱਕੀ
ਜੇ ਤੇਰੀ ਦੁਬਿਧਾ ਦਾ ਰੰਗ ਮੰਜ਼ਿਲ ਹੁੰਦਾ
ਤਾਂ ਘਟਨਾਵਾਂ ਦੀਆਂ ਬਦਲੀਆਂ ਦਾ ਰੰਗ ਹੋਰ ਹੋਣਾ ਸੀ
ਵਹਿੰਦੇ ਪਾਣੀਆਂ ਦੇ ਸਮੁੰਦਰ ਜੇ ਮੁੱਕ ਸਕਦੇ
ਤਾਂ ਮੈਂ ਤੇਰੇ ਟੁੱਟੇ ਭਾਂਡਿਆਂ ’ਚ ਹੀ ਭਰ ਦਿੰਦਾ ਪ੍ਰਸ਼ਨ-ਜਲ

ਪਰ ਅਫ਼ਸੋਸ! ਪੌਣ ਹਮੇਸ਼ਾ ਰੁਮਕਦੀ ਹੈ
ਤੇ ਈਲੀਅਟ ਦੀ ਬੰਜਰ ਧਰਤੀ ਸਦਾ ਬਾਂਝ ਨਹੀਂ ਰਹਿੰਦੀ
ਇਸੇ ਲਈ ਮੇਰੀ ਦੋਸਤ, ਆ ਆਪਾਂ
ਸੰਧਿਆ ਹੋਣ ਤੋਂ ਪਹਿਲਾਂ
ਸੂਰਜ ਦੇ ਸਤਵੇਂ ਘੋੜੇ ਨੂੰ ਮੁੱਲ ਲੈ ਲਈਏ
ਤੇ ਸਫ਼ਰ ਦੀ ਪਿਆਸ ਬਣ ਨਿਕਲੀਏ

ਸੀਤ ਦਸੰਬਰ

ਉਮਰ ਦੇ ਇਸ ਪੜਾਅ ’ਤੇ
ਮੈਂ ਜਦੋਂ ਸ਼ਬਦਾਂ ਦੀ ਚੁਆਤੀ ਬਾਲ਼ੀ
ਦੂਰ ਤੀਕ ਰੇਗਿਸਤਾਨ ਸੀ
ਰੇਤ ਹੀ ਰੇਤ ਮੇਰਾ ਨਸੀਬ ਸੀ
ਕਿਸੇ ਧੁੱਪ ਦੇ ਕਾਸ਼ਨੀ ਟੋਟੇ ਨੇ
ਮੇਰੇ ਲਈ ਕੋਈ ਗੀਤ ਨਾ ਲਿਖਿਆ
ਮੇਰੀਆਂ ਨਾੜਾਂ ’ਚ ਲਹੂ ਮੇਰਾ
ਸੀਤ ਦਸੰਬਰ ਦੀ ਮਾਤਮੀ ਧੁਨ ਗਾਉਂਦਾ ਰਿਹਾ

ਮੌਸਮ ਦੀ ਹਰ ਕਰੋਪੀ
ਮੇਰੇ ਚਿਹਰੇ ’ਤੇ ਝਰੀਟਾਂ ਪਾਉਂਦੀ ਰਹੀ
ਮੈਂ ਜੋ ਹਨੇਰਿਆਂ ’ਚ ਅਸਤ ਹੁੰਦਾ ਗੀਤ ਸਾਂ
ਪਲ ਪਲ ਬਿਖਰ ਰਹੀ ਹੋਂਦ
ਕਦੇ ਮੇਰੇ ਸਾਹਾਂ ਦੇ ਪੈਰਾਂ ’ਚ ਅੜੀ
ਕਦੇ ਪਰੀ-ਕਹਾਣੀ ਵਾਂਗ ਮੇਰੇ ਸਿਰ ਤੋਂ ਲੰਘੀ
ਜਿਸ ਦੀ ਪ੍ਰਯੋਗਸ਼ਾਲਾ ਵਿਚ
ਰੂਹ ਸਾਰੀ ਰਾਤ
ਕਦੇ ਯੌਗਿਕ ਬਣੀ ਤੇ ਕਦੇ ਮਿਸ਼ਰਣ
ਹੁਣ ਤੇ ਜੇ ਵਕਤ ਵੀ ਆਵੇ
ਕੋਈ ਲੈ ਕੇ ਸੁਲਘਦਾ ਅਹਿਸਾਸ
ਤਾਂ ਸ਼ਾਇਦ ਮੇਰੇ ਕੋਸਿਆਂ ਹੱਥਾਂ ’ਚ
ਉਮਰ ਹਮੇਸ਼ਾ ਠਰਦੀ ਹੀ ਰਹੇ

ਘੋੜੇ ਦੀ ਖੁਰੀ

(ਸਤਵਿੰਦਰ ਭੰਵਰਾ ਲਈ)

ਸ਼ਾਮ ਦੇ ਘੁਸਮੁਸੇ 'ਚ
ਤਲ਼ੀਆਂ ਤੇ ਸੱਖਣੇ ਚਿਰਾਗ਼ ਲੈ ਕੇ
ਮੈਂ ਜਦੋਂ ਤੇਰੀਆਂ ਗਲ਼ੀਆਂ ਵੱਲ ਆਇਆ
ਤਾਂ ਮੇਰੇ ਕੋਲ ਸਿਰਫ਼ ਰਸਤਿਆਂ ਤੇ ਰਾਤਾਂ ਦੇ ਖੰਡਿਤ ਬਿੰਬ ਸਨ
ਤੇਰੀ ਅੱਗ ਤੇਰੀ ਸੀ ਅਤੇ ਮੇਰਾ ਸੂਰਜ
ਸਿਰਫ਼ ਗਲ਼ੀਆਂ ਦੇ ਕੱਖ ਹੂੰਝਦਾ ਰਿਹਾ
ਅਸੀਂ ਜੋ ਕੱਚੀ ਦੁੱਧ ਚਾਨਣੀ ਦਾ
ਅਜ਼ਮ ਲੈ ਕੇ ਤੁਰੇ ਸਾਂ
ਵਿਸ਼ਵਾਸ ਦੇ ਮਘਦੇ ਦੀਵੇ ਨੂੰ ਚੁੰਮਿਆ ਸੀ
ਉਹਦੀ ਲੋਅ ਮਰ ਗਈ ਹੈ

ਸਤਵਿੰਦਰ! ਤੇਰੇ ਬਾਰੇ ਨਜ਼ਮ ਲਿਖਣ ਲੱਗਿਆਂ ਲਗਦੈ
ਮੈਂ ਦੁਨੀਆਂ ਦਾ ਸਭ ਤੋਂ ਵੱਧ ਹਾਰਿਆਂ ਤੇ ਉਦਾਸ ਮਨੁੱਖ ਹਾਂ
ਸੁਪਨਿਆਂ ਦੀ ਬੇੜੀ, ਬਾਦਬਾਨਾਂ ਦੀ ਸੁਰਖ਼ ਚਾਨਣੀ 'ਚ ਖੁਰ ਗਈ
ਮੈਂ ਰੌਸ਼ਨੀ ਦਾ ਅਰਘ ਪੀ ਕੇ ਵੀ ਅਧੂਰਾ ਹਾਂ
ਅਤੇ ਸੜਕ ਜੋ ਜਿਸਮਾਂ ਤੋਂ ਪਾਰ ਜਾਂਦੀ ਹੈ
ਕਾਲੀ ਰਾਤੇ ਹੰਝੂ ਕੇਰਦੀ ਹੈ

ਘੋੜੇ ਦੀ ਉਹ ਖੁਰੀ, ਜੋ ਰਾਤਾਂ ਦੇ ਸੰਨਾਟੇ ਨੂੰ ਅਰਥ ਦਿੰਦੀ ਸੀ
ਬਿਨਾਂ ਵਿਲਕੇ ਮੇਰੀ ਵੱਖੀ 'ਚ ਖੁਭ ਗਈ ਹੈ
ਤੇ ਇਤਿਹਾਸ ਦੇ ਨਿੰਮ੍ਹੇ ਜਿਹੇ ਦਰਦ
ਯਾਨਿ ਗ਼ੈਰਾਂ ਦੀ ਮਹਿਫ਼ਲ ਦੇ ਵਸਲ ਦਾ ਮੁੱਲ
ਮੇਰੇ ਹੀ ਜਿਸਮ ਦੇ ਅੰਗਾਂ 'ਚੋਂ ਤਰਨਾ ਸੀ

ਖਲੋਤੇ ਪਾਣੀਆਂ ਨੂੰ ਜ਼ਿੰਦਗੀ ਸਮਝਣ ਵਾਲ਼ੀਏ
ਉਡੀਕ ਸਿਰਫ਼ ਰਾਹਾਂ ਦੀ ਹੀ ਨਹੀਂ, ਸਾਹਾਂ ਦੀ ਵੀ ਹੁੰਦੀ ਹੈ
ਕਿ ਪਲਾਂ ਦੀ ਦਾਸਤਾਂ
ਉਮਰ ਦੀ ਵਿਆਕਰਣ ਤੋਂ ਪਰ੍ਹੇ ਦੀ ਗੱਲ ਹੈ
ਕਿ ਕਾਈ ਨੂੰ ਹੀ ਤੂੰ ਦਰਿਆ ਦੀ ਵਿਸ਼ਾਲਤਾ ਸਮਝ ਬੈਠੀ

ਨਾ ਤੇਰੀ ਵਫ਼ਾ 'ਤੇ ਸ਼ੱਕ ਹੈ ਕੋਈ
ਨਾ ਕੋਈ ਰਾਤ ਜਿਹਾ ਮਿਹਣਾ
ਅਫ਼ਸੋਸ! ਤੂੰ ਸੋਨੇ ਦੇ ਮਿਰਗ਼ ਨੂੰ
ਜੀਣ ਦਾ ਸੱਚ ਸਮਝ ਬੈਠੀ
ਤੇ ਵਫ਼ਾਵਾਂ ਦੇ ਸੁੱਚੇ ਮੋਤੀ ਅੱਜ ਕੱਲ੍ਹ
ਤੇਰੇ ਭਾਣੇ ਕੇਸਾਂ 'ਚ ਰੁਲਦਾ ਸੰਧੂਰ ਹੈ ਕੇਵਲ
ਤੇਰੇ ਭਾਣੇ ਆਦਮੀ ਦਾ ਭੂਗੋਲ ਸੋਲ੍ਹਾਂ ਵਰ੍ਹੇ
ਕਿਤਾਬਾਂ ਅਤੇ ਸਿਧਾਂਤਾਂ ਦੇ ਜੰਗਲ 'ਚ ਗੁੰਮਣ ਲਈ ਨਹੀਂ
ਸਗੋਂ ਟੀ.ਵੀ., ਸੋਫ਼ੇ, ਫ਼ਰਿਜ ਤੇ ਵੀ.ਸੀ.ਆਰ. ਹੁੰਦਾ ਹੈ

ਜ਼ਿੰਦਗੀ ਹੈ ਨਾ, ਹਰ ਛਿਣ ਕਿਰ ਜਾਂਦੇ ਨੇ
ਰਿਸ਼ਤਿਆਂ ਦੇ ਤ੍ਰੇਲ ਤੁਪਕੇ
ਅੱਖਾਂ 'ਚ ਉੱਗੇ ਸੂਰਜ ਤੇ ਕੱਚੀ ਉਮਰੇ ਲਿਖੀਆਂ ਚਿੱਠੀਆਂ
ਹੌਲੀ ਹੌਲੀ ਕਰ ਜਾਂਦੀਆਂ ਨੇ, ਜੀਣ ਤੇ ਤਰਲੇ ਜਿਹਾ ਸਮਝੌਤਾ

ਮੇਰੀ ਦੋਸਤ! ਕੀ ਤੂੰ ਕਦੇ ਵੇਖੇ ਹਨ? ਠੰਢੇ ਅਤੇ ਬਲ਼ਦੇ ਸਿਵੇ
ਕਿ ਧੂੰਆਂ ਸਿਰਫ਼ ਜਿਸਮ ਦੀਆਂ ਪਾਥੀਆਂ ਦਾ ਹੀ ਨਹੀਂ
ਸੋਚਾਂ ਦਾ ਵੀ ਹੁੰਦਾ ਹੈ

ਹੇ ਰੌਸ਼ਨੀ ਦੀ ਪਹਿਲੀ ਕਿਰਨ ਤੋਂ ਡਰ ਜਾਣ ਵਾਲ਼ੀਏ
ਆਹ ਲੈ ਫੜ੍ਹ ਮੇਰੀਆਂ ਕਵਿਤਾਵਾਂ ਦੇ ਲਹਿਲਹਾਉਂਦੇ ਖੇਤ
ਕਿਤੇ ਤੇਰੀ ਗ੍ਰਿਹਸਥੀ ਦੀਆਂ ਬੱਤੀਆਂ ਬੁਝਣ ਲੱਗਣ
ਤਾਂ ਮੇਰੇ ਇਹ ਸ਼ਿਅਰ
ਤੈਨੂੰ ਲੋਅ ਕਰਨਗੇ, ਤੈਨੂੰ ਲੋਅ ਕਰਨਗੇ

ਆਦਿ ਵਾਸੀ ਮੈਂ

ਉਹ ਕੁੜੀ ਜੋ ਸਿਰਫ਼
ਪਹਿਲਾਂ ਮੈਨੂੰ ਜਾਣਦੀ ਸੀ
ਅੱਜ ਕੱਲ੍ਹ ਮੈਨੂੰ ਅਬਾਬੀਲ ਬਣ ਕੇ ਮਿਲਦੀ ਹੈ

ਉਹਦੇ ਜਿਸਮ ਦੀ ਜੁੰਬਸ਼
ਇਨ੍ਹਾਂ ਦਿਨਾਂ 'ਚ ਸਤਰੰਗੀ ਪੀਂਘ ਬਣ ਗਈ ਏ
ਤੇ ਪਤਾ ਨਹੀਂ ਕਦੋਂ ਮਲਕੜੇ ਜਿਹੇ
ਉਹ ਮੇਰੇ ਜਿਸਮ ਦੇ ਪਾਣੀਆਂ 'ਚ
ਡੁੰਘੀ ਉਤਰ ਆਈ ਹੈ

ਅੱਜ ਕਲ੍ਹ ਨਾ ਮੈਨੂੰ ਆਪਣੀ ਹੋਸ਼ ਹੈ
ਨਾ ਕੰਡੇਦਾਰ ਤਾਰਾਂ 'ਚ ਉਲਝੀ
ਵਰਜਿਤ ਨੈਤਿਕਤਾ ਦੀ
ਉਹਦੇ ਮਿੱਸੇ ਜਿਹੇ ਕੇਸ
ਤੇ ਉਹਦੀਆਂ ਬਰੀਕ ਸੁਰਮੇ ਵਰਗੀਆਂ ਅੱਖਾਂ
ਇਨ੍ਹਾਂ 'ਚ ਮੈਂ ਡੁੰਘੇ ਲੱਥਣਾ ਚਾਹੁੰਦਾ ਹਾਂ

ਮੈਂ ਉਹਨੂੰ ਐਨ ਆਪਣੇ ਗਰਮ ਹੱਥਾਂ ਦੀ
ਪਰਤ ਵਿਚਕਾਰ ਵੇਖਣਾ ਚਾਹੁੰਨਾ
ਬਰਫ਼ ਵਾਂਗ ਕਤਰਾ-ਕਤਰਾ ਪਿਘਲਦੀ
ਕਿ ਸਿਰਫ਼ ਧਰਤੀ ਦੇ ਅਦਿਸ ਹਨੇਰੇ ਵਿਚੋਂ
ਮੈਂ ਆਪਣੇ ਸਮੁੰਦਰ ਦੀ ਝੱਗ ਵੇਖਣਾ ਚਾਹੁੰਨਾ
ਮੈਂ ਉਸ 'ਚ ਇਸ ਤਰ੍ਹਾਂ ਡੁੱਬਣਾ ਚਾਹੁੰਨਾ

ਜਿਵੇਂ ਕੋਈ ਜਹਾਜ਼ ਡੂੰਘੇ ਪਾਣੀਆਂ 'ਚ,
ਜਿਵੇਂ ਕੋਈ ਲਹਿਰ ਗੁੰਮ ਜਾਵੇ
ਅਨੰਤ ਪਾਣੀਆਂ 'ਚ,
ਮੈਂ ਨਹੀਂ ਚਾਹੁੰਦਾ
ਕਿਸੇ ਸਾਊ ਜਿਹੇ ਬੀਬੇ ਸਦਾਚਾਰ ਦੀ ਤਾਣ ਕੇ ਛਤਰੀ
ਉਹਦੇ ਜਿਸਮ/ਰੂਹ ਦੀ ਪਾਕਿ ਕਿਤਾਬ ਖੋਲ੍ਹਾਂ
ਕਿਸੇ ਵੀ ਅਪਰਾਧ ਦੀ ਛਾਂ
ਮੇਰੀ ਰੂਹ ਮੈਲ਼ੀ ਨਾ ਕਰੇ
ਇਸ ਲਈ ਮੈਂ
ਹਰ 'ਪਾਪ'
ਪੂਰੇ ਮਨ ਨਾਲ ਕਰਨਾ ਚਾਹੁੰਦਾ ਹਾਂ

ਇਸੇ ਲਈ ਹੇ ਸਾਊਓ
ਤੁਹਾਡੀ ਕਿਸੇ ਮੁਕੱਦਸ
ਆਇਤ ਦੀ ਮੈਨੂੰ ਲੋੜ ਨਹੀਂ

ਅੱਜ ਦੇ ਸੂਰਜ

ਜਦ ਧਰਤੀ ਮੁਸਕਾਏ ਅੰਬਰ ਸੋਗ ਕਰੇ।
ਗ਼ਮ ਦੇ ਡੂੰਘੇ ਸਾਏ ਧਰਤੀ ਆਪ ਜਰੇ।

ਤੇਰੀ ਧੁੱਪ ਦੀ ਉਮਰ ਬੜੀ ਹੀ ਛੋਟੀ ਹੈ
ਧਰਤੀ ਜਦ ਪੁੱਛੇ ਤਾਂ ਸੂਰਜ ਹੰਝ ਭਰੇ।

ਜਿੰਦਗਾਨੀ ਦਾ ਸੂਰਜ ਆਖ਼ਿਰ ਡੁੱਬ ਜਾਣਾ,
ਇਸ ਦਾ ਕਾਤਲ ਕੌਣ, ਨਾ ਕੋਈ ਨਾਮ ਧਰੇ।

ਏਦਾਂ ਦੀ ਵੀ ਖ਼ੁਸ਼ੀ ਅਸਾਡੀ ਹੋਣੀ ਸੀ,
ਗਿਲ੍ਹਿਆਂ ਦੇ ਸਰਵਰ ਨਿੱਤ ਰਹਿੰਦੇ ਭਰੇ-ਭਰੇ।

ਇਹ ਤਾਂ ਕੋਹਾਂ ਤੀਕ ਫੈਲਿਆ ਜੰਗਲ ਹੈ,
ਇਸ 'ਚੋਂ ਧੁੱਪ ਦੀ ਆਸ ਹਮੇਸ਼ਾ ਆਪ ਮਰੇ।

ਕਿਰਨਾਂ ਨੇ ਵੀ ਆਖ਼ਰ ਨੂੰ ਹੈ ਡੁੱਬ ਜਾਣਾ,
ਨਾ ਕੋਈ ਪਲ ਆਏ ਜੋ ਸਾਡੀ ਪੀੜ ਹਰੇ।

ਤੁਰ ਜਾਣੇ ਮੈਂ ਹਉਕੇ ਲੈ ਕੇ ਸੂਰਜ ਦੇ
ਅੱਜ ਦੇ ਕੇਹੇ ਸੂਰਜ ਰਹਿੰਦੇ ਡਰੇ-ਡਰੇ।

ਸਿਰਨਾਵਾਂ

ਤੇਰਿਆਂ ਹੋਠਾਂ 'ਤੇ ਇਕ ਅਸਮਾਨ ਹੱਸਦਾ ਹੈ।
ਕਹਿ ਦਿਉ ਉਸ ਨੂੰ ਏਥੇ ਇਨਸਾਨ ਵੱਸਦਾ ਹੈ।

ਉਹ ਲਿਆਏ ਨਾਲ ਨੇ ਝੰਡੇ ਸਚਾਈਆਂ ਦੇ,
ਹੋਏ ਹੁਣ ਖ਼ੈਰ ਕਹਿੰਦੇ ਇਸ ਜਗ੍ਹਾ ਭਗਵਾਨ ਵੱਸਦਾ ਹੈ।

ਕਿਸ ਤਰ੍ਹਾਂ ਦੀ ਲੋਅ ਤੇਰੇ ਕਮਰੇ 'ਚ ਹੈ ਯਾਰਾ,
ਰੂਹ 'ਚ ਤੇਰੀ ਚਹਿਕਦਾ ਅਰਮਾਨ ਵੱਸਦਾ ਹੈ।

ਤੇਰਿਆਂ ਨੈਣਾਂ 'ਚ ਪਲ ਪਲ ਰਾਤ ਡੁੱਬ ਗਈ,
ਚੰਨ ਅਜੇ ਵੀ ਪਰ ਉਚੇ ਅਸਮਾਨ ਵੱਸਦਾ ਹੈ।

ਸ਼ਾਇਦ ਲੰਡਨ ਦਾ ਹੀ ਹੋਵੇ, ਪੈੱਨ ਇਹੇ ਤੇਰਾ,
ਜਿਸਮ ਦੀ ਸਿਆਹੀ 'ਚ ਹਿੰਦੁਸਤਾਨ ਵੱਸਦਾ ਹੈ।

ਰੱਖਦੈ ਬਟੂਏ 'ਚ ਫ਼ੋਟੋ ਤੂੰ ਪੈਗ਼ੰਬਰ ਦੀ,
ਮੇਰੇ ਸਾਹੀਂ ਬਸ ਤੇਰਾ ਫ਼ਰਮਾਨ ਵੱਸਦਾ ਹੈ।

ਧੁੱਪ, ਬਰਸਾਤ ਤੇ ਮੈਂ

ਹੁਣੇ ਅਸਮਾਨ 'ਤੇ ਫੈਲ ਜਾਵੇਗਾ
ਸਤਰੰਗੀ ਪੀਂਘ ਦਾ ਸੰਨਾਟਾ
ਹੁਣੇ ਧਰਤੀ ਦੀ ਕੁਆਰੀ ਹਿੱਕ
ਬਾਂਝ ਹੋਣ ਤੋਂ ਪਹਿਲਾਂ ਮੈਨੂੰ ਯਾਦ ਕਰੇਗੀ
ਕਾਇਨਾਤ ਦੇ ਧਰੁਵਾਂ 'ਚ ਫੈਲ ਰਹੀ ਤੇਰੀ ਹੋਂਦ
ਮੇਰੇ ਚੇਤਿਆਂ 'ਚ ਜਗਮਗਾਵੇਗੀ
ਮਰੀ ਜਹੀ ਧੁੱਪ ਬਰਸਾਤ ਤੋਂ ਪਹਿਲਾਂ
ਤੇਰੀ ਜੁਦਾਈ ਵਾਂਗ ਚਮਕੇਗੀ
ਮੈਂ ਰੱਬ ਵਾਂਗ ਜਾਪਦੇ ਖ਼ਲਾਅ 'ਚ
ਬਹੁਤ ਜਲਦੀ ਗ਼ਰਕ ਹੋ ਜਾਵਾਂਗਾ

ਬਰਸਾਤ ਸ਼ਾਇਦ ਇਸ ਵਾਰ ਉਸ ਤਰ੍ਹਾਂ ਦੀ ਨਾ ਬਰਸੇ
ਜਿਸ ਤਰ੍ਹਾਂ ਦੀ ਮੈਂ ਤੈਨੂੰ
ਜੁਲਾਈ ਦੇ ਭੁੱਜਦੇ ਦਿਨ ਅਰਪਣ ਕੀਤੀ ਸੀ
ਇਸ ਤੋਂ ਪਹਿਲਾਂ ਕਿ ਇਹ ਸਭ ਕੁਝ ਵਾਪਰ ਹੀ ਜਾਏ
ਮੈਂ ਤੈਨੂੰ ਅਤੇ ਧਰਤੀ ਨੂੰ ਮਾਨਣਾ ਚਾਹੁੰਨਾ
ਐਨ ਉਸੇ ਤਰ੍ਹਾਂ ਜਿਵੇਂ ਕੋਈ ਆਪਣੀ ਅੱਥਰੀ ਪਿਆਸ ਦੇ ਸਫ਼ਰ ਵਿਚ
ਪਾਣੀ ਦਾ ਘੜਾ ਡੀਕ ਜਾਂਦਾ ਹੈ

ਇਸ ਤੋਂ ਪਹਿਲਾਂ ਕਿ ਇਸ ਰਾਤ ਦਾ
ਨੰਗਾ ਜਿਸਮ ਕੋਈ ਸਾਜ਼ਿਸ਼ ਕਰੇ
ਆ ਇਸ ਦਸੰਬਰੀ ਦਿਨ ਨੂੰ ਬੀਤਣ ਤੋਂ ਪਹਿਲਾਂ
ਸਾਹਾਂ 'ਚ ਰਚਾ ਲਈਏ
ਤੇ ਵਗਦੇ ਪਾਣੀਆਂ ਨੂੰ ਆਖ਼ਰੀ ਚੁੰਮਣ ਦੇ ਕੇ
ਆਪਣੇ ਆਪਣੇ ਸਫ਼ਰ ਵੱਲ ਪਰਤ ਜਾਈਏ

ਭਾਸ਼ਾ ਤੋਂ ਪਰ੍ਹੇ

ਇਤਿਹਾਸ ਦੀ ਕਿਸ ਗੁੱਠ ’ਚ ਖੜ੍ਹੇ ਨੇ ਉਹ ਲੋਕ
ਜਿਨ੍ਹਾਂ ਦਾ ਅੱਧਾ ਦਿਨ ਰੱਬ ਦੇ ਚਰਨਾਂ ’ਚ ਗੁਆਚਾ ਹੈ
ਤੇ ਅੱਧਾ ਸੁਭਾਵਿਕ ਜੀਣ ਦੀ ਮੰਗ ਕਰਦਾ ਏ
ਉਨ੍ਹਾਂ ਦੇ ਦਿਲਾਂ ’ਤੇ ਦਸਤਕ ਦੇਣਾ
ਤਾਂ ਕਬਰ ’ਤੇ ਦੀਵੇ ਜਗਾਉਣਾ ਹੈ

ਮੈਂ ਕੀ ਕਰਾਂਗਾ ਹੁਸਨ ਦੀਆਂ ਸਰਦਲਾਂ ’ਤੇ
ਦੇਹ ਨੂੰ ਅਰਘ ਚੜ੍ਹਾ ਕੇ
ਮੇਰੇ ਲਈ ਆਪਣਾ ਜਿਸਮ ਪਿੱਛੇ ਛੱਡ ਦੇਣਾ
ਬਹੁਤ ਮੁਸ਼ਕਿਲ ਹੈ ਮੇਰੀ ਦੋਸਤ

ਉਹ ਰਾਹਾਂ ’ਚ ਤਾਰੇ ਖਿਲਾਰ ਕੇ ਰੁਕ ਜਾਂਦੀ ਏ
ਸਮੁੰਦਰ ਵਾਂਗ ਚਲਦੇ ਉਹਦੇ ਤੇਜ਼ ਸਾਹਾਂ ਦਾ ਸੰਗੀਤ
ਰੱਬ ਦੀ ਰਜ਼ਾ ਤੋਂ ਕਿਤੇ ਸੁੰਦਰ ਹੈ
ਮੈਂ ਨਹੀਂ ਚਾਹੁੰਦਾ ਕਿ ਉਸ ਨਾਲ ਦੋਸਤੀ ਦੀ ਚਾਦਰ ’ਤੇ
ਸਿਰਫ਼ ਪਲੈਟੋ ਦਾ ਫ਼ਲਸਫ਼ਾ ਹੀ ਲੈ ਕੇ ਬੈਠਾਂ
ਕਿਉਂਕਿ ਮੇਰੇ ਡੂੰਘੇ ਅਚੇਤ ’ਚ ਕਿਤੇ
ਉਹਦਾ ਜਿਸਮ ਸੂਰਜਮੁਖੀ ਵਾਂਗ ਖਿੜਦਾ ਹੈ

ਮੈਂ ਨਹੀਂ ਚਾਹੁੰਦਾ ਉਹਨੂੰ ਇੰਝ ਮਾਨਣਾ
ਜਿਵੇਂ ਕੋਈ ਕਮਰੇ ਅੰਦਰ ਬੈਠ ਕੇ
ਮੀਂਹ ’ਚ ਭਿੱਜਣ ਦੀ ਕਲਪਨਾ ਕਰੇ
ਜਾਂ ਫਿਰ ਭੁਚਾਲ ਤੋਂ ਬਾਅਦ ’ਕੱਲੇ ਬਚੇ ਕਮਰੇ ’ਚ ਬੈਠ
ਭੁਚਾਲ ਦੀ ਭਿਆਨਕਤਾ ਦੇ ਕਿੱਸੇ ਗਾਉਂਦਾ ਰਹੇ

ਮੈਂ ਚਾਹੁੰਦਾ ਹਾਂ ਉਹਦੇ ਜਿਸਮ ਦੇ ਮੋਥੇ ਨੂੰ
ਮਿਰਚਾਂ ਦੇ ਕਿਆਰੇ ਵਾਂਗ ਗੁੱਡਣਾ
ਮੈਂ ਚਾਹੁੰਦਾ ਹਾਂ ਉਹਦਾ ਸਾਥ ਇੰਝ ਜੀਣਾ
ਜਿਵੇਂ ਬਹਾਰ ਦਾ ਮੌਸਮ ਹਰਿਆਵਲ ’ਚ ਬੀਜ ਜਾਂਦਾ ਹੈ
ਨਵੀਂ ਜਹੀ ਅੱਲ੍ਹੜ ਰੁੱਤ ਦਾ ਸੰਗੀਤ
ਜਿਵੇਂ ਰਾਤ ਦੇ ਠਹਿਰੇ ਪਲਾਂ ’ਚ ਚਾਨਣੀ
ਸਮੁੰਦਰ ਦੀਆਂ ਅਮੁੱਕ ਲਹਿਰਾਂ ’ਚ ਨਹਾਉਂਦੀ ਹੈ

ਪਰ ਜੇ ਜਿਸਮ ਦੇ ਸਾਫ਼-ਸ਼ਫਾਫ਼ ਪਾਣੀਆਂ ਨੂੰ ਤੂੰ
ਗੁਨਾਹਾਂ ਦੀ ਗੰਧਲੀ ਚਿੱਪਰ ’ਚੋਂ ਦੇਖਣਾ ਹੈ
ਜੇ ਹਾਲੇ ਵੀ ਤੈਨੂੰ ਦੋਸਤੀ ਦੇ ਦਰਿਆਵਾਂ ’ਚੋਂ
ਮੇਰਾ ਆਪਾ ਦਿਸ ਨਾ ਸਕੇ
ਤਾਂ ਇਹ ਦੋਸ਼ ਸਿਰਫ਼ ਭਾਸ਼ਾ ਦਾ ਹੈ
ਤੇ ਤੂੰ ਜਾਣਦੀ ਏਂ ਮੇਰੀ ਦੋਸਤ
ਭਾਸ਼ਾ ਤੋਂ ਪਰ੍ਹੇ ਵੀ ਸਰੀਰ ਦੀ ਇਕ ਬੋਲੀ ਹੁੰਦੀ ਹੈ

ਸਥਿਰਤਾ ਤੇ ਜੇਲ੍ਹ

ਅੰਬਰ 'ਚ ਜਹਾਜ਼ ਤੈਰ ਰਹੇ ਹਨ
ਤਾਰੇ ਕਿੱਕਲੀ ਕਲੀਰ ਖੇਡਦੇ
ਮੇਰੇ ਬੱਚੇ ਤੋਂ ਮੀਟੀ ਮੰਗਦੇ ਹਨ
ਚੰਨ ਕੁਆਰਿਆਂ ਦੇ ਰਾਹ ਤੋਂ ਬਚਦਾ
ਦੂਰ ਪੂਰਬ ਵੱਲ ਹਵਾ ਨਾਲ ਗੱਲਾਂ 'ਚ ਮਸਤ ਹੈ
ਸੜਕਾਂ 'ਤੇ ਮਨੁੱਖਾਂ ਦੀ ਤੋਰ ਦਰਿਆ ਵਾਂਗ ਵਹਿੰਦੀ ਹੈ
ਫ਼ੈਕਟਰੀਆਂ ਦਾ ਧੂੰਆਂ ਸੱਪ ਵਾਂਗ ਮੇਲਦੇ
ਵਾਤਾਵਰਣ ਨੂੰ ਦੈਂਤ ਵਾਂਗ ਨਿਗਲ ਰਿਹੈ
ਵਿਸ਼ਵ ਸੁੰਦਰੀ ਨੇ ਤਾਜ ਨੂੰ ਪਹਿਨ ਲਿਆ ਹੈ
ਅਖ਼ਬਾਰਾਂ ਵਿਚ ਕਿੰਨਾ ਕੁਝ ਅਵਾਰਾ ਪਸ਼ੂਆਂ ਵਾਂਗ
ਮਨੁੱਖਤਾ ਦੀ ਹਰਿਆਲੀ ਨੂੰ ਚੱਟ ਰਿਹਾ ਹੈ

ਸੂਕੋਹਲ ਦੇ ਮਾਸੂਮ ਬੁੱਲ੍ਹ ਮੇਰੀ ਰਿਹਾਈ ਭਾਲਦੇ
ਈਸਾ ਨਾਲ ਇਕਸੁਰ ਹੋ ਗਏ ਹਨ
ਸਟੈਚੂ ਆਫ਼ ਲਿਬਰਟੀ ਨੂੰ ਸਲਾਮੀ ਦਿੰਦੇ ਜਹਾਜ਼
ਕਿੰਨੇ ਸੁਹਣੇ ਲਗਦੇ ਹਨ
ਟੀ.ਵੀ. 'ਤੇ ਹੱਸ ਰਹੇ ਬੱਚੇ ਦੀ ਆਵਾਜ਼
ਮੇਰੀਆਂ ਅੱਖਾਂ 'ਚ ਭਵਿੱਖ ਦੇ ਸੁਪਨੇ ਬੀਜਦੀ ਹੈ

ਧਰਤੀ 'ਤੇ ਕਿੰਨਾ ਕੁਝ ਬਦਲ ਗਿਐ
ਲਗਦੈ ਜਿਵੇਂ ਕੁਲ ਆਲਮ ਹੀ ਬਦਲ ਗਿਆ ਹੋਵੇ
ਜੇ ਕੁਝ ਨਹੀਂ ਬਦਲਿਆ ਤਾਂ ਕੇਵਲ ਮੈਂ ਨਹੀਂ ਬਦਲਿਆ

ਮੈਂ ਅਜੇ ਵੀ ਡੋਰਮ ਨੰਬਰ ਤਿੰਨ ਵਿਚ
ਬੈਡ ਨੰਬਰ 16 ਏ 'ਤੇ ਸੌਂਦਾ ਹਾਂ
ਜਿਸ ਦੇ ਨਾਮ ਦੀ ਬਜਾਇ ਕੈਦੀ ਨੰਬਰ
ਅੱਸੀ ਹਜ਼ਾਰ ਤਿਰਿਆਨਵੇਂ-ਜ਼ੀਰੋ ਗਿਆਰਾਂ ਜ਼ਰੂਰ ਹੈ

ਧੁੱਪ

ਸਾਨੂੰ ਤਾਂ ਬਹੁਤ ਚੰਗਾ ਲੱਗਿਆ ਸੀ
ਇਸ ਠਰੀ ਹੋਈ ਫ਼ਾਈਲ ਨਗਰੀ 'ਚ ਤੇਰਾ
ਸਿਆਲੀ ਧੁੱਪ ਦੇ ਖਿੜੇ ਸੂਰਜਮੁਖੀ ਵਾਂਗ ਆਉਣਾ
ਮੇਜ਼ਾਂ ਤੇ ਦਰਾਜ਼ਾਂ ਵਿਚੋਂ ਨਜ਼ਮਾਂ ਲੱਭਣਾ

ਸਾਨੂੰ ਤਾਂ ਉੱਕਾ ਹੀ ਪਤਾ ਨਹੀਂ ਸੀ ਪਹਿਲਾਂ
ਕਿ ਵਿਦਡਰਾਲ ਫ਼ਾਰਮਾਂ ਅਤੇ ਘਰ ਦੀਆਂ ਗ਼ਰਜ਼ਾਂ ਤੋਂ ਪਰ੍ਹੇ ਵੀ
ਇਕ ਵਿਸ਼ਾਲ ਧਰਤੀ ਹੈ, ਜੀਹਦੇ ਦਿਸਹੱਦਿਆਂ ਵਿਚ
ਸੂਰਜ ਉਦੈ ਦੀਆਂ ਲੋਰੀਆਂ ਹਨ ਤੇ ਗੀਤਾਂ ਵਰਗਾ ਮੀਂਹ ਹੈ

ਚੈੱਕ-ਬੁੱਕਾਂ ਸ਼ਾਮ ਹੋਣ ਤੋਂ ਪਹਿਲੇ ਵੀ ਸੋਨ-ਰੰਗੀਆਂ ਹੋ ਸਕਦੀਆਂ ਹਨ
ਕਿ ਲੋਨ-ਫ਼ਾਰਮਾਂ ਦੀ ਗਰੰਟੀ ਦੀ ਹੱਦ ਤੋਂ ਪਾਰ ਵੀ
ਸਮੇਂ ਦਾ ਇਕ ਮਿਹਰਬਾਨ ਵਗਦਾ ਸਮੁੰਦਰ ਹੈ
ਜਿਸ ਦੀ ਬੀਚ 'ਚ ਤਰਦਿਆਂ ਅਸੀਂ ਗੁਰੂਤਾ ਤੋਂ ਟੁੱਟ ਸਕਦੀਆਂ ਹਾਂ
ਅਜਨਬੀਪਨ ਤੇ ਬਣਾਉਟੀ ਬਾਰਾਂ ਵਿੱਚੀ ਹਾਸੇ ਦੀ ਝੜੀ ਵਿਚ
ਅਸੀਂ ਬੜੀ ਦੇਰ ਭਿੱਜਦੀਆਂ ਰਹੀਆਂ ਹਾਂ

ਕਿਊ ਦੀ ਵਿਸ਼ਾਲਤਾ 'ਚ ਜਕੜੇ ਲੋਕ
ਸਾਡੇ ਲਈ ਕਦੇ ਸਿਰਫ਼ ਟੋਕਨ ਹੁੰਦੇ ਸਨ
ਪਰ ਜਦੋਂ ਤੂੰ ਆਇਆ ਤਾਂ ਲੱਗਿਆ
ਜਿਵੇਂ ਹਨੇਰੀ ਤੋਂ ਬਾਅਦ ਮੀਂਹ ਦੀ ਪਹਿਲੀ ਕਣੀ ਹੋਵੇ
ਤੇ ਤੇਰਾ ਬੈਕੀ ਮਕਡੂਗਲ ਨਾਲ ਇੰਡੀਆ ਬਾਰੇ ਗੱਲਾਂ ਕਰਨਾ
ਜਾਪਦਾ ਸੀ ਜਿਵੇਂ ਅਸੀਂ ਰਹੱਸਮਈ ਸ਼ਾਮ 'ਚ

ਸਿਰਫ਼ ਪਰਛਾਵੇਂ ਹੋ ਗਈਆਂ ਹਾਂ
ਦੂਰ ਹਿਮਾਲਿਆ ਦੀ ਬਰਫ਼ਾਨੀ ਢਲ਼ਾਨ 'ਤੇ
ਕਿਸੇ ਯੋਗੀ ਵਾਂਗ ਉਤਰ ਰਹੀਆਂ ਹਾਂ

ਜਾਣ ਤੋਂ ਪਹਿਲਾਂ ਨੂੰ ਇਕਰਾਰ ਕੀਤਾ ਸੀ
ਜਦੋਂ ਪਰਤਾਂਗਾ ਤਾਂ ਮੇਰੀ ਨਜ਼ਰ ਦਾ ਦਿਸਹੱਦਾ ਵਿਸ਼ਾਲ ਹੋਵੇਗਾ
ਪਰ ਤੂੰ ਤਾਂ ਹੱਥ ਹੀ ਗੁਆ ਆਇਉਂ ਸਾਡੇ ਦੋਸਤ

ਕਿੱਥੇ ਨੇ ਤੇਰੇ ਉਹ ਬੋਲ
ਜੋ ਮਾਹੌਲ ਨੂੰ ਗੀਤਾਂ ਦੇ ਪਿਆਰ-ਰੁਮਾਲ 'ਚ ਬੰਨ੍ਹਦੇ ਸਨ
ਅਤੇ ਕਿੱਥੇ ਹਨ ਉਹ ਤੇਰੇ ਪੈਰ
ਜਿਨ੍ਹਾਂ ਵੱਲ ਤੱਕਦਿਆ ਲਗਦਾ ਸੀ
ਐਵਰੈਸਟ ਦੀ ਉਚਾਈ ਐਵੇਂ ਸਵੇਰ ਦੀ ਸੈਰ ਹੈ
ਤੇ ਤੇਰੀਆਂ ਅੱਖਾਂ ਦੇ ਸਮੁੰਦਰ ਕਿੱਥੇ ਨੇ
ਜੋ ਮੁਸਕਾਨਾਂ ਦੀ ਫ਼ਸਲ ਦੇ ਇਤਬਾਰ ਹੁੰਦੇ ਸਨ

ਜੇ ਚਿਹਰੇ 'ਤੇ ਏਨੇ ਜੰਗਲ ਸਾੜ ਕੇ ਆਉਣਾ ਸੀ
ਤਾਂ ਤੂੰ ਵਾਪਸ ਹੀ ਨਾ ਆਉਂਦੋਂ ਸਾਡੇ ਦੋਸਤ
ਕਿ ਸਾਨੂੰ ਅਤੀਤ ਦੀਆਂ ਭਿੱਜੀਆਂ ਘਾਟੀਆਂ 'ਚ ਹੀ
ਕੁਝ ਚਿਰ ਹੋਰ ਭਟਕਣ ਦਿੰਦਾ

ਪਾਸ਼ ਦੀ ਯਾਦ ’ਚ

ਪਾਸ਼ ਲਈ

ਇਹ ਰੁੱਤ ਰੋਣ ਲਈ ਨਹੀਂ, ਵਾਅਦੇ ਸਰ ਕਰਨ ਦੀ ਹੈ
ਪਾਸ਼! ਭਾਵੇਂ ਤੂੰ ਚਲਾ ਗਿਆ ਏਂ
ਪਰ ਅਸੀਂ ਚੇਤਨਾ ਦੀਆ ਸੜਕਾਂ ’ਤੇ
ਤੇਰੇ ਖ਼ੂਨ ਨਾਲ ਲਿਖੇ ਅੱਖਰਾਂ ਦੀ ਇਬਾਰਤ ਪੜ੍ਹਾਂਗੇ
ਹਵਾ ਦੀ ਉਦਾਸੀ ਨੂੰ ਪੀ ਕੇ ਗਲ਼ਾ ਸਾਫ਼ ਕਰਨ ਵਾਲੇ ਹੋਰ ਹੁੰਦੇ ਨੇ
ਅਸੀਂ ਤਾਂ ਧੁਪੀਲੇ ਆਕਾਸ਼ਾਂ ਦੀਆਂ ਨੀਲੱਤਣਾ ’ਚ
ਤੇਰੇ ਗੀਤਾਂ ਦੀ ਲੋਅ ਕਰਾਂਗੇ
ਅਸੀਂ ਤੇਰੀ ਬਰਸੀ ਤੇ ਸੋਗਵਾਰ ਅੱਥਰੂ ਲੈ ਕੇ ਨਹੀਂ ਆਵਾਂਗੇ
ਨਾ ਹੀ ਕਹਾਂਗੇ ਕਿ ਨਦੀ ਸਿਸਕੀਆਂ ਭਰਦੀ ਹੈ
ਅਸਮਾਨ ਇਕੱਲਾ ਭਟਕਦਾ ਹੈ ਜਾਂ ਤਾਰੇ ਬਲ਼ਦੇ ਹਨ

ਪਰ ਅਸੀਂ ਭੁੱਲਾਂਗੇ ਨਹੀਂ
ਹਨੇਰੇ ਦੀ ਪਰਿਕਰਮਾ ਕਰਦੇ ਉਨ੍ਹਾਂ ਲੇਖਕਾਂ ਨੂੰ
ਜੋ ਤੇਰੇ ਕਤਲ ਦੀ ਸਾਜ਼ਿਸ਼ ’ਚ ਸ਼ਾਮਿਲ ਹੋਏ
ਅਸੀਂ ਖ਼ਾਮੋਸ਼ੀ ਦੀ ਜ਼ੁਬਾਨ ਨਾਲ ਨਹੀਂ
ਪੂਰੇ ਰੋਹ ਨਾਲ ਕਾਫ਼ਲੇ ਬੰਨ੍ਹ ਕੇ ਆਵਾਂਗੇ
ਧਰਤੀ ਤੇ ਅੰਬਰ ਤਾਂ ਕਦੋਂ ਦੇ ਜਾਗਦੇ ਸਨ
ਅਸੀਂ ਹੀ ਕੇਵਲ ਸੁੱਤੇ ਰਹੇ ਹਾਂ

ਤੂੰ ਜਿਸ ਹਨੇਰੇ ਭਾਰਤ ਨੂੰ ਰੌਸ਼ਨੀ ਨਾਲ ਭਰਨ ਲਈ
ਉਮਰ ਭਰ ਸੂਰਜ ਨੂੰ

ਆਪਣੇ ਵੱਲ ਕਰਨ ਦਾ ਯਤਨ ਕਰਦਾ ਰਿਹਾ
ਅਸੀਂ ਬਾਕੀ ਰਹਿੰਦੇ ਸੂਰਜ ਨੂੰ ਪਰਨਾਵਾਂਗੇ
ਤੂੰ ਸਾਡੇ ਚਾਰੋਂ ਪਹਿਰ ਹੈਂ
ਸੁਬ੍ਹਾ, ਦੁਪਹਿਰ, ਸ਼ਾਮ ਤੇ ਰਾਤ
ਤੂੰ ਤਾਂ ਇਕ ਲਾਟ ਹੈਂ ਮਿੱਤਰਾ
ਜਿਸ ਹਨੇਰੇ ਮਹਾਂਦੀਪ ਲਈ ਰੌਸ਼ਨੀ ਦੀ ਕਿਰਨ ਬਣਨਾ ਹੈ
ਜਿਸ ਨੇ ਅਮਲਤਾਸ ਦੇ ਫੁੱਲ ਨਹੀਂ
ਸਗੋਂ ਸਰ੍ਹੋ ਦੀਆਂ ਗੰਦਲਾਂ ਬਣਨਾ ਹੈ
ਪਾਲਕ ਵਰਗੇ ਬੱਦਲਾਂ ਦੀ ਪਹਿਲੀ ਕਣੀ
ਚੰਗੇਰ ’ਚ ਲੱਥੀਆਂ ਰੋਟੀਆਂ ਦੀ ਖ਼ੁਸ਼ਬੋ
ਹਾਰੇ ਤੋਂ ਲਾਹੇ ਦੁੱਧ ਦੀ ਮਹਿਕ
ਮੇਰੀ ਇਸ ਕਵਿਤਾ ਤੋਂ ਪਰ੍ਹੇ ਵੀ ਅਜੇ
ਤੇਰੇ ਜ਼ਿੰਦਾ ਰਹਿਣ ਲਈ ਅਨੰਤ ਤਸ਼ਬੀਹਾਂ ਹਨ।

ਪਰ ਅਸੀਂ ਯਾਦ ਰੱਖਾਂਗੇ ਉਨ੍ਹਾਂ ਲੋਕਾਂ ਨੂੰ
ਜੋ ਹਵਾ ਦਾ ਰੁਖ ਵਿੰਹਦੇ ਰਹੇ
ਕਿ ਜੇ ਹਵਾ ਚੱਲੇ ਤਾਂ ਆਪਣੇ ਛੱਜਾਂ ਵਿਚ
ਤੈਨੂੰ ਅਰਪਿਤ ਸੈਂਡ ਦੀ ਛੱਜਲੀ ਉਡਾਵਾਂਗੇ
ਤੈਨੂੰ ਖੇਤਾਂ ਦਾ ਪੁੱਤ ਆਖਣ ਵਾਲੇ ਤਾਂ ਬੜੇ ਹਨ
ਪਰ ਖੇਤਾਂ ਦੇ ਅਰਥ
ਦਿੱਲੀ ਦੇ ਤਖ਼ਤ ਤੀਕ ਕਿਵੇਂ ਅੱਪੜੇ
ਸ਼ਾਇਦ ਉਹ ਜਾਨਣਾ ਹੀ ਨਹੀਂ ਚਾਹੁੰਦੇ
ਤੇ ਉਹ ਲੇਖਕ ਜੋ ਕਲ੍ਹ ਝੂਠੀ ਮੂਠੀ ਦੀ
ਲੋਕ ਰੌਅ ਨੂੰ ਸੜਾਂਕਦੇ ਹੋਏ
ਮਹਾਂ ਨਾਵਲ ਲਿਖਣ ਦਾ ਦੰਭ ਰਚਦੇ ਸਨ
ਤੇਰੀ ਸ਼ਰਧਾਂਜਲੀ ’ਤੇ ਅਪੜੇ

ਸਾਡੇ ਲਈ ਇਹ ਕਿੰਨਾ ਅਸਹਿ ਸੀ
ਜਦੋਂ ਕਿ ਕਿਸੇ ਕਮਰੇ ਦੀ ਛੱਤ ਹੇਠ ਬੈਠ
ਆਪਾਂ ਖੁੱਲ੍ਹੇ ਅਸਮਾਨ ਦੀ ਸੀਮਾ ਨੂੰ ਅਨੰਤ ਦੱਸਿਆ ਸੀ
ਧਰਤ ਦੇ ਬੋਟਾਂ ਦਾ ਆਲ੍ਹਣਾ
ਉਨ੍ਹਾਂ ਦੇ ਜੀਣ ਦੀ ਅਣਖ ਹੁੰਦੀ ਹੈ, ਦੱਸਿਆ ਸੀ
ਸਾਨੂੰ ਮਾਣ ਹੈ ਕਿ ਲੋਕਾਂ ਤੈਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ
ਪਰ ਉਨ੍ਹਾਂ ਕਵੀਆਂ ਨਾਲ ਅਜੇ ਸੰਵਾਦ ਕਰਨਾ ਹੈ
ਜੋ ਤੈਨੂੰ ਫੁੱਲ ਭੇਂਟ ਕਰਦੇ ਹੋਏ ਵੀ
ਵੋਟ ਦੀ ਪਰਚੀ 'ਚੋਂ ਸੂਹਾ ਭਵਿੱਖ ਤੱਕਦੇ ਹਨ
ਜੋ ਅਜੇ ਵੀ ਕੱਚੀ ਭੁੱਚੋ ਦੀ ਜ਼ਿੰਦਗੀ ਨੂੰ
ਕੇਵਲ ਨਿਮਨ ਸਾਹਿਤ ਮੰਨਦੇ ਹਨ

ਤੂੰ ਤਾਂ ਐਸੀ ਕਿਰਨ ਹੈਂ ਮਿੱਤਰਾਂ
ਜਿਸ ਹਨੇਰੇ ਘੁਰਨਿਆਂ 'ਚ ਦੜੇ
ਦੋ ਪੈਰੇ ਜੀਵਾਂ ਨੂੰ ਜੀਣ ਦੀ ਮੜਕ ਦੱਸੀ
ਜਿਸ ਚੜ੍ਹ ਰਹੀ ਗਹਿਰ ਵਿਚ ਵੀ
ਸਿੰਮਲ ਰੁੱਖਾਂ ਦੇ ਫੁੱਲਾਂ ਦਾ ਨਿਰਣਾ ਕੀਤਾ
ਸਬਰ ਦੀਆਂ ਨਦੀਆਂ ਦੇ ਬਰੇਤੇ
ਤੇਰੇ ਜੀਂਦਿਆਂ ਵੀ ਲੂਸਦੇ ਸਨ
ਭਾਣੇ ਦੀਆਂ ਤਵੀਆਂ
ਉਦੋਂ ਵੀ ਤੱਤੀਆਂ ਹੋ ਹੋ ਮਚਦੀਆਂ ਸਨ

ਪਰ ਕਾਸ਼! ਇਸ ਖ਼ੁਰਦਬੀਨੀ ਧੁੱਪ 'ਚੋਂ ਅਸੀਂ
ਤੇਰੀਆਂ ਅਲਵਿਦਾ ਘੜੀਆਂ ਦਾ ਤਸੱਵੁਰ ਤੱਕਿਆ ਹੁੰਦਾ
ਕਾਸ਼! ਉਹ ਸਾਰੀਆਂ ਗੱਲਾਂ ਜੋ ਆਪਾਂ ਕਰਨੀਆਂ ਸਨ
ਧੂੜ ਉਡਦੇ ਰਾਹਾਂ 'ਤੇ ਆਪਾਂ ਕਰ ਸਕੇ ਹੁੰਦੇ

ਕਾਸ਼! ਜਿਨ੍ਹਾਂ ਲਈ ਕਵਿਤਾ ਦੀ ਚੱਪਣੀ ਹੀ ਬਾਕੀ ਸੀ
ਉਹ ਸਮੇਂ ਦੇ ਪਾਣੀਆਂ ਦੀ ਹੀ ਸ਼ਰਮ ਕਰਦੇ
ਪਰ ਸਮਾਂ ਹੈ ਨਾ, ਰੁਕ ਨਹੀਂ ਸਕਦਾ
ਮੇਰੇ ਜ਼ੰਜੀਰਾਂ ਬੰਨ੍ਹਣ ਤੋਂ ਵੀ

ਅਸੀਂ ਜੋ ਪਲ ਤੇ ਘੜੀਆਂ ਜੀਵੇ
ਐਨ ਜ਼ਿੰਦਾ ਹਨ
ਉਹ ਰਾਹ ਜਿਨ੍ਹਾਂ 'ਤੇ ਤੂੰ ਤੁਰਿਆ
ਤੇਰੀਆਂ ਕਾਵਿ-ਮੁਸਕਾਨਾਂ ਸਮੇਤ ਜ਼ਿੰਦਾ ਹਨ
ਇਸੇ ਲਈ ਫ਼ਿਲਹਾਲ
ਇਹ ਕਾਰਾਂ ਅਤੇ ਫ਼ੈਕਟਰੀਆਂ 'ਤੇ ਉੱਤਰ ਰਹੀ ਸਵੇਰ
ਅਸੀਂ ਤੇਰੇ ਨਾਮ ਕਰਦੇ ਹਾਂ

ਆਹ ਦੱਖਣੀ ਪੁਰੇ ਦੀ ਹਵਾ
ਤੇ ਝੋਨਿਆਂ ਦੀਆਂ ਮੁੰਜਰਾਂ 'ਚ ਅਟਕੀ ਦੁਪਹਿਰ
ਤੇਰੇ ਨਾਮ ਕਰਦੇ ਹਾਂ

ਅਸੀਂ ਇਸ ਧਰਤ ਨੂੰ ਸਾਂਭ ਰੱਖਾਂਗੇ
ਲੋਕਾਂ ਦੀ ਸਰ-ਜ਼ਮੀਂ ਵਿਚੋਂ
ਤੇਰੇ ਲਈ ਫੁੱਲ ਉਗਾਵਾਂਗੇ
ਅਸੀਂ ਤੈਨੂੰ ਆਪਣੇ ਸਿਰਾਂ ਦੀ ਸਲਾਮੀ ਦਿੰਦੇ ਹਾਂ
ਕਿ ਤੂੰ ਸਾਡੇ 'ਚ ਅਜੇ ਵੀ ਜ਼ਿੰਦਾ ਹੈਂ
ਇਤਿਹਾਸ ਦੇ ਚਲਦੇ ਹੋਏ ਸਾਹ ਵਾਂਗ
ਇਤਿਹਾਸ ਦੇ ਚਲਦੇ ਹੋਏ ਸਾਹ ਵਾਂਗ

ਅਸਹਿ

(ਪਾਸ਼ ਦੀ ਕਵਿਤਾ 'ਸਭ ਤੋਂ ਖ਼ਤਰਨਾਕ' ਦੇ ਨਾਮ)

ਕੰਡੇਦਾਰ ਤਾਰਾਂ ਦੀ ਹੱਦ ਨੂੰ
ਲਗਾਤਾਰ ਹਫ਼ਦੀਆਂ ਨਜ਼ਰਾਂ ਨਾਲ ਨਿਹਾਰਨਾ
ਅਸਮਾਨ ਨੂੰ ਮੁੱਠੀ ਭਰ ਲੀਕਾਂ 'ਚ ਸੀਮਤ ਕਰ ਲੈਣਾ
ਤੇ ਰੋਜ਼ ਚੈਕ ਹੁੰਦੇ ਲਾਕਰਾਂ
ਤੇ ਬਿਸਤਰਿਆਂ ਦੀ ਮਜ਼ਬੂਰੀ ਦਾ ਨਗਨ ਹੋਣਾ
ਅਸਹਿ ਨਹੀਂ ਹੁੰਦਾ

ਗੋਲ਼ ਦਾਇਰੇ 'ਚ ਸਿਮਟੇ ਦਹਿਸ਼ਤ ਦੇ ਕਿਲ੍ਹਿਆਂ ਨੂੰ ਜਰ ਲੈਣਾ
ਜਾਮਾ-ਤਲਾਸ਼ੀ ਵੇਲ਼ੇ ਜਿਸਮ 'ਚ ਪੁੰਗਰ ਆਏ ਕੰਡਿਆਂ ਨੂੰ ਜਰਨਾ
ਐਟਮ ਵਾਂਗ ਦਗ਼ਦੀਆਂ ਡਿਪਟੀ ਦੀਆਂ ਮੈਲ਼ੀਆਂ ਅੱਖਾਂ ਤੋਂ
ਆਪਣੀ ਬਚੀ ਖੁਚੀ ਇਜ਼ਤ ਦੀ ਪੱਗ ਨੂੰ
ਸਾਥੀ ਕੈਦੀਆਂ ਤੋਂ ਬਚਾ ਕੇ ਬੰਨ੍ਹ ਲੈਣਾ
ਅਸਹਿ ਨਹੀਂ ਹੁੰਦਾ

ਪਤਨੀ ਦੀਆਂ ਚਿੱਠੀਆਂ 'ਚ ਡੂੰਘੀ ਹੋ ਰਹੀ
ਗ਼ਮਾਂ ਦੀ ਫ਼ਸਲ ਦਾ ਬੇਪਰਦ ਹੋਣਾ
ਫ਼ੋਨ 'ਤੇ ਕੀਤੀ ਹਰ ਗੱਲ ਦਾ ਨਿਰਵਸਤਰ ਹੋ ਜਾਣਾ
ਦੋਸਤਾਂ ਦੀ ਡਾਕ ਦਾ ਸੈਂਸਰ ਦੀ ਦੋਮੂੰਹੀਂ ਦੇ ਡੰਗ ਸਹਿਣਾ
ਜਾਂ ਮਾਂ ਦੇ ਸੁਨੇਹਿਆਂ 'ਚ ਰੋਜ਼
ਕਬਰ ਦੇ ਅੱਖਰਾਂ ਦਾ ਵਧਦੇ ਜਾਣਾ
ਅਸਹਿ ਨਹੀਂ ਹੁੰਦਾ

ਚੋਰਾਂ ਵਾਂਗ ਦਿਹਾੜੀ 'ਚ ਹੁੰਦੀਆਂ ਛੇ ਵਾਰ ਗਿਣਤੀਆਂ
ਜਾਂ ਜੇਲ੍ਹ ਮੈਨੂਅਲ 'ਚ ਲੁਕੇ ਅਸੂਲਾਂ ਦੀ ਚਾਬਕ ਦਾ
ਤੁਹਾਡੇ 'ਤੇ ਬਰਸ ਜਾਣਾ

ਅਸਹਿ ਨਹੀਂ ਹੁੰਦਾ
ਸੰਧਿਆ ਦੀ ਗਿਣਤੀ ਵੇਲੇ
ਟੀ.ਵੀ. 'ਤੇ ਕੌਮਾਂਤਰੀ ਖ਼ਬਰਾਂ ਦਾ ਲੰਘ ਜਾਣਾ
ਤੁਹਾਡੀ ਨਜ਼ਰ ਤੋਂ ਪਰ੍ਹੇ
ਅਸਤ ਹੋ ਰਹੇ ਸੂਰਜ ਦੀ ਚਿਤਰਕਾਰੀ ਦਾ ਡੁੱਬ ਜਾਣਾ
ਪਾਈਨ ਬਿਰਖ਼ਾਂ 'ਤੇ ਬੈਠੇ ਪੰਛੀਆਂ ਦੇ
ਗੀਤਾਂ ਦਾ ਤੁਹਾਡੇ ਦੁੱਖ 'ਚ ਸ਼ਰੀਕ ਹੋਣਾ
ਅਸਹਿ ਨਹੀਂ ਹੁੰਦਾ

ਅਸਹਿ ਹੁੰਦਾ ਹੈ
ਇਸ ਸਭ ਕਾਸੇ ਨੂੰ ਭਾਣੇ ਵਾਂਗ ਮੰਨ ਲੈਣਾ
ਹਿੱਕ 'ਚ ਬਲਦੇ ਗੀਤਾਂ ਦਾ ਸਤੀ ਹੋ ਜਾਣਾ
ਪੌਣਾਂ ਨੂੰ ਕੋਈ ਸੰਦੇਸ਼ ਨਾ ਦੇਣਾ
ਤੇ ਸੂਰਜ ਤੋਂ ਅੱਖ ਬਚਾ ਕੇ
ਆਪੇ ਦੀ ਆਡ 'ਚ ਸਿੰਮਦੇ ਰਹਿਣਾ

ਅਸਹਿ ਹੁੰਦਾ, ਅਸਹਿ ਹੁੰਦਾ
ਉਹਨਾਂ ਜਾਂਬਾਜ਼ ਦੀਵਿਆਂ ਦਾ ਮਰ ਜਾਣਾ
ਜਿਨ੍ਹਾਂ ਦੀ ਲੋਅ 'ਚ ਅਸੀਂ
ਜ਼ਿੰਦਗੀ ਦੇ ਸਿਆੜ ਸਿੱਧੇ ਕਰਨੇ ਸਨ
ਅਸਹਿ ਹੁੰਦਾ, ਉਨ੍ਹਾਂ ਫੁੱਲਾਂ ਦਾ ਮੁਰਝਾ ਜਾਣਾ
ਜਿਨ੍ਹਾਂ ਨੂੰ ਅਸੀਂ ਰਾਤਾਂ ਦੇ ਅਨੰਤ ਸਕੂਲਾਂ 'ਚ ਉਗਾਉਂਦੇ ਰਹੇ ਹਾਂ

ਅੰਦਰਲੀ ਅਣਖ ਵਰਗੀ ਨਹਿਰ ਦਾ ਸੁੱਕ ਜਾਣਾ
ਜੀਹਦੇ ਕੰਢਿਆਂ 'ਤੇ ਖੜੋ ਅਸੀਂ
ਸਦੀਆਂ ਦੀਆਂ ਢੀਮਾਂ ਫੇਹਣ ਦਾ ਹਲਫ਼ ਲਿਆ ਸੀ

ਸੋਚਾਂ ’ਚ ਡਰ ਦੇ ਪਰਛਾਵਿਆਂ ਦਾ ਲੰਮੇ ਹੁੰਦੇ ਜਾਣਾ
ਧੜਕਦੇ ਦਿਲਾਂ ਦਾ ਸੁਪਨਿਆਂ ਦੀ
ਰੰਗੀਨ ਧਰਤ ਤੋਂ ਬਾਂਝ ਹੋ ਜਾਣਾ
ਵਰ੍ਹਦੀਆਂ ਗੋਲ਼ੀਆਂ ’ਚ
ਦੁਸ਼ਮਣ ਨੂੰ ਚਿੱਟਾ ਰੁਮਾਲ ਦਿਖਾ
ਆਪਣੇ ਹੀ ਸਾਥੀਆਂ ਦੀਆਂ
ਲਾਸ਼ਾ ’ਤੇ ਪੈਰ ਧਰ ਕੇ ਲੰਘ ਜਾਣਾ
ਅਸਹਿ ਹੁੰਦਾ ਹੈ

ਅਸਹਿ ਹੁੰਦਾ ਹੈ
ਕੁਲੰਬਸ ਦੀ ਅਸੀਮਤ ਯਾਤਰਾ ਦਾ
ਘਰ ਦੀਆਂ ਕੰਧਾਂ ’ਚ ਦਫ਼ਨ ਹੋ ਜਾਣਾ
ਤੇ ਸਾਥੀਆਂ ਦੀ ਝੂਠੀ ਸਿਧਾਂਤਕ ਨਕਾਬਪੋਸ਼ੀ ਨੂੰ
ਦੱਬੂ ਬਲਦ ਵਾਂਗ ਮੰਨੀ ਜਾਣਾ
ਪਿੰਡਾਂ ’ਤੇ ਫੈਲੇ ਫ਼ੌਜੀ ਦਸਤਿਆਂ ਨੂੰ
‘ਅਮਨ ਕਾਨੂੰਨ’ ਦਾ ਨਾਮ ਦਈ ਜਾਣਾ
ਤੇ ਰੂਹ ਦੇ ਮੂੰਹ-ਝਾਖਰੇ ’ਚ
ਕੀਤੇ ਇਕਰਾਰਾਂ ਦਾ ਹਾਰ ਜਾਣਾ
ਅਸਹਿ ਹੁੰਦਾ ਹੈ
ਅਸਹਿ ਹੁੰਦਾ ਹੈ
ਸੰਨਾਟੇ ’ਚ ਫੈਲੀ ਧੁੱਪ ਦਾ
ਬਿਨਾਂ ਵਿਰੋਧ ਫੈਲਦੇ ਜਾਣਾ
ਜੀਹਦੇ ’ਚ ਰਾਜ ਸੱਤ੍ਹਾ ਦਾ ਕੈਕਟਸ
ਗ਼ੁਲਾਬ ਦੀ ਤਸ਼ਬੀਹ ਬਣਦਾ ਹੈ
ਤੇ ਉਨ੍ਹਾਂ ਭਖਦੇ ਬੋਲਾਂ

ਤੇ ਮਘਦੀਆਂ ਭਾਵਨਾਵਾਂ ਦੀਆਂ ਪਹਾੜੀਆਂ ਨੂੰ
ਸਿਧਾਂਤਾਂ ਦੇ ‘ਟੇਸ਼ਣ ’ਤੇ
ਚਾਂਭਲੀ ਹੋਈ ਭੀੜ ’ਚ ’ਕੱਲ੍ਹਿਆਂ ਛੱਡ ਦੇਣਾ
ਜਿਨ੍ਹਾਂ ਦੀਆਂ ਉਚਾਈਆਂ ’ਤੇ
ਸਾਡੇ ਬੱਚਿਆਂ ਦਾ ਹਾਸਾ ਚਮਕਦਾ ਹੈ
ਆਪਣੇ ਹੀ ਵਤਨ ’ਚ ਲਗਾਤਾਰ
ਬੇਵਤਨ ਹੋ ਰਹੇ ਨਗ਼ਮੇ ਨੂੰ
ਸਮੇਂ ਦਾ ਛੰਦ ਕਹਿਣਾ
ਤੇ ਠੰਡੀ ਯਖ਼ ਠਰੀ ਚਾਨਣੀ ਨੂੰ
ਸਦੀ ਦਾ ਸਿਰਲੇਖ ਆਖਣਾ
ਸਚਮੁੱਚ ਹੀ ਅਸਹਿ ਹੁੰਦਾ ਹੈ....ਅਸਹਿ ਹੁੰਦਾ ਹੈ

ਜ਼ਿੰਦਗੀ ’ਚ ਨਿੱਕੇ ਨਿੱਕੇ ਸੱਚਾਂ ਦੀ ਰੱਖਿਆ ਵੇਲ਼ੇ
ਸਮਝੌਤੇ ਦੀਆਂ ਸ਼ਾਂਤ ਖੁਰਲੀਆਂ ’ਤੇ ਬੱਝ ਜਾਣਾ
ਅਤੇ ਜ਼ਖ਼ਮਾਂ ਦੀ ਇਬਾਰਤ ਨੂੰ ਉਮਰ ਕਹੀ ਜਾਣਾ
ਤੇ ਉਨ੍ਹਾਂ ਨਜ਼ਮਾਂ ਦੇ ਲੇਖਕ ਹੋਣ ਤੋਂ ਇਨਕਾਰ ਕਰਨਾ
ਜੋ ਹੌਂਸਲੇ ਦੀ ਪਹਿਲੀ ਸਵੇਰੇ ਲਿਖੀਆਂ ਸਨ
ਉਨ੍ਹਾਂ ਹੀ ਘਟਨਾਵਾਂ ਦੀ ਆਰਤੀ ਉਤਾਰਦੇ ਰਹਿਣਾ
ਜੋ ਸਦੀ ਦੇ ਪਹਿਲੇ ਦਹਾਕੇ ’ਚ ਵਾਪਰੀਆਂ ਸਨ

ਦੇਸ਼ ਦੇ ਵਿਹੜਿਆਂ ’ਚ ਫੈਲ ਗਈਆਂ
ਰਾਤਾਂ ਦੀਆਂ ਨਮੋਸ਼ੀਆਂ ਨੂੰ
ਤਮਗੇ ਵਾਂਗ ਸਜਾ ਲੈਣਾ
ਸਚਮੁੱਚ ਹੀ ਅਸਹਿ ਹੁੰਦਾ ਹੈ
ਸਚਮੁੱਚ ਹੀ ਅਸਹਿ ਹੁੰਦਾ ਹੈ।

ਤੂੰ ਤਾਂ ਸਾਡੇ ਕੋਲ਼ ਹੈਂ

ਅਸੀਂ ਤੈਨੂੰ ਭਾਲਦੇ ਹਾਂ
ਫੁੱਲਾਂ ਦੀਆਂ ਕਿਆਰੀਆਂ ’ਚ ਦੋਸਤੀ ਦੇ ਪੰਧਾਂ ’ਤੇ
ਕਮਾਦ ਦੀਆਂ ਢਲ਼ ਗਈਆਂ ਛਾਵਾਂ ਵਿਚ
ਧੂੜ ਲੱਦੇ ਪਹਿਆਂ ਵਿਚ
ਗੁੰਮ ਹੋ ਰਹੀਆਂ ਸੰਧੂਰੀ ਸ਼ਾਮਾਂ ਵਿਚ
ਅਸੀਂ ਤੈਨੂੰ ਭਾਲਦੇ ਹਾਂ
ਧੁੱਪਾਂ ਵਿਚ, ਰੁੱਤਾਂ ਵਿਚ
ਛਾਵਾਂ ਵਿਚ, ਮਾਵਾਂ ਵਿਚ
ਅਸੀਂ ਤੈਨੂੰ ਭਾਲਦੇ ਹਾਂ
ਉਨ੍ਹਾਂ ਸਭ ਕਵਿਤਾਵਾਂ ਵਿਚ
ਜੋ ਤੂੰ ਅਜੇ ਲਿਖਣੀਆਂ ਸਨ
ਚੁੱਪ ਚੁੱਪ ਸਫ਼ਿਆਂ ’ਤੇ, ਸੁੱਤੇ ਸੁੱਤੇ ਨਕਸ਼ਾਂ ’ਚ
ਸੂਹੇ ਸੂਹੇ ਖ਼ਾਬਾਂ ਵਿਚ
ਯੁੱਧ ਵਰਗੇ ਆਬਾਂ ਵਿਚ
ਅਸੀਂ ਤੈਨੂੰ ਭਾਲਦੇ ਹਾਂ
ਇਹ ਜੋ ਕਰਵਟ ਲੈ ਰਿਹਾ ਹੈ, ਜਥੇਬੰਦ ਵਕਤ ਹੈ
ਜ਼ਿੰਦਗੀ ਦੇ ਯੁੱਧਾਂ ਨੇ ਢਾਹ ਦੇਣਾ ਤਖ਼ਤ ਹੈ
ਜੀਹਦੇ ਵਿਚ ਗੁੰਮ ਹਨ ਸਾਡੇ ਜੀਵਨ ਦੀਆਂ ਸਵੇਰਾਂ
ਉਨ੍ਹਾਂ ਸਭ ਸਰਘੀਆਂ ’ਚੋਂ ਅਸੀਂ ਤੈਨੂੰ ਭਾਲਦੇ ਹਾਂ
ਤੂੰ ਤਾਂ ਸਾਡੇ ਕੋਲ ਸੀ, ਬੜਾ ਹੀ ਅਡੋਲ ਸੀ
ਅਸੀਂ ਹੀ ਅਣਭੋਲ ਸੀ, ਪਛਾਣ ਵੀ ਨਾ ਸਕੇ ਤੈਨੂੰ
ਤੂੰ ਜੋ ਉੱਚਾ ਗਾ ਰਿਹਾ ਹੈਂ ਬਣ ਕੇ ਸਰਘੀ ਦਾ ਤਾਰਾ
ਧਰਤੀ ਦਾ ਪੁੱਤ ਹੈਂ, ਇਸੇ ਲਈ ਤੂੰ ਸਭ ਤੋਂ ਪਿਆਰਾ

ਨਹੀਂ ਹੈ ਸਾਨੂੰ ਲੋੜ
ਕਿਤੇ ਤੈਨੂੰ ਬਾਹਰ ਭਾਲਣ ਦੀ
ਤੂੰ ਤਾਂ ਸਾਡੇ ਕੋਲ ਹੈਂ, ਤੂੰ ਤਾਂ ਸਾਡੀ ਜਾਨ ਹੈਂ
ਤੂੰ ਤਾਂ ਸਾਡੀ ਆਨ ਹੈਂ, ਤੂੰ ਤਾਂ ਸਾਡੀ ਸ਼ਾਨ ਹੈਂ
ਤੂੰ ਹੈਂ ਸਾਡੇ ਜੀਣ ਦੀ ਸੱਧਰ, ਇਸੇ ਲਈ ਮਹਾਨ ਹੈਂ
ਤੂੰ ਤਾਂ ਸਾਡੀ ਲਗਨ ਹੈਂ
ਨਿੱਕੇ ਨਿੱਕੇ ਸੁਪਨਿਆਂ ’ਚ ਬਲਦੀ ਹੋਈ ਅਗਨ ਹੈਂ

ਜਿੱਥੇ ਜਿੱਥੇ ਨੇ ਲੋਕ ਤੁਰੇ ਉਥੇ ਉਥੇ ਤੂੰ ਨਾਲ ਹੈਂ
ਸੂਹੇ ਸੂਹੇ ਖ਼ਾਬਾਂ ਦੀ ਤੂੰ ਸੰਗੀਨ ਨਾਲ ਤਾਲ ਹੈਂ
ਪਾਸ਼ ਮੇਰੇ ਯਾਰ
ਤੂੰ ਤਾਂ ਸਾਡੇ ਨਾਲ ਹੈਂ, ਤੂੰ ਤਾਂ ਸਾਡੀ ਢਾਲ਼ ਹੈਂ
ਜ਼ਿੰਦਗੀ ਦੇ ਖੇਤਾਂ ਵਿਚ ਖਿੜੀ ਹੋਈ ਡਾਲ ਹੈਂ
ਐਵੇਂ ਤੈਨੂੰ ਭਾਲਦੇ ਹਾਂ ਇਥੇ ਉਥੇ, ਇਧਰ ਉਧਰ
ਚਾਰੇ ਹੀ ਦਿਸ਼ਾਵਾਂ ਵਿਚ ਤੂੰ ਤਾਂ ਸਾਡੇ ਨਾਲ ਹੈਂ

ਜਿੰਨਾਂ ਚਿਰ ਲੜਾਂਗੇ, ਤੈਨੂੰ ਯਾਦ ਕਰਾਂਗੇ
ਨਦੀਆਂ ਤੇਰੀਆਂ ਨਜ਼ਮਾਂ ਦੀਆਂ
ਨੰਗੇ ਪੈਰ ਤੁਰਾਂਗੇ
ਮੋਹ ਦੀਆਂ ਬੁੱਕਲਾਂ ’ਚ ਤੁਰਨਗੇ ਫਿਰ ਤੇਰੇ ਗੀਤ
ਫੇਰ ਤੈਨੂੰ ਦੇਵਾਂਗੇ ਸਲਾਮੀ ਬਣ ਕੇ ਜ਼ਿੰਦਗੀ ਦੇ ਗੀਤ।

ਪਰਦੇ ਪਿਛਲੀ ਨੰਗੀ ਕਵਿਤਾ

-ਡਾ. ਗੁਰੂਮੇਲ ਸਿੱਧੂ

ੳ. ਰੂਪਕ ਪੱਖ

ਜਦ ਕਿਸੇ ਕਵੀ ਦੀਆਂ ਇਕ ਤੋਂ ਵੱਧ ਕਾਵਿ-ਪੁਸਤਕਾਂ ਪਾਠਕਾਂ ਅਤੇ ਸਾਹਿਤਕਾਰਾਂ ਦੇ ਹੱਥਾਂ ਵਿਚ ਪੁੱਜ ਜਾਣ ਤਾਂ ਜ਼ਾਹਿਰ ਹੈ ਕਿ ਉਹ ਕਵੀ ਸ਼ੌਂਕੀਆ ਆਪਣੀ ਤਮ੍ਹਾ ਪੂਰੀ ਕਰਨ ਲਈ ਨਹੀਂ ਲਿਖਦਾ, ਸਗੋਂ ਆਪਣੀ ਕਲਾ ਪ੍ਰਤਿ ਵਚਨਬੱਧ ਹੈ। ਉਸ ਦੀ ਵਚਨਬੱਧਤਾ ਨੂੰ ਮਾਣ ਬਖਸ਼ਣ ਦੀ ਜ਼ਿੰਮੇਵਾਰੀ ਸਹਿਜੇ ਹੀ ਸਾਹਿਤ ਦੇ ਪਾਰਖੂਆਂ 'ਤੇ ਦਾਇਰ ਹੋ ਜਾਂਦੀ ਹੈ। ਉਨ੍ਹਾਂ ਦਾ ਫ਼ਰਜ਼ ਬਣ ਜਾਂਦਾ ਹੈ ਕਿ ਨਵੀਂ ਕਾਵਿ-ਪੁਸਤਕ ਦੀ ਪਾਠਗਤ ਪੜਚੋਲ (Research) ਅਤੇ ਆਲੋਚਨਾ (Criticism) ਰਾਹੀਂ ਉਸ ਦੇ ਸਾਹਿਤਕ ਮਿਆਰ ਅਤੇ ਸਥਾਨ ਦੀ ਨਿਸ਼ਾਨਦੇਹੀ ਕਰਨ। ਸੁਖਵਿੰਦਰ ਕੰਬੋਜ ਦੀ ਤੀਸਰੀ ਕਾਵਿ-ਪੁਸਤਕ **ਇੱਕੋ ਜਿਹਾ ਦੁੱਖ** ਸਾਹਿਤਕਾਰਾਂ/ਆਲੋਚਕਾਂ ਦੀ ਪਰਖ ਪੜਚੋਲ ਦੇ ਲਈ ਬਹੁਤ ਜ਼ਰਖੇਜ਼ ਸਿੱਧ ਹੋ ਸਕਦੀ ਹੈ। ਇਸ ਆਸ਼ੇ ਨਾਲ ਹਥਲੇ ਲੇਖ ਦੀ ਵਿਉਂਤਬੰਦੀ ਕੀਤੀ ਗਈ ਹੈ।

ਵਾਰਤਕ ਦੇ ਮੁਕਾਬਲੇ 'ਤੇ ਕਵਿਤਾ ਦੇ ਅਧਿਐਨ ਲਈ ਉਸ ਦੇ ਰੂਪ ਵਿਧਾਨ ਅਤੇ ਸਤਰਬੰਦੀ (form and Lineation) ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਖੁੱਲ੍ਹੀ ਕਵਿਤਾ ਦੇ ਹੋਂਦ ਵਿਚ ਆਉਣ ਨਾਲ ਰੂਪ ਵਿਧਾਨ ਦਾ ਮਸਲਾ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ ਕਿਉਂਕਿ ਖੁੱਲ੍ਹੀ ਕਵਿਤਾ ਦੀ ਪਰਿਭਾਸ਼ਾ ਛੰਦਬੱਧ ਕਵਿਤਾ ਦੇ ਮਾਪਦੰਡਾਂ ਦੇ ਘੇਰੇ ਵਿਚ ਨਹੀਂ ਆਉਂਦੀ। ਨਾਲੇ ਖੁੱਲ੍ਹੀ ਕਵਿਤਾ ਦੇ ਨਿਕਾਸ ਤੋਂ ਲੈ ਕੇ ਹੁਣ ਤਕ ਇਸ ਦੀ ਰੂਪ-ਰੇਖਾ ਵਿਚ ਨਿਰੰਤਰ ਤਬਦੀਲੀ ਹੁੰਦੀ ਰਹੀ ਹੈ ਜਿਸ ਕਰਕੇ ਇਸ ਨੂੰ ਪਰਿਭਾਸ਼ਿਤ ਕਰਨਾ ਹੋਰ ਵੀ ਔਖਾ ਜਾਪਦਾ ਹੈ। ਫੇਰ ਵੀ ਸਾਹਿਤਕਾਰਾਂ/ਕਵੀਆਂ ਨੇ ਖੁੱਲ੍ਹੀ ਕਵਿਤਾ ਦੇ ਵੱਖਰੇ ਵੱਖਰੇ ਪੜਾਵਾਂ ਨੂੰ ਕਈ ਨਾਵਾਂ ਨਾਲ ਜੋੜਿਆ ਹੈ ਅਤੇ ਹਰ ਨਾਂ ਨਾਲ ਜੁੜੀ ਹੋਈ ਕਵਿਤਾ ਨੂੰ ਸੰਬੰਧਤ ਗੁਣਾਂ/ਦੋਸ਼ਾਂ ਨਾਲ ਵਖਰਾਇਆ ਹੈ। ਹਥਲੀ ਪੁਸਤਕ ਖੁੱਲ੍ਹੀ ਕਵਿਤਾ ਦੇ ਰੂਪ ਵਿਚ ਲਿਖੀ ਹੋਈ ਹੈ। ਇਸ ਵਿਚਲੀ ਕਵਿਤਾ ਖੁੱਲ੍ਹੀ ਕਵਿਤਾ ਦੇ ਕਿਹੜੇ ਰੂਪ ਦੀ ਧਾਰਨੀ ਹੈ, ਇਸ ਦਾ ਨਿਰਣਾ ਕਰਨ ਲਈ ਸਭ ਤੋਂ ਪਹਿਲਾਂ ਖੁੱਲ੍ਹੀ ਕਵਿਤਾ

ਦੇ ਵੱਖਰੇ ਵੱਖਰੇ ਪੜਾਵਾਂ ਅਤੇ ਉਨ੍ਹਾਂ ਨਾਲ ਸੰਬੰਧਤ ਗੁਣਾਂ/ਔਗੁਣਾਂ ਦਾ ਜਾਇਜ਼ਾ ਲੈਣਾ ਪਵੇਗਾ। ਇਸ ਚਰਚਾ ਤੋਂ ਬਾਅਦ **ਇੱਕੋ ਜਿਹਾ ਦੁੱਖ** ਦੀਆਂ ਨਜ਼ਮਾਂ ਦੇ ਵਿਸ਼ਾ-ਵਸਤੂ ਦੀ ਨਿਰਖ ਪਰਖ ਕੀਤੀ ਜਾਵੇਗੀ।

ਫ੍ਰਾਂਸ ਦੇ ਕਵੀ ਗਸਟਵ ਕਾਨ (Gustav Kahn) ਨੇ ਲਾ ਵੋਗ (La Vogue) ਨਾਮੀ ਮੈਗਜ਼ੀਨ ਵਿਚ ਕੁਝ ਕਵੀਆਂ ਦੀਆਂ ਛੰਦ ਮੁਕਤ ਕਵਿਤਾਵਾਂ ਛਾਪੀਆਂ, ਜਿਸ ਵਿਚ ਵਾਲਟ ਵਿਟਮੈਨ ਦੀਆਂ ਕਵਿਤਾਵਾਂ ਵੀ ਸਨ। ਇਸ ਤਰ੍ਹਾਂ ਆਧੁਨਿਕ ਖੁੱਲ੍ਹੀ ਕਵਿਤਾ ਦਾ ਆਰੰਭ ਹੋਇਆ ਜਿਸ ਨੂੰ ਫ੍ਰਾਂਸੀਸੀ ਭਾਸ਼ਾ ਵਿਚ ਵਰਸ ਲਿਬਰੇ (Verse libre) ਕਿਹਾ ਗਿਆ। ਇਸ ਦਾ ਅੰਗਰੇਜ਼ੀ ਅਨੁਵਾਦ ਫ੍ਰੀ ਵਰਸ (Free Verse) ਕੀਤਾ ਗਿਆ ਜਿਸ ਨੂੰ ਪੰਜਾਬੀ ਵਿਚ ਛੰਦ ਮੁਕਤ ਜਾਂ ਆਮ ਭਾਸ਼ਾ ਵਿਚ ਖੁੱਲ੍ਹੀ ਕਵਿਤਾ ਕਹਿੰਦੇ ਹਨ। ਫ੍ਰਾਂਸੀਸੀ ਖੁੱਲ੍ਹੀ ਕਵਿਤਾ ਵਿਚ ਕੇਵਲ ਤੁਕਾਂਤ (Rhyme) ਨੂੰ ਤਲਾਂਜਲੀ ਦਿੱਤੀ ਗਈ, ਪਰ ਤੋਲ (Rhythm) ਨੂੰ ਤਲਾਂਜਲੀ ਨਹੀਂ ਦਿੱਤੀ ਗਈ, ਸਗੋਂ ਤੋਲ (Rhythm) ਨੂੰ ਤਰਜੀਹ ਦਿੱਤੀ ਗਈ। ਆਮ ਕਰਕੇ ਸਤਰਾਂ ਦੀ ਲੰਬਾਈ ਨੂੰ ਛੋਟਾ ਵੱਡਾ ਕਰ ਲਿਆ ਗਿਆ। ਅੰਗਰੇਜ਼ੀ ਸਾਹਿਤ ਦੇ ਹਲਕਿਆਂ ਵਿਚ ਇਸ ਦੇ ਵਿਰੋਧ ਵਿਚ ਕਾਫ਼ੀ ਕੁਝ ਲਿਖਿਆ ਗਿਆ। ਸਭ ਤੋਂ ਪਹਿਲਾਂ ਟੀ.ਐਸ. ਐਲੀਅਟ ਨੇ ਕਿੰਤੂ ਕੀਤਾ ਕਿ "No Verse is libre for the man who want to do a good job." ਭਾਵ ਇਹ ਕਿ ਜਿਹੜਾ ਕਵੀ ਉੱਚ ਪਾਇ ਦੀ ਕਵਿਤਾ ਲਿਖਣਾ ਚਾਹੁੰਦਾ ਹੈ, ਉਸ ਲਈ ਕੋਈ ਕਾਵਿਕ-ਸਤਰ (Verse) ਛੰਦ ਤੋਂ ਮੁਕਤ ਨਹੀਂ ਹੁੰਦੀ। ਅੱਗੇ ਚੱਲ ਕੇ ਐਲੀਅਟ ਨੇ ਕਵਿਤਾ ਵਿਚ ਤੋਲ ਤੇ ਜ਼ੋਰ ਦਿੰਦਿਆ ਲਿਖਿਆ, "There is only good verse, bad verse, and chaos, and how to avoid the later?" ਐਲੀਅਟ ਦੇ ਗੁਰੂ ਅਤੇ ਸਮਕਾਲੀ ਚਿੰਤਕ, ਇਜ਼ਰਾ ਪਾਊਂਡ ਨੇ ਇਹ ਕਹਿ ਕੇ ਗੱਲ ਮੁਕਾਈ ਕਿ ਤੋਲ ਤੋਂ ਬਗ਼ੈਰ ਕੋਈ ਕਵਿਤਾ, ਕਵਿਤਾ ਦੀ ਪਰਿਭਾਸ਼ਾ ਹੇਠ ਨਹੀਂ ਆਉਂਦੀ। ਇਹ ਵੀ ਕਿਹਾ ਕਿ ਤੋਲ 'ਛੰਦ' ਵਿਚੋਂ ਪੈਦਾ ਹੋਣਾ ਜ਼ਰੂਰੀ ਹੈ। ਬਕੌਲ ਐਲੀਅਟ : "The ghost of some simple meter shuld lurk behind the arras in even in 'freest' verse..." ਸਾਰੰਸ਼ ਇਹ ਕਿ ਖੁੱਲ੍ਹੀ ਕਵਿਤਾ ਦੇ ਪਹਿਲੇ ਪੜਾਅ ਵਿਚ ਤੁਕਾਂਤ ਨੂੰ ਭੰਗ ਕਰ ਲਿਆ ਗਿਆ ਪਰ ਤੋਲ 'ਤੇ ਜ਼ੋਰ ਦਿੱਤਾ ਗਿਆ। ਆਮ ਕਰਕੇ ਸਤਰਾਂ ਦੀ ਲੰਬਾਈ ਇੱਕੋ ਜਿਹੀ ਰੱਖੀ ਗਈ। ਸਤਰਾਂ ਦੀ ਔਸਤਨ ਲੰਬਾਈ ਸਾਹ ਦੀ ਗਤੀ (Movement) ਨਾਲ ਮੇਚ ਖਾਂਦੀ ਹੈ। ਜੇ ਇਨ੍ਹਾਂ ਮਾਪਦੰਡਾਂ ਨੂੰ ਸੁਖਵਿੰਦਰ ਕੰਬੋਜ ਦੀ ਹਥਲੀ ਕਾਵਿ-ਪੁਸਤਕ 'ਤੇ ਢੁਕਾਅ ਕੇ ਪਰਖੀਏ ਤਾਂ ਇਹ ਨਜ਼ਮਾਂ ਐਲੀਅਟ/ਇਜ਼ਰਾ ਪਾਊਂਡ

ਦੀਆਂ ਉਪਰੋਕਤ ਮਨੌਤਾਂ 'ਤੇ ਪੂਰੀਆਂ ਨਹੀਂ ਉਤਰੀਆਂ। ਨਾ ਤਾਂ ਇਨ੍ਹਾਂ ਦੀ ਸਤਰਾਂ ਦੀ ਲੰਬਾਈ ਇਕ ਜਿਹੀ ਹੈ ਅਤੇ ਨਾ ਹੀ ਤੋਲ ਦਾ ਕੋਈ ਪੈਟਰਨ ਹੈ। ਇਕ ਗੱਲ ਜੋ ਸਾਹਮਣੇ ਆਉਂਦੀ ਹੈ, ਉਹ ਹੈ ਮੌਲਕ ਅਤੇ ਸ਼ਕਤੀਸ਼ਾਲੀ ਅਲੰਕਾਰਾਂ ਅਤੇ ਸ਼ਬਦ ਚਿਤਰਾਂ ਦੀ ਵਰਤੋਂ ਜਿਸ ਕਰਕੇ ਇਨ੍ਹਾਂ ਦੀ ਪੜ੍ਹਤ ਜ਼ਰੂਰ ਰੌਚਕ ਬਣ ਜਾਂਦੀ ਹੈ। ਉਦਾਹਰਣ ਵਜੋਂ:

1. ਉਹਦੀਆਂ ਗੱਲ੍ਹਾਂ ਤੋਂ ਗੁਲਾਬੀ ਭਾਅ ਮਾਰਦਾ ਜੋਬਨ (29 ਮਾਤ੍ਰਾਂ)
2. ਉਹਦਾ ਉਹ ਕੰਵਾਰਾ ਕੰਜਕ ਹਾਸਾ (20)
3. ਨੀਂਦ ਦੀਆਂ ਲੰਮੀਆਂ ਉਦਾਸੀਆਂ ਵਿਚ ਘਿਰ ਗਿਆ ਹੈ (33)
4. ਪਿਘਲੀ ਹੋਈ ਲੁੱਕ ਵਾਂਗ (14)
5. ਤੇ ਉੱਖੜੇ ਹੋਏ ਸੀਮਿੰਟ ਵਾਂਗ (19)
6. ਉਹਦੀਆਂ ਛਾਤੀਆਂ 'ਚ ਉੱਗ ਆਏ ਨੇ (21)
7. ਖੰਡਰ ਹੋਈਆਂ ਸੜਕਾਂ ਦੇ ਸੁਪਨੇ (20)
8. ਮੋਥੇ ਦੇ ਇਕ ਸੂਟੇ ਲਈ (15)
9. ਵੇਚਦੀ ਫਿਰਦੀ ਹੈ ਉਹ ਆਪਦਾ ਜਿਸਮ (21)

(ਅਮਰੀਕੀ ਡੇਟਿੰਗ : ਸੱਤ ਪਰਤਾਂ)

ਉਪਰਲੀਆਂ ਸਤਰਾਂ ਤੋਂ ਜ਼ਾਹਿਰ ਹੈ ਕਿ ਇਨ੍ਹਾਂ ਦੀ ਲੰਬਾਈ 14-29 ਮਾਤ੍ਰਾਂ ਤਕ ਫੈਲੀ ਹੋਈ ਹੈ। ਸੰਸਕ੍ਰਿਤ ਛੰਦ ਵਿਧਾਨ ਅਨੁਸਾਰ ਸਾਹ ਦੀ ਗਤੀ 8-23 ਮਾਤ੍ਰਾਂ ਵਿਚ ਵਿਚਰਦੀ ਹੈ। ਘੱਟ ਮਾਤ੍ਰਾਂ ਉਪਰਾਮ ਅਤੇ ਵੱਧ ਮਾਤ੍ਰਾਂ ਸਹਿਜ ਮਨੋਦਸ਼ਾ ਦੀਆਂ ਲਖਾਇਕ ਹਨ। ਮਨੋਦਸ਼ਾ ਸਾਹ ਦੇ ਸੰਵੇਗ ਅਤੇ ਗਤੀ (Momentum and Movement) ਨੂੰ ਪ੍ਰਭਾਵਤ ਕਰਦੀ ਹੈ। ਫਲਸਰੂਪ ਸਤਰਾਂ ਦੀ ਲੰਬਾਈ ਨਿਰਧਾਰਿਤ ਹੁੰਦੀ ਹੈ। ਉਤਲੀ ਕਵਿਤਾ ਦੀਆਂ ਸਤਰਾਂ ਦੀ ਔਸਤਨ ਲੰਬਾਈ 20.9 ਮਾਤ੍ਰਾਂ ਹੈ, ਜਦ ਕਿ ਇਹ 16 ਮਾਤ੍ਰਾਂ ਦੇ ਕੁਦਰਤੀ ਚੱਕਰ ਵਿਚ ਵਿਚਰਨੀ ਚਾਹੀਦੀ ਸੀ। ਮੇਰੇ ਵਿਚਾਰ ਵਿਚ ਇਸ ਦਾ ਕਾਰਨ ਵਿਚਾਰ ਅਧੀਨ ਵਿਸ਼ੇ ਨੂੰ ਪ੍ਰਗਟਾਉਣ ਲਈ ਵਰਤੀ ਗਈ ਸੁਸਤ ਜਾਂ ਢਿੱਲੀ (Passive) ਸ਼ੈਲੀ ਹੈ, ਜਿਸ ਕਰਕੇ ਸਤਰਾਂ ਦੀ ਲੰਬਾਈ ਕਾਣ ਸੂਤੀ ਹੋਈ ਹੈ ਅਤੇ ਤੋਲ ਦਾ ਕੋਈ ਪੈਟਰਨ ਨਹੀਂ ਉਪਜ ਸਕਿਆ।

ਖੁੱਲ੍ਹੀ ਕਵਿਤਾ ਦੇ ਵਿਕਾਸ ਦੇ ਦੂਜੇ ਪੜਾਅ ਵਿਚ ਸਤਰਬੰਦੀ 'ਤੇ ਜ਼ੋਰ ਦਿੱਤਾ ਗਿਆ। ਇਸ ਦੇ ਦਰਸ਼ਣੀ ਤੇ ਸਰਵਣੀ ਬਿੰਬਾਂ (Visual and Auditory

images) ਨੂੰ ਮੁੱਖ ਰੱਖਿਆ ਗਿਆ। ਸਤਰਾਂ ਦੀ ਲੰਬਾਈ ਦੀ ਇਕਸਾਰਤਾ ਭੰਗ ਕਰ ਲਈ ਗਈ ਪਰ ਤੋਲ ਨੂੰ ਵਿਸ਼ਰਾਮ ਚਿੰਨ੍ਹਾਂ ਅਤੇ ਉਚਿਤ ਸਤਰ-ਵੰਡ (Line breaks) ਰਾਹੀਂ ਉਭਾਰਿਆ ਗਿਆ। ਸਤਰਾਂ ਦੀ ਲੰਬਾਈ ਦੀ ਅਨਿਸਚਿਤਤਾ ਕਰਕੇ ਕਿੰਤੂ ਪ੍ਰੰਤੂ ਇਹ ਹੋਇਆ ਕਿ ਖੁੱਲ੍ਹੀ ਕਵਿਤਾ ਨੂੰ ਵਾਰਤਕ ਨਾਲੋਂ ਕਿਵੇਂ ਵਖਰਾਇਆ ਜਾਵੇ। ਇਸਦੇ ਉੱਤਰ ਵਿਚ ਜੈਰਿਮੀ ਬੈਂਥਮ (Jeremy Bentham) ਨੇ ਖੁੱਲ੍ਹੀ ਕਵਿਤਾ ਦੀ ਪਰਿਭਾਸ਼ਾ ਕਰਦਿਆਂ ਹੋਇਆ ਕਿਹਾ - "When the lines run all the way to the right margin (of the page) it is prose, when this fails to happen it is verse." ਹੋਰ ਵਿਸਥਾਰ ਵਿਚ ਇਉਂ ਕਿਹਾ ਜਾ ਸਕਦਾ ਹੈ ਕਿ ਜਦ ਅਸੀਂ ਵਾਰਤਕ ਪੜ੍ਹਦੇ ਹਾਂ ਤਾਂ ਸਾਨੂੰ ਇਹ ਗੱਲ ਭੁੱਲ ਜਾਂਦੀ ਹੈ ਕਿ ਸਤਰ ਆਰੰਭ ਕਿੱਥੋਂ ਹੁੰਦੀ ਹੈ, ਇਸ ਦਾ ਅੰਤ ਕਦੋਂ ਹੁੰਦਾ ਹੈ ਅਤੇ ਅਗਲੀ ਸਤਰ ਸ਼ੁਰੂ ਕਦ ਹੁੰਦੀ ਹੈ। ਪਰ ਖੁੱਲ੍ਹੀ ਕਵਿਤਾ ਦੀ ਸਤਰ ਦੇ ਤੋਲ ਪੈਟਰਨ ਅਤੇ ਭਾਵ ਦੀ ਸੰਪੂਰਨਤਾ ਕਰਕੇ ਆਪਣੀ ਹੀ ਵਿਲੱਖਣਤਾ ਹੈ। ਵਾਰਤਕ ਦੀਆਂ ਸਤਰਾਂ ਨੂੰ ਭਾਵੇਂ ਕਵਿਤਾ ਵਾਲਾ ਦਰਸ਼ਣੀ ਬਿੰਬ ਪ੍ਰਦਾਨ ਵੀ ਕਰ ਦਿਉ ਤਾਂ ਵੀ ਉਹ ਕਿਸੇ ਨਿਸਚਿਤ ਤੋਲ ਪੈਟਰਨ ਅਤੇ ਭਾਵ ਦੀ ਸੰਪੂਰਨਤਾ ਵਿਚ ਨਹੀਂ ਢਲ਼ੇਗੀ ਜਿਸ ਕਰਕੇ ਅਰਥਾਂ ਅਤੇ ਪੜ੍ਹਤ ਵਿਚ ਵਿਘਨ ਪੈ ਜਾਵੇਗਾ। ਪੱਛਮੀ ਵਿਚਾਰਧਾਰਾ ਅਨੁਸਾਰ ਇਸੇ ਕਰਕੇ ਪ੍ਰੋ. ਹਾਰਟਮੈਨ (C.O. Hartman) ਕਵਿਤਾ ਨੂੰ ਸਤਰਾਂ ਦੀ ਭਾਸ਼ਾ ਕਹਿੰਦਾ ਹੈ (Verse is language in lines)। ਇਸ ਵਿਚਾਰ ਦੀ ਪੁਸ਼ਟੀ ਕਰਦਿਆਂ ਡੇਰਿਕ ਐਟਰਿਜ (Derek Attridge) ਨੇ ਕਿਹਾ ਕਿ, "The line on the page has to integrity and function of its own. This has imported consequence for the movement and hence the meaning of the words." ਅਰਥਾਤ ਖੁੱਲ੍ਹੀ ਕਵਿਤਾ ਦੀ ਸਤਰ ਦੀ ਆਪਣੀ ਅਖੰਡਤਾ ਅਤੇ ਕਰਤਵ ਹੈ, ਜਿਸ ਕਰਕੇ ਇਸ ਵਿਚਲੀ ਰਵਾਨੀ ਅਤੇ ਸ਼ਬਦਾਰਥ ਉੱਪਜਦੇ ਹਨ। ਸਤਰ ਦੀ ਅਖੰਡਤਾ ਅਤੇ ਕਰਤਵ ਦੀ ਜੁਗਲਬੰਦੀ ਵਿਚੋਂ ਤੋਲ ਸੁਤੇ ਸਿੱਧ ਹੀ ਪੈਦਾ ਹੋ ਜਾਂਦਾ ਹੈ ਅਤੇ ਛੰਦ, ਐਲੀਅਟ ਦੀ ਮਨੌਤ ਅਨੁਸਾਰ, ਸਤਰਾਂ ਦੇ ਪਰਦੇ ਪਿੱਛੇ ਕਿਤੇ-ਨ-ਕਿਤੇ ਲੁਕਿਆ ਰਹਿੰਦਾ ਹੈ। ਛੰਦ ਦੀ ਮਹੱਤਤਾ ਨੂੰ ਮੁੱਖ ਰੱਖਦਿਆਂ (ਭਾਵੇਂ ਇਹ ਖੁੱਲ੍ਹੀ ਕਵਿਤਾ ਵਿਚ ਸਾਖਿਆਤ ਰੂਪ ਵਿਚ ਵਿਦਮਾਨ ਨਹੀਂ ਹੁੰਦਾ) ਦੂਜੇ ਪੜਾਅ ਦੀ ਖੁੱਲ੍ਹੀ ਕਵਿਤਾ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਗਈ - "The Prosody of free verse is rhythmic organization by other than numerical moded." (Hartman) ਅਰਥਾਤ ਖੁੱਲ੍ਹੀ ਕਵਿਤਾ ਦਾ ਛੰਦ ਵਿਧਾਨ ਮਾਤ੍ਰਾਂ ਦੀ ਸੰਖਿਆਵਾਦੀ ਵਿਧੀਆਂ

ਦੀ ਬਜਾਇ ਉਸ ਵਿਚਲੇ ਤੋਲ ਪ੍ਰਬੰਧਾਂ ਵਿਚੋਂ ਵਿਅਕਤ ਹੁੰਦਾ ਹੈ। ਤੋਲ ਪ੍ਰਬੰਧਸਤਰ ਦੀ ਜਿਉਮੈਟਰੀ (Geometry) 'ਤੇ ਨਿਰਭਰ ਹੈ ਅਰਥਾਤ ਸਤਰ ਵੰਡ ਕਿਵੇਂ ਕੀਤੀ ਜਾਂਦੀ ਹੈ। ਪਹਿਲੀ ਸਤਰ ਦੂਸਰੀ ਸਤਰ ਵਿਚ ਕਿਵੇਂ ਡੁਲ੍ਹਦੀ ਜਾਂ ਵਲ (Enjambment) ਖਾਂਦੀ ਹੈ ਅਤੇ ਸਤਰ-ਅੰਤ ਕਿਸ ਤਰ੍ਹਾਂ ਕੀਤਾ ਜਾਂਦਾ ਹੈ। (ਯਾਦ ਰਹੇ ਕਿ 'Verse' ਦਾ ਮੁੱਢਲ਼ਾ ਲਾਤੀਨੀ ਅਰਥ ਵਲ਼ ਖਾਣਾ ਜਾਂ ਮੋੜ ਕੱਟਣਾ ਹੈ)। ਆਉ ਖੁੱਲ੍ਹੀ ਕਵਿਤਾ ਦੇ ਦੂਜੇ ਪੜਾਅ ਦੀ ਪਰਿਭਾਸ਼ਾ ਦੇ ਆਧਾਰ 'ਤੇ ਸੁਖਵਿੰਦਰ ਕੰਬੋਜ ਦੀ ਕਵਿਤਾ ਦੇ ਰੂਪ ਵਿਧਾਨ ਨੂੰ ਪਰਖੀਏ।

ਇੱਕੋ ਜਿਹਾ ਦੁੱਖ ਦੀਆਂ ਬਹੁਤ ਸਾਰੀਆਂ ਨਜ਼ਮਾਂ ਦੀਆਂ ਸਤਰਾਂ ਇਕ ਦੂਜੇ ਵਿਚ ਡੁਲ੍ਹਦੀਆਂ ਹਨ। ਭਾਵ ਪੱਖੋਂ ਪਹਿਲੀ ਸਤਰ ਦੂਸਰੀ ਸਤਰ ਦੀ ਪੂਰਕ (Complementary) ਜਾਪਦੀ ਹੈ। ਸਤਰਾਂ ਦਾ ਇਕ ਦੂਜੀ ਵਿਚ ਡੁੱਲ੍ਹਣਾ ਭਾਵ ਦੀ ਪੂਰਤੀ ਲਈ ਸ਼ਰਤੀਆ (Conditional) ਅਤੇ ਅਵੱਸ਼ਕ ਜਾਪਦਾ ਹੈ। ਇਹ ਖ਼ਾਸੀਅਤ ਸੁਖਵਿੰਦਰ ਕੰਬੋਜ ਦੀਆਂ ਕਵਿਤਾਵਾਂ ਵਿੱਚੋਂ ਭਲੀਭਾਂਤ ਦਰਕਾਰ ਹੁੰਦੀ ਹੈ। ਪਹਿਲੀ ਨਜ਼ਮ ਦੀਆਂ ਮੁੱਢਲ਼ੀਆਂ ਸਤਰਾਂ ਉਦਾਹਰਣ ਵਜੋਂ ਪੇਸ਼ ਹਨ :

1. ਅਸੀਂ ਜੋ ਆਉਂਦੇ ਹਾਂ ਬਦੇਸ਼
2. ਕੈਂਪ ਸਾਈਟਾਂ ਤੇ ਜੰਗਲਾਂ 'ਤੇ
3. ਢਲ਼ਦੀ ਸ਼ਾਮ ਨਹੀਂ ਦੇਖਣ ਆਉਂਦੇ
4. ਨਾ ਹੀ ਡਿਸਕੋ ਦੇ ਸਾਉਣ 'ਚ ਭਿੱਜੀ ਸ਼ਾਮ
5. ਸਾਡਾ ਨਸੀਬ ਹੁੰਦੀ ਹੈ।
6. ਡੇਟ ਕਰਨੀ ਤਾਂ ਉਂਝ ਹੀ
7. ਸਾਡੀ ਸਭਿਅਤਾ ਦੇ ਉਲਟ ਹੈ। -ਇੱਕੋ ਜਿਹਾ ਦੁੱਖ

ਪਹਿਲੀਆਂ ਤਿੰਨ ਸਤਰਾਂ (1-3), ਦੂਜੀਆਂ ਦੋ (4-5) ਅਤੇ ਅਖ਼ੀਰਲੀਆਂ ਦੋ (6-7) ਇਕ ਸੰਯੁਕਤ ਇਕਾਈ ਕਰਕੇ ਸਾਰਥਕ ਬਿੰਬ ਧਾਰਦੀਆਂ ਹਨ। ਇਕੱਲੀਆਂ ਇਕੱਲੀਆਂ ਦਾ ਆਪਣੇ ਆਪ ਵਿਚ ਕੋਈ ਮਹੱਤਵ ਨਹੀਂ। ਇਸ ਤੱਥ ਦਾ ਸੰਕੇਤ ਸਤਰਾਂ ਦੀ ਬਣਤਰ ਵਿਚ ਵੀ ਲੁਕਿਆ ਪਿਆ ਹੈ। ਜਿਵੇਂ ਪਹਿਲੀ ਸਤਰ ਦਾ ਸ਼ਬਦ 'ਜੋ', ਦੂਜੀ ਦਾ 'ਤੇ' ਸਤਰਾਂ ਦੇ ਇਕ ਦੂਜੇ ਵਿਚ ਡੁੱਲ੍ਹਣ ਵੱਲ ਸੰਕੇਤ ਕਰਦੇ ਹਨ।

ਇਕ ਹੋਰ ਉਦਾਹਰਣ ਦੇਖੋ :

1. ਮੈਂ ਘਰੋਂ ਤੁਰਦਾ ਹਾਂ

2. ਤਾਂ ਆਲੇ ਦੁਆਲੇ ਦੇ ਘਰ
3. ਸੁੱਤ ਉਨੀਂਦੇ ਹੁੰਦੇ ਹਨ
4. ਮੈਂ ਵਾਪਸ ਘਰ ਆਉਂਦਾ ਹਾਂ
5. ਤਾਂ ਸਭ ਘਰ ਸੌਂ ਚੁੱਕੇ ਹੁੰਦੇ ਹਨ

ਦੂਜੀ ਅਤੇ ਪੰਜਵੀਂ ਸਤਰ ਦੇ ਆਰੰਭ ਦਾ ਸ਼ਬਦ 'ਤਾਂ' ਪੰਜਾਂ ਸਤਰਾਂ ਦੇ ਭਾਵਾਰਥ ਨੂੰ ਸੰਪੂਰਨ ਕਰਦਾ ਹੈ।

ਸਤਰਾਂ ਦਾ ਇਕ ਦੂਜੇ ਵਿਚ ਡੁੱਲ੍ਹਣਾ (Emjambment) ਦੂਜੇ ਪੜਾਅ ਦੀ ਖੁੱਲ੍ਹੀ ਕਵਿਤਾ ਦਾ ਬਹੁਤ ਮਹੱਤਵਪੂਰਨ ਅੰਗ ਸਮਝਿਆ ਜਾਂਦਾ ਹੈ। ਇਹ ਵਿਧੀ ਸੁਖਵਿੰਦਰ ਦੀਆਂ ਕਵਿਤਾਵਾਂ ਦਾ ਵੀ ਖ਼ਾਸਾ ਹੈ ਪਰ ਇਕ ਮੁੱਢਲ਼ਾ ਫ਼ਰਕ ਹੈ। ਅੰਗਰੇਜ਼ੀ ਕਵਿਤਾ ਵਿਚ ਇਹ ਵਿਧੀ ਸੰਜਮਤਾ ਨਾਲ ਵਰਤੀ ਗਈ, ਜ਼ਿਆਦਾ ਜ਼ੋਰ ਹਰੇਕ ਸਤਰ ਦੀ ਅਖੰਡਤਾ ਤੇ ਇਕਾਗਰਤਾ 'ਤੇ ਦਿੱਤਾ ਜਾਂਦਾ ਹੈ। ਪਰ ਸੁਖਵਿੰਦਰ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿਚ ਇਹ ਵਿਧੀ ਖੁੱਲ੍ਹ ਦਿਲੀ ਨਾਲ ਵਰਤੀ ਗਈ ਹੈ। ਦਰਅਸਲ, ਉਸਦੇ ਵਿਸ਼ਿਆਂ ਦੀ ਸੰਪੂਰਨਤਾ ਦਾ ਦਾਰੋਮਦਾਰ ਸਤਰਾਂ ਦੀ ਪੂਰਨਤਾ (Complementarity) 'ਤੇ ਨਿਰਭਰ ਹੈ। ਅਜਿਹਾ ਕਿਉਂ ਹੈ? ਜੇ ਜ਼ਰਾ ਗਹੁ ਨਾਲ ਦੇਖੀਏ ਤਾਂ ਸੁਖਵਿੰਦਰ ਦੀਆਂ ਕਵਿਤਾਵਾਂ ਵਿਚ ਵਿਸ਼ੇ ਦੀ ਉਸਾਰੀ ਲਈ ਵਾਰਤਾਲਾਪੀ (Dialogue) ਵਿਧੀ ਵਰਤੀ ਗਈ ਹੈ। ਇਹ ਸੰਵਾਦ ਉਹ ਆਪਣੇ ਭੌਤਿਕੀ ਆਤਮ (Physical Self) ਅਤੇ ਅੰਤਰੀਵੀ ਆਤਮ (Inner Self) ਵਿਚਕਾਰ ਰਚਾਉਂਦਾ ਹੈ। ਜਦ ਭੌਤਿਕੀ ਆਤਮ ਦੀ ਖੰਡਤ, ਅੰਤਰ ਵਿਰੋਧੀ ਅਤੇ ਮਕੈਨਕੀ ਵਿਵਸਥਾ ਅੰਦਰਲੇ ਆਤਮ ਨੂੰ ਝੂਣਦੀ ਹੈ ਤਾਂ ਇਨ੍ਹਾਂ ਵਿਚਕਾਰ ਸੰਵਾਦ ਸ਼ੁਰੂ ਹੁੰਦਾ ਹੈ। ਸੰਵਾਦ ਵਿਸਥਾਰ ਅਤੇ ਵਰਨਣ (Narration) ਮੰਗਦਾ ਹੈ, ਜੋ ਲੰਬੀਆਂ ਸਤਰਾਂ ਰਾਹੀਂ ਜਾਂ ਇਕ ਦੂਜੇ ਦੀਆਂ ਪੂਰਕ ਸਤਰਾਂ ਰਾਹੀਂ ਸੰਭਵ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਅਜਿਹੇ ਸੰਵਾਦ ਦੌਰਾਨ ਗੱਲਬਾਤੀ ਤੋਲ (Speech rhythm) ਸਹਿ ਸੁਭਾਅ ਹੀ ਪੈਦਾ ਹੋ ਜਾਂਦੇ ਹਨ। ਜੇ ਅਸੀਂ ਸੁਖਵਿੰਦਰ ਕੰਬੋਜ ਦੀਆਂ ਕਵਿਤਾਵਾਂ ਦੇ ਤੋਲ ਪੈਟਰਨਜ਼ ਨੂੰ ਗਹੁ ਨਾਲ ਵਿਚਾਰੀਏ ਤਾਂ ਇਹ ਗੱਲਬਾਤੀ ਤੋਲਾਂ 'ਤੇ ਆਧਾਰਤ ਜਾਪਦੇ ਹਨ। ਬਹੁਤੀ ਸਮਕਾਲੀ ਅੰਗਰੇਜ਼ੀ ਕਵਿਤਾ ਅਤੇ ਕੁਝ ਇਕ ਪੰਜਾਬੀ ਕਵੀਆਂ ਦੇ ਤੋਲ ਪੈਟਰਨਜ਼ ਗੱਲਬਾਤੀ ਤੋਲਾਂ ਤੋਂ ਪ੍ਰਭਾਵਤ ਹਨ।

ਗੱਲਬਾਤੀ ਤੋਲ ਕੋਈ ਨਵੀਂ ਵਿਧੀ ਨਹੀਂ। ਜੇ ਅਸੀਂ ਪੁਰਾਣੀਆਂ ਸਭਿਆਤਾਵਾਂ (ਸੁਮੇਰੀਅਨ, ਸੰਸਕ੍ਰਿਤ, ਯੂਨਾਨੀ, ਮਿਸਰੀ ਆਦਿ) ਦੇ ਸਾਹਿਤ

ਦੇ ਮੌਖਿਕ ਰੂਪਾਂ ਵੱਲ ਨਜ਼ਰ ਮਾਰੀਏ ਤਾਂ ਅਜੋਕੀ ਖੁੱਲ੍ਹੀ ਕਵਿਤਾ ਦੇ ਤੋਲ ਪੈਟਰਨਜ਼ ਦਾ ਭੁਲੇਖਾ ਪਾਉਂਦੇ ਹਨ। ਇਨ੍ਹਾਂ ਰੂਪਾਂ ਵਿਚ ਟਕਸਾਲੀ ਛੰਦ ਰੂਪ ਗ਼ੈਰਹਾਜ਼ਰ ਹਨ ਅਤੇ ਸਤਰਾਂ ਲੰਬੀਆਂ ਹਨ। ਪੁਰਾਣੀਆਂ ਸਭਿਅਤਾਵਾਂ ਦੀ ਮੁਢਲ਼ੀ ਕਵਿਤਾ ਦੀ ਸਤਰ ਇਸ ਕਰਕੇ ਲੰਬੀ ਹੈ ਕਿਉਂਕਿ ਉਹ ਮਨੁੱਖ ਦੀ ਸ਼ਾਂਤ ਚਿੱਤ ਸਹਿਜ ਬਿਰਤੀ ਦੀ ਤਰਜਮਾਨੀ ਕਰਦੀ ਹੈ। ਸਮਕਾਲੀ ਕਵਿਤਾ ਦੀ ਸਤਰ ਇਸ ਲਈ ਲੰਬੀ ਹੈ, ਕਿਉਂਕਿ ਇਹ ਖੰਡਤ ਅਤੇ ਸਵੈ-ਭਰਮੀ ਮਨੋਦਸ਼ਾ ਨੂੰ ਵਿਅਕਤ ਕਰਨ ਲਈ ਵਾਕੰਸ਼ਾਂ ਜਾਂ/ਅਤੇ ਸਤਰਾਂ ਦੀ ਪੂਰਨਤਾ ਦਾ ਸਹਾਰਾ ਲੈਂਦੀ ਹੈ। ਸਮਕਾਲੀ ਕਵਿਤਾ ਦੀ ਸਤਰ-ਵੰਡ, ਵਿਆਕਰਣਕ ਵਿਸ਼ਰਾਮ-ਚਿੰਨ੍ਹਾਂ (ਕੌਮਾਂ ਜਾਂ ਠਹਿਰਾਉ) ਰਾਹੀਂ ਨਹੀਂ, ਸਗੋਂ ਨੇਤਰੀ-ਵਲੇਵੇਂ (Eye Turn) ਜਾਂ ਮੋੜ ਰਾਹੀਂ ਕੀਤੀ ਜਾਂਦੀ ਹੈ। ਇਸ ਤਰ੍ਹਾਂ ਦੀ ਸਤਰ-ਵੰਡ ਵੀ ਅਜੋਕੇ ਮਨੁੱਖ ਦੀਆਂ ਭਾਵਨਾਵਾਂ ਵਿਚਲੀ ਸਵੈ-ਭਰਮੀ ਦੀ ਸੂਚਕ ਹੈ। ਸੁਖਵਿੰਦਰ ਕੰਬੋਜ ਦੀ ਕਵਿਤਾ ਵੱਲ ਜੇ ਭਰਵੀਂ ਨਜ਼ਰ ਮਾਰੀਏ ਤਾਂ ਉਪਰੋਕਤ ਖ਼ਾਸੀਅਤਾਂ ਭਲੀਭਾਂਤ ਸਾਹਮਣੇ ਆ ਜਾਂਦੀਆਂ ਹਨ।

1. ਸੜਕਾਂ 'ਤੇ ਅੱਥਰੂ ਵਗ ਰਹੇ ਹਨ
2. ਸੁਪਨਿਆਂ ਦੀ ਮੌਤ ਹੋ ਗਈ ਹੈ
3. ਸ਼ੀਸ਼-ਮਹੱਲ ਗਿਰ ਗਏ ਹਨ
4. ਬੁੱਢਾ ਰੱਬ ਤਾਂ
5. ਨੀਤਸ਼ੇ ਦੇ ਨਾਲ ਹੀ
6. ਚੱਲ ਵੱਸਿਆ ਸੀ
7. ਪਾਦਰੀ ਕੇਵਲ
8. ਸ਼ਬਦਾਂ ਨੂੰ ਪਲੀਤ ਕਰਦੇ ਹਨ
9. ਮੈਂ ਕਿਸੇ ਵੀ ਗੁਨਾਹ ਦੇ ਅਹਿਸਾਸ ਤੋਂ
10. ਮੁਕਤ ਹਾਂ
11. ਇਸ ਲਈ ਮੈਂ ਇਕ ਜਿਸਮ ਤੋਂ
12. ਦੂਜੇ ਜਿਸਮ ਤਕ ਦਾ ਫ਼ਾਸਲਾ
13. ਇੰਝ ਤਹਿ ਕਰਦੀ ਹਾਂ
14. ਜਿਵੇਂ ਕੰਮ 'ਤੇ ਪਹੁੰਚਣ ਲਈ
15. ਕੋਈ ਲੋਕਲ ਟਰੇਨ ਲੈ ਲਵੇ
16. ਹੁਣ ਤੇ ਬਿਸਤਰ ਵੀ ਮੈਨੂੰ ਦੇਖ ਕੇ
17. ਨਹੀਂ ਸ਼ਰਮਾਉਂਦਾ

18. ਕਿਉਂਕਿ ਅਣਗਿਣਤ ਪੈੜਾਂ ਦੀ ਛਾਪ
19. ਬਿਸਤਰ 'ਤੇ ਉੱਗ ਆਈ ਹੈ
20. ਮੇਰੇ ਕੋਲ਼ ਸਿਰਫ਼ ਮੇਰਾ ਜਿਸਮ ਹੈ
21. ਹੁਣ ਤੁਸੀਂ ਮੇਰਾ ਕੀ ਕਰੋਗੇ
22. ਸ਼ਾਇਰ? -ਅਮਰੀਕੀ ਡੇਟ : ਪੰਜ

ਇਸ ਨਜ਼ਮ ਵਿਚ ਸਾਡੀ ਉਪਰੋਕਤ ਮਨੋਂਤ ਦੀਆਂ ਸ਼ਰਤਾਂ ਦੇ ਸਾਰੇ ਗੁਣ ਹਨ। ਪਹਿਲਾ ਇਹ ਕਿ ਭਾਵ ਦੀ ਪੂਰਤੀ ਸਤਰਾਂ ਦੀ ਪੂਰਨਤਾ ਤੇ ਨਿਰਭਰ ਹੈ, ਦੂਜਾ ਵਾਕਾਂਸ਼ ਛੋਟੇ ਛੋਟੇ ਹਨ, ਤੀਜਾ ਗੁਣ ਮਨ ਦੀ ਖੰਡਤ ਮਨੋਦਸ਼ਾ ਦਾ ਪ੍ਰਤੀਕ ਹੈ, ਚੌਥਾ, ਸਤਰ-ਵੰਡ ਵਿਆਕਰਣਕ ਵਿਧੀ ਨਾਲੋਂ ਨੇਤਰੀ-ਮੋੜ 'ਤੇ ਨਿਰਭਰ ਹੈ ਅਤੇ ਅਖ਼ੀਰਲਾ, ਪਰ ਮਹੱਤਵਪੂਰਨ ਗੁਣ ਇਹ ਹੈ ਕਿ ਕਵਿਤਾ ਦਾ ਤੋਲ ਪੈਟਰਨ ਗੱਲਬਾਤੀ-ਤੋਲ ਵਿਚੋਂ ਉਗਮਦਾ ਹੈ। ਗੱਲਬਾਤ ਵਿਚ ਸੰਵਾਦ ਦਾ ਵਿਦਮਾਨ ਹੋਣਾ ਜ਼ਰੂਰੀ ਹੈ। ਇਸ ਨਜ਼ਮ ਦਾ ਸਵਾਲ ਵਿਚ ਖ਼ਤਮ ਹੋਣਾ ਸੰਵਾਦ ਦਾ ਸੂਚਕ ਹੈ।

ਸਮਕਾਲੀ ਖੁੱਲ੍ਹੀ ਕਵਿਤਾ ਦੇ ਗੱਲਬਾਤੀ ਤੋਲ ਨੂੰ 'ਸੰਗਕ ਤੋਲ' (Associative rhythm) ਦਾ ਨਾਂ ਦਿੱਤਾ ਗਿਆ ਹੈ। ਇਸ ਦੀ ਪਰਿਭਾਸ਼ਾ ਕਰਦਿਆਂ ਪ੍ਰੋ. ਨੌਰਥਰੋਪ ਫ੍ਰਾਈ (Northrop Fry) ਨੇ ਲਿਖਿਆ : The associative rhythm (is) strongly influance by verse." That is the rhythm of ordinary speech with its short, repetitive, irregular, after asyntactic phrasal units (Marjorie Perdoff)" ਇਹ ਪਰਿਭਾਸ਼ਾ ਭਾਵੇਂ ਪੂਰਨ ਰੂਪ ਵਿਚ ਸੁਖਵਿੰਦਰ ਦੀ ਕਵਿਤਾ 'ਤੇ ਲਾਗੂ ਨਹੀਂ ਹੁੰਦੀ, ਪਰ ਸਮੁੱਚੇ ਤੌਰ 'ਤੇ ਉਸ ਦੀ ਕਵਿਤਾ ਦੀਆਂ ਸਤਰਾਂ ਦੀ ਪ੍ਰਤੀਨਿਧਤਾ ਜ਼ਰੂਰ ਕਰਦੀ ਹੈ। ਉਸ ਦੀਆਂ ਕਵਿਤਾਵਾਂ ਦੇ ਵਾਕਾਂਸ਼ ਛੋਟੇ ਛੋਟੇ, ਅਸੰਗਕ ਅਤੇ ਅਕਸਰ ਅਧੂਰੇ ਹਨ। ਸਤਰਾਂ ਦੀ ਪੂਰਨਤਾ (ਇਕ ਦੂਜੇ ਵਿਚ ਡੁੱਲ੍ਹਣ ਕਰਕੇ) ਵਾਕਾਂਸ਼ਾਂ ਨੂੰ ਲੰਬੇ, ਸੰਗਕ ਅਤੇ ਪੂਰੇ ਹੋਣ ਵਿਚ ਸਹਾਈ ਹੁੰਦੀ ਹੈ। ਉਪਰੋਕਤ ਕਵਿਤਾ ਦੀ ਛਾਣਬੀਣ ਤੋਂ ਪਤਾ ਲਗਦਾ ਹੈ ਕਿ ਕੇਵਲ ਪਹਿਲੀਆਂ ਤਿੰਨ ਸਤਰਾਂ ਹੀ (1-3) ਆਪਣੇ ਆਪ ਵਿਚ ਪੂਰੀਆਂ ਹਨ, 4-6 ਅਧੂਰੇ ਵਾਕਾਂ ਕਰਕੇ ਵਾਕਾਂਸ਼ਾਂ ਪੱਖੋਂ ਅਧੂਰੀਆਂ ਹਨ, ਪਰ ਇਕ ਇਕਾਈ ਵਜੋਂ ਪੂਰੀਆਂ ਹਨ, 7-8 ਸਤਰਾਂ ਦੀ ਇਕਾਈ ਵਿਚ ਅਠਵੀਂ ਸਤਰ ਸੰਪੂਰਨ ਵਾਕਾਂਸ਼ ਹੈ, 9-15 ਤਕ ਦੀਆਂ ਸਤਰਾਂ ਆਪਣੇ ਆਪ ਵਿਚ ਨਾ ਤਾਂ ਪੂਰਨ ਵਾਕ ਹਨ ਅਤੇ ਨਾ ਹੀ ਵਾਕਾਂਸ਼ ਦਾ ਰੂਪ

ਧਾਰਦੀਆਂ ਹਨ। ਇਹ ਕੇਵਲ ਸਮੂਹਕ ਤੌਰ 'ਤੇ ਇਕ ਇਕਾਈ ਦਾ ਰੂਪ ਧਾਰ ਕੇ ਕਿਸੇ ਸਾਰਥਕ ਬਿੰਬ ਵਿਚ ਢਲ਼ਦੀਆਂ ਹਨ, 16-19 ਸਤਰਾਂ ਵੀ ਇਕੱਲੀਆਂ ਇਕੱਲੀਆਂ ਅਤੇ ਅਧੂਰੀਆਂ ਹਨ। ਅਖ਼ੀਰਲੀਆਂ ਤਿੰਨ (20-22) ਸਤਰਾਂ ਵਿਚ ਭੌਤਿਕ ਅਤੇ ਅੰਤਰੀਵੀ-ਆਤਮ ਵਿਚਕਾਰ ਸੰਵਾਦ ਰਚਾਇਆ ਗਿਆ ਹੈ, ਜੋ ਉਪਰੋਕਤ ਸਾਰੀਆਂ ਸਤਰਾਂ 'ਤੇ ਕਿੰਤੂ ਲਾ ਕੇ ਪ੍ਰਸ਼ਨ ਵਿਚ ਢਲ਼ ਜਾਂਦਾ ਹੈ।

ਬੋਲਚਾਲ 'ਤੇ ਆਧਾਰਤ 'ਸੰਗਕ ਤੋਲ' ਵਾਲੀ ਸਮਕਾਲੀ ਖੁੱਲ੍ਹੀ ਕਵਿਤਾ ਨੂੰ ਨੰਗੀ ਕਵਿਤਾ (Naked Poetry) ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਨੂੰ ਕਈ ਹੋਰ ਵਿਦਵਾਨਾਂ ਵੱਲੋਂ ਸੁਜੀਵਕ (Organic Poetry) ਜਾਂ ਖੁੱਲ੍ਹੇ ਰੂਪ (Open form Poetry) ਵਾਲੀ ਕਵਿਤਾ ਵੀ ਗਰਦਾਨਿਆ ਗਿਆ ਹੈ। ਸਮੁੱਚੇ ਤੌਰ 'ਤੇ ਅਜਿਹੀ ਕਵਿਤਾ ਨੂੰ 'ਸਤਰਬੰਦੀ ਮੁਕਤ' (Non-Linear) ਕਵਿਤਾ ਦਾ ਨਾਮ ਦਿੱਤਾ ਗਿਆ ਹੈ। ਅਜਿਹੀ ਕਵਿਤਾ ਵਿਸ਼ਾ ਪ੍ਰਧਾਨ ਹੋਣ ਦੇ ਨਾਤੇ ਰੂਪ ਨੂੰ ਕੇਵਲ ਵਿਸ਼ੇ ਦੀ ਸੰਪੂਰਨਤਾ ਦਾ ਸਾਧਨ ਮਾਤਰ ਹੀ ਕਿਆਸ ਕਰਦੀ ਹੈ (Form is never mere than the extension of content)। ਵਿਸ਼ੇ ਦੀ ਸੰਪੂਰਨਤਾ ਦੇ ਪਿੱਛੇ ਪਿੱਛੇ ਭੱਜਦੀ ਸਤਰ ਆਮ ਕਰਕੇ ਸਫ਼ੇ ਦੇ ਅਖ਼ੀਰ ਤਕ ਪਹੁੰਚ ਜਾਂਦੀ ਹੈ। ਫਲਸਰੂਪ, ਵਾਰਤਕ ਦੀ ਸਤਰ ਹੋਣ ਦਾ ਭੁਲੇਖਾ ਪਾਉਂਦੀ ਹੈ। ਇਸ ਤੱਥ ਦਾ ਪ੍ਰਮਾਣ ਕਵਿਤਾ ਦੇ ਦਰਸ਼ਣੀ-ਬਿੰਬ (Visual image) ਅਤੇ ਇਸ ਦੀ ਵਾਰਤਕ ਵਰਗੀ ਪੜ੍ਹਤ ਤੋਂ ਲਗਾਇਆ ਜਾ ਸਕਦਾ ਹੈ। ਸੁਖਵਿੰਦਰ ਕੰਬੋਜ ਦੀ ਬਹੁਤੀ ਕਵਿਤਾ ਗਦ-ਰੂਪੀ (Prosaic) ਹੋਣ ਦਾ ਭੁਲੇਖਾ ਵੀ ਪਾਉਂਦੀ, ਭਾਵੇਂ ਇਸ ਦਾ ਦਰਸ਼ਣੀ-ਬਿੰਬ ਖੁੱਲ੍ਹੀ ਕਵਿਤਾ ਦੀ ਨਿਸ਼ਾਨਦੇਹੀ ਕਰਦਾ ਹੈ। ਦਰਸ਼ਣੀ-ਬਿੰਬ ਦਾ ਬਚਾਅ ਉਹ ਨੇਤਰੀ-ਮੋੜ (Eye-Turn) ਰਾਹੀਂ ਵਾਕਾਂਸ਼ਾਂ ਨੂੰ ਇਕ ਦੂਜੇ ਦਾ ਪੂਰਕ ਬਣਾ ਕੇ ਕਰਦਾ ਹੈ (Enjambment)। ਸਾਰੰਸ਼ ਇਹ ਕਿ ਰੂਪਕ ਪੱਖੋਂ ਸੁਖਵਿੰਦਰ ਦੀ ਕਵਿਤਾ ਦੂਜੇ ਪੜਾਅ ਦੀ ਖੁੱਲ੍ਹੀ ਕਵਿਤਾ ਅਤੇ ਤੀਜੇ ਪੜਾਅ ਦੀ 'ਨੰਗੀ ਕਵਿਤਾ' ਦੇ ਵਿਚਕਾਰ ਇਕ ਪੁਲ ਹੈ। ਸਤਰਾਂ ਦਾ ਇਕ ਦੂਜੇ ਵਿਚ ਡੁੱਲ੍ਹਣਾ ਜਾਂ ਵਲ ਖਾਣਾ, ਇਕ ਪੜਾਅ ਦੀ ਕਵਿਤਾ ਦਾ ਖਾਸਾ ਹੈ ਅਤੇ 'ਨੰਗੀ ਕਵਿਤਾ' ਦਾ ਵਿਸ਼ਾ ਪ੍ਰਧਾਨ ਹੋਣਾ, ਤੀਜੇ ਪੜਾਅ (ਸਮਕਾਲੀ) ਦੀ ਕਵਿਤਾ ਦੀ ਖ਼ਾਸੀਅਤ ਹੈ।

ਅ. ਵਿਸ਼ਾ-ਵਸਤੂ :

ਇੱਕੋ ਜਿਹਾ ਦੁੱਖ ਦੀ ਸਮੁੱਚੀ ਕਵਿਤਾ ਦੀ ਜੇ ਵਿਸ਼ੇ-ਵੰਡ ਕਰੀਏ ਤਾਂ ਇਨ੍ਹਾਂ ਵਿਚੋਂ 35 ਕਵਿਤਾਵਾਂ ਉੱਤਰ-ਆਧੁਨਿਕ ਸਮੱਸਿਆਵਾਂ ਨਾਲ ਵਾਬਸਤਾ

ਹਨ, 16 ਨਿੱਜੀ ਪ੍ਰਵਾਰਕ ਭਾਵਨਾਵਾਂ ਨਾਲ ਓਤ-ਪੋਤ ਹਨ, 10 ਪ੍ਰਗਤੀਵਾਦੀ ਵਿਚਾਰਧਾਰਾ ਨਾਲ ਤੁਅੱਲਕ ਰੱਖਦੀਆਂ ਹਨ ਅਤੇ 5 ਕੁ ਸਾਮਰਾਜ ਵਿਰੋਧੀ ਭਾਵਨਾ ਵਾਲੀਆਂ ਹਨ। ਵਸਤੂ ਪੱਖੋਂ ਇਹ ਸੰਗ੍ਰਹਿ ਵਿਭਿੰਨ ਵਿਸ਼ਿਆਂ ਦਾ ਕੋਲਾਜ ਹੈ। ਵਿਸ਼ਿਆਂ ਦਾ ਵਾਹਣ ਪ੍ਰਗਤੀਵਾਦੀ ਪੁਰਾਣੀ ਵਿਚਾਰਧਾਰਾ ਤੋਂ ਲੈ ਕੇ ਉੱਤਰ-ਆਧੁਨਿਕਤਾਵਾਦੀ ਸਮਕਾਲੀ ਜੀਵਨ ਦੀਆਂ ਤਲਖੀਆਂ ਰੰਗੀਨੀਆਂ ਤਕ ਫੈਲਿਆ ਹੋਇਆ ਹੈ। ਵਿਸ਼ਿਆਂ ਦੀ ਅਨੁਪਾਤ ਦੇ ਹਿਸਾਬ ਨਾਲ ਇਹ ਕਾਵਿ-ਸੰਗ੍ਰਹਿ ਪ੍ਰਮੁੱਖ ਤੌਰ 'ਤੇ ਉਤਰ-ਆਧੁਨਿਕ ਕਦਰਾਂ ਕੀਮਤਾਂ ਨਾਲ ਵਾਸਤਾ ਰਖਦਾ ਹੈ। ਇਸ ਲਈ ਇਨ੍ਹਾਂ ਵਿਸ਼ਿਆਂ ਵਾਲ਼ੀਆਂ ਕਵਿਤਾਵਾਂ ਮੇਰੇ ਵਿਸ਼ਲੇਸ਼ਣ ਦਾ ਕੇਂਦਰੀ ਬਿੰਦੂ ਰਹਿਣਗੀਆਂ।

ਸਮਾਜਕ ਤੌਰ 'ਤੇ ਉੱਤਰ-ਆਧੁਨਿਕ ਕਦਰਾਂ ਕੀਮਤਾਂ, ਆਧੁਨਿਕ ਕਦਰਾਂ ਕੀਮਤਾਂ ਦੇ 'ਉਸਾਰੂ' ਪੱਖ ਦਾ 'ਉਲਾਰੂ' ਤਰਜਮਾ ਹਨ। ਸੰਖੇਪ ਵਿਚ ਆਧੁਨਿਕਵਾਦ ਮਨੁੱਖੀ ਅੰਤਰਮੁਖਤਾ ਦੀ ਖੰਡਤ ਸਥਿਤੀ ਨੂੰ ਦੁਰਭਾਗੀ ਗਰਦਾਨ ਕੇ ਉਸ 'ਤੇ ਤਰਸ ਵੀ ਖਾਂਦਾ ਹੈ ਅਤੇ ਰੁਦਨ ਵੀ ਕਰਦਾ ਹੈ। ਮੁਕਾਬਲੇ 'ਤੇ ਉੱਤਰ-ਆਧੁਨਿਕਵਾਦ ਇਸ ਖੰਡਤਾ ਦਾ ਜਸ਼ਨ ਮਨਾਉਂਦਾ ਹੈ ਅਤੇ ਇਸ ਨੂੰ ਨਿਰਾਰਥਕ ਕਹਿ ਕੇ ਖਿੱਲੀ ਵੀ ਉਡਾਉਂਦਾ ਹੈ। ਉਪਰੋਕਤ ਵਖਰਾਉ ਨੂੰ ਸਮਾਜਵਾਦੀ ਕਦਰਾਂ ਕੀਮਤਾਂ 'ਤੇ ਢਕਾਉਂਦਿਆਂ ਅਹਿਸਾਸ ਹੁੰਦਾ ਹੈ ਕਿ ਉੱਤਰ-ਆਧੁਨਿਕਤਾ ਦੀ ਵਿਚਾਰਧਾਰਾ ਨੇ ਸਭਿਆਚਾਰ ਦੀ ਮੁੱਢਲ਼ੀ ਪਰਿਭਾਸ਼ਾ ਨੂੰ ਹੀ ਬਦਲ ਦਿੱਤਾ ਹੈ। ਆਧੁਨਿਕ ਵਿਚਾਰਧਾਰਾ ਇਕ ਪ੍ਰਕਾਰ ਨਾਲ ਦੋਹਰੀ ਢਾਲ਼ (Binary Safeguard) ਬਣ ਕੇ ਸਭਿਆਚਰ ਦੇ ਕਰੂਪੀ ਪੱਖ ਨੂੰ ਨਿਘਾਰਦੀ ਅਤੇ ਸੁਹਜਮਈ ਪੱਖ ਨੂੰ ਉਭਾਰਦੀ ਹੈ। ਇਸ ਸੰਤੁਲਨ ਨੂੰ ਬਰਕਰਾਰ ਰੱਖਣ ਲਈ ਸਮਾਜ ਵਿਚ ਬੇਤਰਤੀਬੀ ਨੂੰ ਬਣਾਈ ਰੱਖਣਾ ਵੀ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਇਸ ਦਾ ਵਿਰੋਧ ਕਰਨ ਲਈ ਤਰਤੀਬ ਆਪਣੇ ਆਪ ਸ਼ਕਤੀਸ਼ਾਲੀ ਰੂਪ ਧਾਰਨ ਕਰ ਲੈਂਦੀ ਹੈ। ਪੱਛਮੀ ਸਭਿਆਚਾਰ ਦੀਆਂ ਆਧੁਨਿਕ ਕਦਰਾਂ ਕੀਮਤਾਂ ਇਸ ਕਰਕੇ ਬਰਕਰਾਰ ਰਹੀਆਂ, ਕਿਉਂਕਿ ਉਨ੍ਹਾਂ ਨੇ ਬੇਤਰਤੀਬੀ ਵਿੱਚੋਂ ਤਰਤੀਬੀ ਕਸ਼ੀਦ ਕਰਨ ਦਾ ਫਾਰਮੂਲਾ ਲੱਭ ਲਿਆ ਸੀ। ਸਮਾਜ ਵਿਚ ਜੇ ਕੋਈ ਕੁਰੀਤੀ (ਬਲਾਤਕਾਰ, ਵੇਸਵਾਗਮਨੀ, ਸਾਕ-ਸਕੀਰੀ ਸੰਬੰਧ ਜਾਂ ਕੋਈ ਹੋਰ ਬਦਇਖਲਾਕੀ ਆਦਿ) ਪੈਦਾ ਹੋਈ ਤਾਂ ਸਮਾਜ ਨੇ ਤੁਰੰਤ ਉਸ ਨੂੰ ਨੰਗਾ ਕਰਕੇ ਸੰਬੰਧਤ ਧਿਰਾਂ ਨੂੰ ਸਮਾਜਕ ਕਾਨੂੰਨ ਅਧੀਨ (ਅਦਾਲਤੀ ਕਾਨੂੰਨ ਤੋਂ ਅਲ੍ਹੈਦਾ) ਕਰੜੀਆਂ ਸਜ਼ਾਵਾਂ ਦਿੱਤੀਆਂ। ਪਰ ਉਤਰ-ਆਧੁਨਿਕਵਾਦ ਦਾ ਸਮਾਜਿਕ ਵਤੀਰਾ ਇਨ੍ਹਾਂ ਵੱਲ 'ਬੇਰਾਹਾ ਅਤੇ ਲਾਪਰਵਾਹੀ ਵਾਲਾ ਹੈ ਜਾਂ ਅੰਗਰੇਜ਼ੀ ਦੇ ਸੂਤਰ, 'I do not give a damn' ਵਾਲੀ ਭਾਵਨਾ ਵਾਲਾ ਹੈ। ਸਵਾਲ ਪੈਦਾ ਹੁੰਦਾ ਹੈ ਕਿ ਅਜੇਹੇ ਸਮਾਜਿਕ ਮਾਹੌਲ ਵਿਚ ਕਵਿਤਾ ਵਰਗੀ ਵਿਧਾ ਕੀ

ਕਰਤਵ ਨਿਭਾ ਸਕਦੀ ਹੈ। ਪ੍ਰੋ. ਮੇਰੀ ਕਲੈਗਸ ਉਤਰ-ਆਧੁਨਿਕ ਭਾਵਨਾ ਨੂੰ ਇੰਝ ਪ੍ਰਗਟਾਉਂਦੀ ਹੈ – "The world is meaningless Let's not pretend that art can make meaning then, let's just play with nonesense."

ਕਵੀ ਸੁਖਵਿੰਦਰ ਨੇ ਉੱਤਰ-ਆਧੁਨਿਕਵਾਦੀ ਕੁਰੀਤੀਆਂ ਨੂੰ ਆਪਣੀ ਕਵਿਤਾ ਰਾਹੀਂ ਨੰਗਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਹਦੀਆਂ ਲੜੀਵਾਰ ਸੱਤ ਕਵਿਤਾਵਾਂ (ਅਮਰੀਕੀ ਡੇਟਿੰਗ: ਸੱਤ ਪਰਤਾਂ) ਸਮਾਜ ਦੀਆਂ ਵੱਖ ਵੱਖ ਕੁਰੀਤੀਆਂ ਨੂੰ ਫੋਕਸ ਵਿਚ ਲਿਆਉਂਦੀਆਂ ਹਨ। ਪਹਿਲੀ ਪਰਤ ਵਿਚ ਨਸ਼ੇ ਪੱਤੇ, ਦੂਜੀ ਵਿਚ ਮਰ ਰਹੀ ਮਾਂ ਦੀ ਮੌਤ ਨਾਲੋਂ ਵੀਕਐਂਡ ਤੇ ਡੇਟਿੰਗ ਦਾ ਫ਼ਿਕਰ ਅਤੇ ਕੁੱਖ ਦਾ ਕਾਰੋਬਾਰ ਕਰਾਉਣ ਦੀ ਲਾਲਸਾ, ਤੀਜੀ ਪਰਤ ਵਿਚ ਕਾਮ ਵਿਚ ਅੰਨ੍ਹੀ ਹੋਈ ਕੁੜੀ ਦੀ ਸੈਕਸ ਟੁਆਏ (Sex Toy) ਨਾਲ ਹਥਰਸੀ ਆਦਿ ਕੁਰੀਤੀਆਂ ਦਾ ਜ਼ਿਕਰ ਹੈ। ਸੁਖਵਿੰਦਰ ਨੇ ਜੀਵਨ ਦਾ ਉਹ ਪੱਖ ਸੰਬੰਧਤ ਧਿਰਾਂ ਦੇ ਮਨ ਵਿਚ ਝਾਕ ਕੇ ਫਰੋਲਿਆ ਹੈ। ਇਸ ਪ੍ਰਕਾਰ ਜੀਵਨ ਦੀਆਂ ਦੁਖਦਾਇਕ ਅਤੇ ਘਨੌਣੀਆਂ ਪਰਤਾਂ ਨੂੰ ਖੋਲ੍ਹਣ ਦਾ ਯਤਨ ਕੀਤਾ ਹੈ। ਸੰਭੋਗ ਜੇ ਦੋ ਧਿਰਾਂ ਵਿਚਕਾਰ ਸੱਚੇ ਸੁੱਚੇ ਪਿਆਰ 'ਤੇ ਆਧਾਰਤ ਹੋਵੇ ਤਾਂ ਮਨ ਨੂੰ ਵਿਸਮਾਦ ਵਿਚ ਪਹੁੰਚਾ ਦਿੰਦਾ ਹੈ, ਪਰ ਜੇ ਇਹ ਜਿਸਮ ਦਾ ਕਾਰੋਬਾਰ ਕਰਨ ਅਤੇ ਲਿੰਗਕ ਭੁੱਖ ਦੀ ਤ੍ਰਿਪਤੀ ਤਕ ਹੀ ਸੀਮਤ ਹੋਵੇ ਤਾਂ ਮਾਨਸਕ ਰੋਗ ਬਣ ਜਾਂਦਾ ਹੈ। ਮਾਨਸਕ ਰੋਗ ਮਨੁੱਖੀ ਸੋਚ ਅਤੇ ਸਮਝ ਨੂੰ ਗੰਧਲਾ ਕਰਦਾ ਹੈ। ਫਲਸਰੂਪ, ਸਮਾਜਕ ਕੁਰੀਤੀਆਂ ਵਿਚ ਇਜ਼ਾਫਾ ਹੁੰਦਾ ਜਾਂਦਾ ਹੈ। ਜੇ ਤੁਸੀਂ ਅੱਜ ਦੇ ਮੀਡੀਆ ਦੀਆਂ ਸੁਰਖੀਆਂ ਪੜ੍ਹੋ ਤਾਂ ਬਹੁਤ ਸਾਰੀਆਂ ਕਤਲੋਗਾਰਦ, ਵੇਸਵਾਗਮਨੀ, ਬਲਾਤਕਾਰ, ਸਮਲਿੰਗੀ ਸੰਭੋਗ, ਟੀਨ-ਸੈਕਸ ਨਾਲ ਸੰਬੰਧਤ ਹਨ। ਸੁਖਵਿੰਦਰ ਨੇ ਇਨ੍ਹਾਂ ਦੀ ਕੁਰੂਪਤਾ ਵੱਲ ਕਲਾਤਮਿਕ ਤੌਰ 'ਤੇ ਅਸਹਿਨਸ਼ੀਲਤਾ ਦਿਖਾਈ ਹੈ। ਪਰ ਸਮੱਸਿਆ ਇਹ ਹੈ ਕਿ ਅਜਿਹੇ ਵਿਸ਼ੇ ਬਹੁਤ ਵਾਰੀ ਪਾਠਕ ਦੀ ਸੰਜੀਦਾ ਸੋਚ ਦਾ ਹਿੱਸਾ ਬਣ ਜਾਣ ਨਾਲੋਂ ਕਾਮੁਕ ਤ੍ਰਿਪਤੀ ਬਣ ਜਾਣ ਦਾ ਖਦਸ਼ਾ ਵੀ ਸਹੇੜਦੇ ਹਨ।

ਸੁਖਵਿੰਦਰ ਦੀ ਕਵਿਤਾ ਦੇ ਵਿਸ਼ੇ ਹੋਰ ਸਮਾਜਿਕ ਸਮੱਸਿਆਵਾਂ ਵੱਲ ਵੀ ਸੰਬੋਧਤ ਹਨ। ਪਹਿਲੀ ਹੈ ਨਿੱਜੀ ਅਤੇ ਦੂਜੀ ਹੈ ਸਮਾਜਵਾਦੀ। ਪੱਛਮੀ ਸਭਿਆਚਾਰ ਵਿਚ ਬੇਰੁਖੀ, ਉਪਰਾਮਤਾ, ਓਪਰਾਪਣ, ਸਾਕ ਸਕੀਰੀ ਸੰਬੰਧਾਂ ਦੀ ਟੁੱਟ ਭੱਜ, ਇਕੱਲਤਾ, ਬੇਚੈਨੀ ਆਦਿ ਦੀਆਂ ਸਮੱਸਿਆਵਾਂ ਘਰ ਕਰ ਗਈਆਂ ਹਨ। ਇਕ ਕਵਿਤਾ ਵਿਚ ਇਕੱਲਤਾ ਅਤੇ ਬੇਚੈਨੀ ਦਾ ਇਜ਼ਹਾਰ ਇਸ ਪ੍ਰਕਾਰ ਹੋਇਆ ਹੈ:

ਮੈਂ ਤੰਗ ਆ ਗਿਆ ਹਾਂ
ਇਸ ਤਰ੍ਹਾਂ ਦੀ ਲਿਜ਼ਲਿਜ਼ੀ ਜ਼ਿੰਦਗੀ ਤੋਂ
ਸਭ ਕੁਝ ਬਰਫ਼ ਹੋਇਆ ਪਿਆ ਹੈ ਮੇਰੇ ਅੰਦਰ
ਖ਼ੂਨ ਸਿਰਫ਼ ਨਾੜਾਂ 'ਚ ਚਲਦਾ ਹੈ
ਚੱਲਦਾ ਵੀ ਹੈ ਕਿ ਨਹੀਂ
ਮੈਨੂੰ ਨਹੀਂ ਪਤਾ
...
ਸਵੇਰੇ ਉੱਠਦਾ ਹਾਂ, ਖਾਂਦਾ ਹਾਂ, ਸੌਂਦਾ ਹਾਂ
ਤੇ ਕੰਮ 'ਤੇ ਜਾਂਦਾ ਹਾਂ -ਅੱਜ ਕੱਲ੍ਹ

ਉਪਰੋਕਤ ਸਮੱਸਿਆਵਾਂ ਉਸ ਦੀਆਂ ਕਈ ਕਵਿਤਾਵਾਂ ਵਿੱਚੋਂ ਵਿਅਕਤ ਹੁੰਦੀਆਂ ਹਨ, ਜਿਨ੍ਹਾਂ ਵਿਚ 'ਚੈਨ ਦੀ ਨੀਂਦ', ਅਮਰੀਕਾ 'ਚ ਪੰਜਾਬੀ ਜੀਵਨ', 'ਕੈਸ਼ੀਅਰ', 'ਜੜ੍ਹਹੀਣ', 'ਕਿਉਂ', 'ਤੇਰੇ ਨਾਲ', 'ਪਾਗਲ ਕੁੱਤੇ' ਆਦਿ ਸ਼ਾਮਲ ਹਨ। ਇਨ੍ਹਾਂ ਸਮੱਸਿਆਵਾਂ ਕਰਕੇ ਆਦਮੀ ਉਪਰਾਮ ਹੁੰਦਾ ਹੈ ਅਤੇ ਘੋਰ ਕਿਸਮ ਦੀ ਮਾਨਸਿਕ ਪਰੇਸ਼ਾਨੀ ਅਤੇ ਦਿਮਾਗੀ ਦਬਾਉ (Stress) ਦਾ ਸ਼ਿਕਾਰ ਹੋ ਜਾਂਦਾ ਹੈ।

ਸਾਡੇ ਕੋਲ਼ ਕੰਮ ਤਾਂ ਹਨ
ਪਰ ਜ਼ਿੰਦਗੀ ਕਿੱਥੇ ਹੈ
ਅਸੀਂ ਕੰਮਾਂ ਨੂੰ
ਪੈਰਾਂ ਤੋਂ ਉਤਾਰ ਕੇ
ਪਿੱਠ 'ਤੇ ਲੱਦ ਲਿਆ ਹੈ
ਸਟ੍ਰੈਸ ਬਣਾ ਕੇ -ਜੜ੍ਹਹੀਨ

ਨਿੱਜੀ ਸਮੱਸਿਆਵਾਂ ਦੀ ਕੁੜਿਕੀ ਵਿਚ ਫਸਿਆ ਆਦਮੀ, ਆਪਣੇ ਦੋਸਤਾਂ, ਸਕੇ ਸੰਬੰਧੀਆਂ, ਭਾਈਚਾਰੇ ਅਤੇ ਪਰਵਾਰ ਵੱਲ ਖਿੱਚਿਆ ਜਾਂਦਾ ਹੈ। ਇਨ੍ਹਾਂ ਸਾਕ ਸਕੀਰੀਆਂ ਵਿਚੋਂ ਉਹ ਮਨ ਦਾ ਚੈਨ, ਦਿਲ ਦਾ ਧਰਵਾਸ ਅਤੇ ਜਿਸਮਾਨੀ ਸੁਖ ਦੀ ਆਸ ਰੱਖਦਾ ਹੈ। ਪਰ ਇਸ ਸਭਿਆਚਾਰ ਵਿਚ ਉਹ ਵਸਤਾਂ ਤਾਂ ਦੁਰਲਭ ਹਨ। ਕੁਝ ਕਵਿਤਾਵਾਂ ਵਿਚ ਸੁਖਵਿੰਦਰ ਨਿੱਜੀ ਪਰਿਵਾਰਕ ਸਮੱਸਿਆਵਾਂ ਦਾ ਜਾਇਜ਼ਾ ਲੈਂਦਾ ਹੈ। 'ਸਵੈ ਦੀ ਮੌਤ' ਵਿਚ ਘਰੇਲੂ ਤਣਾਉ ਦਾ ਜ਼ਿਕਰ ਹੈ,

ਜਿੱਥੇ ਕਿਸੇ ਰਿਸ਼ਤੇ ਦੇ ਤੋੜ ਵਿਛੋੜ ਦੀ ਸਮੱਸਿਆ ਦਾ ਵਰਨਣ ਹੈ :

ਰਿਸ਼ਤਿਆਂ ਦੀ ਲਾਸ਼ 'ਤੇ ਖੜ੍ਹ ਕੇ
ਉਹ ਬੋਲੀ
ਮੈਂ ਸਿਰਫ਼ ਤੇਰੀ ਹਾਂ
ਪਰ ਜੇ ਤੂੰ ਥੁੱਕਿਆ ਚੱਟੇਂ
ਜੇ ਤੂੰ ਉਨ੍ਹਾਂ ਦੇ ਪੈਰੀ ਪਵੇਂ
ਜੋ ਤੇਰੀ ਪੱਗ ਪਹਿਲਾਂ ਹੀ ਉਛਾਲ ਕੇ ਗਏ ਹਨ
ਵੇਖ ਕਬੀਲਦਾਰ ਬਣੀਦੈ
ਪਰ ਅਫ਼ਸੋਸ
ਮੈਂ ਮਿੱਠੀ ਛੁਰੀ ਨਹੀਂ ਬਣ ਸਕਿਆ
ਇਸੇ ਲਈ ਇਕੱਲਾ ਭਟਕਦਾ ਹਾਂ ਬੱਦਲ ਵਾਂਗ,

ਇਸੇ ਭਾਵਨਾ ਨੂੰ ਅੱਗੇ ਤੋਰਦੀ ਉਸ ਦੀ ਨਜ਼ਮ 'ਮਿੱਠੀ ਛੁਰੀ' ਹੈ।
ਕਿਉਂ ਨਹੀਂ ਬਣ ਸਕਦਾ?
ਮੈਂ ਮਿੱਠੀ ਛੁਰੀ, ਮੈਨੂੰ ਰਿਸ਼ਤਿਆਂ ਨੂੰ
ਥਾਂ ਸਿਰ ਰੱਖਣਾ ਕਿਉਂ ਨਹੀਂ ਆਉਂਦਾ

ਦੋਸਤੀ ਵਰਗੇ ਪਵਿੱਤਰ ਰਿਸ਼ਤਿਆਂ ਵਿਚ ਪਈ ਦਰਾੜ ਵਿੱਚੋਂ ਝਾਕਦਾ ਸੁਖਵਿੰਦਰ ਦਾ ਇਕਲਾਪਾ, ਉਸ ਦੀ ਹਲੀਮੀ, ਮਸਕੀਨੀ ਅਤੇ ਪ੍ਰਾਧੀਨੀ ਨੂੰ ਕੋਸਦਾ ਵੀ ਹੈ ਅਤੇ ਪਲੋਸਦਾ ਵੀ ਹੈ। ਕੋਸਦਾ ਇਸ ਕਰਕੇ ਹੈ ਕਿ ਰਿਸ਼ਤਿਆਂ ਦੀ ਮਰਯਾਦਾ ਇਨ੍ਹਾਂ ਵਿਚੋਂ ਗੁੰਮ ਗੁਆਚ ਕਈ ਹੈ ਅਤੇ ਪਲੋਸਣਾ, ਗੁਰੂ ਨਾਨਕ ਅਤੇ ਵਿਛੂ ਦੀ ਕਹਾਣੀ ਵਾਂਗ ਉਸਦੀ ਦੀ ਆਦਤ ਬਣ ਗਈ ਹੈ। ਕੁਝ ਨਜ਼ਮਾਂ ਨਿੱਜੀ ਪਰਵਾਰਕ ਜੀਆਂ ਨਾਲ ਸੰਬੰਧਤ (ਸੰਸਾਰ ਲਈ, ਪਿਤਾ, ਮਰਸੀਆ ਨਹੀਂ, ਮਾਂ ਲਈ ਅਤੇ ਸਮਰਪਣ)। ਸਮਰਪਣ ਵਿਚੋਂ ਉਹ ਆਪਣੀ ਪਤਨੀ ਦੀ ਸ਼ਹਿਨਸ਼ੀਲਤਾ ਅਤੇ ਆਪਣੀ ਉਪਰਾਮਤਾ ਦਾ ਜ਼ਿਕਰ ਬੜੇ ਮਾਰਮਕ ਤਰੀਕੇ ਨਾਲ ਕਰਦਾ ਹੈ।

ਮੈਨੂੰ ਲੱਗਦੈ
ਮੈਂ, ਉਸ ਦੇ ਪਿਆਰ 'ਚ
ਉਸ ਤਰ੍ਹਾਂ ਨਹੀਂ ਡੁੱਬਿਆ
ਜਿਵੇਂ ਉਹ ਡੁੱਬੀ ਹੈ

ਤਾਂ ਹੀ ਤਾਂ ਮੈਨੂੰ
ਮੌਤ ਤੋਂ ਡਰ ਲੱਗਦਾ ਹੈ
...
ਕਾਸ਼ ਮੈਂ ਉਸ ਵਰਗਾ ਹੁੰਦਾ
ਸ਼ਾਂਤ ਤੇ ਅਡੋਲ
ਜਿਵੇਂ ਉਹ ਕਦੇ ਕਦੇ
ਸੁਖਮਣੀ ਦਾ ਪਾਠ ਕਰਦਿਆਂ
ਇੰਝ ਲੱਗਦੀ ਹੈ
ਜਿਵੇਂ ਉਹ ਸਾਰੀ ਹੀ ਖੰਡ
ਬ੍ਰਹਿਮੰਡ ਖ਼ੁਦ ਹੋ ਗਈ —ਸਮਰਪਣ

ਨਿੱਜੀ ਅਤੇ ਪਰਵਾਰਕ ਜੀਵਨ ਨਾਲ ਸੰਬੰਧਤ ਨਜ਼ਮਾਂ ਨੂੰ ਜੇ ਉੱਤਰ-ਆਧੁਨਿਕ ਕਦਰਾਂ ਕੀਮਤਾਂ ਦੇ ਪਰਿਪੇਖ ਵਿਚ ਦੇਖਿਆ ਜਾਵੇ ਤਾਂ ਇਹ ਮਨੁੱਖ ਦੀ ਖੰਡਤ ਮਨੋਦਸ਼ਾ ਦੀ ਸਾ-ਉਪਜ (By Product) ਹੀ ਜਾਪਦੀਆਂ ਹਨ। ਇਨ੍ਹਾਂ ਦਾ ਵਿਸ਼ਾ ਮੂਲ ਰੂਪ ਵਿਚ ਰਿਸ਼ਤਿਆਂ ਦੀ ਭੱਜ ਟੁੱਟ ਅਤੇ ਪਰਵਾਰਕ ਜੀਵਨ ਵਿਚੋਂ ਮੋਹ ਮੁਹੱਬਤ ਦੇ ਪੇਤਲੇ ਪੈ ਜਾਣ ਨਾਲ ਸੰਬੰਧਤ ਹੈ। ਆਦਮੀ ਵਿਚੋਂ ਇਨਸਾਨੀਅਤ ਦੇ ਮਨਫ਼ੀ ਹੋਣ ਦਾ ਰੁਝਾਨ ਸਭਿਆਚਾਰਕ ਤਰਾਸਦੀ ਦਾ ਰੂਪ ਧਾਰ ਗਿਆ ਹੈ। ਪਰ ਸਭ ਤੋਂ ਵੱਡਾ ਖ਼ਤਰਾ ਇਹ ਪੈਦਾ ਹੋ ਗਿਆ ਹੈ ਕਿ ਕਿਤੇ ਇਹ ਇਨਸਾਨੀ-ਨਸਲ ਨੂੰ ਪਸ਼ੂ-ਬਿਰਤੀ (Animalism) ਵੱਲ ਨੂੰ ਨਾ ਧੱਕ ਦੇਵੇ।

ਅਖ਼ੀਰ ਵਿਚ ਪਲੈਟੋ ਦੇ ਵਕਤਾਂ ਤੋਂ ਚਲਿਆ ਆਉਂਦਾ ਸਵਾਲ ਸਾਡੇ ਸਾਹਮਣੇ ਅੱਜ ਵੀ ਖੜ੍ਹਾ ਹੈ, ਜਿਸ ਦਾ ਸਾਰੰਸ਼ 'ਕੀ ਕਵਿਤਾ ਦਾ ਕੋਈ ਮਹੱਤਵ ਹੈ' ਵਿਚ ਅਨੁਵਾਦ ਹੁੰਦਾ ਹੈ। ਪੱਛਮੀ ਖਿੱਤੇ ਵਿਚ ਇਸ ਗੱਲ 'ਤੇ ਬਹੁਤ ਸਾਰੇ ਫੋਰਮ ਅਤੇ ਕਾਨਫਰੰਸਾਂ ਕਰਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ 'Does Poetry Matter' ਦੇ ਵਿਸ਼ੇ 'ਤੇ ਬਹਿਸਾਂ ਹੁੰਦੀਆਂ ਹਨ। ਸੁਖਵਿੰਦਰ ਕੰਬੋਜ ਦੀ ਕਵਿਤਾ ਪੜ੍ਹਨ ਤੋਂ ਬਾਅਦ ਮੇਰੇ ਅੱਗੇ ਵੀ ਇਹੋ ਸਵਾਲ ਖੜ੍ਹਾ ਹੈ।

—ਡਾ. ਗੁਰੂਮੇਲ ਸਿੱਧੂ
1925 Los Altos Ave.
Clovis, C.A. 93611
U.S.A

ਮੁੱਢਲੇ ਸ਼ਬਦ

-ਕਰਨੈਲ ਸਿੰਘ ਥਿੰਦ (ਡਾ.)

ਲਗਭਗ ਦੋ ਦਹਾਕੇ ਪਹਿਲਾਂ ਜਦ ਸੁਖਵਿੰਦਰ ਕੰਬੋਜ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਭਾਗ ਵਿਚ 'ਰਿਸਰਚ ਫੈਲੋ' ਚੁਣੇ ਜਾਣ ਉਪਰੰਤ ਖੋਜ ਵਿਦਿਆਰਥੀ ਵਜੋਂ ਜਾਇਨ ਕਰਕੇ "ਨਵੀਂ ਪੰਜਾਬੀ ਕਵਿਤਾ" ਬਾਰੇ ਪੀ-ਐਚ.ਡੀ. ਕਰਨ ਲਈ ਇੱਛਾ ਪ੍ਰਗਟ ਕੀਤੀ ਤਾਂ ਮੈਂ ਇਸ ਚੋਣ ਦਾ ਕਾਰਨ ਪੁੱਛਿਆ। ਉਸ ਦਾ ਉੱਤਰ ਸੀ: "ਕਿਉਂ ਜੋ ਮੈਨੂੰ ਨਵੀਂ ਕਵਿਤਾ ਵਿਚ ਦਿਲਚਸਪੀ ਹੈ ਅਤੇ ਮੈਂ ਖ਼ੁਦ ਵੀ ਕਵਿਤਾ ਲਿਖਦਾ ਹਾਂ।" ਮੇਰਾ ਪ੍ਰਤਿਕਰਮ ਸੀ: ਜ਼ਰੂਰੀ ਨਹੀਂ ਕਿ ਇਕ ਕਵੀ ਸਫ਼ਲ ਖੋਜੀ ਵੀ ਹੋਵੇ। ਖ਼ੈਰ! ਉਸ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਸਭਿਆਚਾਰਕ ਪੱਖ ਸੰਬੰਧੀ ਖੋਜ ਕਰਨ ਦੀ ਪ੍ਰਵਾਨਗੀ ਮਿਲ ਗਈ। ਪਰੰਤੂ, ਆਪਣੇ ਖੋਜ-ਕਾਰਜ ਨੂੰ ਅਧਵਾਟੇ ਹੀ ਛੱਡ ਕੇ ਉਹ ਪਹਿਲਾਂ ਬੀ. ਸੀ. ਕਾਲਜ, ਬਟਾਲਾ ਅਤੇ ਫਿਰ ਸ਼ਿਵਾਲਕ ਕਾਲਜ, ਨੰਗਲ ਵਿਖੇ ਲੈਕਚਰਰ ਵਜੋਂ ਕੰਮ ਕਰਦਾ ਰਿਹਾ। 1990 ਵਿਚ ਜਦ ਮੈਂ ਸ਼ਿਵਾਲਕ ਕਾਲਜ ਦੇ ਵਾਰਸ਼ਿਕ ਇਨਾਮ ਵੰਡ ਸਮਾਗਮ ਦੀ ਪ੍ਰਧਾਨਗੀ ਲਈ ਪੁੱਜਾ ਤਾਂ ਪਤਾ ਚੱਲਿਆ ਕਿ ਸੁਖਵਿੰਦਰ ਤਾਂ ਅਮਰੀਕਾ ਜਾ ਚੁੱਕਾ ਹੈ।

ਖੋਜ ਵਿਦਿਆਰਥੀ ਵਜੋਂ ਕੰਮ ਕਰਦੇ ਸਮੇਂ ਸੁਖਵਿੰਦਰ ਨੇ ਇਹ ਪ੍ਰਭਾਵ ਤਾਂ ਕਾਇਮ ਕਰ ਲਿਆ ਸੀ ਕਿ ਉਹ ਇਕ ਹੋਣਹਾਰ, ਪ੍ਰਤਿਭਾਸ਼ੀਲ ਤੇ ਕਾਬਿਲ ਸਕਾਲਰ ਹੈ, ਉਸ ਨੂੰ ਸਾਹਿਤ, ਕਵਿਤਾ ਬਾਰੇ ਕਾਫ਼ੀ ਸੂਝ ਹੈ, ਮਾਰਕਸ ਦੇ ਫਲਸਫੇ ਅਤੇ ਉੱਘੇ ਪੱਛਮੀ ਵਿਚਾਰਵਾਨਾਂ ਦੇ ਸਿੱਧਾਤਾਂ ਬਾਰੇ ਵੀ ਉਸ ਨੂੰ ਜਾਣਕਾਰੀ ਹੈ। ਪਰ, ਕਵੀ ਦੇ ਤੌਰ ਤੇ ਉਸ ਨੇ ਕੋਈ ਵਿਸ਼ੇਸ਼ ਥਾਂ ਨਹੀਂ ਸੀ ਬਣਾਈ। ਉਹ ਬਹੁਤਾ ਸਮਾਂ ਸੰਜੀਦਗੀ ਨਾਲ ਪੜ੍ਹਾਈ ਕਰਨ ਦੀ ਬਜਾਇ ਵਿਦਿਆਰਥੀ ਜਥੇਬੰਦੀ ਅਤੇ ਹੋਰ ਮਸਲਿਆਂ ਵਿਚ ਉਲਝਿਆ ਰਹਿੰਦਾ। ਸਿੱਟੇ ਵਜੋਂ ਸੁਖਵਿੰਦਰ ਡਾਕਟ੍ਰੇਟ ਸੰਬੰਧੀ ਆਪਣਾ ਖੋਜ ਕਾਰਜ ਮੁਕੰਮਲ ਨਾ ਕਰ ਸਕਿਆ, ਜਿਸ ਦਾ ਮੈਨੂੰ ਡਾਢਾ ਅਫ਼ਸੋਸ ਰਿਹਾ ਹੈ। ਕਿਉਂ ਜੋ, ਉਹ ਇਕ ਅਸਾਧਾਰਣ ਸਕਾਲਰ ਸੀ ਅਤੇ ਉਸ ਵਿਚ ਕਿਸੇ ਵੀ ਯੂਨੀਵਰਸਿਟੀ ਵਿਚ ਇਕ

ਕਾਮਯਾਬ ਅਧਿਆਪਕ ਬਣਨ ਦੀਆਂ ਯੋਗਤਾਵਾਂ ਸਨ।

ਮੇਰਾ ਕਿਆਸ ਸੀ ਕਿ ਸ਼ਾਹਪੁਰ (ਜਲੰਧਰ) ਦਾ ਜੰਮਪਲ ਹੋਣ ਕਰਕੇ ਦੁਆਬੇ ਦੇ ਹੋਰ ਹਜ਼ਾਰਾਂ ਲੋਕਾਂ ਵਾਂਗ ਸੁਖਵਿੰਦਰ ਨੂੰ ਵੀ ਬਹੁਤ ਜਲਦੀ ਅਮੀਰ ਬਣਨ ਦੀ ਲਾਲਸਾ ਤੇ ਡਾਲਰਾਂ ਦੀ ਚਮਕ-ਦਮਕ ਅਮਰੀਕਾ ਲੈ ਗਈ ਹੈ। ਪਰ, ਜੁਲਾਈ 1992 ਵਿਚ ਟਰਾਂਟੋ (ਕੈਨੇਡਾ) ਵਿਖੇ ਆਯੋਜਿਤ ਕੀਤੇ ਗਏ ਇਕ ਸਾਹਿਤਕ ਤੇ ਸਭਿਆਚਾਰਕ ਸਮਾਗਮ ਵਿਚ ਜਦ ਮੈਨੂੰ ਉਸਦੀ ਕਾਵਿ-ਰਚਨਾ: 'ਨਵੇਂ ਸੂਰਜ' ਦੀ ਘੁੰਢ ਚੁਕਾਈ ਦਾ ਮੌਕਾ ਮਿਲਿਆ ਤਾਂ ਵੇਖਿਆ ਕਿ ਉਹ ਆਪਣੇ ਇਸ ਪਲੇਠੇ ਕਾਵਿ-ਸੰਗ੍ਰਹਿ ਰਾਹੀਂ ਪਰਦੇਸਾਂ ਵਿਚ ਰਚੀ ਜਾ ਰਹੀ ਪੰਜਾਬੀ ਕਵਿਤਾ ਦੇ ਮੁਹਰਲੇ ਕਵੀਆਂ ਦੀ ਸਫ਼ ਵਿਚ ਆ ਖਲੋਤਾ ਹੈ। ਦੂਜੇ, ਇਹ ਜਾਣਕਾਰੀ ਵੀ ਮਿਲੀ ਕਿ ਸੁਖਵਿੰਦਰ ਕੋਲੰਬਸ ਵਲੋਂ ਲੱਭੀ ਨਵੀਂ ਦੁਨੀਆਂ ਵਿਚ ਭਾਵੇਂ ਆਪਣੇ ਛੋਟੇ ਭਰਾ ਦੀ ਤਲਾਸ਼ ਵਿਚ ਆਇਆ ਸੀ, ਪਰ ਉਹ ਇੱਥੋਂ ਦਾ ਹੋ ਕੇ ਰਹਿ ਗਿਆ।

ਲਗਭਗ ਪਿਛਲੇ ਦਸਾਂ ਸਾਲਾਂ ਵਿਚ ਉਹ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਵਿਚਰਦਾ ਰਿਹਾ ਹੈ। ਇਸ ਦਹਾਕੇ ਦੌਰਾਨ ਉਸ ਨੇ ਮਹਿਜ਼ ਉਥੋਂ ਦਾ ਜੀਵਨ ਜੀਵਿਆ ਹੀ ਨਹੀਂ ਸਗੋਂ ਇਸਨੂੰ ਕਈ ਕੋਨਾਂ ਤੋਂ ਹੰਢਾਇਆ ਅਤੇ ਮਹਿਸੂਸਿਆ ਵੀ ਹੈ। ਉਸਦੀ ਹੁਸੀਨ ਜਵਾਨੀ ਦੇ ਦਸ ਕੀਮਤੀ ਵਰ੍ਹੇ ਤਜਰਬਿਆਂ ਦੇ ਲੇਖੇ ਲੱਗ ਗਏ ਹਨ। ਇਸ ਜੀਵਨ ਤਜ਼ਰਬੇ ਨੇ ਉਸਦੀ ਬੁੱਧੀ ਨੂੰ ਪ੍ਰਚੰਡ ਕਰ ਦਿੱਤਾ ਹੈ। ਕਈ ਮੁਸ਼ਕਲਾਂ ਦਾ ਉਸ ਨੂੰ ਸਾਹਮਣਾ ਕਰਨਾ ਪਿਆ ਹੈ ਅਤੇ ਕੁਝ ਰੌਂਗਟੇ ਖੜੇ ਕਰਨ ਵਾਲੇ ਤੱਥ ਉਸਦੇ ਸਾਹਮਣੇ ਆਏ ਹਨ। ਅਭਿਆਸਾਂ ਦੀ ਇਸ ਜੀਵਨ-ਕੁਠਾਲੀ ਨੇ ਉਸ ਨੂੰ ਪਾਸੇ ਦਾ ਸੋਨਾ ਬਣਾ ਦਿੱਤਾ ਹੈ ਅਤੇ ਇਸ ਨਿੱਜੀ-ਅਨੁਭਵ ਵਿਚੋਂ ਜਨਮ ਹੋਇਆ ਹੈ ਉਸਦੇ ਦੂਜੇ ਕਾਵਿ-ਸੰਗ੍ਰਹਿ **ਜਾਗਦੇ ਅੱਖਰ** ਦਾ।

ਇਕ ਸੰਵੇਦਨਸ਼ੀਲ ਬੁੱਧੀਜੀਵੀ ਤੇ ਸੂਝਵਾਨ ਵਿਅਕਤੀ ਹੋਣ ਦੇ ਨਾਤੇ ਸੁਖਵਿੰਦਰ ਨੂੰ ਭਾਰਤ ਵਿਚ ਬੈਠੇ ਬਹੁਤੇ ਲੋਕਾਂ ਦੀ ਸੋਚ ਦੇ ਉਲਟ ਅਮਰੀਕਾ ਨਾ ਤਾਂ ਸੁਨਹਿਰੀ ਪਰਾਂ ਵਾਲੀ ਚਿੜੀ ਅਤੇ ਨਾ ਹੀ ਸੋਨੇ ਦੇ ਅੰਡੇ ਦੇਣ ਵਾਲੀ ਮੁਰਗੀ ਨਜ਼ਰ ਆਈ ਹੈ। ਉਸ ਨੇ ਨਿੱਜੀ ਤਜ਼ਰਬਿਆਂ ਰਾਹੀਂ ਅਨੁਭਵ ਕੀਤਾ ਹੈ ਕਿ ਉੱਨਤੀ ਦੀਆਂ ਸਿਖਰਾਂ ਨੂੰ ਛੂਹ ਰਿਹਾ ਅਮਰੀਕਨ ਪੂੰਜੀਵਾਦੀ ਢਾਂਚਾ ਸਾਮਰਾਜ ਦੀ ਨਿਰਦੱਈ ਤੇ ਕੁਟਲ-ਨੀਤੀ ਦੇ ਚਰਿੱਤਰ ਦੀ ਸਿਰਜਣਾ ਹੈ ਜੋ ਮਹਾਂ-ਸ਼ਕਤੀ ਦੇ ਰੂਪ ਵਿਚ ਆਪਣੀ ਦਾਦਾਗਿਰੀ ਨਾਲ ਦੁਨੀਆਂ ਦੀ ਰਾਜਨੀਤੀ ਵਿਚ ਬਹੁਤ ਹੀ ਨਿੰਦਣਯੋਗ ਤੇ ਘਿਨਾਉਣੀ ਭੂਮਿਕਾ ਨਿਭਾ ਰਿਹਾ ਹੈ। ਅਮਰੀਕਾ ਦੀਆਂ ਆਸਮਾਨ ਨੂੰ ਛੂੰਹਦੀਆਂ ਇਮਾਰਤਾਂ ਤੇ ਕੰਪਿਊਟਰ ਕਲਚਰ ਵਿਚੋਂ ਕਵੀ ਨੂੰ

ਤੀਜੀ ਦੁਨੀਆਂ ਦੇ ਬੱਚਿਆਂ ਦਾ ਭਵਿੱਖ ਸੁੰਗੜਿਆ ਹੋਇਆ ਨਜ਼ਰੀਂ ਆਉਂਦਾ ਹੈ ਅਤੇ ਸਾਮਰਾਜ ਦੇ ਇਸ ਸੁਨਹਿਰੀ ਜਾਲ ਵਿਚ ਜਿਹੜਾ ਵੀ ਪੰਛੀ ਇਕ ਵਾਰ ਫਸ ਜਾਂਦਾ ਹੈ ਉਹ ਉਮਰ ਭਰ ਲਈ ਮਾਰਗੇਜ਼ ਬੈਂਕਾਂ ਤੇ ਕਰੈਡਿਟ ਕਾਰਡਾਂ ਦੇ ਚੱਕਰ ਵਿਚੋਂ ਬਾਹਰ ਨਹੀਂ ਨਿਕਲ ਸਕਦਾ। ਲੋ ਆਫ਼, ਜੌਬ ਸਟਰੈੱਸ, ਆਰਥਿਕ ਮੰਦਵਾੜਾ, ਬੀਮੇ ਅਤੇ ਸੈਕੰਡ ਹੈਂਡ ਕਾਰਾਂ ਦੀਆਂ ਕਿਸ਼ਤਾਂ, ਉਸ ਨੂੰ ਦਮ ਨਹੀਂ ਲੈਣ ਦੇਂਦੀਆਂ। ਪੌਂਡਾਂ ਦੇ ਚੱਕਰ ਵਿਚ ਡਬਲ ਜੌਬ ਤੇ ਹੱਡ ਭਜਵੀਂ ਮਿਹਨਤ ਉਸ ਨੂੰ ਬਲਹੀਣ ਕਰ ਦੇਂਦੀ ਹੈ ਤੇ ਉਹ ਕੁਝ ਸੋਚ ਵੀ ਨਹੀਂ ਸਕਦਾ। ਇਸ ਦੌੜ ਵਿਚ ਬੰਦਾ ਆਪਣੀ ਪਛਾਣ, ਸ਼ਨਾਖ਼ਤ, ਸਭਿਆਚਾਰ ਅਤੇ ਰਿਸ਼ਤੇ ਨਾਤੇ ਸਭ ਕੁਝ ਖੋਹ ਬੈਠਦਾ ਹੈ:

ਜਿਸ ਸਭਿਅਤਾ ਦੀ ਸਵੇਰੇ ਇਹ ਜੁਆਨ ਹੋਈਆਂ
ਉਥੇ ਪੈਸਾ ਹੀ ਬੰਦੇ ਦੀ ਪਹਿਚਾਣ ਹੈ।
ਸਾਹ ਨਹੀਂ, ਰਿਸ਼ਤਾ ਨਹੀਂ
ਡਾਲਰ ਹੀ ਬੰਦੇ ਦੀ ਜਾਨ ਹੈ।
ਮੁਹੱਬਤ, ਪਿਆਰ, ਘਰ, ਬਾਹਰ, ਬੱਚੇ
ਸਭ ਇਸ ਤੋਂ ਕੁਰਬਾਨ ਹੈ। –(ਤਾਸੀਰ)

ਜਾਗਦੇ ਅੱਖਰ ਕਾਵਿ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਵਿਚ ਅਨੁਭਵ ਤੇ ਧੁਨੀ ਦਾ ਬੜਾ ਸੁੰਦਰ ਮੇਲ ਹੈ। ਜੋ ਕੁਝ ਵੀ ਕਵੀ ਨੇ ਵੇਖਿਆ, ਜੀਵਿਆ, ਹੰਢਾਇਆ ਅਤੇ ਅਨੁਭਵ ਕੀਤਾ ਹੈ, ਉਹੀ ਸ਼ਬਦਾਂ ਦਾ ਰੂਪ ਧਾਰਦਾ ਹੈ। ਕਵੀ ਭਾਵੇਂ ਭਾਰਤ ਵਿਚ ਬਤੀਤ ਕੀਤੇ ਆਪਣੇ ਪਿਛੋਕੜ ਦੀ ਗੱਲ ਕਰਦਾ ਹੈ, ਮਿੱਤਰਾਂ ਨਾਲ ਜੁੜੀਆਂ ਹੁਸੀਨ ਯਾਦਾਂ ਨੂੰ ਚਿਤਵਦਾ ਹੈ, ਬੰਬੀ, ਟਰੈਕਟਰ, ਗਹਿਣੇ ਪਈ ਜ਼ਮੀਨ ਛੁਡਾਉਣ ਜਾਂ ਮਾਂ ਦੀ ਖੰਘ ਦੀ ਦਵਾਈ ਲਈ ਬਾਪੂ ਨੂੰ ਡਾਲਰ ਭੇਜਣ ਦਾ ਜ਼ਿਕਰ ਹੈ, ਰਾਜਨੀਤਕ ਚਾਲਾਂ, ਅਤਿਵਾਦ, ਵਖਵਾਦ, ਜਾਂ ਵਧ ਚੁੱਕੇ ਭ੍ਰਿਸ਼ਟਾਚਾਰ ਦੀ ਭੰਡੀ ਹੈ, ਜਾਂ ਪਰਦੇਸ ਵਿਚ ਕਰੈਡਟ ਕਾਰਡ ਉਪਰ ਲਈਆਂ ਚੀਜ਼ਾਂ ਤੇ ਘਰ ਦੀਆਂ ਕਿਸ਼ਤਾਂ ਦੀ ਚਿੰਤਾ ਬਾਰੇ ਲਿਖਦਾ ਹੈ, ਨਾਜਾਇਜ਼ ਤੌਰ 'ਤੇ ਦਾਖਲ ਹੋਏ ਵਿਅਕਤੀ ਦਾ ਇਮੀਗ੍ਰੇਸ਼ਨ ਲਈ ਅਤਿ ਭੱਦੀ ਕਾਲੀ ਗੋਰੀ ਅਮਰੀਕਨ ਨਾਲ ਵਿਆਹ ਦੀ ਗੱਲ ਹੈ, ਜਾਂ ਕਿਸੇ ਗ਼ੈਰ ਕਾਨੂੰਨੀ ਅਮਲ ਲਈ ਜੇਲ੍ਹ ਵਿਚ ਇਕਲਾਪੇ ਦਾ ਵਰਣਨ, ਆਦਿ ਅਜੇਹੇ ਹਵਾਲੇ ਹਨ ਜੋ ਪਾਠਕ, ਸਰੋਤੇ ਨੂੰ ਟੁੰਬਦੇ ਹਨ। ਇੰਝ ਲਗਦਾ ਹੈ ਕਿ 'ਜਾਗਦੇ ਅੱਖਰ' ਦੀਆਂ ਬਹੁਤੀਆਂ

ਕਵਿਤਾਵਾਂ ਕਵੀ ਉਪਰ ਵਾਪਰੀਆਂ ਹਨ। ਉਸਦੀ ਆਤਮਕਥਾ ਜਾਂ ਹੱਡਬੀਤੀ ਦਾ ਹਿੱਸਾ ਹਨ, ਉਸਦੀ ਜ਼ਿੰਦਗੀ ਦਾ ਨਿਚੋੜ ਹਨ। ਇਨ੍ਹਾਂ ਵਿਚੋਂ ਜ਼ਿੰਦਗੀ ਦੀ ਧੜਕਣ ਦੀ ਧੁਨੀ ਸੁਣਾਈ ਦੇਂਦੀ ਹੈ। ਕਵੀ ਦੀ ਸਾਰੀ ਸ਼ਕਤੀ ਇਨ੍ਹਾਂ ਵਿਚ ਪ੍ਰਤਿਬਿੰਬਤ ਹੈ। ਇਹੋ ਹੀ ਇਨ੍ਹਾਂ ਨਜ਼ਮਾਂ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਹੈ।

ਸੁਖਵਿੰਦਰ ਭਾਰਤ ਦਾ ਜਮਪਲ ਅਮਰੀਕਨ ਸ਼ਹਿਰੀ ਹੈ। ਉਸਦੀ ਸੁਤੰਤਰਤਾ ਨੂੰ ਕਿਧਰੇ ਵੀ ਕੋਈ ਖ਼ਤਰਾ ਨਹੀਂ, ਪਰ ਉਹ ਆਪਣੇ ਨਿੱਜ ਦੀ ਹੱਦ ਤੋਂ ਬਾਹਰ ਜਾਣ ਤੋਂ ਪਹਿਲਾਂ ਆਪਣੀ ਸੁਗਠਿਤ ਸ਼ਖ਼ਸੀਅਤ ਦਾ ਵਿਕਾਸ ਕਰਕੇ ਆਪਣੀ ਰੱਖਿਆ ਕਰਦਾ ਹੈ। ਪਰੰਤੂ ਜਿਸ ਮਾਨਸਿਕ ਘੋਲ ਵਿਚੋਂ 'ਜਾਗਦੇ ਅੱਖਰ' ਦੀ ਕਵਿਤਾ ਜਨਮ ਲੈਂਦੀ ਹੈ, ਉਹ ਉਸ ਨੇ ਜੀਵਿਆ ਹੈ। ਕਦੀ ਕਦੀ ਇੰਝ ਦਾ ਅਹਿਸਾਸ ਵੀ ਹੁੰਦਾ ਹੈ ਕਿ ਇਹ ਕਵਿਤਾ ਕੰਬੋਜ ਦੀ ਅੰਦਰਲੀ ਬੇ-ਵਸੀ ਦੀ ਕਵਿਤਾ ਹੈ। ਪਰ ਬੁਨਿਆਦੀ ਤੌਰ 'ਤੇ ਇਹ ਪਛਤਾਵੇ ਜਾਂ ਢਹਿੰਦੀ ਕਲਾ ਦੀ ਕਵਿਤਾ ਨਹੀਂ ਹੈ। ਬੇ-ਵਸੀ ਦੀ ਕਵਿਤਾ ਕਈ ਵਾਰ ਬਹੁਤ ਵਧੀਆ ਤੇ ਯਾਦਗਾਰੀ ਹੋ ਨਿਬੜਦੀ ਹੈ। ਇਹ ਕਵਿਤਾ ਸੁਝਾਉ ਦੇ ਕੇ ਦਿਲ ਤੇ ਦਿਮਾਗ਼ ਨੂੰ ਤਰੋਤਾਜ਼ਾ ਕਰਦੀ ਹੈ। ਇਹ **ਜਾਗਦੇ ਅੱਖਰ** ਦੀਆਂ ਕਵਿਤਾਵਾਂ ਦਾ ਇਕ ਹੋਰ ਲੱਛਣ ਹੈ।

ਵਾਸਤਵ ਵਿਚ ਇਹ ਦੋ ਸਥਿਤੀਆਂ ਦੀ ਕਵਿਤਾ ਹੈ। ਇਕ ਸੰਸਾਰ ਤੋਂ ਦੂਜੇ ਸੰਸਾਰ ਤਕ-ਇਕ ਸਮੇਂ ਤੋਂ ਦੂਜੇ ਸਮੇਂ ਤਕ। ਦੋਹਾਂ ਹਾਲਤਾਂ ਵਿਚ ਲੋੜ ਦੇ ਰਿਸ਼ਤਿਆਂ ਦੀ ਗੱਲ ਵੀ ਕਰਦੀ ਹੈ ਪਰ, ਕਾਲ ਅਤੇ ਦੇਸ਼ ਦੀਆਂ ਸੀਮਾਵਾਂ ਤੋਂ ਪਾਰ ਇਸ ਕਵਿਤਾ ਦੀ ਦ੍ਰਿਸ਼ਟੀ ਉਸਾਰੂ ਅਤੇ ਅਰਥ ਭਰਪੂਰ ਹੈ। ਇਹ ਸੁਹਜ ਸੁਆਦ ਵੀ ਦੇਂਦੀ ਹੈ ਅਤੇ ਰੌਸ਼ਨੀ ਵੀ। ਕਵੀ ਦੇ ਸ਼ਬਦ ਸਾਫ਼ ਬੋਲਦੇ ਹਨ। ਇਹ ਇਕੋ ਸਮੇਂ ਦੋ ਸਭਿਆਚਾਰਾਂ ਵਿਚ ਵਿਚਰਦੀ ਹੈ।

ਜਿਵੇਂ ਕਵੀ ਸੰਕੇਤ ਕਰਦਾ ਹੈ, ਸੱਚ ਦੀ ਭਾਲ ਵਿਚ ਨਿਕਲੇ ਅੱਖਰ ਹੀ ਜਾਗਦੇ ਅੱਖਰ ਹਨ। ਇਹ ਕਵਿਤਾ ਹੱਕ ਤੇ ਸੱਚ ਦੀ ਗੱਲ ਕਰਦੀ ਹੈ। ਭਗਤ ਸਿੰਘ, ਰਵੀ, ਪਾਸ਼ ਅਤੇ ਉਨ੍ਹਾਂ ਦੀ ਸੋਚ ਰਖਣ ਵਾਲਿਆਂ ਦਾ ਰਾਹ ਹੀ ਅਸਲ ਵਿਚ ਸੱਚ ਦਾ ਰਾਹ ਹੈ। ਕਵੀ ਚਾਹੁੰਦਾ ਹੈ ਕਿ ਉਸ ਦੀ ਕਵਿਤਾ ਯੁਗ-ਪੁਰਸ਼ਾਂ ਦੇ ਹਥਿਆਰ ਨੂੰ ਠੀਕ ਅਰਥ ਦੇਵੇ (ਹਥਿਆਰ) ਜਾਗਦੇ ਅੱਖਰ ਸੰਵਾਦ ਦੀ ਕਵਿਤਾ ਹੈ। ਕਵੀ ਆਪਣੀ ਦੋ ਸਾਲ ਦੀ ਧੀ ਰਿਚਾ ਦੀ ਫਰੇਮ ਤੇ ਪਈ ਫੋਟੋ ਨਾਲ ਵੀ ਸੰਵਾਦ ਰਚਾਉਂਦਾ ਹੈ। ਇਹ ਕਵਿਤਾ ਗੌਤਮ ਬਣ ਕੇ ਰਾਹੁਲ ਨੂੰ ਸੱਚ ਦੀ ਭਾਲ ਦਾ ਰਾਹ ਵੀ ਦਸਦੀ ਹੈ। ਇਹ ਦੇਸ ਦੀ ਗੱਲ ਵੀ ਕਰਦੀ ਹੈ ਅਤੇ ਪਰਦੇਸ ਬਾਰੇ ਵੀ ਜਾਣਕਾਰੀ ਦੇਂਦੀ ਹੈ। ਪੰਜਾਬ ਦੇ ਪਿੰਡਾਂ ਦੇ ਸ਼ਹਿਰਾਂ ਦੇ ਨਾਲ ਹੀ ਇਹ

‘ਸੇਨ ਹੋਜ਼ੇ ਸ਼ਹਿਰ ਦੀ ਰਾਤ’ ਦਾ ਵਰਨਣ ਵੀ ਕਰਦੀ ਹੈ। ‘ਇੱਥੇ ਉੱਥੇ’ ਦੀਆਂ ਬਾਤਾਂ ਇਹ ਬੜੇ ਸਲੀਕੇ ਨਾਲ ਪਾਉਂਦੀ ਹੈ। ਮਾਈ ਪੁੰਨੋ ਦੀ ਘਾਹ ਦੀ ਭਾਰੀ ਪੰਡ ਅਤੇ ਮਿੰਬਰਾਂ ਦੇ ਗੱਡੇ ਦੀ ਉਡੀਕ ਦੇ ਨਾਲ ਨਾਲ ਬਦੇਸ਼ਾਂ ਵਿਚ ਜਾ ਕੇ ਪੋਤੇ ਪੋਤੀਆਂ ਦੀ ਬੇਬੀ-ਸਿਟਿੰਗ, ਬੱਚਿਆਂ ਤੇ ਟੀ.ਵੀ. ਦੇ ਵਿਚਕਾਰ ਵਧ ਰਹੇ ਫ਼ਾਸਲੇ ਨੂੰ ਨਾਪਣ ਤੇ ਕੁੱਤਿਆਂ ਦੀ ਮੌਤੇ ਮਰਨ ਵਲ ਵੀ ਸੰਕੇਤ ਕਰਦੀ ਹੈ। ਦੇਸ ਤੇ ਪਰਦੇਸ ਦੇ ਦ੍ਵੰਦ ਵਿਚੋਂ ਪੈਦਾ ਹੋਈਆਂ ਕੁਝ ਕਵਿਤਾਵਾਂ ਸਮਾਜਕ ਤੇ ਸਭਿਆਚਾਰਕ ਮਹੱਤਵ ਨੂੰ ਵੀ ਦਰਸਾਉਂਦੀਆਂ ਹਨ ਅਤੇ ਸੂਝਵਾਨ ਪਰਵਾਸੀਆਂ ਦੀ ਇਕੱਲਤਾ ਭਰੀ ਦਾਸਤਾਨ ਨੂੰ ਵੀ ਬਿਆਨ ਕਰਦੀਆਂ ਹਨ। ਪਰਦੇਸ ਵਿਚ ਜਾ ਕੇ ਸੁਰਗ ਮਾਨਣ ਦੇ ਬਿੰਬ ਨੂੰ ਇਹ ਤੋੜਦੀਆਂ ਹਨ। **ਜਾਗਦੇ ਅੱਖਰ** ਨੂੰ ਕੰਬੋਜ ਦੁਆਰਾ ਕਵਿਤਾ ਵਿਚ ਲਿਖਿਆ ‘ਪਰਦੇਸ ਨਾਮਾ’ ਵੀ ਕਿਹਾ ਜਾ ਸਕਦਾ ਹੈ।

ਜਾਗਦੇ ਅੱਖਰ ਕਾਵਿ ਸੰਗ੍ਰਹਿ ‘‘ਪਿਆਰੇ ਪਾਸ਼ ਤੇ ਗੁਰਦੀਪ ਸਿੰਘ ਚੈਂਚਲ’’ ਦੇ ਨਾਂ ਸਮਰਪਨ ਹੈ। ਜਾਗਦੇ ਅੱਖਰ ਨਾਂ ਦੀ ਕਵਿਤਾ ਵੀ ਪਾਸ਼ ਨੂੰ ਸੰਬੋਧਿਤ ਹੈ। ਇਸੇ ਸੰਗ੍ਰਹਿ ਵਿਚ ‘ਪਾਸ਼ ਨੂੰ ਯਾਦ ਕਰਦਿਆਂ’ ਇਕ ਗੀਤ ਵੀ ਸ਼ਾਮਲ ਹੈ। ਇਸ ਸੰਗ੍ਰਹਿ ਦੀਆਂ ਕੁਝ ਹੋਰ ਕਵਿਤਾਵਾਂ ਵਿਚ ਵੀ ਰਵੀ ਅਤੇ ਪਾਸ਼ ਦਾ ਜ਼ਿਕਰ ਆਇਆ ਹੈ। ਕਵੀ ਅਨੁਸਾਰ :

ਉਨ੍ਹਾਂ ਤਾਂ ਸਿਰਫ਼ ਹਵਾਵਾਂ ਨੂੰ ਫਾਇਰ ਕੀਤੇ
ਅਤੇ ਜਿਲਦਾਂ ’ਚ ਬੰਦ ਪਏ
ਸੁੱਤੇ ਹੋਏ ਸ਼ਬਦਾਂ ਨੂੰ ਜਗਾ ਦਿੱਤਾ
ਸਗੋਂ ਘਰ ਘਰ ਪਹੁੰਚਾ ਦਿਤਾ। -(ਜਾਗਦੇ ਅੱਖਰ)

ਜਾਂ

ਉਨ੍ਹਾਂ ਸੂਰਜ ਕਤਲ ਕੀਤਾ ਹਰ ਵਾਰ ਹੀ ਹਨੇਰੇ ਹਨੇਰੇ
ਚੰਦਰੇ ਸੁਪਨੇ ਦੀ ਪੈੜ ਜਾਗਦੀ ਹਨੇਰੇ ਹਨੇਰੇ -(ਪਾਸ਼ ਨੂੰ ਯਾਦ ਕਰਦਿਆਂ)

ਕਵੀ ਨੂੰ ਵਿਸ਼ਵਾਸ ਹੈ ਕਿ ਪਾਸ਼ ਮਰ ਕੇ ਵੀ ਜ਼ਿੰਦਾ ਹੈ ਅਤੇ ਅਤਿਵਾਦੀਆਂ ਦੀ ਘਣਾਉਣੀ ਹਰਕਤ ਨੇ ਉਸ ਨੂੰ ਅਮਰ ਕਰ ਦਿੱਤਾ ਹੈ।

ਜਿਹੜੇ ਅੱਖਰ ਜਾਗਦੇ ਹਨ, ਉਹ ਸ਼ਬਦ ਬਣ ਕੇ ਬੋਲਦੇ ਵੀ ਹਨ। ਕੰਬੋਜ ਦੀਆਂ ਕਵਿਤਾਵਾਂ ਦੇ ਸ਼ਬਦ ਜਦ ਬੋਲਦੇ ਹਨ ਤਾਂ ਉਨ੍ਹਾਂ ਦੀ ਧੁਨੀ ਬੋਲ਼ੇ ਕੰਨਾਂ ਨੂੰ ਵੀ ਸੁਣਾਈ ਦੇਂਦੀ ਹੈ। ਕਵੀ ਨੂੰ ਆਪਣੀ ਜਨਮ ਭੂਮੀ ਪੰਜਾਬ ਨਾਲ ਵਿਸ਼ੇਸ਼

ਮੋਹ ਹੈ। ਇਸ ਅਟੁੱਟ ਰਿਸ਼ਤੇ ਕਾਰਨ ਜਦ ਉਹ ਪੰਜਾਬ ਨੂੰ ਅਤਿਵਾਦ ਦੇ ਸਾਏ ਹੇਠ ਛਲਣੀ ਹੋਇਆ ਵੇਖਦਾ ਹੈ ਤਾਂ ‘ਪੰਜਾਬ ਨੂੰ’ ਨਾਂ ਦੇ ਗੀਤ ਵਿਚ ਲੋਕਾਂ ਨੂੰ ਜਾਗਣ ਦੀ ਪੁਕਾਰ ਕਰਦਾ ਹੈ। ਇਸੇ ਪ੍ਰਕਾਰ ‘ਸਵੇਰ ਤੀਕ’ ਕਵਿਤਾ ਵਿਚ ਲਿਖਦਾ ਹੈ:

ਫਿਰ ਤੋਂ ਨਾ ਕੋਈ ਵੰਡ ਸਕੇ, ਸਾਡੇ ਪੰਜਾਬ ਨੂੰ
ਚਾਰਾ ਕਰੋ ਕੋਈ ਰੱਖ ਕੇ ਜੇਰਾ, ਸਵੇਰ ਤੀਕ।

ਇਸ ਤਰ੍ਹਾਂ ਪਾਸ਼ ਤੇ ਰਵੀ ਦੇ ਸੰਦੇਸ਼ਾਂ ਨੂੰ ਲੈ ਕੇ ਇਸ ਸੰਗ੍ਰਹਿ ਦੀਆਂ ਬਹੁਤੀਆਂ ਕਵਿਤਾਵਾਂ ਜੀਵਨ ਨੂੰ ਤੇਜ਼ ਕਰਨ ਵਾਲੀ ਗਤੀ ਪ੍ਰਦਾਨ ਕਰਦੀਆਂ ਹਨ।

ਨਵੇਂ ਸੂਰਜ ਤੋਂ ਪਿਛੋਂ **ਜਾਗਦੇ ਅੱਖਰ** ਤੱਕ ਪੁੱਜਦਿਆਂ ਕੰਬੋਜ ਦੀ ਕਵਿਤਾ ਨੇ ਵਿਕਾਸ ਕੀਤਾ ਹੈ। ਇਹ ਕਵੀ ਦੀ ਵਿਕਸਤ ਹੋ ਰਹੀ ਪ੍ਰਤਿਭਾ ਦਾ ਪ੍ਰਮਾਣ ਹੈ। **ਜਾਗਦੇ ਅੱਖਰ** ਸੰਵੇਦਨਸ਼ੀਲ ਵਿਅਕਤਿਤ੍ਵ ਵਿਚੋਂ ਪੈਦਾ ਹੋਈ ਵਾਸਤਵਿਕ ਅਨੁਭਵ ਦੀ ਕਵਿਤਾ ਹੈ। ਇਸ ਵਿਚਲੇ ਸਜਰੇ ਪ੍ਰਤੀਕ, ਨਵੇਂ ਸ਼ਬਦ-ਚਿਤਰ, ਅਲੰਕਾਰ ਤੇ ਬਿੰਬ ਕਵਿਤਾ ਨੂੰ ਸੁੰਦਰ ਤੇ ਭਾਵਪੂਰਤ ਬਣਾਉਂਦੇ ਹਨ। ਇਹ ਪਾਠਕ ਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ। ਇਹ ਉਸਾਰੂ ਕਦਰਾਂ ਕੀਮਤਾਂ ਲਈ ਪ੍ਰੇਰਦੀ ਹੈ। ਅੰਗਰੇਜ਼ੀ ਲਫਜ਼ਾਂ ਦੀ ਵਰਤੋਂ ਦੇ ਬਾਵਜੂਦ ਵੀ ਇਸ ਦੀ ਭਾਸ਼ਾ ਅਤੇ ਸ਼ੈਲੀ ਦੀ ਸਾਦਗੀ ਵਿਚ ਸੁੰਦਰਤਾ ਹੈ। ਵਿਚਾਰਾਂ ਤੇ ਭਾਸ਼ਾ ਵਿਚ ਇਕਸੁਰਤਾ ਹੈ। ਕਿਧਰੇ ਵੀ ਭਾਸ਼ਾ ਵਿਚਾਰਾਂ ਉਪਰ ਹਾਵੀ ਨਹੀਂ।

ਆਮ ਧਾਰਨਾ ਹੈ ਕਿ ਬਹੁਤੇ ਵਿਦਵਾਨ ਜਾਂ ਬੁੱਧੀਵੇਤਾ ਗੀਤਾਂ ਦੀ ਸਿਰਜਨਾ ਨਹੀਂ ਕਰ ਸਕਦੇ। ਸ਼ਾਇਦ ਇਸੇ ਚਣੌਤੀ ਨੂੰ ਪ੍ਰਵਾਨ ਕਰਦੇ ਹੋਇਆਂ ਸੁਖਵਿੰਦਰ ਨੇ ਹੱਥਲੇ ਸੰਗ੍ਰਹਿ ਦੇ ਦੂਜੇ ਭਾਗ ਵਿਚ ਕੁਝ ਗੀਤ ਦਰਜ਼ ਕੀਤੇ ਹਨ। ਇਨ੍ਹਾਂ ਗੀਤਾਂ ਦੀ ਭਾਵਨਾ ਮੂਲ ਰੂਪ ਵਿਚ ਕਵਿਤਾਵਾਂ ਨਾਲ ਮੇਲ ਖਾਂਦੀ ਹੈ, ਪਰ ਇਨ੍ਹਾਂ ਵਿਚਲੀ ਲੈਅ, ਟੇਕ, ਸੁਰ, ਤੋੜ, ਆਦਿ ਗੁਣ ਸੰਗੀਤਕ ਧੁਨੀ ਪੈਦਾ ਕਰਦੇ ਹਨ। ਨਿੱਜੀ ਛੂਹਾਂ, ਜਜ਼ਬਿਆਂ ਦਾ ਵੇਗ, ਬੋਲੀ ਦੀ ਸਾਦਗੀ ਤੇ ਠੇਠਤਾ, ਅਤੇ ਕਹਿਣ ਦੀ ਸਪੱਸ਼ਟਤਾ, ਆਦਿ ਗੁਣ ਇਨ੍ਹਾਂ ਗੀਤਾਂ ਵਿਚ ਰੌਚਿਕਤਾ ਪੈਦਾ ਕਰਦੇ ਹਨ। ਮੁਹੱਬਤ ਭਰੇ ਜਜ਼ਬਿਆਂ ਦਾ ਵੇਗ ਅਤੇ ਕਾਲਪਨਿਕ ਉਡਾਰੀਆਂ ਇਨ੍ਹਾਂ ਗੀਤਾਂ ਨੂੰ ਰੋਮਾਂਟਿਕ ਰੰਗਣ ਦੇਂਦੇ ਹਨ। ਮੂਲ ਰੂਪ ਵਿਚ ਇਹ ਵਿਚਾਰ-ਪ੍ਰਧਾਨ ਗੀਤ ਹਨ।

‘ਤੂੰ ਮੇਰੇ ਕੋਲ ਹੈਂ’’ ਨਾਂ ਦੀ ਕਵਿਤਾ ਨਵਦੀਪ ਲਈ ਹੈ। ਜਦ ਮੈਂ ਸੁਖਵਿੰਦਰ ਸੰਬੰਧੀ ਪੰਜਾਬ ਅਤੇ ਕੈਲੀਫੋਰਨੀਆਂ ਵਿਚਲੇ ਅੰਤਰ ਦਾ ਵਿਸ਼ਲੇਸ਼ਣ ਕਰਦਾ ਹਾਂ ਤਾਂ ਸਹਿਜੇ ਹੀ ਇਸ ਨਤੀਜੇ ਤੇ ਪੁਜਦਾ ਹਾਂ ਕਿ ਸੁਖਵਿੰਦਰ ਕੰਬੋਜ ਨੂੰ ਇਕ ਸਫਲ ਕਵੀ ਅਤੇ ਵਧੀਆ ਇਨਸਾਨ ਬਣਾਉਣ ਵਾਲੀ ਸ਼ਕਤੀ ਉਸਦੀ ਜੀਵਨ-ਸਾਥਨ ਨਵਦੀਪ ਹੀ ਹੋ ਸਕਦੀ ਹੈ।

ਜਦ ਕਿਸੇ ਵੀ ਕਵੀ ਦੁਆਰਾ ਤਿਆਰ ਕੀਤਾ ਗਿਆ ਖਰੜਾ ਛਪਣ ਲਈ ਪ੍ਰੈਸ ਨੂੰ ਭੇਜ ਦਿੱਤਾ ਜਾਂਦਾ ਹੈ ਤਾਂ ਉਹ ਆਪਣੀ ਕਵਿਤਾ ਤੋਂ ਬਹੁਤ ਦੂਰ ਰਹਿ ਜਾਂਦਾ ਹੈ। ਕਈ ਵਾਰ ਤਾਂ ਉਸ ਨੂੰ ਇਹ ਭੁਲੇਖਾ ਵੀ ਲਗਦਾ ਹੈ ਕਿ ਇਹ ਸੱਚ ਮੁੱਚ ਉਸਦੀ ਆਪਣੀ ਸਿਰਜਨਾ ਹੈ। ਸੁਖਵਿੰਦਰ **ਜਾਗਦੇ ਅੱਖਰ** ਦਾ ਪਹਿਲਾ ਪਾਠਕ ਸੀ। ‘‘ਕੁਝ ਅੱਖਰ ਇਹ ਵੀ’’ ਇਸ ਦਾ ਪ੍ਰਮਾਣ ਹੈ। ਦੂਜੇ ਪਾਠਕ ਡਾ. ਵੇਦ ਪ੍ਰਕਾਸ਼ ਵਟੁਕ ਸਨ ਜਿਨ੍ਹਾਂ ਨੇ ‘‘ਦੋ ਹਰਫਾਂ’’ ਰਾਹੀ ਕੁੱਜੇ ਵਿਚ ਸਮੁੰਦਰ ਬੰਦ ਕਰ ਦਿੱਤਾ। ਤੀਜੇ ਪਾਠਕ ਡਾ. ਬਲਜੀਤ ਕੌਰ, ਨਵੀਂ ਪੰਜਾਬੀ ਕਵਿਤਾ ਦੇ ਮੰਨੇ ਪ੍ਰਮੰਨੇ ਵਿਦਵਾਨ ਹਨ, ਉਨ੍ਹਾਂ ਨੇ ਇਸ ਸੰਗ੍ਰਹਿ ਦੀ ‘‘ਭੂਮਿਕਾ’’ ਰਾਹੀਂ ਵਿਗਿਆਨਕ ਪੱਧਰ ਤੇ ਵਿਸ਼ਲੇਸ਼ਣ ਕੀਤਾ ਹੈ। ਚੌਥੇ ਪਾਠਕ ਡਾ. ਸਤਿੰਦਰ ਸਿੰਘ ਹਨ ਜਿਹੜੇ ਸੁਖਵਿੰਦਰ ਦੇ ਅਧਿਆਪਕ ਅਤੇ ਨਿਗਰਾਨ ਵੀ ਰਹੇ ਹਨ। ਉਨ੍ਹਾਂ ‘‘ਮੁਹੱਬਤ ਦਾ ਸਿਰਨਾਵਾਂ’’ ਰਾਹੀਂ **ਜਾਗਦੇ ਅੱਖਰ** ਕਾਵਿ-ਸੰਗ੍ਰਹਿ ਦਾ ਠੀਕ ਮੁਲਾਂਕਣ ਕੀਤਾ ਹੈ। ਹੁਣ ਇਹ ਸੰਗ੍ਰਹਿ ‘‘ਮੁੱਢਲੇ ਸ਼ਬਦ’’ ਦੇ ਨਾਲ ਪਾਠਕਾਂ ਦੇ ਹੱਥਾਂ ਵਿਚ ਪੁੱਜ ਰਿਹਾ ਹੈ। ਮੈਂ **ਜਾਗਦੇ ਅੱਖਰ** ਦਾ ਇਸ ਆਸ ਤੇ ਭਰੋਸੇ ਨਾਲ ਸੁਆਗਤ ਕਰਦਾ ਹਾਂ ਕਿ ਭਵਿੱਖ ਵਿਚ ਸੁਖਵਿੰਦਰ ਕੰਬੋਜ ਪੰਜਾਬੀ ਕਵਿਤਾ ਦੇ ਖੇਤਰ ਵਿਚ ਬਹੁਤ ਉੱਚੀਆਂ ਪ੍ਰਾਪਤੀਆਂ ਹਾਸਲ ਕਰੇਗਾ।

ਇੱਥੇ ਮੈਂ ਸੁਖਵੰਤ ਆਰਟਿਸਟ ਦਾ ਵਿਸ਼ੇਸ਼ ਤੌਰ ਤੇ ਸ਼ੁਕਰਗੁਜ਼ਾਰ ਹਾਂ, ਕਿਉਂ ਜੋ ਉਨ੍ਹਾਂ ਦੁਆਰਾ ਤਿਆਰ ਕੀਤੇ ਗਏ ‘‘ਟਾਈਟਲ ਡਿਜ਼ਾਈਨ’’ ਰਾਹੀਂ ਇਸ ਆਸ-ਨਿਰਾਸ਼ ਦੇ ਧੁੰਦ-ਗੁਬਾਰਾਂ ਵਿਚ ਦੋ ਜਾਗਦੀਆਂ ਅੱਖੀਆਂ, ਚੰਨ ਤਾਰੇ ਤੇ ਗਰੀਬੜੇ ਜੇਹੇ ਘਰੀਂ ਬਲਦੇ ਦੀਵਿਆਂ ਦੀ ਲੋਅ ਰਾਹੀਂ **ਜਾਗਦੇ ਅੱਖਰਾਂ** ਦੀ ਭਾਵਨਾ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੁੰਦੀ ਹੈ। ਇਸ ਸੰਗ੍ਰਹਿ ਨੂੰ ਛਪਾਉਣ ਦੀ ਸੌਂਪਣਾ ਕਿਉਂ ਜੋ ਮੈਨੂੰ ਕੀਤੀ ਗਈ ਹੈ, ਇਸ ਲਈ **ਜਾਗਦੇ ਅੱਖਰ** ਦੇ ਪ੍ਰਕਾਸ਼ਨ ਵਿਚ ਜੇ ਕੋਈ ਕਮੀ ਰਹਿ ਗਈ ਹੋਵੇ ਤਾਂ ਉਸ ਦੀ ਜ਼ਿੰਮੇਵਾਰੀ ਵੀ ਮੇਰੀ ਹੈ।

ਮੁਹਾਲੀ, ਚੰਡੀਗੜ੍ਹ 160062 **-ਕਰਨੈਲ ਸਿੰਘ ਥਿੰਦ (ਡਾ.)**
ਸਤੰਬਰ 25, 1995 2447-ਫੇਜ਼ 10

ਮੁਹੱਬਤ ਦਾ ਸਿਰਨਾਵਾਂ

-ਸਤਿੰਦਰ ਸਿੰਘ (ਪ੍ਰੋ.)

ਅਜੋਕੀ ਪੰਜਾਬੀ ਕਵਿਤਾ ਦੀ ਇਕ ਮਜ਼ਬੂਤ ਕਾਵਿ-ਧਾਰਾ ਚੇਤਨਾ ਦੀ ਸ਼ਾਇਰੀ ਹੈ। ਉਹ ਚੇਤਨਾ ਜੋ ਪੂਰਬਲੀਆਂ ਕਾਵਿ-ਧਾਰਾਵਾਂ ਵਿਚਲੀ ਚੇਤਨਾ ਦੇ ਵੱਖ-ਵੱਖ ਪੱਧਰਾਂ ਤੋਂ ਭਿੰਨ ਭਾਂਤ ਦੀ ਪ੍ਰਕਿਰਤੀ ਵਾਲੀ ਹੈ। ਏਸੇ ਲਈ ਵਰਤਮਾਨ ਪੰਜਾਬੀ ਕਾਵਿ ਵਿਚ ਚੇਤਨਾ ਤੇ ਗਲੋਬਲ ਚੇਤਨਾ ਦੇ ਪੱਧਰ ਸਾਨੂੰ ਇਸਦੀ ਵੱਖਰੀ, ਪਛਾਣ ਕਰਾਉਂਦੇ ਹਨ। ਇਹ ਚੇਤਨਾ ਤੇ ਵਿਆਪਕ ਚੇਤਨਾ ਕਈ ਬਦੇਸ਼ੀ ਪੰਜਾਬੀ ਕਵੀਆਂ ਵਿਚ ਵਧੇਰੇ ਉਘੜਵੀਂ ਹੈ। ਇਸ ਦਾ ਇਕ ਕਾਰਣ ਇਹ ਹੈ ਕਿ ਉਹ ਜਿਨ੍ਹਾਂ ਉੱਨਤ ਮੁਲਕਾਂ ਦੇ ਚੌਫੇਰੇ ਵਾਤਾਵਰਣ ਅਤੇ ਉੱਨਤ ਮੀਡੀਆ ਤੇ ਇਲੈਕਟ੍ਰਾਨਿਕ ਉਪਰਕਣਾਂ ਨਾਲ ਭਰਪੂਰ ਜ਼ਿੰਦਗੀ ਦੇ ਵਾਤਾਵਰਣ ਵਿਚ ਜਾ ਕੇ ਵਿਚਰੇ, ਉਥੇ ਉਨ੍ਹਾਂ ਚੇਤਨਾ ਦੇ ਵਿਆਪਕ ਪਾਸਾਰ ਅਤੇ ਵਿਸ਼ਲੇਸ਼ਣਾਤਮਕ ਬਿਰਤੀ ਦੀ ਖੁੱਲ੍ਹ ਨੂੰ ਮਾਣਿਆ ਅਤੇ ਅਪਣਾਇਆ।

ਸੁਖਵਿੰਦਰ ਕੰਬੋਜ ਅਜੇਹਾ ਹੀ ਇਕ ਸ਼ਾਇਰ ਹੈ, ਜੋ ਪਹਿਲਾਂ ਏਧਰ ਵੀ ਚੇਤਨਾ ਦੀਆਂ ਗੁੰਝਲਾਂ ਨਾਲ ਜੂਝਦਾ ਰਿਹਾ ਸੀ। ਏਧਰ ਉਹ ਸੋਚਵਾਨ ਬਿਰਤੀ ਤੇ ਵਿਸ਼ਲੇਸ਼ਣੀ ਸੂਝ ਦਾ ਮਾਲਕ ਸੀ। ਏਹੀ ਪੈਂੜ ਸੋਚ ਲੈ ਕੇ ਉਹ ਪੈਂੜ ਉਮਰੇ ਅਮਰੀਕਾ ਦੇ ਉੱਨਤ ਮੁਲਕ ਵਿਚ ਜਾ ਵੱਸਿਆ। ਕੁਦਰਤੀ ਹੀ ਸੀ ਕਿ ਉਹ ਨਵੇਂ ਮਿਆਰਾਂ ਤੇ ਨਵੇਂ ਪਾਸਾਰਾਂ ਨੂੰ ਛੂੰਹਦਾ :

ਤੇ ਹਾਕਮ ਤਾਂ ਕੌਡਾ ਰਾਕਸ਼ ਹੈ
ਚਾਹੇ ਇਧਰ ਦਾ ਹੋਵੇ ਜਾਂ ਉਧਰ ਦਾ
ਉਸ ਲਈ ਲਾਸ਼ਾਂ ਦੇ ਢੇਰ ਤਾਂ ਮਹਿਜ਼ ਕੁਰਸੀ ਹੈ।

ਸੁਖਵਿੰਦਰ ਕੰਬੋਜ ਖ਼ੁਦ ਵੀ ਕਵਿਤਾ ਨੂੰ ਚੇਤਨਾ ਦੀ ਕਵਿਤਾ ਮੰਨਦਾ ਹੈ। ਇਹ ਹੀ ਉਸ ਦੇ ਕਾਵਿ ਦਾ ਕਾਵਿ-ਸ਼ਾਸਤਰੀ ਪਾਸਾਰ ਵੀ ਹੈ, ਜਿਸ ਰਾਹੀਂ ਉਹ ਭੂਤ, ਵਰਤਮਾਨ, ਭਵਿੱਖ ਅਤੇ ਚੌਤਰਫੀ ਫੈਲੀ ਚੇਤਨਾ ਨੂੰ ਕਵਿਤਾ ਹੀ ਪ੍ਰਵਾਨ ਕਰਦਾ ਹੈ:

ਇਸ ਦੁਨੀਆਂ ਦਾ ਅੱਜ ਕਵਿਤਾ ਹੈ
ਕੱਲ੍ਹ ਕਵਿਤਾ ਸੀ ਪਰਸੋਂ ਵੀ ਕਵਿਤਾ ਹੈ

ਇਥੇ ਉਥੇ, ਇਧਰ ਉਧਰ
ਜਿੱਥੇ ਵੀ ਚੇਤਨ ਦਾ ਆਰੰਭ ਹੋਇਆ
ਸਭ ਕਵਿਤਾ ਹੈ।

ਇਸ ਤੋਂ ਵੀ ਅਗਾਂਹ ਜਾ ਕੇ ਉਹ ਕਵਿਤਾ ਨੂੰ ਅਜੋਕੇ ਯੁਗ-ਪੁਰਸ਼ ਦਾ ਹਥਿਆਰ ਬਣਾਉਣ ਦਾ ਨੁਕਤਾ ਵੀ ਪੇਸ਼ ਕਰਦਾ ਹੈ। ਇਸ ਪੱਖੋਂ ਉਸਦੀ ਕਵਿਤਾ 'ਹਥਿਆਰ' ਬਹੁਤ ਭਾਵਪੂਰਤ ਹੈ:

ਮੈਂ ਚਾਹੁੰਦਾ ਹਾਂ
ਮੇਰੀ ਕਵਿਤਾ
ਯੁਗ ਪੁਰਸ਼ ਦੇ ਹੱਥਾਂ ਦੇ ਹਥਿਆਰ ਨੂੰ
ਠੀਕ ਅਰਥ ਦੇਵੇ।

ਸੁਖਵਿੰਦਰ ਕੰਬੋਜ ਦੀ ਕਵਿਤਾ ਇਸ ਚੇਤਨਾ ਦੀ ਜਾਗ ਰਾਹੀਂ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਨੂੰ ਦੇਖਦੀ, ਨਿਹਾਰਦੀ ਤੇ ਵਿਸ਼ਲੇਸ਼ਣੀ ਸੂਝ ਰਾਹੀਂ ਇਕ ਪੈਨੀ ਦ੍ਰਿਸ਼ਟੀ ਬਣਾ ਕੇ ਉਨ੍ਹਾਂ ਦੇ ਧੁਰ ਅੰਦਰ ਉਤਰ ਜਾਂਦੀ ਹੈ। ਇਹ ਵਿਸ਼ਲੇਸ਼ਣੀ ਸੂਝ ਉਸਦੇ ਕਾਵਿ ਦੀ ਇਤਨੀ ਮਹੱਤਪੂਰਨ ਦ੍ਰਿਸ਼ਟੀ ਹੈ ਜਿਸ ਰਾਹੀਂ ਉਹ ਪ੍ਰਤੱਖ ਤੇ ਅਪ੍ਰਤੱਖ ਦੇ ਭੇਤਾਂ ਨੂੰ ਵੀ ਪਛਾਣਦਾ ਹੈ ਅਤੇ ਦਿਸਦੇ ਤੇ ਅਣਦਿਸਦੇ ਦੀਆਂ ਬੇਮੇਲ ਪਰਤਾਂ ਨੂੰ ਵੀ ਉਘਾੜ ਜਾਂਦਾ ਹੈ। ਉਸਦੇ ਹੱਥਲੇ ਸੰਗ੍ਰਹਿ ਵਿਚ ਅਜੇਹੀ ਸੂਝ ਨਾਲ ਭਰੂਪਰ ਕਈ ਨਜ਼ਮਾਂ ਹਨ ਪਰ ਮੈਨੂੰ 'ਫਲੈਗ ਸਟੇਸ਼ਨ', 'ਬੇਅਰਥ ਮੌਤ' ਅਤੇ 'ਚੱਕਰ' ਬਹੁਤ ਸਾਰਥਕ ਜਾਪੀਆਂ ਹਨ।

'ਫਲੈਗ ਸਟੇਸ਼ਨ' ਇਕ ਬੜੀ ਭਾਵਪੂਰਤ ਤੇ ਨਵੇਂ ਅੰਦਾਜ਼ ਵਾਲੀ ਨਜ਼ਮ ਹੈ, ਜਿਸ ਨੂੰ ਸੁਖਵਿੰਦਰ ਨੇ ਵਿਰੋਧਾਭਾਸੀ ਜੁਗਤ ਵਿਚ ਲਿਖਿਆ ਹੈ। ਕਿ ਆਧੁਨਿਕ ਜੀਵਨ ਵਿਚ ਕਈ ਇਨਸਾਨ ਆਪ ਤਾਂ ਬਦਨਸੀਬ ਹੀ ਰਹਿੰਦੇ ਹਨ ਪਰ ਉਹ ਹੋਰਨਾਂ ਦੀ ਖ਼ੁਸ਼ਨਸੀਬੀ ਦਾ ਚੰਗਾ ਸਾਧਨ ਬਣਦੇ ਹਨ। ਹੋਰਨਾਂ ਦੀਆਂ ਖ਼ੁਸ਼ੀਆਂ ਦਾ ਘਰ ਭਰਦੇ ਹਨ ਪਰ ਆਪ ਅੰਦਰੋਂ ਸੱਖਣੇ ਤੇ ਸਰਾਪੇ ਰਹਿੰਦੇ ਹਨ। ਉਨ੍ਹਾਂ ਦੇ ਆਪਣੇ ਨਸੀਬ ਫਲੈਗ ਸਟੇਸ਼ਨ ਵਾਂਗ ਸੱਨਾਟੇ ਵਿਚ ਹੀ ਗੁੰਮ ਰਹਿੰਦੇ ਹਨ, ਜਿਸ ਉਤੇ ਕੋਈ ਪੰਛੀ ਆਲ੍ਹਣਾ ਨਹੀਂ ਪਾਉਂਦਾ, ਪਰ ਇਹ ਵੀ ਯਕੀਨਨ ਹੈ ਕਿ ਉਸ ਵਿਚੋਂ ਗੁਜ਼ਰਨ ਤੋਂ ਬਿਨਾਂ ਰੇਲ ਗੱਡੀ ਆਪਣੀ ਮੰਜ਼ਿਲ ਉਤੇ ਸਾਰਥਕ ਪ੍ਰਾਪਤੀ ਵਜੋਂ ਪਹੁੰਚ ਵੀ ਨਹੀਂ ਸਕਦੀ। 'ਫਲੈਗ ਸਟੇਸ਼ਨ' ਕਵਿਤਾ ਵਿਚ ਜੀਵਨ ਦੇ ਇਹ ਪੱਖ ਬੜੇ ਪ੍ਰਤੀਕਾਤਮਕ ਢੰਗ ਨਾਲ ਸੁਝਾਏ ਗਏ ਹਨ।

'ਬੇਅਰਥ ਮੌਤ' ਕਵਿਤਾ ਵੀ ਜੀਵਨ ਦੀ ਇਕ ਵਿਰੋਧਾਭਾਸੀ ਸਥਿਤੀ ਨੂੰ

ਬੜੇ ਸਫ਼ਲ ਢੰਗ ਨਾਲ ਪੇਸ਼ ਕਰਦੀ ਹੈ ਕਿ ਲੋਕ ਤਾਂ ਚੰਗਾ ਤੇ ਭਰਪੂਰ ਜੀਵਨ ਜਿਊਣ ਲਈ ਗਰੀਨ ਕਾਰਡ ਨੂੰ ਹਾਸਲ ਕਰਨ ਲਈ ਤਰਸਦੇ ਹਨ ਅਤੇ ਕਈ ਸਭ ਕੁਝ ਬਰਬਾਦ ਵੀ ਕਰ ਦੇਂਦੇ ਹਨ। ਪਰ ਏਥੇ ਤਾਂ ਹਾਲਤ ਕੁਝ ਹੋਰ ਹੀ ਹੈ। ਏਥੇ ਤਾਂ ਜ਼ਿਹਨ ਵਿਚ ਜਗਦੇ ਚਿਰਾਗਾਂ ਨੂੰ ਗਰੀਨ ਕਾਰਡ ਇਸ ਲਈ ਦੇ ਦਿੱਤਾ ਜਾਂਦਾ ਹੈ ਕਿ ਉਹ ਆਪਣੇ ਆਪ ਹੀ ਮਰ ਜਾਣ। ਉਸਨੂੰ ਤਾਂ ਅਜੇਹੇ ਜੀਵਨ ਚੱਕਰ ਵਿਚ ਫਸਾਇਆ ਜਾਵੇਗਾ ਕਿ ਉਹ ਆਪਣੀ ਸਭਿਅਤਾ ਤੇ ਆਪਣਾ ਸਭ ਕੁਝ ਗੁਆ ਕੇ ਬੇਅਰਥ ਮੌਤ ਦਾ ਭਾਗੀ ਹੋ ਜਾਏਗਾ। ਇਸ ਬੇਅਰਥ ਮੌਤ ਤੋਂ ਵੱਡੀ ਭਿਆਨਕ ਮੌਤ ਉਸ ਲਈ ਹੋਰ ਕੋਈ ਨਹੀਂ ਹੋਵੇਗੀ।

'ਚੱਕਰ' ਕਵਿਤਾ ਵਿਚ ਵੀ ਅਜੇਹੀ ਮ੍ਰਿਗ ਤ੍ਰਿਸ਼ਨਾ ਦਾ ਨਕਸ਼ਾ ਉਲੀਕਿਆ ਗਿਆ ਹੈ, ਜੋ ਸੁਵਿਧਾਵਾਂ ਦੀ ਕੈਦ ਵਿਚ ਮਨੁੱਖ ਨੂੰ ਇਸ ਤਰ੍ਹਾਂ ਬੰਨ੍ਹਦੀ ਹੈ ਕਿ ਉਹ ਇਸੇ ਵਿਚ ਹੀ ਘੁੰਮਦਾ ਰਹਿੰਦਾ ਹੈ। ਇਸ ਪੱਖੋਂ ਸੁਖਵਿੰਦਰ ਕੰਬੋਜ ਨੇ ਇਕ ਹੋਰ ਪੱਖ ਵੀ ਉਘਾੜਿਆ ਹੈ। ਉਹ ਹੈ ਕਿ ਬਹੁਲਤਾਵਾਂ ਭਰੀ ਧਰਤੀ ਦੀ ਭਰਪੂਰਤਾ ਦੀ ਆਪਣੇ ਦੇਸ਼ ਦੀ ਜ਼ਿੰਦਗੀ ਨਾਲ ਤੁਲਨਾ। 'ਇਥੇ ਉਥੇ' ਕਵਿਤਾ ਵਿਚ ਬਦੇਸ਼ ਦੀ ਚੱਕਰਾਂ ਭਰੀ ਤੇ ਮਕਾਨਕੀ ਜ਼ਿੰਦਗੀ ਦੇ ਖੋਖਲੇਪਨ ਨੂੰ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ 'ਤਾਸੀਰ' ਨਾਂ ਦੀ ਕਵਿਤਾ ਵਿਚ ਗਰਜ਼ਾਂ ਭਰੀ ਜ਼ਿੰਦਗੀ ਦਾ ਰੂਪ ਪੇਸ਼ ਕਰਦੇ ਹੋਏ ਉਹ ਭਰੂਪਰ ਚੇਤਨਾ ਰਾਹੀਂ ਇਸਨੂੰ ਖ਼ੁਦਗਰਜ਼ੀ ਦੇ ਭਾਵਾਂ ਵਿਚ ਵੀ ਬਦਲਦੇ ਹੋਏ ਦੇਖਦਾ ਹੈ।

ਜ਼ਿੰਦਗੀ ਦੀਆਂ ਇਨ੍ਹਾਂ ਗੁੰਝਲਾਂ ਨੂੰ ਸੁਖਵਿੰਦਰ ਕੰਬੋਜ ਨੇ ਇਕ ਹੋਰ ਪਾਸਾਰ ਵਿਚ ਵੀ ਪੇਸ਼ ਕੀਤਾ ਹੈ, ਜੋ ਉਸਦੀ ਕਵਿਤਾ ਦਾ ਇਕ ਹੋਰ ਮਹੱਤਵਪੂਰਨ ਪੱਖ ਬਣ ਜਾਂਦਾ ਹੈ। ਉਹ ਹੈ ਮਾਸੂਮੀਅਤ ਤੇ ਕਠੋਰਤਾ ਦੀ ਟੱਕਰ। ਇਸ ਮੌਕੇ ਉੱਤੇ ਉਹ ਇਨ੍ਹਾਂ ਗੁੰਝਲਾਂ ਨੂੰ ਖੋਲ੍ਹਣਾ ਤਾਂ ਨਹੀਂ ਚਾਹੁੰਦਾ ਕਿਉਂਕਿ ਇਸਦੇ ਪੇਚ ਖੋਲ੍ਹਣ ਲੱਗਿਆਂ ਬੰਦਾ ਪਤਾ ਨਹੀਂ ਕੀ ਕੁਝ ਬਣ ਜਾਵੇ ਪਰ ਉਹ ਇਸਨੂੰ ਚੇਤਨਾ ਦੇ ਸੁਚੱਜੇ ਪੱਧਰ ਦੇ ਰੂਪ ਵਿਚ ਗ੍ਰਹਿਣ ਕਰਾ ਦੇਂਦਾ ਹੈ। 'ਰਾਹੁਲ ਲਈ' ਕਵਿਤਾ ਵਿਚ ਮਾਸੂਮੀਅਤ ਤੇ ਜਟਿਲਤਾ ਦੇ ਦੋ ਅਜੇਹੇ ਵਿਰੋਧਾਭਾਸੀ ਪਾਸਾਰ ਪੇਸ਼ ਹੋਏ ਹਨ ਜੋ ਦਵੰਦ ਰਿਸ਼ਤੇ ਵਿਚ ਬੱਝੇ ਹੋਣ ਕਾਰਣ ਸਾਰਥਕ ਰੂਪ ਵਿਚ ਕਈ ਕੁਝ ਸੁਝਾ ਜਾਂਦੇ ਹਨ।

ਚੇਤਨਾ ਦੀ ਕਵਿਤਾ ਦੇ ਨਾਲ ਨਾਲ ਸੁਖਵਿੰਦਰ ਕੰਬੋਜ ਦੀ ਕਵਿਤਾ ਵਿਚ ਇਕ ਭਾਵਾਤਮਕ ਪਾਸਾਰ ਵੀ ਕਾਰਜਸ਼ੀਲ ਹੈ, ਜੋ ਉਸਨੂੰ ਬਾਰ ਬਾਰ ਚੋਭ ਲਾਉਂਦਾ ਰਹਿੰਦਾ ਹੈ। ਇਸੇ ਲਈ ਉਸਦੇ ਇਹ ਭਾਵੁਕ ਡੰਗ ਉਸਨੂੰ ਚੁੱਪ ਬੈਠਣ ਨਹੀਂ ਦੇਂਦੇ ਅਤੇ ਨਾ ਹੀ ਅਕ੍ਰਿਆਸ਼ੀਲ ਹੋਣ ਦੇਂਦੇ ਹਨ। ਮਿਸਾਲ ਵਜੋਂ ਪਾਸ਼ ਅਤੇ

ਰਵੀ ਦੀ ਸ਼ਹਾਦਤ ਉਸਨੂੰ ਹਰ ਪਲ ਪਰੇਸ਼ਾਨ ਕਰਦੀ ਹੈ। ਇਸੇ ਲਈ ਉਸਦੀਆਂ ਬਹੁਤੀਆਂ ਕਵਿਤਾਵਾਂ ਵਿਚ ਇਸ ਦਾ ਕਿਸੇ ਨਾ ਕਿਸੇ ਰੂਪ ਵਿਚ ਵਰਣਨ ਆਉਂਦਾ ਹੈ। ਇਹ ਉਸਦੀ ਕਵਿਤਾ ਦਾ ਭਾਵੁਕ ਉਲਾਰ ਵੀ ਬਣਾ ਹੈ। ਪਰ ਬਹੁਤ ਛੇਤੀ ਹੀ ਉਹ ਮਾਨਸਿਕਤਾ ਨੂੰ ਸੰਭਾਲਦਾ ਹੋਇਆ 'ਜਾਗਦੇ ਅੱਖਰ' ਕਵਿਤਾ ਵਿਚ ਜਦੋਂ ਪਾਸ਼ ਦੀ ਸ਼ਹਾਦਤ ਨੂੰ ਨਵੇਂ-ਅਰਥ ਦੇਂਦਾ ਹੈ ਤਾਂ ਸਪੱਸ਼ਟ ਨਜ਼ਰ ਆਉਂਦਾ ਹੈ ਕਿ ਉਹ ਭਾਵੁਕਤਾ ਨੂੰ ਸਾਰਥਕਤਾ ਵਿਚ ਕਿੰਝ ਬਦਲਣਾ ਲੋੜਦਾ ਹੈ:

ਉਨ੍ਹਾਂ ਤਾਂ ਸਿਰਫ ਹਵਾਵਾਂ ਤੇ ਫਾਇਰ ਕੀਤੇ
ਅਤੇ ਜਿਲਦਾਂ 'ਚ ਬੰਦ ਪਏ,
ਸੁੱਤੇ ਹੋਏ ਸ਼ਬਦਾਂ ਨੂੰ ਜਗਾ ਦਿੱਤਾ
ਸਗੋਂ ਘਰ ਘਰ ਪਹੁੰਚਾ ਦਿੱਤਾ।

ਇਸੇ ਪ੍ਰਵਿਰਤੀ ਅਧੀਨ ਉਹ ਹਨੇਰਿਆਂ ਵਿਚੋਂ ਵੀ ਆਸ਼ਾਵਾਦੀ ਪੈਗ਼ਾਮ ਹਾਸਲ ਕਰਦਾ ਹੋਇਆ 'ਇਤਿਹਾਸ ਦੀਆਂ ਸਰਦਲਾਂ ਉਤੇ ਖਲੋ ਕੇ, 'ਅੰਨ੍ਹੀ ਹੋਈ ਮਾਂ ਇੱਛਰਾਂ ਦੇ ਬਾਗ਼ ਹਰੇ ਕਰਨ' ਦਾ ਪੈਗ਼ਾਮ ਦੇਂਦਾ ਹੈ।

ਸੁਖਵਿੰਦਰ ਕੰਬੋਜ ਜਦੋਂ ਏਧਰ ਦਾ ਵਾਸੀ ਸੀ ਤਾਂ ਉਦੋਂ ਵੀ ਉਸ ਵਿਚਾਰਧਾਰਾ ਨਾਲ ਜੁੜਿਆ ਹੋਇਆ ਸੀ, ਜੋ ਸਾਮਰਾਜ ਵਿਰੋਧੀ ਸੀ ਅਤੇ ਵਿਸ਼ਾਲ ਮਾਨਵਵਾਦੀ ਸੁਰ ਦੀ ਸੂਚਕ ਸੀ। ਪਰ ਉਥੇ ਜਾ ਕੇ ਦੁਨੀਆਂ ਨੂੰ ਹੋਰ ਨੇੜਿਓਂ ਤੱਕ ਕੇ ਅਤੇ ਸੰਸਾਰ ਦੀਆਂ ਮਹੱਤਵਪੂਰਣ ਘਟਨਾਵਾਂ ਦਾ ਪ੍ਰਤਿਕਰਮ ਵਾਚ ਕੇ ਉਸਦੀ ਮਾਨਵੀ ਚੇਤਨਾ ਯਕੀਨਨ ਹੋਰ ਪੁਸ਼ਟ ਹੋਈ ਹੈ। ਅਜੇਹੀ ਪ੍ਰਗਤੀਸ਼ੀਲ ਸੋਚ ਉਸਦੀ 'ਸਾਮਰਾਜ' ਨਾਂ ਦੀ ਕਵਿਤਾ ਵਿਚੋਂ ਸਪੱਸ਼ਟ ਝਲਕਦੀ ਹੈ, ਜਿੱਥੇ ਉਹ ਫਿਲਪੀਨੀ ਯੋਧਿਆਂ ਦਾ ਖ਼ੂਨ ਬਲਦਾ ਹੋਇਆ ਦੇਖਦਾ ਹੈ, ਫਲਸਤੀਨੀ ਮੁਕਤੀ ਸੰਘਰਸ਼ ਤੇ ਕੰਪਿਊਟਰ ਕਲਰਚ ਵਿਚੋਂ ਤੀਜੀ ਦੁਨੀਆਂ ਦਾ ਸਹਿਮ ਪ੍ਰਗਟਾਉਂਦਾ ਹੈ।

ਏਥੇ ਉਸਦੀ ਕਵਿਤਾ ਵਿਚ ਰੋਹ ਦੀ ਸੁਰ ਵਧ ਜਾਣ ਕਾਰਣ ਇਸਦਾ ਸੁਭਾਉ ਨਾਅਰੇ ਅਤੇ ਐਲਾਨ-ਨਾਮਿਆਂ ਦੀ ਪ੍ਰਕਿਰਤੀ ਗ੍ਰਹਿਣ ਕਰ ਜਾਂਦਾ ਹੈ। ਇਹੀ ਇਸ ਵਿਦਰੋਹੀ ਕਾਵਿ-ਧਾਰਾ ਵਾਲੀ ਕਵਿਤਾ ਦੀ ਮੁੱਖ ਸਮੱਸਿਆ ਹੈ, ਜਿਸ ਦੇ ਪ੍ਰਭਾਵ ਤੋਂ ਬਚਾਉ ਕਰਨਾ ਇਸ ਦੇ ਵਸ ਵਿਚ ਨਹੀਂ ਰਹਿੰਦਾ। ਸੁਖਵਿੰਦਰ ਕੰਬੋਜ ਇਸ ਦੀ ਪੂਰਤੀ ਇਕ ਅਜੇਹੇ ਕਾਵਿ ਮੁਹਾਵਰੇ ਨੂੰ ਸਿਰਜ ਕੇ ਕਰਦਾ ਹੈ, ਜੋ ਉਸਦੀ ਕਵਿਤਾ ਦਾ ਨਵਾਂ ਅੰਦਾਜ਼ ਵੀ ਬਣਦਾ ਹੈ ਅਤੇ ਉਸਦੇ ਮੁਹਾਵਰੇ ਨੂੰ

ਦ੍ਰਿੜ੍ਹ ਤੇ ਪ੍ਰਭਾਵਸ਼ਾਲੀ ਵੀ ਬਣਾਉਂਦਾ ਹੈ। ਇਸ ਕਿਸਮ ਦੀਆਂ ਕਈ ਉਦਾਹਰਣਾਂ ਪਾਠਕਾਂ ਨੂੰ ਉਸਦੀ ਕਾਵਿ ਕਲਾ ਵਲ ਖਿੱਚਣਗੀਆਂ ਤੇ ਰੌਚਕਤਾ ਪ੍ਰਦਾਨ ਕਰਨਗੀਆਂ:

1. ਸਵਿਸ ਬੈਂਕਾਂ ਵਿਚ ਬੁੱਢਾ ਹੋ ਰਿਹਾ ਡਾਲਰ
2. ਗਰੌਸਰੀ ਸਟੋਰਾਂ ਦੀਆਂ ਸਕੈਨ ਮਸ਼ੀਨਾਂ ਦਾ ਸੰਗੀਤ
3. ਹਨੇਰੇ ਦਾ ਹਉਂਕਦਾ ਬਿੱਛੂ
4. ਰਾਂਗਲੀ ਕਰਜ਼ਾਂ ਕਿਸ਼ਤਾਂ ਦੇ ਗੌਗਲਜ਼
5. ਜੌਬ ਸਟਰੈੱਸ ਹੇਠ ਕੁੜ੍ਹਦਾ ਮਨ
6. ਕਰੈਡਿਟ ਕਾਰਡਾਂ ਦੇ ਸੀਤ ਸਿਆਲ
7. ਬਾਰਬੀਕਿਊ ਹੋ ਰਹੇ ਚਿਕਨ ਦੀ ਗੰਧ
8. ਹੀਰੋਸ਼ੀਮਾ ਨਾਗਾਸਾਕੀ ਲਿਖ ਦਿੰਦੀ ਹੈ...

ਜੀਵਨ ਦੀਆਂ ਜਟਿਲਤਾਵਾਂ ਦੇ ਨਾਲ ਨਾਲ ਸੁਖਵਿੰਦਰ ਦੀ ਕਵਿਤਾ ਵਿਚ ਸਾਨੂੰ ਸੂਖ਼ਮ ਸੰਵੇਦਨਾ ਦਾ ਇਕ ਵਿਸ਼ੇਸ਼ ਪੱਧਰ ਦਿਖਾਈ ਦੇਂਦਾ ਹੈ, ਜੋ ਉਸਦੀ ਚਿੰਤਨਵਾਦੀ ਸੁਰ ਨੂੰ ਬਾਰੀਕੀ ਪ੍ਰਦਾਨ ਕਰਦਾ ਹੈ ਅਤੇ ਵਿਗਿਆਨਕਤਾ ਦਾ ਪਾਸਾਰ ਦੇਂਦਾ ਹੈ। ਇਸ ਅਧੀਨ ਉਹ 'ਵਰਤਮਾਨ' ਨਾਂ ਦੀ ਕਵਿਤਾ ਵਿਚ ਅਤੀਤ ਤੇ ਭਵਿੱਖ ਦੇ ਟਾਕਰੇ ਉਤੇ ਵਰਤਮਾਨ ਦੀ ਮਹੱਤਤਾ ਦ੍ਰਿੜ੍ਹ ਕਰਾਉਂਦਾ ਹੈ। ਉਸਦੀ ਮੁੱਢਲੀ ਕਵਿਤਾ 'ਸੇਨ ਹੋਜ਼ੇ ਸ਼ਹਿਰ ਦੀ ਰਾਤ' ਸਾਡੀ ਜ਼ਿੰਦਗੀ ਤੇ ਸੰਵੇਦਨਾ ਵਿਚ ਪ੍ਰਕਿਰਤੀ ਤੇ ਸੰਸਕ੍ਰਿਤੀ ਦੀ ਟੱਕਰ ਨੂੰ ਇਕ ਖ਼ਾਸ ਮਿਆਰ ਵਿਚ ਪੇਸ਼ ਕਰਦੀ ਹੈ, ਜਿੱਥੇ ਸਭ ਕੁਝ ਅਜਨਬੀ ਬਣਦਾ ਜਾਪਦਾ ਹੈ:

ਸੜਕਾਂ ਦੇ ਦੋਹੀਂ ਪਾਸੀਂ ਪਾਰਕਡ ਕਾਰਾਂ
ਭੇਡਾਂ ਵਾਂਗ ਸੁੱਤੀਆਂ ਪਈਆਂ ਹਨ
ਗਰੌਸਰੀ ਸਟੋਰਾਂ ਦੀਆਂ ਸਕੈਨ ਮਸ਼ੀਨਾਂ ਦਾ ਸੰਗੀਤ
ਰੁਕ ਰੁਕ ਕੇ ਰਾਤਰੀ ਸੰਨਾਟੇ ਨੂੰ ਤੋੜਦਾ ਰਹਿੰਦਾ ਹੈ।

ਉਸਦੇ ਅਜੇਹੇ ਸੂਖਮ ਬਿਆਨ ਢੰਗ ਦੀ ਇਕ ਖ਼ੂਬਸੂਰਤ ਮਿਸਾਲ 'ਸਰਘੀ ਤਾਰਾ' ਕਵਿਤਾ ਵਿਚ ਮੌਜੂਦ ਹੈ, ਜਦੋਂ ਉਹ ਉਨ੍ਹਾਂ ਸੰਵੇਦਨਸ਼ੀਲ ਭਾਵਾਂ ਦੀ ਬਾਤ ਪਾਉਣਾ ਚਾਹੁੰਦਾ ਹੈ, ਜਿਨ੍ਹਾਂ ਨੂੰ ਜ਼ੁਬਾਨ ਦੇਣੀ ਬੜਾ ਕਠਿਨ ਕਾਰਜ ਹੈ:

ਕਾਫ਼ਲੇ ਤੁਰ ਰਹੇ ਹਨ ਮੰਜ਼ਿਲ ਵਲ
ਜਦੋਂ ਕਿ ਹਨੇਰੇ ਦਾ ਹਉਂਕਦਾ ਬਿੱਛੂ

ਆਉਂਦਾ ਹੈ ਚੋਰਾਂ ਵਾਂਗ
ਕਦੇ ਇਸ ਘਰ ਤੇ ਕਦੇ ਉਸ ਘਰ
ਡੰਗਦਾ ਹੀ ਲੰਘਦਾ ਹੈ।

ਇਸ ਸੰਗ੍ਰਹਿ ਦੇ ਗੀਤਾਂ ਦਾ ਰੰਗ ਵੀ ਨਿਰਾਲਾ ਹੈ ਅਤੇ ਗ਼ਜ਼ਲ ਰੂਪ ਨਿਵੇਕਲੀ ਵਿਸ਼ੇਸ਼ਤਾ ਗ੍ਰਹਿਣ ਕਰਦਾ ਹੈ। ਕੁਲ ਮਿਲਾ ਕੇ ਉਸਦੀਆਂ ਕਵਿਤਾਵਾਂ ਮੁਹੱਬਤ ਦਾ ਸਿਰਨਾਵਾਂ ਹਨ। ਉਸਦੀ ਇਹ ਮੁਹੱਬਤ ਦੇਸ ਨਾਲ ਵੀ ਹੈ ਅਤੇ ਪਰਦੇਸ ਨਾਲ ਵੀ, ਚਾਹੇ ਏਥੇ ਇਹ ਦਵੰਦ-ਸੰਬੰਧ ਵਿਚ ਹੀ ਕਿਉਂ ਨਾ ਤਣੀ ਹੋਈ ਹੋਵੇ। ਇਹ ਮੁਹੱਬਤ ਲੋਕ ਤੇ ਲੋਕਾਈ ਨਾਲ ਹੈ, ਸਭਿਅਤਾ ਦੇ ਸਾਰਥਕ ਪਹਿਲੂਆਂ ਨਾਲ ਹੈ, ਸਵੇਰ ਦੇ ਚਾਨਣ ਤੋਂ ਚੇਤਨਾ ਦੀ ਬੁਲੰਦੀ ਰਾਹੀਂ ਹਨੇਰਿਆਂ ਨੂੰ ਦੂਰ ਕਰਨ ਦੇ ਯਤਨਾਂ ਨਾਲ ਹੈ। ਇਹ ਮੁਹੱਬਤ ਕਠੋਰਤਾ ਦੇ ਮੁਕਾਬਲੇ ਤੇ ਮਾਸੂਮੀਅਤ ਨੂੰ ਧਾਰਨ ਕਰਨ ਦੀ ਹੈ, ਇਨਸਾਨਾਂ ਦੀ ਬਦਨਸੀਬੀ ਦੂਰ ਕਰਨ ਦੀ ਹੈ, ਬਾਗ਼ ਹਰੇ ਕਰਨ ਦੇ ਆਸ਼ਾਵਾਦੀ ਪੈਗਾਮ ਸੰਚਾਰਿਤ ਕਰਨ ਦੀ ਹੈ, ਸਭ ਪਾਸੇ ਜ਼ਿੰਦਗੀ ਨੂੰ ਬਹੁਲਤਾ ਤੇ ਸਾਰਥਕਤਾ ਦੇ ਪੈਮਾਨਿਆਂ ਨਾਲ ਭਰ ਦੇਣ ਦੀ ਹੈ, ਜ਼ਿੰਦਗੀ ਦੇ ਖ਼ਲਾ ਤੇ ਖੋਖਲੇਪਨ ਵਿਚ ਸਾਰਥਕਤਾ ਤੇ ਭਰਪੂਰਤਾ ਪੈਦਾ ਕਰਨ ਦੀ ਹੈ, ਵਰਤਮਾਨ ਦੇ ਮਹੱਤਵ ਉਜਾਗਰ ਕਰਨ ਦੀ ਹੈ, ਬੇਅਰਥਾਂ ਨੂੰ ਅਰਥਾਂ ਵਿਚ ਤਬਦੀਲ ਕਰਨ ਦੀ ਹੈ, ਸ਼ਹਾਦਤਾਂ ਦੀ ਸਾਰਥਕਤਾ ਪਛਾਨਣ ਵਿਚ ਹੈ ਅਤੇ ਇਨ੍ਹਾਂ ਸਾਰਿਆਂ ਤੋਂ ਉਪਰ ਮੈਂ ਇਹ ਸਮਝਦਾ ਹਾਂ ਕਿ ਮੁਹੱਬਤ ਵਿਚ ਪਛਾਣ ਉਤੇ ਬਲ ਦੇਣ ਵਿਚ ਹੈ:

ਉਹ ਪਲ ਜੋ ਅਸੀਂ ਮੁਹੱਬਤ ਨਾਲ ਜੀਵੇ
ਸਾਡੇ ਲਈ ਜ਼ਿੰਦਗੀ ਬਣ ਗਏ
ਬਾਕੀ ਤਾਂ ਬਸ
ਰੀਂਘਦੀ ਹੋਈ ਉਮਰ ਦੀ ਸਾਧਾਰਨਤਾ ਹੈ।

ਉਸਦਾ ਹਥਲਾ ਸੰਗ੍ਰਹਿ, ਉਸਦੇ ਪਹਿਲੇ ਸੰਗ੍ਰਹਿ 'ਨਵੇਂ ਸੂਰਜ' ਤੋਂ ਹੋਰ ਅਗਾਂਹ ਵਿਕਸਿਤ ਹੋ ਕੇ ਸਾਹਮਣੇ ਆਇਆ ਹੈ। ਖ਼ੁਸ਼-ਆਮਦੀਦ। ਸ਼ਾਲਾ! ਉਸਦਾ ਕਾਵਿ-ਵਿਕਾਸ ਹੋਰ ਬੁਲੰਦੀਆਂ ਨੂੰ ਪੁੱਜੇ, ਇਹ ਮੇਰੀ ਸ਼ੁਭ ਕਾਮਨਾ ਹੈ...।

ਗੁਰੂ ਨਾਨਕ ਦੇਵ ਯੂਨੀਵਰਸਿਟੀ,
ਅੰਮ੍ਰਿਤਸਰ।
ਸਤੰਬਰ 10, 1995

-ਸਤਿੰਦਰ ਸਿੰਘ (ਪ੍ਰੋ.)
ਪੰਜਾਬੀ ਅਧਿਐਨ ਸਕੂਲ

ਭੂਮਿਕਾ

-ਬਲਜੀਤ ਕੌਰ (ਡਾ.)

ਸੁਖਵਿੰਦਰ ਕੰਬੋਜ ਦਾ ਕਾਵਿ-ਸੰਗ੍ਰਹਿ **ਜਾਗਦੇ ਅੱਖਰ** ਅਜੋਕੇ ਜੀਵਨ ਦੇ ਕਠੋਰ ਯਥਾਰਥ ਨਾਲ ਜੂਝ ਰਹੇ ਮਨੁੱਖ ਦੇ ਬਹੁ-ਪਰਤੀ ਅਨੁਭਵਾਂ ਦਾ ਰੂਪਾਂਤਰਣ ਹੈ। ਇਸ ਦੀ ਮੁੱਖ ਪਰਤ ਪਰਦੇਸ ਦੇ ਜੀਵਨ ਨਾਲ ਸੰਬੰਧਿਤ ਹੈ ਜੋ ਸਾਡੇ ਪਰਵਾਸੀ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਪ੍ਰਧਾਨ ਥੀਮ ਬਣਦਾ ਰਿਹਾ ਹੈ। ਰੋਟੀ ਰੋਜ਼ੀ ਦੇ ਮਸਲੇ ਹੱਲ ਕਰਨ ਅਤੇ ਆਰਥਿਕ ਮੰਦਹਾਲੀ ਦਾ ਇਲਾਜ ਲੱਭਣ ਦੀ ਕੋਸ਼ਿਸ਼ ਵਿਚ ਲੱਖਾਂ ਭਾਰਤੀ ਪਰਦੇਸਾਂ ਵਿਚ ਵੱਸੇ ਹੋਏ ਹਨ ਅਤੇ ਅਜੇ ਵੀ ਇਹ ਰੁਝਾਣ ਜ਼ੋਰਾਂ 'ਤੇ ਹੈ। ਪਰ ਤੀਸਰੀ ਦੁਨੀਆਂ ਦੇ ਦੇਸ਼ਾਂ ਦੇ ਲੋਕ ਜਦੋਂ ਪਹਿਲੀ ਦੁਨੀਆਂ ਦੇ ਦੇਸ਼ਾਂ ਵਿਚ ਪ੍ਰਵੇਸ਼ (ਕਾਨੂੰਨੀ ਜਾਂ ਗ਼ੈਰ-ਕਾਨੂੰਨੀ) ਕਰਦੇ ਹਨ ਤਾਂ ਇਕ ਵੱਖਰੇ ਤੇ ਅਸਲੋਂ ਓਪਰੇ ਮਾਹੌਲ ਨਾਲ ਉਨ੍ਹਾਂ ਦਾ ਵਾਹ ਪੈਂਦਾ ਹੈ, ਜਿਸ ਅਨੁਸਾਰ ਢਲ਼ਣ ਲਈ ਉਨ੍ਹਾਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ। ਆਪਣੀਆਂ ਲੋੜਾਂ ਥੋੜਾਂ ਦੇ ਮਾਰੇ ਉਹ ਹੌਲ਼ੀ ਹੌਲ਼ੀ ਉਸ ਮਾਹੌਲ ਅਨੁਸਾਰ ਵਿਚਰਨ ਤਾਂ ਲਗ ਪੈਂਦੇ ਹਨ ਪਰ ਚੇਤਨ ਤੇ ਸੰਵੇਦਨਸ਼ੀਲ ਲੋਕਾਂ ਲਈ ਇਸ ਸਥਿਤੀ ਨਾਲ ਸਮਝੌਤਾ ਕਰਨਾ ਬਹੁਤ ਔਖਾ ਹੁੰਦਾ ਹੈ। ਪੂੰਜੀਵਾਦੀ ਸਭਿਅਤਾ ਦਾ ਮਕੜ ਜਾਲ, ਪਦਾਰਥਕ ਭੱਜ-ਦੌੜ, ਗਲਘੋਟੂ ਮੁਕਾਬਲੇ, ਘਰ ਦਿਆਂ ਵਲੋਂ ਪੈਸਿਆਂ ਦੀ ਨਿਰੰਤਰ ਮੰਗ, ਮਕਾਨਕੀ ਜੀਵਨ-ਤੋਰ, ਉਪਭੋਗਤਾ-ਸੰਸਕ੍ਰਿਤੀ ਦਾ ਮਾਨਵ-ਵਿਰੋਧੀ ਸੁਭਾਉ ਆਦਿ ਰਲ ਕੇ ਇਕ ਅਜਿਹੀ ਦਲਦਲ ਦਾ ਰੂਪ ਧਾਰਨ ਕਰ ਲੈਂਦੇ ਹਨ ਕਿ ਇਨਸਾਨ ਇਸ ਵਿਚ ਹੇਠਾਂ ਦੀ ਹੇਠਾਂ ਧਸਦਾ ਚਲਾ ਜਾਂਦਾ ਹੈ। ਇਸ ਲਾਚਾਰੀ ਤੇ ਬੇਵਸੀ ਦਾ ਅਹਿਸਾਸ ਇਕ ਸੰਵੇਦਨਸ਼ੀਲ ਮਨ ਲਈ ਕਿਸ ਤਰ੍ਹਾਂ ਦਾ ਸੰਤਾਪ ਹੋ ਨਿਬੜਦਾ ਹੈ ਤੇ ਇਕ ਚੇਤਨ ਵਿਅਕਤੀ ਲਈ ਕਿਸਤਰ੍ਹਾਂ ਦੇ ਅੰਤਰ-ਵਿਰੋਧਾਂ ਦਾ ਰੂਪ ਧਾਰਣ ਕਰਦਾ ਹੈ, ਇਸਦਾ ਅਨੁਭਵ ਹੀ ਸੁਖਵਿੰਦਰ ਕੰਬੋਜ ਦੀ ਕਾਵਿ-ਰਚਨਾ ਦੀ ਆਧਾਰ-ਭੂਮੀ ਹੈ।

ਇਸ ਅਨੁਭਵ ਦੀਆਂ ਕਈ ਪਰਤਾਂ ਤੇ ਸਹਿ-ਪਰਤਾਂ ਹਨ। ਜਜ਼ਬਾਤੀ ਲਗਾਉ ਦੀ ਅਣਹੋਂਦ ਤੇ ਲੋੜ ਨੂੰ ਵੀ ਇਹ ਕਵਿਤਾ ਮਹਿਸੂਸ ਕਰਦੀ ਹੈ,

ਰਿਸ਼ਤਿਆਂ ਨਾਤਿਆਂ ਦੇ ਵਪਾਰੀਕਰਨ ਤੋਂ ਵੀ ਪੀੜਿਤ ਹੈ, ਮਨੁੱਖ ਦੇ ਮਸ਼ੀਨੀ ਪੁਰਜ਼ਾ ਬਣਦੇ ਜਾਣ ਪ੍ਰਤਿ ਵੀ ਚਿੰਤਿਤ ਹੈ, ਸਵਦੇਸ਼ ਵਿਚ ਵਧ ਰਹੇ ਗ਼ੈਰ ਸਿਹਤਮੰਦ ਰੁਝਾਣਾਂ ਦੇ ਸੇਕ ਨੂੰ ਵੀ ਜਰਦੀ ਹੈ। ਇਹ ਕਵਿਤਾ, ਦਰ ਅਸਲ ਉਸ ਚੇਤਨ ਤੇ ਕਲਪਨਾਸ਼ੀਲ ਵਿਅਕਤੀ ਦੇ ਮਨੋਦਵੰਦ ਦੀ ਕਵਿਤਾ ਹੈ ਜਿਹੜਾ ਰੰਗੀਨ ਐਨਕ ਨਾਲ ਦੁਨੀਆਂ ਨੂੰ ਦੇਖਦਾ ਹੋਇਆ ਸੁਹਜ ਹੀ ਸੁਹਜ ਦੀ ਭਾਲ ਵਿਚ ਨਿਕਲਿਆ ਹੈ ਪਰ ਜਿਸਨੂੰ ਆਲੇ ਦੁਆਲੇ ਵਿਚ ਕੁਹਜ ਹੀ ਕੁਹਜ ਮਿਲਿਆ ਹੈ। ਇਹ ਕੁਹਜ ਉਸਨੂੰ ਪਰੇਸ਼ਾਨ ਵੀ ਕਰਦਾ ਹੈ ਤੇ ਪੀੜਿਤ ਵੀ। ਪਰ, ਉਸਦੇ ਅੰਦਰ ਦੀ ਲੋਚਾ ਮਰਦੀ ਨਹੀਂ। ਉਹ ਅਸਾਧਾਰਣਤਾ ਦਾ ਆਸ਼ਿਕ ਹੈ, ਪਰ ਸਾਧਾਰਣਤਾ ਉਸ ਦੇ ਪੈਰਾਂ ਦੀ ਬੇੜੀ ਹੋ ਨਿਬੜਦੀ ਹੈ। ਸਿੱਟਾ ਹੈ ਉਹ ਆਤਮ-ਗਿਲਾਨੀ ਤੇ ਉਹ ਮਾਨਸਿਕ ਤਨਾਉ ਜੋ ਕੰਬੋਜ ਦੀ ਕਵਿਤਾ ਦਾ ਨਿਰੰਤਰ ਥੀਮ ਹੈ:

ਮੈਂ ਮਹਿਜ ਪੁਰਜ਼ਾ ਹਾਂ ਘੜੀ ਦਾ
ਵਕਤ ਬਦਲਣ 'ਤੇ ਉਠਦਾ ਹਾਂ
ਘੜੀ ਦੀਆਂ ਸੂਈਆਂ ਬਦਲਦੀਆਂ ਹਨ
ਮੈਂ ਨਹੀਂ-
ਦਿਨ ਮਹੀਨੇ ਤੇ ਸਾਲ
ਕਈ ਚਿਰਾਂ ਤੋਂ ਮੈਨੂੰ ਭੁੱਲ ਗਏ ਹਨ
ਤੇ ਯਾਦ ਸਿਰਫ ਏਨਾ ਹੈ
ਕਿ ਲੱਕੀ ਸਟੋਰ ਤੋਂ ਖਾਣ ਲਈ ਸਭ ਕੁਝ ਮਿਲ ਜਾਂਦਾ ਹੈ
ਜਿਵੇਂ ਸੂਰ ਨੂੰ ਗੰਦ ਵਿਚੋਂ...। -('ਅੱਜ ਕੱਲ੍ਹ')

ਚੱਕਰ, ਪਿਛਲੇ ਸਾਲ, ਆਪਣੀ ਧੁੱਪ, ਤਾਸੀਰ, ਜੇ ਭਲਾ, ਆਦਿ ਹੋਰ ਬਹੁਤ ਸਾਰੀਆਂ ਕਵਿਤਾਵਾਂ ਇਸੇ ਤਰ੍ਹਾਂ ਦੇ ਅਨੁਭਵ ਤੋਂ ਪ੍ਰੇਰਿਤ ਹਨ। ਮਸ਼ੀਨੀ ਤੋਰ ਵਿਚ ਪੁਰਜ਼ਿਆਂ ਵਾਂਗ ਬੱਝੇ ਮਨੁੱਖ ਦੇ ਕਿਰਦਾਰ ਦੀਆਂ ਵੱਖ ਵੱਖ ਪਰਤਾਂ ਨੂੰ ਉਘਾੜਦਾ ਹੋਇਆ ਕਵੀ ਅਜੋਕੀ ਪਦਾਰਥਕ ਸਭਿਅਤਾ ਉਤੇ ਸਹਿਜ ਹੀ ਇਕ ਵਿਅੰਗ ਕਰ ਜਾਂਦਾ ਹੈ। ਅੱਜ ਦਾ ਮਨੁੱਖ ਪਦਾਰਥਕ ਤੌਰ ਤੇ ਬਹੁਤ ਭਰਪੂਰ ਤੇ ਉਨੱਤ ਜੀਵਨ ਜੀ ਰਿਹਾ ਹੈ, ਪਰ ਜਜ਼ਬਾਤੀ ਤੌਰ ਤੇ, ਰੂਹਾਨੀ ਤੌਰ ਤੇ ਉਹ ਅਸਲੋਂ ਸੱਖਣਾ ਤੇ ਇਕੱਲਾ ਹੈ। ਕੁਦਰਤੀ ਵਾਤਾਵਰਣ ਨਾਲ ਉਸਦੀ ਸਾਂਝ ਵੀ ਟੁੱਟ ਚੁਕੀ ਹੈ। ਜ਼ਿੰਦਗੀ ਵਿਚੋਂ ਸਹਿਜ ਤੇ ਸਕੂਨ ਉਡ ਪੁਡ ਗਏ ਹਨ। ਇਸ

ਪਹਿਲੂ ਤੋਂ ਜਦੋਂ ਕਵੀ ਆਪਣੇ ਦੇਸ਼ ਅਤੇ ਆਪਣੇ ਪਰਵਾਸ ਦੇ ਦੇਸ਼ ਦਾ ਟਾਕਰਾ ਕਰਦਾ ਹੈ ਤਾਂ ਦੋਹਾਂ ਵਿਚ ਇਕ ਅਮਿਣਵੀਂ ਵਿੱਥ ਮਹਿਸੂਸ ਕਰਦਾ ਹੈ। ਅਜਿਹੀ ਵਿੱਥ ਦਾ ਅਨੁਭਵ ਵੱਖ ਵੱਖ ਜੀਵਨ-ਸਥਿਤੀਆਂ ਨਾਲ ਜੁੜ ਕੇ ਪੇਸ਼ ਹੋਇਆ ਹੈ। ਮਿਸਾਲ ਵਜੋਂ, 'ਸੇਨ ਹੋਜ਼ੇ ਸ਼ਹਿਰ ਦੀ ਰਾਤ' ਕਵਿਤਾ ਵਿਚ ਉਹ ਲਿਖਦਾ ਹੈ:

ਇਹ ਸ਼ਹਿਰ ਮੇਰੇ ਪਿੰਡ ਵਾਂਗ ਕਿਉਂ ਨਹੀਂ ਸੌਂਦਾ
ਜਾਗਦਾ ਰਹਿੰਦਾ ਹੈ ਸਾਰੀ ਰਾਤ ਇਹ ਸ਼ਹਿਰ
ਕੀੜੀਆਂ ਦੇ ਭੌਣ ਵਾਂਗ
ਕਾਰਾਂ ਹੇਠ ਮਿੱਧੀਆਂ ਸੜਕਾਂ 'ਤੇ
ਸੁਪਨੇ ਵੀ ਨਹੀਂ ਉੱਗਦੇ...
... ...

ਦੂਸਰੇ ਪਾਸੇ, 'ਇੱਥੇ ਉਥੇ' ਕਵਿਤਾ ਇਸ ਵਿੱਥ ਦੇ ਇਕ ਵੱਖਰੇ ਪਾਸਾਰ ਨੂੰ ਰੂਪਮਾਨ ਕਰਦੀ ਹੈ। ਆਪਣੇ ਦੇਸ਼ ਵਿਚ ਰਹਿੰਦਿਆਂ ਕਈ ਤਰ੍ਹਾਂ ਦੀਆਂ ਤੰਗੀਆਂ ਤੇ ਮੁਸ਼ਕਿਲਾਂ ਸਨ, ਜਿਵੇਂ, ਰਿਸ਼ਤੇ ਨਾਤਿਆਂ ਦੀ ਭਰਮਾਰ ਤੇ ਪ੍ਰਾਈਵੇਸੀ ਦੀ ਅਣਹੋਂਦ ਤੋਂ ਮਨ ਖਿਝਦਾ ਸੀ। ਬੇਰੁਜ਼ਗਾਰੀ, ਹੜਤਾਲਾਂ, ਬਾਈਕਾਟ, ਰੌਲਾ ਰੱਪਾ, ਦੰਗੇ ਫਸਾਦ-ਸਭ ਕਾਸੇ ਤੋਂ ਅਕੇਵਾਂ ਹੁੰਦਾ ਸੀ ਤੇ ਉਥੋਂ ਭੱਜ ਜਾਣ ਨੂੰ ਮਨ ਕਰਦਾ ਸੀ। ਪਰ ਪਰਦੇਸ ਦੀ ਵੱਢ-ਖਾਣੀ ਇਕੱਲ ਵਿਚ ਉਸੇ ਰਿਸ਼ਤਿਆਂ ਦੀ ਭਰਮਾਰ, ਉਸੇ ਰੌਲੇ ਰੱਪੇ ਨੂੰ ਮਨ ਤਰਸ ਜਾਂਦਾ ਹੈ। ਪਰਦੇਸ ਬਾਰੇ ਸਿਰਜੇ ਰੁਮਾਂਸ ਅਤੇ ਉਥੋਂ ਦੇ ਯਥਾਰਥ ਵਿਚਲਾ ਪਾੜਾ ਇਹ ਸੁਆਲ ਬਣ ਕੇ ਨਿਰੰਤਰ ਜ਼ਿਹਨ ਨੂੰ ਝੰਜੋੜਦਾ ਹੈ:

ਕੀ ਇਹੀ ਸੀ ਬਹੁਲਤਾਵਾਂ ਦੀ ਧਰਤ
ਜੀਹਦੇ ਲਈ ਮੈਂ ਉਥੇ ਸਹਿਕਿਆ ਫਿਰਦਾ ਸੀ?

ਬਹੁਲਤਾਵਾਂ ਦੇ ਇਸ ਦੇਸ਼ ਵਿਚ ਤੰਗੀਆਂ ਤੇ ਅਭਾਵਾਂ ਦੇ ਦੇਸ਼ ਵਿੱਚੋਂ ਪਰਵਾਸ ਕਰਕੇ ਆ ਵਸੇ ਲੋਕ ਕਿਸ ਤਰ੍ਹਾਂ ਇਥੋਂ ਦੀ ਉਪਭੋਗਤਾ-ਸੰਸਕ੍ਰਿਤੀ ਵਿਚ ਵਸਤੂਆਂ ਬਣਕੇ ਰਹਿ ਜਾਂਦੇ ਹਨ ਅਤੇ ਕਿਸ ਤਰ੍ਹਾਂ ਇਥੋਂ ਦਾ ਪੂੰਜੀਵਾਦੀ ਪ੍ਰਬੰਧ ਉਨ੍ਹਾਂ ਨੂੰ ਉਨ੍ਹਾਂ ਦੀਆਂ ਜੜ੍ਹਾਂ ਨਾਲੋਂ ਤੋੜ ਕੇ ਹੌਲ਼ੀ ਹੌਲ਼ੀ ਖ਼ਤਮ ਕਰ ਦੇਂਦਾ ਹੈ। ਇਦੀ ਖ਼ੂਬਸੂਰਤ ਪੇਸ਼ਕਾਰੀ ਕੰਬੋਜ ਦੀ ਕਵਿਤਾ 'ਬੇਅਰਥ ਮੌਤ' ਵਿਚ ਦੇਖੀ ਜਾ

ਸਕਦੀ ਹੈ। ਉਸ ਵਾਤਾਵਰਣ ਵਿਚ, ਜਿੱਥੇ ਜੀਣ ਤੋਂ ਭਾਵ ਕੇਵਲ ਪਦਾਰਥਕ ਸੁਖ ਸਹੂਲਤਾਂ ਜੁਟਾਉਣਾ ਹੈ, ਜੀਵਨ ਵੀ ਬੇਅਰਥ ਹੋਕੇ ਰਹਿ ਜਾਂਦਾ ਹੈ ਤੇ ਮੌਤ ਵੀ। ਅਜਿਹਾ ਵਾਤਾਵਰਣ ਇਸ ਪ੍ਰਕਾਰ ਕੁਹਜ ਭਰਪੂਰ ਹੈ ਕਿ ਕਵਿਤਾ ਦਾ ਸੁਹਜ ਵੀ ਦੂਸ਼ਿਤ ਹੋ ਜਾਂਦਾ ਹੈ। ਫਿਰ ਵੀ ਕਵੀ ਕਵਿਤਾ ਦੀ ਜ਼ਿੰਮੇਵਾਰੀ, ਉਸਦੇ ਉਸਾਰੂ ਰੋਲ ਪ੍ਰਤਿ ਸਚੇਤ ਹੈ। 'ਕਵਿਤਾ' ਤੇ 'ਹਥਿਆਰ' ਕਵਿਤਾਵਾਂ ਇਸ ਗੱਲ ਨੂੰ ਪ੍ਰਮਾਣਿਤ ਕਰਦੀਆਂ ਹਨ।

ਕੰਬੋਜ ਦੇ ਇਸ ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ "ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ" ਵਾਲੀ ਮਨੋਸਥਿਤੀ ਦੀ ਪੈਦਾਵਾਰ ਹਨ। ਏਸੇ ਕਰਕੇ ਉਹ ਬਦੇਸ਼ ਵਿਚ ਰਹਿੰਦਾ ਹੋਇਆ ਵੀ ਦੇਸ਼ ਨੂੰ ਯਾਦ ਕਰਦਾ, ਉਸਦੇ ਲਈ ਤੜਫਦਾ ਹੈ। ਦੇਸ਼ ਦੀ ਯਾਦ ਉਸਦੇ ਕਾਵਿ-ਬਿੰਬਾਂ ਦੀ ਵੀ ਆਧਾਰ-ਭੂਮੀ ਬਣਦੀ ਹੈ। ਮਿਸਾਲ ਵਜੋਂ 'ਸਰ੍ਹੋਂ' ਦੀ ਆਖਰੀ ਫੁੱਟ ਰਹੀ ਗੰਦਲ 'ਤੇ ਤਰੇਲ ਦਾ ਤੁਪਕਾ', 'ਮਾਈ ਪੁੰਨੋ ਦੀ ਘਾਹ ਦੀ ਭਾਰੀ ਪੰਡ, ਮਿੰਬਰਾਂ ਦੇ ਗੱਡੇ ਨੂੰ ਉਡੀਕਦੀ', 'ਬੱਦਲਾਂ ਦੀਆਂ ਵੰਗਾਂ ਤੇ ਚਾਨਣੀ ਦੇ ਖੂਬਸੂਰਤ ਕਲੀਰੇ', 'ਬਰਾਨੀ 'ਚ ਹਿਲਦੇ-ਬਾਜਰੇ ਜਹੇ ਇਕੱਲੇ', ਆਦਿ ਬਿੰਬ ਧਿਆਨ ਦੇਣ ਯੋਗ ਹਨ। 'ਹਨੇਰਿਆਂ ਲਈ', 'ਦੇਸ਼', 'ਪੰਜਾਬ ਨੂੰ' ਆਦਿ ਕਵਿਤਾਵਾਂ ਅਤੇ ਉਸਦੇ ਕਈ ਗੀਤ ਸਵਦੇਸ਼ ਵਿਚ ਵਪਾਰ ਰਹੀਆਂ ਅਣਸੁਖਾਵੀਆਂ ਘਟਨਾਵਾਂ ਅਤੇ ਨਕਾਰਾਤਮਕ ਰੁਝਾਣਾਂ ਪ੍ਰਤਿ ਉਸਦੀ ਚਿੰਤਾ ਤੇ ਪੀੜਾ ਨੂੰ ਰੂਪਮਾਨ ਕਰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਉਸਦੀ ਕਾਵਿਕ ਕਲਪਨਾ ਪਰਦੇਸ ਵਿਚ ਬੈਠੇ ਹੋਏ ਵੀ ਦੇਸ਼ ਵਿਚ ਹੋ ਰਹੇ ਜਬਰ, ਜ਼ੁਲਮ, ਵੰਡ-ਪਾਊ ਤਾਕਤਾਂ ਦਾ ਕੁਹਜਾ ਨਾਚ, ਅਫਸਰਸ਼ਾਹੀ ਤੇ ਰਾਜਨੀਤਕ ਸੱਤ੍ਹਾ ਵਲੋਂ ਮਚਾਈ ਹੋਈ ਲੁੱਟ ਅਤੇ ਲੁੱਟੇ ਜਾ ਰਹੇ ਲੋਕਾਂ ਦੀ ਇਸ ਲੁੱਟ ਪ੍ਰਤਿ ਅਗਿਆਨਤਾ ਨੂੰ ਪ੍ਰਤੱਖ ਦੇਖਦੀ ਤੇ ਚਿਤਰਦੀ ਹੈ। ਇਸ ਪ੍ਰਕਾਰ ਇਸ ਸੰਗ੍ਰਹਿ ਦੀਆਂ ਕਵਿਤਾਵਾਂ ਕਵੀ ਦੀਚੇਤਨਤਾ ਤੇ ਸੰਵੇਦਨਸ਼ੀਲਤਾ ਦਾ ਸੁਮੇਲ ਹਨ। ਕੁਝ ਕਵਿਤਾਵਾਂ ਤੇ ਵਧੇਰੇ ਗੀਤ ਜਜ਼ਬਾਤੀ ਰਵਾਨੀ ਦੇ ਵੀ ਖ਼ੂਬਸੂਰਤ ਉਦਾਹਰਣ ਹਨ। ਪਰਵਾਸ ਦੀ ਇਕੱਲ, ਸਵਦੇਸ਼ ਦੇ ਹੇਰਵੇ, ਸਵਦੇਸ਼ ਦੀਆਂ ਤੰਗੀਆਂ, ਆਪਣਿਆਂ ਤੋਂ ਟੁੱਟਣ ਦੀ ਪੀੜਾ, ਆਦਿ ਭਾਵਾਂ ਨੂੰ ਰੂਪਮਾਨ ਕਰਦੇ ਹੋਏ ਇਹ ਗੀਤ ਸਰਲ ਇਕਹਿਰੀ ਭਾਵ-ਬੁਣਤੀ ਤੇ ਸੁੰਦਰ ਲੈਅ ਸਦਕਾ ਪਾਠਕਾਂ ਨੂੰ ਭਾਵਿਤ ਕਰ ਜਾਂਦੇ ਹਨ।

ਜਾਗਦੇ ਅੱਖਰ ਸੰਗ੍ਰਹਿ ਦੀਆਂ ਕਵਿਤਾਵਾਂ ਵਿਚਾਰਾਂ ਤੇ ਭਾਵਾਂ ਦੇ ਸੁਮੇਲ ਦੀ ਮਿਸਾਲ ਹਨ ਤਾਂ ਇਸਦੇ ਗੀਤਾਂ ਦਾ ਮੁੱਖ ਪਛਾਣ-ਚਿੰਨ੍ਹ ਉਨ੍ਹਾਂ ਦੀ ਜਜ਼ਬਾਤੀ ਰਵਾਨੀ ਹੈ। ਇਹ ਗੀਤ ਪਰਵਾਸ ਭੋਗ ਰਹੇ ਵਿਅਕਤੀ ਦੇ ਆਪਣੇ ਦੇਸ਼, ਆਪਣੇ

ਲੋਕਾਂ ਅਤੇ ਆਪਣੇ ਜਜ਼ਬਾਤੀ ਰਿਸ਼ਤਿਆਂ ਪ੍ਰਤਿ ਮੋਹ ਭਿੱਜੇ ਬੋਲਾਂ ਵਿਚ ਸਿਰਜੇ ਗਏ ਹਨ। ਇਨ੍ਹਾਂ ਵਿਚੋਂ ਬਹੁਤੇ ਉਸ ਅਣਪ੍ਰਾਪਤ ਸੁਪਨੇ, ਆਦਰਸ਼ ਦੀ ਲੋਚਾ ਤੋਂ ਪ੍ਰੇਰਿਤ ਹਨ ਜੋ ਯਥਾਰਥ ਦੀ ਤਿੱਖੀ ਤਪਸ਼ ਦੇ ਮੌਸਮ ਵਿਚ ਇਕ ਭਾਵੁਕ ਮਨ ਦੀ ਠਾਹਰ ਬਣਦੀ ਹੈ। ਯਥਾਰਥ ਦੀ ਕਰੂਰਤਾ ਤੇ ਕੁਹਜ ਇਸ ਮਨ ਨੂੰ ਕਹੁਣਾ ਤੇ ਪਛਤਾਵੇ ਦੇ ਵਾਤਾਵਰਣ ਵਿਚ ਲੈ ਜਾਂਦੇ ਹਨ, ਪਰ ਸੁਹਜ ਦੀ ਇੱਛਾ ਤੇ ਸੁਹਜ ਦੀ ਕਲਪਨਾ ਇਕ ਰੁਮਾਂਸ-ਜਗਤ ਦੀ ਸਿਰਜਣਾ ਕਰਦੇ ਹੋਏ ਇਸਨੂੰ ਢਾਰਸ ਦੇਂਦੀਆਂ ਹਨ। ਇਨ੍ਹਾਂ ਦੋਹਾਂ ਮਨੋਸਥਿਤੀਆਂ ਦਾ ਵਿਰੋਧ-ਜੁੱਟ ਉਸਦੇ ਵਧੇਰੇ ਗੀਤਾਂ ਦੀ ਸਿਰਜਣ-ਜੁਗਤ ਬਣਿਆ ਹੈ:

ਰੇਤੇ ਉਪਰ ਲਿਖ ਸਿਰਨਾਵਾਂ
ਮੈਂ ਇਕ ਹਉਕਾ ਚਿੱਠੀ ਪਾਈ
ਪੌਣਾਂ ਉਹਨੂੰ ਰੋੜ੍ਹ ਲੈ ਗਈਆਂ
ਇਕ ਸਤਰ ਤੈਂਡੇ ਹੱਥ ਨਾ ਆਈ
ਬਿੰਬਾਂ ਦੇ ਵਿਚ ਗੁੰਮ ਹੋ ਜਾਏ
ਸ਼ਾਇਰ ਦੀ ਤਦਬੀਰ...। -(ਚੰਦਨ ਮਿੱਟੀ)

ਇਨ੍ਹਾਂ ਗੀਤਾਂ ਵਿਚ ਭਾਵੇਂ ਪਦਾਰਥਕ ਲੋੜਾਂ ਥੋੜਾਂ ਦੀ ਖ਼ਾਤਿਰ ਸੁਹਜ-ਸੁਪਨਿਆਂ ਨੂੰ ਕੁਰਬਾਨ ਕਰਨ ਦੀ ਮਜਬੂਰੀ ਪਛਤਾਵੇ ਦੀ ਸੁਰ ਅਖ਼ਤਿਆਰ ਕਰ ਲੈਂਦੀ ਹੈ, ਪਰ ਫਿਰ ਵੀ ਸੁਹਜ ਦੀ ਰੁਮਾਂਟਿਕ ਲੋਚਾ ਦਮ ਨਹੀਂ ਤੋੜਦੀ। ਇਹ ਸੰਗਿਆ ਵਿਚ ਘਿਰੀ ਹੋਈ, ਤਰਸਦੀ ਤੇ ਤੜਪਦੀ ਜੀਵਿਤ ਰਹਿੰਦੀ ਹੈ-ਇਹ ਕੰਬੋਜ ਦੇ ਗੀਤਾਂ ਦਾ ਹਾਸਿਲ ਹੈ। ਬਿਰਹਾ ਤੇ ਅਪ੍ਰਾਪਤੀ ਦੇ ਦਰਦ ਨਾਲ ਪਰੁੱਤੇ ਇਨ੍ਹਾਂ ਗੀਤਾਂ ਵਿਚ ਪ੍ਰਾਪਤੀ ਦੀ ਧੁੰਦਲੀ ਆਸ-ਕਿਰਨ ਮੌਜੂਦ ਹੈ:

ਇਕ ਤੀਰ ਜਿਹਾ ਦਿਲ ਵਿਚ ਐਵੇਂ
ਜਾਵੇ ਲੂੰ ਲੂੰ ਨੂੰ ਪੁੜਿਆ
ਜੇ ਮੰਜ਼ਿਲ ਰਾਹੀਂ ਬਿਰਕ ਪਿਆ
ਉਹ ਕਦੋਂ ਪਿਆਸਾ ਮੁੜਿਆ
ਜਦ ਮੇਘ ਦਿਲੇ ਦਾ ਹੰਭ ਗਿਆ
ਕਿਸਨੇ ਬੂਹਾ ਖੜਕਾਇਆ...। -(ਵਸਲਾਂ ਛਿੱਜੀ ਬੋਰੀ)

ਪਰਵਾਸ ਦੀ ਮਜਬੂਰੀ ਵੱਸ ਦਿਲਾਂ ਦੀਆਂ ਸਾਂਝਾ ਵਿਚਕਾਰ ਜੋ ਵਿਛੋੜੇ ਦੀ ਡੂੰਘੀ ਖਾਈ ਆ ਖਲੋਂਦੀ ਹੈ, ਉਸਦੀ ਪੀੜਾ ਵੀ ਕੰਬੋਜ ਦੇ ਗੀਤਾਂ ਵਿਚ ਖ਼ੂਬਸੂਰਤ ਅੰਦਾਜ਼ ਵਿਚ ਰੂਪਮਾਨ ਹੋਈ ਹੈ। ਇਸ ਪ੍ਰਸੰਗ ਵਿਚ ਉਸ ਦੇ ਗੀਤਾਂ 'ਪਰਦੇਸੀਆਂ' ਅਤੇ 'ਰੂਹ ਦੀ ਸੰਥਾ' ਦਾ ਜ਼ਿਕਰ ਕਰਨਾ ਬਣਦਾ ਹੈ। ਇਹ ਗੀਤ ਪਰਵਾਸ ਦੇ ਕਾਰਣ ਪੈਦਾ ਹੋਈ ਅਣਮਿਣ ਦੂਰੀ ਦੇ ਦਰਦ ਦਾ ਬੜਾ ਸਾਦਾ ਪਰ ਅਤਿ ਭਾਵੁਕ ਤੇ ਦਿਲ-ਟੁੰਬਵਾਂ ਚਿੱਤਰਣ ਹਨ। ਮਿਸਾਲ ਵਜੋਂ ਕੁਝ ਤੁਕਾਂ ਇੱਥੇ ਅੰਕਿਤ ਹਨ:

ਤੱਤੜੀਆਂ ਇਹ ਦੂਰੀਆਂ, ਕੁਝ ਤੇਰੀਆਂ ਵੀ ਮਜਬੂਰੀਆਂ
ਹੁਣ ਤਾਂ ਮੇਰੇ ਨਕਸ਼ ਭੁੱਲੇ, ਆਸਾਂ ਨਾ ਹੋਈਆਂ ਪੂਰੀਆਂ
ਦੋ ਪੈਸਿਆਂ ਦੇ ਕਾਟ ਨਾਲ, ਨਹੀਂ ਲੰਘਦੀਆਂ ਜਵਾਨੀਆਂ...।
-(ਪਰਦੇਸੀਆ)

ਅਤੇ
ਹੱਡ ਦੀ ਵਿਥਿਆ ਰੂਹ ਦੀ ਸੰਥਾ
ਜੋ ਵੀ ਸੁਣੇ ਮੁਰਝਾਏ
ਪੈਰੀਂ ਤਾਂ ਬਿਰਹਾ, ਤਾਲ ਕੀ ਹੋਵੇ
ਸਗਲ ਹੋਂਦ ਮਰ ਜਾਏ...। -(ਰੂਹ ਦੀ ਸੰਥਾ)

ਇਹ ਗੀਤ ਪੰਜਾਬੀ ਕਾਵਿ ਦੇ ਆਧੁਨਿਕ ਕਾਲ ਦੀ ਗੀਤ-ਪਰੰਪਰਾ ਦੇ ਅਨੁਸਾਰੀ ਵੀ ਹਨ ਅਤੇ ਉਸ ਵਿਚ ਨਵੇਂ ਪਾਸਾਰ ਜੋੜਨ ਦੇ ਸਮਰੱਥਾਵਾਨ ਵੀ ਹਨ। ਸੁਖਵਿੰਦਰ ਕੰਬੋਜ ਦੇ ਇਸ ਕਾਵਿ-ਸੰਗ੍ਰਹਿ ਵਿਚ ਸੰਮਿਲਿਤ ਗੀਤ ਤੇ ਕਵਿਤਾਵਾਂ ਪਰਵਾਸੀ ਮਨ ਦੀ ਸੰਵੇਦਨਸ਼ੀਲਤਾ ਦਾ ਡੂੰਘਾ ਪ੍ਰਭਾਵ ਸਿਰਜਣ ਦੇ ਨਾਲ ਨਾਲ ਪਾਠਕ ਚੇਤਨਾ ਨੂੰ ਟੁੰਬਦੇ ਹੋਏ ਵਿਚਾਰਸ਼ੀਲ ਪ੍ਰਤਿਕਰਮ ਦੀ ਜਗਾਉਂਦੇ ਹਨ। ਇਸ ਪ੍ਰਕਾਰ, ਇਹ ਕਾਵਿ-ਸੰਗ੍ਰਹਿ ਪਰਦੇਸੀਂ ਬੈਠੇ ਪੰਜਾਬੀ ਕਵੀਆਂ ਦੇ ਅਜੋਕੇ ਪੰਜਾਬੀ ਸਾਹਿਤ ਨੂੰ ਯੋਗਦਾਨ ਦਾ ਇਕ ਵਿਸ਼ੇਸ਼ ਸਿਰਨਾਵਾਂ ਬਣਦਾ ਹੈ।

ਰਿਜਨਲ ਸੈਂਟਰ, ਜਲੰਧਰ। **-ਬਲਜੀਤ ਕੌਰ (ਡਾ.)**
ਸਤੰਬਰ 1, 1995 ਮੁਖੀ, ਪੰਜਾਬੀ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ

ਕੁਝ ਅੱਖਰ ਇਹ ਵੀ

-ਸੁਖਵਿੰਦਰ ਕੰਬੋਜ

ਪਿਆਰੇ ਭਾਰਤ ਦੀ ਤਥਾਕਥਿਤ ਆਜ਼ਾਦੀ ਨੂੰ ਬੀਤਿਆਂ ਅੱਠਤਾਲੀ ਸਾਲ ਹੋ ਗਏ ਨੇ ਪਰ ਅਜੇ ਵੀ ਆਮ ਆਦਮੀ ਦਾ ਜੀਵਨ ਪਾਤਾਲਾਂ ਤੀਕ ਦੁੱਖਾਂ ਤੇ ਤਕਲੀਫ਼ਾਂ ਵਿਚ ਘਿਰਿਆ ਹੋਇਆ ਹੈ। ਮਨੁੱਖ ਹੱਥੋਂ ਮਨੁੱਖ ਦੀ ਆਰਥਿਕ ਤੇ ਮਾਨਸਿਕ ਲੁੱਟ ਅਜੇ ਵੀ ਜਾਰੀ ਹੈ। ਭਾਰਤੀ ਰਾਜ ਦੇ ਹਰੇਕ ਵਰਗ ਦੇ ਸੱਤ੍ਹਾਧਾਰੀਆਂ ਨੇ ਮਨੁੱਖ ਦੀ ਹੋ ਰਹੀ ਇਸ ਲੁੱਟ ਨੂੰ ਤੇਜ਼ ਕਰਨ ਵਿਚ ਹੀ ਹਿੱਸਾ ਪਾਇਆ ਹੈ, ਇਸਨੂੰ ਖਤਮ ਕਰਨ ਵਿਚ ਨਹੀਂ। ਇਸੇ ਹੀ ਲੁੱਟ ਦਾ ਸ਼ਿਕਾਰ ਮੈਂ ਵੀ, ਹੋਰ ਅਨੇਕਾਂ ਭਾਰਤੀਆਂ ਵਾਂਗ ਚੰਗੇ ਭਵਿੱਖ ਦੀ ਆਸ ਲੈ ਕੇ, ਅਮਰੀਕਾ ਆ ਵੱਸਿਆ। ਹਾਲਾਂ ਕਿ ਮੈਂ ਵੀ ਜਾਣਦਾ ਸਾਂ ਕਿ ਭਾਰਤੀ ਢਾਂਚੇ ਦੀ ਲੁੱਟ ਖਸੁੱਟ ਦੀ ਅਸਲ ਮੁਕਤੀ ਲੋਕ-ਯੁੱਧ ਹੈ ਪਰ ਮੇਰੇ ਵਿਚ ਸ਼ਾਇਦ ਉੱਨਾ ਹੌਸਲਾ ਤੇ ਕੁਰਬਾਨੀ ਦੀ ਤੜਪ ਨਹੀਂ ਸੀ। ਉਂਜ ਵੀ ਲੋਕ-ਮੁਕਤੀ ਦੇ ਰਾਹੇ ਤੁਰਨ ਲਈ ਲੰਮੇ ਦ੍ਰਿੜ੍ਹ ਇਰਾਦੇ ਤੇ ਪਰਬਤ ਵਾਂਗ ਅਣਥੱਕ ਹੌਂਸਲੇ ਤੇ ਹਿੰਮਤ ਦੀ ਲੋੜ ਹੁੰਦੀ ਹੈ, ਜੋ ਸ਼ਾਇਦ ਮੇਰੇ ਵਿਚ ਨਹੀਂ ਸੀ। ਸੋ ਆਪਣੀ ਤੇ ਆਪਣੇ ਪਰਿਵਾਰ ਦੀ ਸੀਮਤ ਜੇਹੀ ਆਰਥਿਕ ਆਜ਼ਾਦੀ ਲਈ ਮੈਂ ਵੀ ਪਰਵਾਸ ਦੇ ਰੁਜ਼ਗਾਰ ਨੂੰ ਤਰਜੀਹ ਦਿਤੀ ਜੋ ਕਿ ਇਕ ਸੌਖਾ ਆਸਾਨ ਰਸਤਾ ਸੀ।

ਭਾਵੇਂ ਕਿ ਮੈਂ ਪਰਵਾਸ ਦਾ ਜੀਵਨ ਇਖ਼ਤਿਆਰ ਕੀਤਾ ਪਰ ਭਾਰਤ ਤੇ ਇਹਦੇ ਪਿਆਰੇ ਲੋਕ ਤੇ ਉਨ੍ਹਾਂ ਦੇ ਸੁਪਨੇ, ਸੱਧਰਾਂ, ਦੁੱਖ, ਤਕਲੀਫ਼ਾਂ, ਗ਼ਮ ਅਤੇ ਅੱਥਰੂ ਮੈਨੂੰ ਕਦੇ ਵੀ ਨਹੀਂ ਭੁੱਲੇ। ਪਰਵਾਸ ਦੀ ਇਸ ਜ਼ਿੰਦਗੀ ਨੇ ਮੇਰੀ ਤੇ ਮੇਰੇ ਆਸ ਪਾਸ ਰਹਿੰਦੇ ਭਾਰਤੀਆਂ ਦੀ ਜ਼ਿੰਦਗੀ ਦੇ ਅੰਦਰਲੇ ਮਨੁੱਖ ਨੂੰ ਕਿਵੇਂ ਪ੍ਰਭਾਵਿਤ ਕੀਤਾ। ਭਾਰਤ ਅਤੇ ਖ਼ਾਸ ਕਰਕੇ ਪੰਜਾਬ ਦੇ ਪਿਛਲੇ ਦਸ ਸਾਲਾਂ ਦੇ ਖ਼ੂਨੀ ਇਤਿਹਾਸ ਨੇ ਵੀ ਮੇਰੀ ਚੇਤਨਾ ਨੂੰ ਹਿਲੂਣਿਆ। ਇਹ ਮੇਰੀਆਂ ਕਵਿਤਾਵਾਂ ਦੀ ਸੀਮਾ ਤੇ ਸੰਭਾਵਨਾ ਹੈ। ਪਰਵਾਸ ਦੀ ਜ਼ਿੰਦਗੀ ਨੇ ਜਿੱਥੇ ਮੈਨੂੰ ਅਤੇ ਮੇਰੇ ਵਰਗੇ ਹੋਰ ਭਾਰਤੀਆਂ ਨੂੰ ਸੀਮਤ ਜੇਹੀ ਆਰਥਿਕ ਆਜ਼ਾਦੀ ਦਿੱਤੀ, ਉਥੇ ਇਹੀ ਆਜ਼ਾਦੀ ਮਾਨਸਿਕ ਘੁਣ, ਚਿੰਤਾ, ਲੋਅ ਆਫ਼ ਦੇ ਡਰ, ਸਮਾਜਕ ਅਜਨਬੀਕਰਣ,

ਆਦਿ ਕਈ ਵੱਖਰੇ ਸੰਕਲਪ ਲੈ ਕੇ ਆਈ। ਅਸੀਂ ਇੱਥੇ ਰਹਿੰਦੇ ਹੋਏ ਵੀ ਆਪਣੇ ਆਪ ਨੂੰ ਓਪਰੇ ਤੇ ਅਜਨਬੀ ਮਹਿਸੂਸ ਕਰਦੇ ਹਾਂ। ਇਥੇ ਰਹਿੰਦੇ ਭਾਰਤੀਆਂ ਦਾ ਸਭ ਤੋਂ ਵੱਡਾ ਤੇ ਮੁੱਖ ਡਰ ਆਪਣੀ ਆਪਣੀ ਭਾਸ਼ਾ ਦਾ ਉਨ੍ਹਾਂ ਦੇ ਬੱਚਿਆਂ ਦੀਆਂ ਜ਼ਿੰਦਗੀਆਂ ਵਿਚੋਂ ਗੁਆਚ ਜਾਣ ਦਾ ਹੈ। ਇਥੇ ਜੰਮੇ ਤੇ ਪੜ੍ਹੇ ਲਿਖੇ ਬੱਚੇ ਆਪਣੀ ਆਪਣੀ ਮਾਤ ਭਾਸ਼ਾ ਨੂੰ ਭੁੱਲ ਰਹੇ ਹਨ। ਮੈਂ ਸੋਚਦਾ ਹਾਂ ਜਦ ਇਨ੍ਹਾਂ ਦਾ ਇਹ ਹਾਲ ਹੈ ਤਾਂ ਆਉਣ ਵਾਲੀਆਂ ਨਸਲਾਂ ਦਾ ਕੀ ਹਾਲ ਹੋਵੇਗਾ-ਉਹ ਅਸੀਂ ਸਮਝ ਸਕਦੇ ਹਾਂ। ਭਾਸ਼ਾ ਕਿਸੇ ਵੀ ਸਭਿਆਚਾਰ ਦੀ ਆਹਾਰ-ਨਾੜੀ ਹੁੰਦੀ ਹੈ, ਜੇ ਇਹੀ ਕੱਟ ਦਿਤੀ ਗਈ ਤਾਂ ਸਭਿਆਚਾਰ ਸ਼ਾਇਦ ਗੁਰਦੁਵਾਰੇ, ਮੰਦਰ ਤਕ ਹੀ ਸੀਮਿਤ ਹੋ ਜਾਵੇਗਾ।

ਅੱਖਰਾਂ ਦੀ ਕਹਾਣੀ ਵੀ ਅਜੀਬ ਹੈ। ਅੱਖਰ ਜਦੋਂ ਤੋਂ ਹੋਂਦ ਵਿਚ ਆਏ ਹਨ, ਮਨੁੱਖੀ ਸਮਾਜ ਇਨ੍ਹਾਂ ਦੀ ਵਰਤੋਂ ਕਰਦਾ ਰਿਹਾ ਹੈ। ਕਦੇ ਆਪਣੀ ਗੱਲਬਾਤ ਸਮਝਾਉਣ/ਸਮਝਣ ਲਈ ਅਤੇ ਕਦੇ ਕਵਿਤਾ, ਨਾਟਕ, ਨਾਵਲ, ਕਹਾਣੀ, ਆਦਿ ਰਚ ਕੇ ਆਪਣੇ ਪਾਠਕਾਂ, ਸਰੋਤਿਆਂ ਨਾਲ ਸਾਂਝੀ ਕਰਨ ਲਈ। ਕੁਝ ਅੱਖਰ ਸਿਰਫ਼ ਸੰਚਾਰ ਦਾ ਸਾਧਨ ਬਣਦੇ ਹਨ ਤੇ ਸਤਹੀ ਜੇਹੀ ਜੀਵਨ ਤੱਥ ਦੀ ਵਿਖਆਖਿਆ ਤਕ ਹੀ ਸੀਮਤ ਹੋ ਜਾਂਦੇ ਹਨ। ਕੁਝ ਅੱਖਰ ਸਮੇਂ ਦੇ ਯਥਾਰਥ ਨੂੰ ਆਪਣੇ ਕਲਾਵੇ ਵਿਚ ਲੈਂਦੇ ਹੋਏ ਵੀ ਆਪਣੀ ਮਾਨਸਿਕ ਮਜਬੂਰੀ ਜਾਂ ਸਮੇਂ ਦੀ ਹਕੂਮਤ ਦੇ ਡੰਡੇ ਤੋਂ ਡਰਦੇ ਵਿਅਕਤੀਵਾਦੀ ਮੱਧ ਸ਼੍ਰੇਣਿਕ ਹੋ ਨਿਬੜਦੇ ਹਨ। ਕੁਝ ਹੋਰ ਬਲਵਾਨ ਅੱਖਰ ਹੀ ਉੱਠ ਕੇ ਤੱਥ ਤੇ ਯਥਾਰਥ ਤੋਂ ਉਪਰ ਉਠਦੇ ਹੋਏ ਸੱਚ ਦੀ ਭਾਲ ਵਲ ਨਿਕਲਦੇ ਹਨ। ਸੱਚ ਦੀ ਭਾਲ ਲਈ ਨਿਕਲੇ ਅੱਖਰ ਹੀ ਮੇਰੀ ਨਜ਼ਰ ਵਿਚ ਜਾਗਦੇ ਅੱਖਰ ਹਨ। ਇਹ ਅੱਖਰ ਜ਼ਰੂਰੀ ਨਹੀਂ ਕਿ ਸਦਾ ਹੀ ਕ੍ਰਾਂਤੀ ਤੇ ਵਿਦਰੋਹ ਦੀਆਂ ਗੱਲਾਂ ਹੀ ਕਰਨ। ਸਗੋਂ ਇਹ ਕਿ ਇਹ ਜਦੋਂ ਜਦੋਂ ਮਨੁੱਖੀ ਚੇਤਨਾ ਦੇ ਸਦੀਵੀ ਵਿਰੋਧਾਂ ਤੇ ਰਿਸ਼ਤਿਆਂ ਬਾਰੇ ਵੀ ਗੱਲ ਕਰਦੇ ਹਨ ਤਾਂ ਇਤਿਹਾਸਕ ਚੇਤਨਾ ਦਾ ਪੱਲਾ ਨਹੀਂ ਛੱਡਦੇ। ਅਜਿਹੇ ਅੱਖਰਾਂ ਨੂੰ ਹੀ ਸਵਰਗੀ ਡਾਕਟਰ ਰਵਿੰਦਰ ਸਿੰਘ ਰਵੀ ਇਤਿਹਾਸਕ ਚੇਤਨਾਮੁਖੀ ਅੱਖਰਾਂ ਦਾ ਨਾਮ ਦਿੰਦਾ ਹੈ।

ਇਸ ਕਿਤਾਬ ਵਿਚ ਮੇਰੀਆਂ ਕੁਝ ਕਵਿਤਾਵਾਂ ਤੋਂ ਬਿਨਾਂ ਗੀਤ ਵੀ ਸ਼ਾਮਿਲ ਹਨ। ਕੁਝ ਇਕ ਕਵਿਤਾਵਾਂ ਤੇ ਖ਼ਾਸ ਕਰਕੇ ਬਹੁਤ ਸਾਰੇ ਗੀਤ ਮਨੁੱਖੀ ਰਿਸ਼ਤਿਆਂ ਦੇ ਯੁੱਗਾਂ ਯੁੱਗਾਂ ਤੋਂ ਚੱਲੇ ਆ ਰਹੇ ਪਿਆਰ, ਮੁਹੱਬਤ ਤੇ ਵਿਰੋਧਾਂ ਨੂੰ ਰੂਪਮਾਨ ਕਰਦੇ ਹਨ। ਸਭਿਅਤਾ ਦੇ ਆਦਿ ਤੋਂ ਲੈ ਕੇ ਕਵੀ ਪਿਆਰ, ਮੁਹੱਬਤ ਬਾਰੇ ਕਵਿਤਾਵਾਂ, ਨਜ਼ਮਾਂ ਲਿਖਦੇ ਆ ਰਹੇ ਹਨ। ਕਾਲੀਦਾਸ ਤੋਂ ਲੈ ਕੇ ਪਾਸ਼

ਤੀਕ ਹਰੇਕ ਕਵੀ ਨੇ ਪਿਆਰ ਬਾਰੇ ਨਜ਼ਮ ਲਿਖੀ ਹੈ। ਜੇ ਵਿਸ਼ਾ ਵਸਤੂ ਮੁਹੱਬਤ ਹੀ ਹੈ ਤਾਂ ਫਿਰ ਕਾਲੀਦਾਸ ਤੇ ਪਾਸ਼ ਵਿਚ ਵੱਖਰਤਾ ਕੀ ਹੈ? ਮੇਰੀ ਸੀਮਤ ਨਜ਼ਰ ਵਿਚ ਅਸਲ ਵੱਖਰਤਾ ਇਹ ਹੈ ਕਿ ਤੁਸੀਂ ਆਪਣੇ ਸਮਕਾਲੀ ਸਮਾਜ ਦੀ ਚੇਤਨਾ ਦੇ ਵਿਰੋਧਾਂ ਨੂੰ ਕਿਸ ਵੱਖਰੀ ਸ਼ੈਲੀ ਤੇ ਭਾਸ਼ਾ ਦੇ ਕਿਸ ਸੱਜਰੇਪਣ ਰਾਹੀਂ ਪੇਸ਼ ਕੀਤਾ. ਇਸਨੂੰ ਹੀ ਗਾਲਿਬ 'ਅੰਦਾਜ਼ੇ-ਬਿਆਂ' ਆਖਦਾ ਹੈ।

ਮੈਂ ਇਸ ਬਹਿਸ ਵਿਚ ਉਲਝ ਕੇ ਸਮਾਂ ਬਰਬਾਦ ਨਹੀਂ ਕਰਨਾ ਲੋਚਦਾ ਕਿ ਕਵਿਤਾ ਛੰਦਾ ਬੰਦੀ ਵਿਚ ਹੋਵੇ ਜਾਂ ਛੰਦ-ਰਹਿਤ। ਮੈਂ ਛੰਦਾਬੰਦੀ ਵਿਚ ਵੀ ਅਨੇਕਾਂ ਸੁੰਦਰ ਕਵਿਤਾਵਾਂ ਪੜ੍ਹੀਆਂ ਮਾਣੀਆਂ ਹਨ ਤੇ ਛੰਦ ਰਹਿਤ ਵੀ। ਇਸਦੇ ਉਲਟ ਮੈਂ ਛੰਦਾਬੰਦੀ ਵਿਚ ਵੀ ਅਨੇਕਾਂ ਘਟੀਆਂ ਕਵਿਤਾਵਾਂ ਪੜ੍ਹੀਆਂ ਹਨ ਤੇ ਖੁੱਲ੍ਹੀ ਕਵਿਤਾ ਵਿਚ ਬਥੇਰਾ ਕਚਰਾ ਭੋਗਿਆ ਹੈ। ਅਸਲ ਵਿਚ ਹਰ ਚੰਗੀ ਕਵਿਤਾ ਦੇ ਅੰਦਰ ਉਹਦੀ ਅੰਦਰੂਨੀ ਲੈਅ ਹੁੰਦੀ ਹੈ। ਮੇਰੇ ਇਹਗੀਤ ਅੰਦਰੂਨੀ ਲੈਅ ਦੇ ਹਿਸਾਬ ਨਾਲ ਹੀ ਪੜ੍ਹੇ ਸੁਣੇ ਜਾਣ ਨਾ ਕਿ ਛੰਦਾਬੰਦੀ ਦੀ ਸੌੜੀ ਤੱਕੜੀ ਵਿਚ ਤੋਲੇ ਜਾਣ।

ਮੈਨੂੰ ਇਹ ਮੰਨਣ ਵਿਚ ਸ਼ਰਮ ਨਹੀਂ ਕਿ ਵਧੀਆ ਕਵਿਤਾ ਨੇ ਮੈਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ। ਪਾਸ਼, ਧੂਮਿਲ, ਨਾਜ਼ਮ ਹਿਕਮਤ, ਲੋਰਕਾ, ਨੈਰੂਦਾ ਅਤੇ ਰੋਕੇ ਡਾਲਟਨ ਦੀਆਂ ਕਵਿਤਾਵਾਂ ਪੜ੍ਹਦਿਆਂ ਮੇਰੀ ਹਾਲਤ ਉਸ ਵਿਅਕਤੀ ਵਰਗੀ ਹੋ ਜਾਂਦੀ ਰਹੀ ਹੈ ਜਿਸ ਨੂੰ ਅੰਤਾਂ ਦਾ ਤਾਪ ਚੜ੍ਹਿਆ ਹੋਵੇ। ਕਵਿਤਾ ਹੀ ਨਹੀਂ ਬਲਕਿ ਸਾਹਿਤ ਦੇ ਦੂਜੇ ਰੂਪਾਂ : ਨਾਵਲ, ਨਾਟਕ, ਕਹਾਣੀ, ਆਦਿ ਨੂੰ ਪੜ੍ਹਦੇ ਸਮੇਂ ਵੀ ਮੇਰੀ ਹਾਲਤ ਇਹੀ ਹੋ ਜਾਂਦੀ ਹੈ। ਸਾਹਿਤ ਦੇ ਕਿਸੇ ਵੀ ਰੂਪ ਨੂੰ ਪੜ੍ਹਨ, ਸੁਣਨ, ਦੇਖਣ ਤੋਂ ਬਾਅਦ ਮੇਰਾ ਜ਼ਿੰਦਗੀ ਤੇ ਸੰਸਾਰ ਅਤੇ ਇਹਦੇ ਰਿਸ਼ਤਿਆਂ ਬਾਰੇ ਮੇਰੀ ਸਮਝ ਦੇ ਦਿਸਹੱਦੇ ਹੋਰ ਵਿਸ਼ਾਲ ਹੋਏ ਹਨ। ਮੇਰੀ ਸੀਮਤ-ਸਮਝ ਵਿਚ ਸਾਹਿਤ ਦੀ ਇਹੀ ਸਭ ਤੋਂ ਵਧੀਆ ਵਿਆਖਿਆ ਹੋ ਸਕਦੀ ਹੈ ਕਿ ਇਹ ਪਾਠਕ, ਸਰੋਤੇ ਦਾ ਮਨੁੱਖੀ ਜੀਵਨ ਤੇ ਮਨੁੱਖੀ ਸਮਾਜ ਦੇ ਯਥਾਰਥ ਦੇ ਧਰਾਤਲ ਦੇ ਵੱਖ-ਵੱਖ ਪਹਿਲੂਆਂ ਬਾਰੇ ਤਜ਼ਰਬਾ ਅਮੀਰ ਤੇ ਸੰਘਣਾ ਕਰੇ। ਮੇਰੀਆਂ ਕਵਿਤਾਵਾਂ ਤੇ ਗੀਤ ਇਸ ਵਿਚ ਸਫ਼ਲ ਹੋਏ ਹਨ ਕਿ ਨਹੀਂ ਇਹ ਮੈਂ ਆਪਣੇ ਪਿਆਰੇ ਪਾਠਕਾਂ, ਸਰੋਤਿਆਂ ਤੇ ਛੱਡਦਾ ਹਾਂ। ਉਂਜ ਮੈਨੂੰ ਆਪਣੇ ਬਾਰੇ ਬਹੁਤਾ ਭਰਮ ਨਹੀਂ ਹੈ ਕਿ ਮੇਰੀਆਂ ਉਡਾਣਾਂ ਦੀ ਸਮਰੱਥਾ ਤੇ ਸੀਮਾ ਕੀ ਹੈ? ਪਰ ਮੈਂ ਯਤਨ ਜ਼ਰੂਰ ਕੀਤਾ ਹੈ ਕਿ...।

ਕੈਲੇਫੋਰਨੀਆਂ ਵਿਚ ਮੇਰੀ ਜੀਵਨ ਸਾਥਣ ਨਵਦੀਪ ਤੋਂ ਛੁੱਟ ਮੇਰੀ ਕਵਿਤਾ ਦੇ ਪ੍ਰੇਰਣਾ ਸ੍ਰੋਤ ਮੇਰੇ ਬੇਟੇ- ਪੁਨੀਤ, ਵਿਨੀਤ ਤੇ ਬੇਟੀ ਰਿਚਾ ਤੇ ਪੋਤਾ

ਜਗੀਰ ਸੰਸਕਾਰ ਕੰਬੋਜ ਵੀ ਹਨ। ਸਾਡੀ ਨੂੰਹ ਬੇਟੀ ਗਗਨਦੀਪ ਕੰਬੋਜ ਵੀ ਮੇਰੀਆਂ ਕਵਿਤਾਵਾਂ ਦੀ ਪਹਿਲੀ ਪਾਠਕ ਹੈ। **ਜਾਗਦੇ ਅੱਖਰ** ਲਈ "ਦੋ ਹਰਫ਼" ਲਿਖਣ ਲਈ ਮੈਂ ਉਨ੍ਹਾਂ ਦਾ ਧੰਨਵਾਦੀ ਹਾਂ। ਪ੍ਰੋ. ਸਤਿੰਦਰ ਸਿੰਘ ਦਾ ਵਿਦਿਆਰਥੀ ਰਹਿ ਚੁੱਕਣ 'ਤੇ ਮੈਂ ਫਖ਼ਰ ਮਹਿਸੂਸ ਕਰਦਾ ਹਾਂ। "ਮੁਹੱਬਤ ਦਾ ਸਿਰਨਾਵਾਂ" ਲਿਖ ਕੇ ਉਨ੍ਹਾਂ ਦੁਆਰਾ ਹੌਸਲਾ ਅਫ਼ਜਾਈ ਲਈ ਰਿਣੀ ਹਾਂ। ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਸੈਂਟਰ ਜਲੰਧਰ ਦੇ ਪੋਸਟ ਗ੍ਰੈਜੂਏਟ ਵਿਭਾਗ ਦੇ ਅਧਿਅਕਸ਼ ਡਾ. ਬਲਜੀਤ ਕੌਰ ਆਧੁਨਿਕ ਪੰਜਾਬੀ ਕਵਿਤਾ ਦੇ ਗਿਣਤੀ ਦੇ ਵਿਸ਼ੇਸ਼ਗਾਂ ਵਿਚੋਂ ਹਨ। ਮੈਂ ਉਨ੍ਹਾਂ ਦਾ ਅਭਾਰੀ ਹਾਂ ਕਿ ਉਨ੍ਹਾਂ ਨੇ **ਜਾਗਦੇ ਅੱਖਰ** ਦੀ ਭੂਮਿਕਾ ਲਿਖ ਕੇ ਨਿਵਾਜਿਆ ਹੈ। ਮੈਨੂੰ ਉਨ੍ਹਾਂ ਦੇ ਡਾਕਟ੍ਰੇਟ ਦੀ ਡਿਗਰੀ ਲਈ ਆਧੁਨਿਕ ਪੰਜਾਬੀ ਕਵਿਤਾ ਬਾਰੇ ਪ੍ਰਵਾਨ ਹੋਏ ਥੀਸਿਸ ਨੂੰ ਪੜ੍ਹਨ ਦਾ ਮੌਕਾ ਮਿਲਿਆ ਸੀ। ਮੈਂ ਉਨ੍ਹਾਂ ਦੀ ਵਿਦਵਤਾ ਦਾ ਸਿੱਕਾ ਮੰਨਦਾ ਹਾਂ।

ਜਾਗਦੇ ਅੱਖਰ ਦਾ ਖਰੜਾ ਡਾਕੇ ਪਾਉਣ ਤੋਂ ਪਿਛੋਂ ਮੈਂ ਇਸ ਦੇ ਪ੍ਰਕਾਸ਼ਨ ਸੰਬੰਧੀ ਹਰ ਪ੍ਰਕਾਰ ਦੀ ਜ਼ਿੰਮੇਵਾਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਰਹਿ ਚੁੱਕੇ ਆਪਣੇ ਪ੍ਰੋਫ਼ੈਸਰ ਡਾ. ਕਰਨੈਲ ਸਿੰਘ ਥਿੰਦ ਨੂੰ ਸੌਂਪ ਦਿੱਤੀ ਹੈ। ਨਾਲ ਹੀ ਉਨ੍ਹਾਂ ਨੂੰ ਮੁੱਢਲ਼ੇ ਸ਼ਬਦ ਲਿਖਣ ਦੀ ਬੇਨਤੀ ਵੀ ਲਿਖ ਭੇਜੀ ਸੀ। **ਜਾਗਦੇ ਅੱਖਰ** ਕਾਵਿ-ਸੰਗ੍ਰਹਿ ਨੂੰ ਹੱਥਲੇ ਰੂਪ ਵਿਚ ਪਾਠਕਾਂ ਤਕ ਪਹੁੰਚਾਉਣ ਲਈ, ਮੇਰੇ ਪਾਸ ਢੁਕਵੇਂ ਲਫ਼ਜ਼ ਨਹੀਂ ਜਿਨ੍ਹਾਂ ਰਾਹੀਂ ਮੈਂ ਉਨ੍ਹਾਂ ਦਾ ਸ਼ੁਕਰੀਆ ਅਦਾ ਕਰ ਸਕਾਂ। ਅੰਤ ਵਿਚ ਸੁਖਵੰਤ ਆਰਟਿਸਟ ਦਾ ਪੁਸਤਕ ਦੇ ਕਵਰ ਡਿਜ਼ਾਇਨ ਲਈ ਅਤੇ ਸ੍. ਗੁਰਬਚਨ ਸਿੰਘ, ਆਰਸੀ ਪਬਲਿਸ਼ਰਜ਼ ਦਿੱਲੀ ਦਾ ਇਸ ਪੁਸਤਕ ਨੂੰ ਵਧੀਆ ਢੰਗ ਨਾਲ ਛਾਪਣ ਲਈ ਸ਼ੁਕਰ ਗੁਜ਼ਾਰ ਹਾਂ।

ਅਮਰੀਕਾ — **-ਸੁਖਵਿੰਦਰ ਕੰਬੋਜ**

ਸਤੰਬਰ 15, 1995

ਦੋ ਹਰਫ਼

-ਵੇਦ ਪ੍ਰਕਾਸ਼ ਵਟੁਕ

ਸੁਖਵਿੰਦਰ ਕੰਬੋਜ ਦੀ ਦੂਜੀ ਕਾਵਿ-ਪੁਸਤਕ **ਜਾਗਦੇ ਅੱਖਰ** ਨਾਂ ਦਾ ਇਹ ਕਾਵਿ-ਸੰਗ੍ਰਹਿ ਉਨ੍ਹਾਂ ਅੰਤਰ ਦਵੰਦਾਂ ਅਤੇ ਅੰਤਰ-ਵਿਰੋਧਾਂ ਨਾਲ ਗੁੰਨ੍ਹਿਆ ਹੋਇਆ ਹੈ, ਉਨ੍ਹਾਂ ਸੁਪਨਿਆਂ ਅਤੇ ਦੁਰਸੁਪਨਿਆਂ ਨੂੰ ਜੀਂਦਾ ਹੋਇਆ, ਕ੍ਰਾਂਤੀ ਦੀ ਲਗਨ ਵਿਚ ਕੀਤੇ ਗਏ, ਉਨ੍ਹਾਂ ਵਿਦਰੋਹਾਂ ਭਰੇ ਨਿਰੰਤਰ ਯੁੱਧਾਂ ਨਾਲ ਭਰਿਆ ਹੋਇਆ ਹੈ, ਜੋ ਆਮ ਤੌਰ 'ਤੇ ਹਰ ਸੰਵੇਦਨਸ਼ੀਲ ਪਰਵਾਸੀ ਭਾਰਤੀ ਜੀਉਂਦਾ ਹੈ। ਉਹ ਸ੍ਵਦੇਸ਼ ਦੀ ਸਥਿਤੀ ਨੂੰ ਬਦਲਣ ਤੋਂ ਅਸਮਰੱਥ ਜਾਂ ਅਣਇੱਛਤ ਹੋ ਕੇ ਨਿੱਜੀ ਪਰਿਵਾਰ ਦੇ ਸੁਖ ਲਈ ਆਪਣਾ ਤਿਆਗ ਦੇ ਕੇ ਆਤਮ-ਸਹੇੜਿਆ ਬਨਵਾਸ ਭੋਗਦਾ ਹੈ। ਆਹੂਤੀ ਬਣਦਾ ਹੀ ਚਲਾ ਜਾਂਦਾ ਹੈ ਉਹ: ਨਾਤਿਆਂ, ਰਿਸ਼ਤਿਆਂ ਦੀਆਂ ਇਛਾਵਾਂ ਦੇ ਯੱਗ ਦੀ ਅਤੇ ਨਵੀਂ ਦੁਨੀਆਂ ਦੇ ਉਸ ਸਵਰਗ ਦੀ, ਜੋ ਬਿਨਾਂ ਮਰੇ, ਬਿਨਾਂ ਦੇਹ ਤਿਆਗੇ ਉਸਨੂੰ ਆਤਮਸਾਤ ਨਹੀਂ ਕਰ ਸਕਦਾ। ਦੋ ਸਲੀਬਾਂ ਤੇ ਟੰਗਿਆ ਹੋਇਆ, ਦੋ ਪਿਆਲਿਆਂ ਦਾ ਜ਼ਹਿਰ ਪੀਂਦਾ ਹੋਇਆ, ਉਹ ਆਮ ਸਾਧਾਰਣ ਮਨੁੱਖ, ਜੋ ਆਮ ਜੀਵਨ ਜੀਊਣਾ ਚਾਹੁੰਦਾ ਹੈ, ਜਿਸਨੂੰ ਈਸਾ ਜਾਂ ਸੁਕਰਾਤ ਬਣਨ ਦੀ ਕੋਈ ਲਾਲਸਾ ਨਹੀਂ, ਜੂਝਦਾ ਹੈ ਜੀਵਨ ਭਰ ਆਪਣੇ ਵਿਅਕਤਿਤ੍ਵ ਦੇ ਸੱਚ ਨੂੰ ਬਚਾ ਰੱਖਣ ਦੀ ਖੋਜ ਵਿਚ। ਲੱਭਦਾ ਰਹਿੰਦਾ ਹੈ ਉਹ, ਅਜਿਹਾ ਪਿਆਰ, ਜੋ ਉਸਦੇ ਮਸ਼ੀਨ ਬਣੇ ਜੀਵਨ ਵਿਚ ਕੁਝ ਮਾਨਵੀ ਤਰੰਗਾਂ ਨੂੰ ਤਿਰੰਗਤ ਕਰ ਸਕੇ। ਉਹ ਸਾਮਰਾਜਵਾਦ ਦੇ ਯੰਤਰ ਦਾ ਪੁਰਜ਼ਾ ਹੋ ਕੇ ਵੀ ਤੇ ਪੂੰਜੀਵਾਦੀ ਪਹੀਏ ਦਾ ਪਟਾ ਬਣ ਕੇ ਵੀ, ਉਸੇ ਹੀ ਦਮਘੋਟੂ ਸਾਮਰਾਜਵਾਦੀ, ਪੂੰਜੀਵਾਦੀ ਵਿਵਸਥਾ ਨਾਲ ਲੜਦਾ ਹੈ। ਅਧਰਮ ਦੀ ਇਸ ਸਤਰੰਗੀ ਮਹਾਂਭਾਰਤ ਦੇ ਚੱਕਰਵਿਊ ਵਿਚ ਫ਼ਸਿਆ ਉਹ ਇਕ ਅਜਿਹਾ ਇਕੱਲਾ ਅਭਿਮੰਨਿਯੂ ਹੈ, ਜੋ ਵਾਰ ਵਾਰ ਲਹੂ-ਲੁਹਾਨ ਹੁੰਦਾ ਹੈ ਪਰ ਮਰਦਾ ਨਹੀਂ ਹੈ। ਇਹ ਕਵਿਤਾਵਾਂ ਦਸਦੀਆਂ ਹਨ ਕਿ ਖਪਤ ਸੰਸਕ੍ਰਿਤੀ ਵਿਚ ਪੈਸਾ ਕਿਵੇਂ ਹਰ ਰਿਸ਼ਤੇ ਨੂੰ ਮੰਡੀ ਦੀ ਵਸਤੂ ਬਣਾ

ਦਿੰਦਾ ਹੈ। ਇਹੀ ਜੀਵਨ ਦੀ ਜ਼ਹਿਰ ਨਾਲ ਓਤਪੋਤ ਭਰਿਆ ਸੰਘਰਸ਼ **ਜਾਗਦੇ ਅੱਖਰ** ਪੁਸਤਕ ਦੀਆਂ ਕਵਿਤਾਵਾਂ ਦੀ ਪ੍ਰਾਣ-ਭੂਮੀ ਹੈ, ਜੋ ਹਰੇਕ ਸੰਵੇਦਨਸ਼ੀਲ ਪੱਥ ਦੇ ਪਾਂਧੀ ਦਾ ਸਮਰੱਥਾਵਾਨ ਪ੍ਰੇਰਣਾਦਾਇਕ ਦਿਸਹੱਦਾ ਬਣੇਗੀ।

ਬਰਕਲੇ, ਅਮਰੀਕਾ — **-ਵੇਦ ਪ੍ਰਕਾਸ਼ ਵਟੁਕ, ਡੀ. ਲਿਟ**
ਅਗਸਤ 15, 1995 — ਡਾਇਰੈਕਟਰ ਫੋਕਲੋਰ ਇੰਸਟੀਚਿਊਟ
ਅਤੇ ਭੂਤਪੂਰਵ ਪ੍ਰੋਫੈਸਰ
ਮਾਨਵੀ ਵਿਭਾਗ ਯੂਨੀਵਰਸਿਟੀ ਆਫ਼ ਕੈਲਫੋਰਨੀਆ

ਆਰੰਭਿਕਾ

-ਸੁਰਿੰਦਰ ਧੰਜਲ (ਕੈਨੇਡਾ)

ਅਮਰੀਕਾ ਵਿਚ ਜਿਹੜੇ ਪੰਜਾਬੀ ਲੇਖਕ ਪੁਸਤਕਾਂ ਦੀ ਰਚਨਾ ਕਰ ਚੁੱਕੇ ਹਨ, ਉਹਨਾਂ ਵਿਚ ਡਾ. ਜਗਜੀਤ ਬਰਾੜ, ਡਾ. ਗੁਰੂਮੇਲ, ਸ਼ੇਰ ਸਿੰਘ ਕੰਵਲ, ਰਾਣੀ ਨਗੇਂਦਰ, ਜਰਨੈਲ ਸਿੰਘ, ਜਸਪਾਲ ਸੂਸ, ਮਹਿੰਦਰ ਸਿੰਘ ਘੱਘ, ਸੰਤੋਖ ਗਿੱਲ, ਰਣਧੀਰ ਸਿੰਘ, ਸਤਨਾਮ ਰਟੈਂਡਾ ਅਤੇ ਰਾਬਿੰਦਰ ਅਟਵਾਲ ਦੇ ਨਾਮ ਸ਼ਾਮਿਲ ਹਨ। ਇਹਨਾਂ ਸਾਰਿਆਂ ਨੇ ਆਪਣੀ ਆਪਣੀ ਸਮਰੱਥਾ ਅਨੁਸਾਰ ਕਵਿਤਾ, ਕਹਾਣੀ ਅਤੇ ਨਾਵਲ ਦੀ ਰਚਨਾ ਕੀਤੀ ਹੈ।

ਤਿੰਨ ਨਾਮ, ਜਿਹੜੇ ਬੜੀ ਤੇਜ਼ੀ ਅਤੇ ਗੰਭੀਰਤਾ ਨਾਲ ਅਮਰੀਕਾ ਵਿਚ ਲਿਖ ਰਹੇ ਹਨ, ਉਹ ਹਨ ਸ਼ਸ਼ੀ ਸਮੁੰਦਰਾ, ਰਵਿੰਦਰ ਸਹਿਰਾਅ ਅਤੇ ਸੁਖਵਿੰਦਰ ਕੰਬੋਜ। ਇਹ ਤਿੰਨੇ ਲੇਖਕ ਭਾਵੇਂ ਹਾਲੇ ਤਕ ਪੁਸਤਕ ਰੂਪ ਵਿਚ ਪ੍ਰਕਾਸ਼ਤ ਨਹੀਂ ਹੋਏ, ਪਰ ਵੱਖ ਵੱਖ ਪਰਚਿਆਂ ਵਿਚ ਪ੍ਰਕਾਸ਼ਿਤ ਹੋ ਰਹੀਆਂ ਇਹਨਾਂ ਦੀਆਂ ਲਿਖਤਾਂ ਤੋਂ ਪ੍ਰਤੱਖ ਹੈ ਕਿ ਇਹ ਤਿੰਨੇ ਕਲਾ ਅਤੇ ਸਿਰਜਣਾ ਵੱਲ ਡੂੰਘਾ, ਵਿਸ਼ਾਲ ਅਤੇ ਜ਼ਿੰਮੇਵਾਰ ਰਵੱਈਆ ਅਪਣਾਉਂਦੇ ਹਨ। ਹਥਲੀ ਪੁਸਤਕ ਰਾਹੀਂ ਸੁਖਵਿੰਦਰ ਕੰਬੋਜ ਅਮਰੀਕਾ ਦੇ ਪੁਸਤਕ ਰੂਪ ਵਿਚ ਪ੍ਰਕਾਸ਼ਤ ਲੇਖਕਾਂ ਦੀ ਲਿਸਟ ਵਿਚ ਸ਼ਾਮਿਲ ਹੋ ਰਿਹਾ ਹੈ।

ਕੋਈ ਛੇ ਕੁ ਵਰ੍ਹੇ ਤੋਂ ਅਮਰੀਕਾ ਆ ਕੇ ਵਸੇ ਸੁਖਵਿੰਦਰ ਨੇ ਆਪਣੇ ਪਹਿਲੇ ਕਾਵਿ-ਸੰਗ੍ਰਹਿ ਦਾ ਨਾਮ 'ਨਵੇਂ ਸੂਰਜ' ਰੱਖਿਆ ਹੈ। ਸੂਰਜ ਚਾਨਣ ਦਾ, ਹਰ ਵਿਤਕਰੇ ਤੋਂ ਉਪਰ ਉੱਠੀ ਬਰਾਬਰਤਾ ਦਾ, ਤਪਸ਼ ਦਾ, ਸੰਘਰਸ਼ ਦਾ, ਜ਼ਿੰਦਗੀ ਦਾ ਬਹੁ-ਅਰਥਕ ਪ੍ਰਤੀਕ ਹੈ। ਸੂਰਜ ਬਿਨਾਂ ਨਾ ਫਲ ਅਤੇ ਫ਼ਸਲਾਂ ਉਗਦੀਆਂ ਹਨ, ਨਾ ਫੁੱਲ ਅਤੇ ਹਰਿਆਲੀ ਮੌਲਦੀ ਹੈ, ਨਾ ਹੀ ਠੰਢ ਟੁੱਟਦੀ ਹੈ ਅਤੇ ਨਾ ਹੀ ਪਰਬਤਾਂ 'ਤੇ ਜੰਮੀ ਬਰਫ਼ ਪਿਘਲ ਕੇ ਝੀਲਾਂ, ਝਰਨਿਆਂ ਅਤੇ ਦਰਿਆਵਾਂ ਦੀਆਂ ਲਹਿਰਾਂ 'ਚ ਮਚਲਦੀ, ਸੁੰਦਰਤਾ ਅਤੇ ਰਵਾਨੀ ਦਾ ਰੂਪ ਧਾਰਨ ਕਰਦੀ ਹੈ। ਕਵੀ ਨੂੰ ਇਕੋ ਇਕ ਦਿਸਦਾ ਸੂਰਜ ਪੁਰਾਣਾ ਹੋ ਗਿਆ ਲਗਦਾ ਹੈ। ਏਸ ਇਕੋ ਸੂਰਜ ਦੇ ਤਪੋ-ਤੇਜ਼ ਨਾਲ ਉਸ ਦਾ ਗੁਜ਼ਾਰਾ ਨਹੀਂ, ਪਰ ਉਹਦੇ ਕੋਲ ਦਿਸਦੇ ਦੇ ਪਿੱਛੇ

ਅਣਦਿਸਦਾ ਦੇਖਣ ਦੀ ਲੋਚਾ ਅਤੇ ਸੂਝ ਹੈ। ਵਿਗਿਆਨ ਅਨੁਸਾਰ ਧਰਤ ਵਾਸੀਆਂ ਨੂੰ ਦਿਸਦੇ ਇਕ ਸੂਰਜ ਤੋਂ ਬਿਨਾਂ, ਅਨੇਕਾਂ ਹੋਰ ਸੂਰਜ ਬ੍ਰਹਿਮੰਡ ਵਿਚ ਵਿਚਰ ਰਹੇ ਹਨ। ਏਸੇ ਲਈ ਕਵੀ ਨੂੰ 'ਇਕ ਨਵਾਂ ਸੂਰਜ' ਨਹੀਂ, ਸਗੋਂ 'ਨਵੇਂ ਸੂਰਜ' ਚਾਹੀਦੇ ਹਨ। ਨਵੇਂ ਸੂਰਜ ਚਾਹੀਦੇ ਹਨ, ਕਿਉਂਕਿ 'ਹਨੇਰਾ' ਜਥੇਬੰਦ ਹੋ ਰਿਹਾ ਹੈ।

ਦੁਨੀਆਂ ਭਰ ਵਿਚ ਪੱਸਰੀ ਆਪੋਧਾਪੀ, ਅਰਾਜਕਤਾ ਅਤੇ ਨਾ-ਬਰਾਬਰੀ ਦੇ ਹਨੇਰੇ ਨੂੰ ਪਛਾਨਣਾ, ਹਨੇਰੇ ਨੂੰ ਦੂਰ ਕਰਨ ਵੱਲ 'ਚਲ ਹੋਊ' ਵਾਲੇ ਠੰਢੇ ਵਤੀਰੇ ਨੂੰ ਪਛਾਨਣਾ, ਇਸ ਹਨੇਰੇ ਅਤੇ ਠੰਢਕ ਨੂੰ ਦੂਰ ਕਰਨ ਦੀ ਸੋਚਣਾ ਅਤੇ ਇਸ ਕਾਰਜ ਲਈ 'ਨਵੇਂ ਸੂਰਜ' ਵਰਗਾ ਕਾਵਿਕ ਅਤੇ ਵਿਗਿਆਨਕ ਮਹੱਤਵ ਵਾਲਾ ਹੱਲ ਪੇਸ਼ ਕਰਨਾ, ਸੁਖਵਿੰਦਰ ਦੇ ਇਸ ਸੰਗ੍ਰਹਿ ਦੀ ਕਵਿਤਾ ਦਾ ਕੇਂਦਰੀ ਧੁਰਾ ਹੈ।

ਇਸ ਕਾਵਿ-ਸੰਗ੍ਰਹਿ ਨੂੰ ਕਵੀ ਨੇ ਚਾਰ ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿਚ ਹਿੰਦੁਸਤਾਨ ਰਹਿੰਦਿਆਂ ਲਿਖੀਆਂ ਗਈਆਂ ਜਾਂ ਅਮਰੀਕਾ ਵਿਚ ਆ ਕੇ ਹਿੰਦੁਸਤਾਨ ਬਾਰੇ ਲਿਖੀਆਂ ਗਈਆਂ ਕਵਿਤਾਵਾਂ ਹਨ। ਦੂਜੇ ਭਾਗ ਵਿਚ ਪਰਵਾਸੀ ਜ਼ਿੰਦਗੀ ਦੇ ਪ੍ਰਭਾਵ ਅੰਕਿਤ ਹਨ। ਚੌਥੇ ਭਾਗ ਵਿਚ ਪੰਜਾਬੀ ਦੇ ਮਹਿਬੂਬ ਸ਼ਾਇਰ ਪਾਸ਼ ਦੀ ਯਾਦ ਨੂੰ ਸਮਰਪਤ ਤਿੰਨ ਕਵਿਤਾਵਾਂ ਸ਼ਾਮਿਲ ਹਨ ਅਤੇ ਤੀਜੇ ਭਾਗ ਵਿਚ ਕੁਝ ਮਿੰਨੀ ਕਵਿਤਾਵਾਂ ਦਰਜ ਹਨ।

ਹਿੰਦੁਸਤਾਨ ਨਾਲ ਸੰਬੰਧਤ ਪਹਿਲੇ ਭਾਗ ਦੀਆਂ ਕਵਿਤਾਵਾਂ ਦੇ ਨਾਇਕ ਨੂੰ ਕਦੇ ਹੀਰਾ ਜਨਮ ਕੌਡੀ ਬਦਲੇ ਬੀਤਣ ਦਾ ਝੋਰਾ ਸਤਾਉਂਦਾ ਹੈ ਅਤੇ ਸਾਡੇ ਸਮਿਆਂ ਦਾ ਗੀਤ ਉਸ ਨੂੰ ਜੀਣ ਲਈ ਮਾੜਾ ਜਿਹਾ ਤਰਲਾ ਜਾਪਦਾ ਹੈ, ਕਦੇ ਜ਼ਿੰਦਗੀ 'ਚ ਲਾਲ ਖੁਆਬ ਘੋਲ ਕੇ ਸੰਘਰਸ਼ ਦਾ ਝੰਡਾ ਚੁੱਕਣ ਦਾ ਸਵੈਮਾਣ ਹੈ। ਕਦੇ ਉਹ ਦੰਭੀ ਰਾਜਨੀਤੀ ਦੇ ਪੋਲ ਖੋਲ੍ਹਦਾ ਹੈ, ਕਦੇ ਆਪਣੀ 'ਪਾਰਟੀ' ਦਾ ਧੰਨਵਾਦੀ ਹੁੰਦਾ ਹੈ, ਜਿਸ ਨੇ ਉਸ ਨੂੰ ਰਾਜਨੀਤਕ ਸੂਝ ਦੇ ਲੜ ਲਾਇਆ। ਕਦੇ ਉਹ ਇਕ ਨਕਲੀ ਸੂਰਜ ਨੂੰ ਪਲ ਪਲ ਮਰਦੇ ਹੋਏ ਦੇਖਣ ਦੀ ਦਾਸਤਾਨ ਲਿਖਦਾ ਹੈ ਅਤੇ ਕਦੇ ਰੁੱਖੇ ਉਦਾਸ ਅਤੇ ਸਾਹ ਸਤ-ਹੀਣ ਮੌਸਮ 'ਚੋਂ ਨਵੇਂ ਸੂਰਜਾਂ' ਦੇ ਚੜ੍ਹਨ ਦੀ ਤਮੰਨਾ ਕਰਦਾ ਹੈ।

ਇਹਨਾਂ ਕਵਿਤਾਵਾਂ ਵਿਚ ਕਿਤੇ ਕਿਤੇ ਡੂੰਘੀ ਨਿਰਾਸਤਾ, ਬੇਬਸੀ ਅਤੇ ਉਪਰਾਮਤਾ ਹੈ, ਜਿਹੜੀ ਮੱਧਵਰਗੀ ਜੀਵਨ ਦਾ ਵਿਸ਼ੇਸ਼ ਲੱਛਣ ਵੀ ਹੈ ਅਤੇ ਕਿਸੇ ਹੱਦ ਤਕ ਸਾਡੇ ਸਮਿਆਂ ਦੀ ਸਮਾਜਕ ਅਤੇ ਰਾਜਨੀਤਕ ਅਸਪਸ਼ਟਤਾ ਜਾਂ ਉਤਸ਼ਾਹ-ਹੀਣਤਾ ਦਾ ਪ੍ਰਤੀਬਿੰਬ ਵੀ ਹੈ। ਬਹੁ-ਗਿਣਤੀ ਕਵਿਤਾਵਾਂ ਏਸ

ਵਿਅਕਤੀਗਤ ਸੇਧ-ਹੀਣਤਾ ਅਤੇ ਸਮੂਹਿਕ ਉਦਾਸੀ ਨੂੰ ਖ਼ੁਸ਼ੀ ਜਾਂ ਜਿੱਤ ਵਿਚ ਬਦਲ ਸਕਦਾ ਹੈ। ਏਸ ਸੰਘਰਸ਼ ਲਈ ਉਹ ਕਦੇ ਵਿਅੰਗ ਨਾਲ, ਕਦੇ ਮੋਹ ਨਾਲ, ਕਦੇ ਹਮਦਰਦੀ ਨਾਲ 'ਕਾਮਰੇਡਾਂ ਦੀ ਸੇਵਾ ਹਿਤ' ਬੇਨਤੀ ਕਰਦਾ ਹੈ ਕਿ ਉਹ ਲੋਕਾਂ ਦੀ ਸੰਘਰਸ਼ਸ਼ੀਲ, ਜ਼ਿੰਮੇਵਾਰ ਅਤੇ ਨਿਰੰਤਰ ਅਗਵਾਈ ਕਰਨ, ਸ਼ਬਦਾਂ ਨੂੰ ਕਤਲ ਹੋਣ ਤੋਂ ਬਚਾ ਕੇ ਉਹਨਾਂ ਦੀ ਤਕਦੀਰ ਬਦਲਣ। ਉਹ ਕਿਸੇ ਵਰਤੀ ਗਈ ਡਾਕ ਟਿਕਟ ਵਾਂਗ ਅਤੀਤ ਦੀ ਐਲਬਮ ਵਿਚ ਦਮ ਨਹੀਂ ਤੋੜਨਾ ਚਾਹੁੰਦਾ, ਸਗੋਂ ਵਕਤ ਦੇ ਭੂਤਰੇ ਸਾਨ੍ਹ ਨੂੰ ਨੱਥ ਪਾਉਣ ਦਾ ਹੋਕਾ ਦਿੰਦਾ ਹੈ। ਉਹ 'ਮੱਧਵਰਗ' ਨੂੰ ਸੂਰਜ ਦਾ ਮੁੱਖ ਦੇਖਣ ਲਈ ਘੋਗਿਆਂ ਤੋਂ ਬਾਹਰ ਆਉਣ ਵਾਸਤੇ ਵੰਗਾਰਦਾ ਹੈ। ਉਹਨੂੰ ਪਤਾ ਹੈ ਕਿ ਸੂਰਜ ਕਦੇ ਰੋਂਦਾ ਨਹੀਂ। ਏਸੇ ਲਈ ਉਹਦੀ ਕਵਿਤਾ ਸ਼ਾਨਾਂ ਮੱਤੇ ਇਤਿਹਾਸ ਦੀ ਕਸਮ ਖਾਂਦੀ ਹੈ ਅਤੇ 'ਉਹ' 'ਰੌਸ਼ਨੀ ਦੇ ਗੀਤ' ਲਿਖਦਾ ਹੈ:

ਜੋ ਸੁਪਨਿਆਂ ਨਾਲ ਧੜਕ ਰਹੀ ਛਾਤੀ ਦੀ ਗੂੰਜ ਬਣ ਸਕਣ,
ਅਤੇ ਜੋ ਹਨੇਰਿਆਂ ਦੀ ਧਰਤ 'ਤੇ
ਚਾਨਣ ਦਾ ਪਹਿਲਾ ਦੀਵਾ ਹੋ ਮੱਚਣ

ਪਹਿਲੇ ਭਾਗ ਦੀਆਂ ਕਵਿਤਾਵਾਂ ਵਿਚ ਸੁਖਵਿੰਦਰ ਦੀਆਂ ਧਾਰਮਿਕ ਜਨੂੰਨ ਅਤੇ ਧਾਰਮਿਕ ਮੂਲਵਾਦ ਨਾਲ ਸੰਬੰਧਤ ਕਵਿਤਾਵਾਂ ਵੀ ਵਿਸ਼ੇਸ਼ ਧਿਆਨ ਖਿੱਚਦੀਆਂ ਹਨ।

ਕੋਈ ਵੀ ਨਵਾਂ ਧਰਮ ਅਕਸਰ ਮਾਨਵਵਾਦੀ ਕਦਰਾਂ ਕੀਮਤਾਂ ਦਾ ਝੰਡਾ ਬਰਦਾਰ ਬਣ ਕੇ ਜਨਮ ਲੈਂਦਾ ਹੈ, ਪਰ ਰੱਬ ਦੀ ਹੋਂਦ ਦੇ ਪੈਰ ਤਰਕ ਦੀ ਠੋਸ ਧਰਤੀ ਦੀ ਥਾਂ ਅੰਧ-ਵਿਸ਼ਵਾਸ ਦੇ ਅਸਮਾਨੀ ਬੱਦਲਾਂ ਵਿਚ ਟਿਕੇ ਹੋਣ ਕਰਕੇ ਹੌਲੀ ਹੌਲੀ ਹਰ ਧਰਮ, ਪਹਿਲਾਂ ਫਿਰਕਾ ਪ੍ਰਸਤੀ ਵਿਚ ਅਤੇ ਫੇਰ ਫ਼ਿਰਕੂ ਜਨੂੰਨ ਵਿਚ ਤਬਦੀਲ ਹੋ ਜਾਂਦਾ ਹੈ। ਹਾਕਮਾਂ ਜਮਾਤਾਂ, ਇਸ ਕਾਰਗਰ ਹਥਿਆਰ ਨਾਲ ਲੋਕਾਂ ਵਿਚ ਪਾਟਕ ਪਾ ਕੇ, ਲੋਕਾਂ ਦਾ ਧਿਆਨ ਅਸਲੀ ਸਮੱਸਿਆਵਾਂ ਤੋਂ ਲਾਂਭੇ ਕਰਕੇ, ਲੋਕਾਂ ਦੇ ਖ਼ੂਨ ਦੀ ਹੋਲੀ ਖੇਡਦੀਆਂ ਹਨ। ਹਰ ਧਰਮ ਵਿਚ ਕੁਝ ਸੱਚੇ ਸੁੱਚੇ ਨੇਕ ਦਿਲ ਇਨਸਾਨ ਵੀ ਹੁੰਦੇ ਹਨ, ਪਰ ਇਸ ਗੰਦੀ ਸਿਆਸੀ ਖੇਡ ਸਮੇਂ ਅੰਦਰ ਦੀ 'ਠੰਢ' ਕਰਕੇ ਜਾਂ ਤਾਂ ਉਹ ਬੋਲਦੇ ਹੀ ਨਹੀਂ ਜਾਂ ਏਨਾ ਹੌਲੀ ਅਤੇ ਏਨੀ ਦੇਰ ਨਾਲ ਬੋਲਦੇ ਹਨ ਕਿ ਬੋਲਿਆ ਨਾ ਬੋਲਿਆ ਇਕ ਬਰਾਬਰ ਹੋ ਜਾਂਦਾ ਹੈ। ਜਿਸ ਆਸਤਕ ਘੂਕੀ ਅਤੇ ਦੰਭੀ ਆਸਤਕਤਾ ਕਰਕੇ ਮਾਨਵਤਾ ਨੂੰ ਹਰ ਸਾਲ ਹਜ਼ਾਰਾਂ

ਬੇਗ਼ੁਨਾਹਾਂ ਦੀ ਬਲੀ ਦੇਣ ਲਈ ਮਜਬੂਰ ਹੋਣਾ ਪੈਂਦਾ ਹੈ, ਉਸ 'ਆਸਤਕਤਾ' ਨਾਲੋਂ 'ਨਾਸਤਕਤਾ' ਹਜ਼ਾਰਾਂ ਗੁਣਾਂ ਬਿਹਤਰ ਹੈ। ਵਿਗਿਆਨਕ ਫ਼ਲਸਫ਼ੇ ਦੇ ਗੰਭੀਰ ਵਿਦਿਆਰਥੀਆਂ ਲਈ ਨਾਸਤਕਤਾ ਦੀ ਅਜਿਹੀ ਅਹਿਮੀਅਤ ਕੋਈ ਅਸਲੋਂ ਹੀ ਨਵੀ ਲੱਭਤ ਨਹੀਂ ਹੈ, ਪਰ ਸੁਖਵਿੰਦਰ ਨੇ ਇਸ ਵਿਚਾਰ ਨੂੰ ਧਿਆਨ ਯੋਗ ਕਲਾਤਮਕ ਅੰਦਾਜ਼ ਵਿਚ ਪ੍ਰਮਾਣਿਕ ਕਵਿਤਾ ਦਾ ਰੂਪ ਦਿੱਤਾ ਹੈ:

ਮੇਰੇ ਪਿੰਡੇ ਵਿੱਚੋਂ ਏਨਾ ਖ਼ੂਨ ਜੀਰ ਚੁੱਕਿਆ ਹੈ
ਕਿ ਮੇਰੇ ਅੰਦਰ ਨਾ ਬਚਪਨ ਦੀ ਸਤਰੰਗੀ ਪੀਂਘ ਦਾ ਮੋਹ ਹੈ
ਨਾ ਸ਼ਰਧਾ ਦਾ ਕੋਈ ਸੁੱਕਾ ਨਿਸ਼ਾਨੀ ਫੁੱਲ ਬਚਿਆ ਹੈ
ਬਚਿਆ ਹੈ ਤਾਂ ਇਕੋ ਇਕ ਵਿਸ਼ਵਾਸ
ਕਿ ਹਨੇਰੇ ਦੀ ਮੌਤ ਦਾ ਦਿਨ ਦੂਰ ਨਹੀਂ ਹੈ

ਸੁਖਵਿੰਦਰ ਦੀਆ ਅਨੇਕਾਂ ਕਵਿਤਾਵਾਂ ਸੂਝ, ਸੰਵੇਦਨਸ਼ੀਲਤਾ ਅਤੇ ਸੂਖ਼ਮਤਾ ਨਾਲ ਫ਼ਿਰਕੂ ਜਨੂੰਨ ਦੀਆਂ ਅਤੇ ਓਸ ਧਾਰਮਿਕ ਮੂਲਵਾਦ ਦੀਆਂ ਖ਼ੂਨੀ ਤਹਿਆਂ ਫਰੋਲਦੀਆਂ ਹਨ, ਜਿਹੜਾ ਧਾਰਮਿਕ ਮੂਲਵਾਦ, ਅਗਾਂਹ ਵਧੂ ਜਨਤਕ ਲਹਿਰਾਂ ਦੇ ਘੱਟ ਸ਼ਕਤੀਸ਼ਾਲੀ ਹੋਣ ਕਰਕੇ ਅਤੇ ਹਾਕਮ ਜਮਾਤਾਂ ਦੀ 'ਪਾੜੋ ਅਤੇ ਰਾਜ ਕਰੋ' ਦੀ ਸਿੱਕੇ ਬੰਦ ਬਦਨੀਤ ਕਰਕੇ ਫਨ ਚੁੱਕ ਰਿਹਾ ਹੈ। ਉਹ ਹੱਸਦੀ ਹੋਈ ਵੋਟ ਦੀ ਪਰਚੀ ਦਾ, ਪਰਚੀ ਵਰਗੇ ਲੋਕਾਂ ਦਾ ਅਤੇ ਓਸ ਫੱਫੇਕੁੱਟਣੀ ਸਿਆਸਤ ਦਾ ਖੁਰਾ ਨੱਪ ਲੈਂਦਾ ਹੈ, ਜਿਹੜੀ ਸਿਆਸਤ ਲੋਕ-ਰੋਹ ਦੇ ਤੂਫ਼ਾਨਾਂ ਨੂੰ ਧਰਮ ਦੀਆਂ, ਧਾਰਮਿਕ ਮੂਲਵਾਦ ਦੀਆਂ ਅਤੇ ਧਾਰਮਿਕ ਜਨੂੰਨ ਦੀਆਂ ਕਿਸ਼ਤੀਆਂ ਨਾਲ ਤਾਰਨਾ ਚਾਹੁੰਦੀ ਹੈ ਅਤੇ ਡੁੱਬਦੀ ਹੋਈ ਵੋਟ ਬੇੜੀ ਨੂੰ ਧਰਮ ਦੇ ਤਿਣਕੇ ਦਾ ਸਹਾਰਾ ਦਿੰਦੀ ਹੈ:

ਸਾਨੂੰ ਨੱਪਣਾ ਹੀ ਪਊ ਲਾਲ ਕਿਲ੍ਹੇ ਵੱਲ ਜਾਂਦੇ
ਕਾਤਿਲ ਦੀ ਪੈੜ ਦਾ ਖੁਰਾ
ਸਾਨੂੰ ਯਾਦ ਰੱਖਣਾ ਪਊ
ਕਿ ਸੂਰਜ ਸਾਡਾ ਭਰਾ ਹੈ ਤੇ ਧਰਤੀ ਸਾਡੀ ਮਾਂ
ਜੋ ਸਾਨੂੰ ਇਹਨਾਂ ਤੋਂ ਵੱਖ ਕਰਦਾ ਹੈ
ਸਾਡਾ ਦੋਸਤ ਨਹੀਂ, ਦੁਸ਼ਮਣ ਹੈ
ਇਹਨਾਂ ਕਵਿਤਾਵਾਂ ਵਿਚ ਸੂਰਜ (ਸੂਰਜ ਸਾਡਾ ਭਰਾ ਹੈ, ਸੂਰਜ ਕਦੇ ਰੋਂਦਾ

ਨਹੀਂ, ਸੂਰਜ ਦਾ ਮੁੱਖ, ਨਵੇਂ ਸੂਰਜ, ਪਲ ਪਲ ਮਰਦਾ ਸੂਰਜ) ਰੌਸ਼ਨੀ, ਰਿਸ਼ਮਾਂ, ਚਾਨਣ, ਦੀਵੇ ਅਤੇ ਹਨ੍ਹੇਰੇ ਦੇ ਅਨੇਕਾਂ ਹਵਾਲੇ ਸੰਕੇਤ ਕਰਦੇ ਹਨ ਕਿ ਨਵੇਂ ਸੂਰਜ ਮਹਿਜ਼ ਏਸ ਪੁਸਤਕ ਦਾ ਟਾਈਟਲ ਨਹੀਂ, ਸਗੋਂ ਕਵੀ ਦੇ ਧੁਰ ਅੰਦਰ ਸਮਾਇਆ ਹੋਇਆ ਇਕ ਜਿਊਂਦਾ ਜਾਗਦਾ ਸੰਕਲਪ ਹੈ।

ਦੂਜੇ ਭਾਗ ਵਿਚ ਪਰਵਾਸੀ ਜ਼ਿੰਦਗੀ ਦੇ ਜਾਣੇ ਪਛਾਣੇ ਪ੍ਰਭਾਵ ਅੰਕਿਤ ਹਨ, ਜਿਹਨਾਂ ਬਾਰੇ ਹਿੰਦੁਸਤਾਨ ਤੋਂ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਆ ਕੇ ਵੱਸੇ ਹਰ ਲੇਖਕ ਨੇ ਕਲਮ-ਅਜ਼ਮਾਈ ਕੀਤੀ ਹੈ : ਇਕੱਲਤਾ, ਦੋ ਸਭਿਆਚਾਰਾਂ ਵਿਚਕਾਰ ਦੋਫ਼ਾੜ ਸ਼ਖਸੀਅਤ ਦੀ ਦੁਚਿੱਤੀ, ਵਿਵਰਜਤ ਜਿਸਮਾਨੀ ਖੁੱਲ੍ਹ ਖੇਡ ਦੀ ਲਾਲਸਾ, ਮਾਨਸਿਕ ਅਸ਼ਾਂਤੀ, ਮੁਸਕਾਨਾਂ ਪਿੱਛੇ ਛੁਪਿਆ ਖੋਖਲਾਪਣ, ਮਸ਼ੀਨੀ ਜ਼ਿੰਦਗੀ ਦਾ ਪੁਰਜ਼ਾ ਬਣ ਕੇ ਰਹਿ ਜਾਣ ਦੀ ਬੇਬਸੀ...। ਇਸ ਭਾਗ ਦੀ ਇਕ ਪ੍ਰਤੀਨਿਧ ਕਵਿਤਾ ਦਾ ਨਾਇਕ ਕੁਝ ਇਸ ਤਰ੍ਹਾਂ ਸੋਚਦਾ ਹੈ:

ਪਰ ਕੁਲੰਬਸ ਅਜੇ ਵੀ ਸੋਚਦਾ ਹੈ
ਕਿ ਇਸ ਸਾਲ ਦੀ ਗਲਾਜ਼ਤ ਤੋਂ ਬਾਅਦ
ਵਿਹਲ ਦੀ ਪਹਿਲੀ ਘੜੀ ਵਿਚ
ਉਹ ਸਮੁੰਦਰ ਦੇ ਸਫ਼ਰ 'ਤੇ ਨਿਕਲੇਗਾ
ਉਹ ਸਮੁੰਦਰ ਦੇ ਸਫ਼ਰ 'ਤੇ ਨਿਕਲੇਗਾ

ਪਰਵਾਸੀ ਜ਼ਿੰਦਗੀ ਨਾਲ ਥੋੜ੍ਹ ਚਿਰੇ ਵਾਹ ਦੇ ਦੌਰਾਨ ਸਮੁੰਦਰ ਦੇ ਸਫ਼ਰ 'ਤੇ ਨਿਕਲਣ ਦੇ ਜਿੰਨੇ ਕੁ ਪਹਿਲੂ ਕਵੀ ਦੀ ਪਕੜ ਵਿਚ ਆ ਸਕੇ ਹਨ, ਉਹਨਾਂ ਵਿਚ ਵੀ 'ਸੂਰਜ ਦਾ ਸਤਵਾਂ ਘੋੜਾ', 'ਸਿਆਲੀ ਧੁੱਪ ਦੇ ਖਿੜੇ ਸੂਰਜਮੁਖੀ', 'ਭਟਕਦਾ ਚੰਨ' ਚਾਨਣ ਦੀ ਅਣਹੋਂਦ ਕੋਲੋਂ ਹਾਰਦੀ ਨਜ਼ਮ', 'ਜਥੇਬੰਦ ਹੋ ਰਿਹਾ ਹਨੇਰਾ', 'ਬਲਦਾ ਅਸਮਾਨ', 'ਟਿਮਟਿਮਾਉਂਦੇ ਦੀਵੇ', 'ਧੁੱਪ ਦੇ ਕਾਸ਼ਨੀ ਟੋਟੇ', 'ਤਲੀਆਂ 'ਤੇ ਸੱਖਣੇ ਚਿਰਾਗ਼', 'ਲੋਅ ਕਰਦੇ ਸ਼ਿਅਰ', 'ਅੱਖਾਂ 'ਚ ਪਲ ਪਲ ਡੁੱਬ ਗਈ ਰਾਤ' ਦੇ ਹਵਾਲੇ ਉਸ ਦੀ ਕਵਿਤਾ ਦੀ ਤੰਦ, ਹਨੇਰੇ ਦੇ ਖ਼ਿਲਾਫ਼ ਰੌਸ਼ਨੀ ਨਾਲ ਅਤੇ 'ਨਵੇਂ ਸੂਰਜਾਂ' ਦੇ ਸੰਕਲਪ ਨਾਲ ਜੋੜੀ ਰਖਦੇ ਹਨ।

ਪੁਸਤਕ ਦੇ ਆਖ਼ਰੀ ਹਿੱਸੇ ਵਿਚ ਪਾਸ਼ ਨੂੰ ਸਮਰਪਤ ਤਿੰਨ ਕਵਿਤਾਵਾਂ ਦਰਜ ਹਨ। ਪੰਜਾਬੀ ਦਾ ਮਹਿਬੂਬ ਸ਼ਾਇਰ ਪਾਸ਼ ਹੁਣ ਸੁਮੀਤ ਸਿੰਘ, ਡਾ. ਵਿਸ਼ਵਾਨਾਥ ਤਿਵਾੜੀ, ਸੁਖਰਾਜ ਖੱਦਰ, ਬਲਦੇਵ ਮਾਨ, ਦਰਸ਼ਨ ਸਿੰਘ ਕੈਨੇਡੀਅਨ, ਚੰਨਣ ਸਿੰਘ ਧੂਤ, ਜੈਮਲ ਪੱਡਾ, ਡਾ. ਰਵਿੰਦਰ ਸਿੰਘ ਰਵੀ ਤੇ ਹੁਣੇ ਹੁਣੇ ਵਾਪਰੇ ਸੇਵੇਵਾਲਾ ਖ਼ੂਨੀ ਕਾਂਡ ਦੀ ਭੇਟ ਚੜ੍ਹੇ ਮੇਘ ਰਾਜ ਭਗਤੂ ਆਣਾ,

ਜਗਪਾਲ, ਗੁਰਜੰਟ, ਮਾਤਾ ਸਦਾ ਕੌਰ ਅਤੇ ਅਨੇਕਾਂ ਹੋਰ ਅਗਾਂਹਵਧੂ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਰਾਜਸੀ ਘੁਲਾਟੀਆਂ ਸਮੇਤ ਹਕੂਮਤੀ ਅਤੇ ਫ਼ਿਰਕੂ ਦਹਿਸ਼ਤਗਰਦੀ ਵਿਰੁੱਧ ਸੰਘਰਸ਼ ਦਾ ਇਕ ਮਹੱਤਵਪੂਰਨ ਚਿੰਨ੍ਹ ਬਣ ਗਿਆ ਹੈ। ਕ੍ਰਾਂਤੀਕਾਰੀ ਸ਼ਾਇਰ ਪਾਸ਼ ਦੇ ਨਾਮ ਲਿਖੀਆਂ ਗਈਆਂ ਤਿੰਨੇ ਕਵਿਤਾਵਾਂ ਸੁਖਵਿੰਦਰ ਦੀ ਪਾਸ਼ ਵਾਲੀ ਸ਼ੰਘਰਸ਼ਸ਼ੀਲ ਵਿਚਾਰਧਾਰਾ ਨਾਲ ਗੂੜ੍ਹੀ ਸਾਂਝ ਦੇ ਦਸਤਾਵੇਜ਼ ਹਨ। ਏਸ ਭਾਗ ਦੀਆਂ ਕਵਿਤਾਵਾਂ ਵਿਚ ਵੀ 'ਅਸਤ ਹੋ ਰਹੇ ਸੂਰਜ ਦੀ ਚਿਤਰਕਾਰੀ', 'ਸੂਰਜ ਤੋਂ ਅੱਖ ਬਚਾ ਕੇ ਆਪੇ ਦੀ ਆਡ 'ਚ ਸਿੰਮਦੇ ਰਹਿਣਾ', 'ਸੂਰਜ ਨੂੰ ਆਪਣੇ ਵੱਲ ਕਰਨ ਦਾ ਯਤਨ', 'ਬਾਕੀ ਰਹਿੰਦੇ ਸੂਰਜ ਨੂੰ ਪਰਨਾਵਾਂਗੇ', 'ਉੱਚਾ ਗਾ ਰਹੀ ਸਰਘੀ ਦਾ ਤਾਰਾ', 'ਹਨੇਰੇ ਦੀ ਪਰਿਕਰਮਾ ਕਰਦੇ ਲੇਖਕ', 'ਜਾਂਬਾਜ਼ ਦੀਵਿਆਂ ਦਾ ਮਰ ਜਾਣਾ' ਵਰਗੇ ਖ਼ੂਬਸੂਰਤ ਬਿਆਨ ਚਾਨਣ-ਹਨ੍ਹੇਰੇ ਦੇ ਓਸੇ ਟਕਰਾਵੇਂ ਜੁੱਟ ਦੀ ਉਪਜ ਹਨ, ਜਿਸ ਦਾ ਸੰਬੰਧ 'ਨਵੇਂ ਸੂਰਜਾਂ' ਦੇ ਸੰਕਲਪ ਨਾਲ ਜੁੜਦਾ ਹੈ।

ਪੁਸਤਕ ਦੇ ਚਾਰੇ ਭਾਗਾਂ ਨੂੰ ਵੱਖ ਵੱਖ ਇਕਾਈਆਂ ਵਿਚ ਵੇਖਣ ਤੋਂ ਮਗਰੋਂ ਜਦੋਂ 'ਨਵੇਂ ਸੂਰਜ' ਦੇ ਸਾਂਝੇ ਧਾਗੇ ਵਿਚ ਬੰਨ੍ਹੀਆਂ ਇਹਨਾਂ ਕਵਿਤਾਵਾਂ ਨੂੰ ਸਮੁੱਚੇ ਰੂਪ ਵਿਚ ਦੇਖਦੇ ਹਾਂ ਤਾਂ ਸੁਖਵਿੰਦਰ ਦੀ ਕਵਿਤਾ ਦੇ ਕੁਝ ਪ੍ਰਮੁੱਖ ਲੱਛਣ ਸਾਡਾ ਧਿਆਨ ਖਿਚਦੇ ਹਨ। ਪਹਿਲਾ ਲੱਛਣ ਹੈ, ਨਵੇਂ ਨਵੇਂ ਸ਼ਬਦ-ਚਿਤਰਾਂ, ਪ੍ਰਤੀਕਾਂ, ਬਿੰਬਾਂ ਅਤੇ ਅਲੰਕਾਰਾਂ ਦੀ ਸਿਰਜਣਾ ਜਿਨ੍ਹਾਂ ਦੀਆਂ ਅਨੇਕਾਂ ਉਦਾਹਰਣਾਂ ਪਿੱਛੇ ਦਿੱਤੀਆਂ ਜਾ ਚੁੱਕੀਆਂ ਹਨ। ਏਸ ਸੰਬੰਧ ਵਿਚ ਉਸ ਦੀ ਕਵਿਤਾ 'ਬਚਪਨ' ਇਕ ਪ੍ਰਤੀਨਿਧ ਉਦਾਹਰਣ ਹੈ:

ਜਿਨ੍ਹਾਂ ਬੱਚਿਆਂ ਦੇ ਬਾਪ ਫ਼ੌਜੀ ਹਨ
ਉਨ੍ਹਾਂ ਲਈ ਬਚਪਨ ਵਰ੍ਹੇ ਛਿਮਾਹੀ ਖੁੱਲ੍ਹਦੀ ਖਿੜਕੀ ਹੈ
ਜਿਸ ਵਿਚ ਝੁੰਗੇ ਜਿੰਨੀ ਚੀਜੀ ਤੋਂ ਵੱਧ ਝਿੜਕਾਂ ਹਨ
... ...
ਜਿੰਨ੍ਹਾਂ ਬੱਚਿਆਂ ਦੇ ਬਾਪ ਹਾਕਮ ਦੇ ਹਨੇਰੇ ਵਾਲਾਂ ਦੀ ਗੁੱਥੀ ਨੂੰ
ਸੂਰਜ ਦੀ ਕੰਘੀ ਨਾਲ ਸੰਵਾਰਦੇ ਇਤਿਹਾਸ ਹੋ ਜਾਂਦੇ ਹਨ
ਉਨ੍ਹਾਂ ਦੀ ਅੱਜ ਹੀ ਨਹੀਂ ਕੱਲ੍ਹ ਵੀ ਆਪਣੀ ਹੁੰਦੀ ਹੈ
... ...
ਤੁਸੀਂ ਸਭ ਕਿੱਥੇ ਹੋ? ਬਚਪਨ 'ਚ ਗੁਆਚ ਗਈਓ ਪੈੜੋ
ਹਵਾਵਾਂ ਦੀ ਦਸਤਕ 'ਤੇ ਕੌਣ ਕਿਸ ਨੂੰ ਉਡੀਕ ਰਿਹਾ ਹੈ?

ਉਹਦੀ ਹਰ ਕਵਿਤਾ ਵਿਚੋਂ ਏਨੀਆਂ ਉਦਾਹਰਣਾਂ ਲੱਭੀਆਂ ਜਾ ਸਕਦੀਆਂ ਹਨ ਕਿ ਉਹਦੀ ਬਿੰਬ ਸਿਰਜਣਾ ਉਹਦੀ ਸਮਰੱਥਾ ਦੇ ਨਾਲ ਨਾਲ ਉਹਦੀ ਸੀਮਾ ਬਣਦੀ ਨਜ਼ਰ ਆਉਂਦੀ ਹੈ।

ਸੁਖਵਿੰਦਰ ਦੀ ਕਵਿਤਾ ਦਾ ਇਕ ਹੋਰ ਮਹੱਤਵਪੂਰਨ ਪੱਖ ਹੈ: ਜਥੇਬੰਦਕ ਤਾਕਤ ਦਾ ਮਹੱਤਵ! ਕਿਸੇ ਵੀ ਜਥੇਬੰਦੀ ਦੀ ਹੋਂਦ ਭਾਵੇਂ ਕੁਝ ਕੁ ਸਮਰੱਥਾਵਾਨ ਵਿਅਕਤੀਆ ਬਿਨਾ ਸੰਭਵ ਨਹੀਂ ਹੁੰਦੀ, ਪਰ ਇਹ ਵੀ ਸੱਚ ਹੈ ਕਿ ਵਿਅਕਤੀਗਤ ਪ੍ਰਤਿਭਾ ਦੀਆਂ ਸੰਭਾਵਨਾਵਾਂ ਦਾ ਪੂਰੀ ਤਰ੍ਹਾਂ ਉਜਾਗਰ ਹੋ ਸਕਣਾ ਵੀ ਕਿਸੇ ਸਮਰੱਥ ਜਥੇਬੰਦੀ ਬਿਨਾਂ ਸੰਭਵ ਨਹੀਂ। ਜਥੇਬੰਦੀ ਵਿਅਕਤੀਆਂ ਤੋਂ ਬਣਦੀ ਅਤੇ ਪ੍ਰਭਾਵਿਤ ਹੁੰਦੀ ਹੈ। ਮੋੜਵੇਂ ਰੂਪ ਵਿਚ ਜਥੇਬੰਦੀ ਵਿਅਕਤੀਆ ਨੂੰ 'ਬਣਾਉਂਦੀ' ਅਤੇ 'ਪ੍ਰਭਾਵਿਤ' ਕਰਦੀ ਹੈ। ਉਹਦੀ ਕਵਿਤਾ ਵਿਚ 'ਜਥੇਬੰਦ ਵਕਤ', 'ਜਥੇਬੰਦ ਸੋਚ', 'ਜਥੇਬੰਦ ਚਾਨਣ' ਅਤੇ 'ਜਥੇਬੰਦ ਹੋ ਰਿਹਾ ਹਨੇਰਾ' ਉਘੜਵੇਂ ਰੂਪ ਵਿਚ ਸਾਹਮਦੇ ਆਉਂਦੇ ਹਨ। ਉਹ ਵਕਤ ਨੂੰ, ਸੋਚ ਨੂੰ ਅਤੇ ਚਾਨਣ ਨੂੰ 'ਜਥੇਬੰਦ ਵਕਤ', 'ਜਥੇਬੰਦ ਸੋਚ' ਅਤੇ 'ਜਥੇਬੰਦ ਚਾਨਣ' ਵਿਚ ਤਬਦੀਲ ਹੁੰਦਾ ਵੇਖਣਾ ਚਾਹੁੰਦਾ ਹੈ। ਜੇ ਚਾਨਣ ਅੱਜ ਭਾਰੂ ਨਹੀਂ ਹੈ ਤਾਂ ਉਹ ਵੀ ਏਸੇ ਕਰਕੇ ਕਿ ਹਨ੍ਹੇਰਾ ਜਥੇਬੰਦ ਹੈ। ਜਥੇਬੰਦਕ ਤਾਕਤ ਦੇ ਅਜਿਹੇ ਮਹੱਤਵ ਦੀ ਕਾਵਿਕ-ਪਛਾਣ ਸੁਖਵਿੰਦਰ ਦੀ ਕਵਿਤਾ ਦੀ ਇਕ ਮਹੱਤਵਪੂਰਨ ਪ੍ਰਾਪਤੀ ਹੈ। ਜਿਸ ਗਲ਼ ਘੋਟੂ ਵਾਤਾਵਰਣ ਵਿਚ ਅੱਜ ਸਾਡਾ ਸਾਹਿਤਕ, ਸਭਿਆਚਾਰਕ ਅਤੇ ਰਾਜਨੀਤਕ ਭਾਈਚਾਰਾ ਲੰਘ ਰਿਹਾ ਹੈ, ਉਸ ਵਾਤਾਵਰਣ ਵਿਚ ਜਥੇਬੰਦਕ ਤਾਕਤ ਦੇ ਮਹੱਤਵ ਨੂੰ ਬਾਰ ਬਾਰ ਦੁਹਰਾਉਣ ਦੀ ਲੋੜ ਹੈ।

ਸੁਖਵਿੰਦਰ ਦੀ ਕਵਿਤਾ ਦਾ ਤੀਜਾ ਅਹਿਮ ਲੱਛਣ ਹੈ: ਰਚਨਾ ਦੀ ਭਵਿੱਖ ਮੁਖੀ ਤਲਾਸ਼! ਵਰਤਮਾਨ ਵਿਚ ਲਿਖਦਾ ਵਿਚਰਦਾ ਉਹ ਸਹਿਜ ਸੁਭਾਅ ਹੀ ਆਪਣੀ ਰਚਨਾ ਦੇ ਭਵਿੱਖ ਬਾਰੇ ਸੰਕੇਤ ਦੇ ਜਾਂਦਾ ਹੈ:

ਮੈਂ ਬੰਦੇ ਵਾਂਗ ਜਿਊਣਾ ਚਾਹੁੰਦਾ ਹਾਂ
ਮੈਂ ਨਜ਼ਮਾਂ ਲਿਖਣਾ ਚਾਹੁੰਦਾ ਹਾਂ

ਜਦੋਂ ਉਹ ਪਾਸ਼ ਨੂੰ ਮੁਖ਼ਾਤਬ ਹੋ ਕੇ ਕਹਿੰਦਾ ਹੈ:

ਮੇਰੀ ਇਸ ਕਵਿਤਾ ਤੋਂ ਪਰ੍ਹੇ ਵੀ ਅਜੇ
ਤੇਰੇ ਜ਼ਿੰਦਾ ਰਹਿਣ ਲਈ ਅਨੰਤ ਤਸ਼ਬੀਹਾਂ ਹਨ

ਜਾਂ ਜਦੋਂ ਉਹ ਪਾਸ਼ ਨੂੰ ਇਉਂ ਭਾਲਦਾ ਹੈ:

ਅਸੀਂ ਤੈਨੂੰ ਭਾਲਦੇ ਹਾਂ
ਉਨ੍ਹਾਂ ਸਭ ਕਵਿਤਾਵਾਂ ਵਿਚ ਜੋ ਤੂੰ ਅਜੇ ਲਿਖਣੀਆਂ ਸਨ
ਚੁੱਪ ਚੁੱਪ ਸਫ਼ਿਆਂ 'ਤੇ ਸੁੱਤੇ ਸੁੱਤੇ ਨਕਸ਼ਾਂ 'ਚ
ਸੂਹੇ ਸੂਹੇ ਖ਼ਾਬਾਂ ਵਿਚ ਯੁੱਧ ਵਰਗੇ ਆਬਾਂ ਵਿਚ

ਜਾਂ ਜਦੋਂ ਉਹ ਲਿਖਦਾ ਹੈ:

ਕੰਮ, ਘਰ ਤੇ ਨੀਂਦ ਤੋਂ ਪਰ੍ਹੇ
ਚੌਥਾ ਸ਼ਬਦ ਮੇਰੇ ਜੀਵਨ ਦੀ ਕਿਤਾਬ 'ਚੋਂ ਇੰਝ ਮਿਟਿਆ ਹੈ।
ਜਿਵੇਂ ਵਰਖਾ ਦੀ ਰਾਤ ਨੂੰ ਤਾਰੇ ਛੁਪਦੇ ਹਨ

ਤਾਂ ਅਸਲ ਵਿਚ ਇਹ ਸੁਖਵਿੰਦਰ ਦੀ 'ਆਪਣੀ ਕਵਿਤਾ' ਲਈ ਅਨੰਤ ਤਸ਼ਬੀਹਾਂ ਦੀ ਤਲਾਸ਼ ਹੈ, ਉਹਨਾਂ ਸਭ ਕਵਿਤਾਵਾਂ ਦੀ ਤਲਾਸ਼ ਦੀ ਗਵਾਹੀ ਹਨ, ਜੋ 'ਉਸ ਨੇ' ਹਾਲੇ ਲਿਖਣੀਆਂ ਹਨ, ਜੀਵਨ ਦੀ ਕਿਤਾਬ 'ਚੋਂ ਮਿਟ ਚੁੱਕੇ ਓਸ ਸ਼ਬਦ ਦੀ ਤਲਾਸ਼ ਦੀ ਗਵਾਹੀ ਹਨ, ਜਿਹਨੂੰ ਤਲਾਸ਼ਦਾ ਤਲਾਸ਼ਦਾ ਉਹ ਬੰਦੇ ਵਾਂਗ ਜਿਊਣਾ ਅਤੇ ਨਜ਼ਮਾਂ ਲਿਖਣਾ ਚਾਹੁੰਦਾ ਹੈ। ਪਾਸ਼ ਨਾਲ ਸੰਬੰਧਤ ਇਕ ਕਵਿਤਾ ਵਿਚ ਜਦੋਂ 'ਅਸੀਂ ਤੈਨੂੰ ਭਾਲਦੇ ਹਾਂ' ਤੋਂ ਸ਼ੁਰੂ ਹੋ ਕੇ ਕਵੀ ਏਸ ਸਿੱਟੇ 'ਤੇ ਪੁੱਜਦਾ ਹੈ ਕਿ 'ਤੂੰ ਤਾਂ ਸਾਡੇ ਕੋਲ ਸੀ, ਹੈਂ' ਤਾਂ ਬਾਹਰੋਂ ਅੰਦਰ ਵੱਲ, ਅੰਦਰੋਂ ਬਾਹਰ ਵੱਲ, ਵਰਤਮਾਨ ਤੋਂ ਭੂਤ ਵੱਲ, ਭੂਤ ਤੋਂ ਵਰਤਮਾਨ ਵੱਲ ਕਵੀ ਦਾ ਇਹ ਸਫ਼ਰ ਉਸਦੀ ਕਾਵਿਕ-ਤਲਾਸ਼ ਦਾ ਹੀ ਸ਼ਕਤੀਸ਼ਾਲੀ ਰੂਪ ਹੈ। ਆਪਣੀ ਸਿਰਜਣਾ ਦੇ ਭਵਿੱਖ ਪ੍ਰਤਿ, ਸਿਰਜਣਾ ਵਿਚ ਢਲ਼ੀ ਅਜਿਹੀ ਚੇਤਨਤਾ ਕਿਸੇ ਲੇਖਕ ਦਾ ਮੀਰੀ ਗੁਣ ਹੁੰਦਾ ਹੈ। ਅਜਿਹੀ ਸਿਰਜਣਾਤਮਕ ਚੇਤਨਤਾ 'ਅਸਲ' ਵਿਚ ਕਿੰਨੀ ਕੁ ਮੁੱਲਵਾਨ ਹੈ? ਇਸ ਦਾ ਫ਼ੈਸਲਾ ਕਰਨ ਲਈ ਯਕੀਨਨ ਸਾਨੂੰ ਉਸ ਦੀਆਂ ਭਵਿੱਖ ਦੀਆਂ ਰਚਨਾਵਾਂ ਦਾ ਇੰਤਜ਼ਾਰ ਕਰਨਾ ਪਵੇਗਾ। ਚੁੱਪ ਸਫ਼ਿਆਂ 'ਤੇ ਸੁੱਤੇ ਨਕਸ਼ਾਂ ਨੂੰ ਜਗਾਉਣਾ ਕੋਈ ਸੌਖਾ ਕੰਮ ਨਹੀਂ ਹੁੰਦਾ।

ਸੁਖਵਿੰਦ ਕੰਬੋਜ ਦੀ ਇਸ ਸੰਗ੍ਰਹਿ ਦੀ ਕਵਿਤਾ ਦੀਆਂ ਕੁਝ ਸੀਮਾਵਾਂ ਵੀ ਹਨ।

ਸਮਕਾਲੀ ਸਾਹਿਤ-ਅਧਿਐਨ ਕਿਤੇ ਕਿਤੇ ਉਸ ਦੀਆਂ ਰਚਨਾਵਾਂ 'ਤੇ ਭਾਰੂ

ਹੋ ਕੇ ਉਸਦੀ ਮੌਲਿਕਤਾ ਉਤੇ ਹਮਲਾਵਰ ਹੁੰਦਾ ਜਾਪਦਾ ਹੈ। ਸੁਖਵਿੰਦਰ ਕੋਲ ਬਹੁਤ ਕੁਝ ਨਿਰੋਲ ਉਹਦਾ ਆਪਦਾ ਹੈ। ਉਸ ਨੂੰ ਕਿਸੇ ਹੋਰ ਵਰਗਾ ਲੱਗਣ ਦੀ ਥਾਂ ਆਪਣੀ ਮੌਲਿਕਤਾ ਵੱਲ ਵਿਸ਼ੇਸ਼ ਧਿਆਨ ਦੇਣ ਦੀ ਜ਼ਰੂਰਤ ਹੈ।

ਸੁਖਵਿੰਦਰ ਦੀ ਕਵਿਤਾ ਦੀ ਸੀਮਾ ਹੈ ਕਿਸੇ ਕਿਸੇ ਕਵਿਤਾ ਨੂੰ ਬਿੰਬਾਂ, ਪ੍ਰਤੀਕਾਂ ਅਤੇ ਸ਼ਬਦ ਚਿਤਰਾਂ ਨਾਲ ਬੋਝਲ ਬਣਾ ਦੇਣਾ, ਇਉਂ ਕਰਨ ਨਾਲ ਕਵਿਤਾ ਦਾ ਸੁਨੇਹਾ ਅਤੇ ਕਵਿਤਾ ਦੀ ਇਕਾਗਰਤਾ ਪਿਛੋਕੜ ਵਿਚ ਚਲੇ ਜਾਂਦੇ ਹਨ।

ਸੁਖਵਿੰਦਰ ਦੀ ਕਵਿਤਾ ਦੀ ਇਕ ਹੋਰ ਸੀਮਾ ਹੈ। ਅਮਰੀਕਾ ਦੇ ਵਿਕਸਤ ਪੂੰਜੀਵਾਦੀ ਢਾਂਚੇ, ਅਮਰੀਕਾ ਦੀ ਮਹਾਂ-ਸ਼ਕਤੀ ਹੋਣ ਦੀ ਹਉਮੈਂ ਅਤੇ ਅਮਰੀਕਾ ਦੇ ਹੋਰਨਾਂ ਦੇਸ਼ਾਂ ਪ੍ਰਤਿ ਕੁਲੱਕੜ ਸਮਾਰਾਜਵਾਦੀ ਸੁਭਾਅ ਦੇ ਕਾਵਿਕ-ਵਿਸ਼ਲੇਸ਼ਣ ਦੀ ਘਾਟ। ਪੰਜਾਬੀ ਸਾਹਿਤ ਲਈ ਉਹ ਘੜੀਆਂ ਇਤਿਹਾਸਕ ਘੜੀਆਂ ਹੋਣਗੀਆਂ ਜਦੋਂ ਅਮਰੀਕਨ ਪੰਜਾਬੀ ਲੇਖਕ ਸਥਾਨਕ ਜ਼ਿੰਦਗੀ ਦੇ ਹੱਡੀਂ ਹੰਢਾਏ ਅਨੁਭਵ ਦੇ ਆਧਾਰ 'ਤੇ ਅਮਰੀਕਨ ਸਾਮਰਾਜਵਾਦ ਦੇ ਕਪਟੀ ਚਰਿੱਤਰ ਦੀ ਜਟਿਲਤਾ ਦੇ ਬਹੁ-ਦਿਸ਼ਾਵੀ ਚਿੱਤਰ ਨੂੰ ਆਪਣੀ ਸਿਰਜਣਾ ਦਾ ਭਰਪੂਰ ਵਿਸ਼ਾ ਬਣਾ ਸਕਣਗੇ। ਨਿਰਸੰਦੇਹ, ਸੁਖਵਿੰਦਰ ਦੇ ਇਸ ਦਿਸ਼ਾ ਵਿਚ ਕੀਤੇ ਆਰੰਭਕ ਯਤਨ ਕੋਈ ਘੱਟ ਮਹੱਤਵਪੂਰਨ ਨਹੀਂ ਹਨ।

ਇਹਨਾਂ ਸਾਰੀਆਂ ਸੀਮਾਵਾਂ ਦੇ ਬਾਵਜੂਦ ਵੀ ਸੁਖਵਿੰਦਰ ਆਪਦੇ ਪਹਿਲੇ ਕਾਵਿ-ਸੰਗ੍ਰਹਿ ਵਿਚ ਹੀ ਅਜਿਹੀ ਕਲਾਤਮਕ ਪਕੜ ਦੀ ਪਰਦਰਸ਼ਨੀ ਕਰਦਾ ਹੈ, ਜਿਹੜੀ ਵਰ੍ਹਿਆਂ ਦੀ ਨਿਰੰਤਰ ਕਲਾ-ਸਾਧਨਾ ਨਾਲ ਹੀ ਹਾਸਲ ਹੁੰਦੀ ਹੈ।

-ਸੁਰਿੰਦਰ ਧੰਜਲ (ਕੈਨੇਡਾ)

‘ਨਵੇਂ ਸੂਰਜ’ ਦੀ ਸਾਹਿਤਕ ਜਾਣ-ਪਛਾਣ

-ਡਾ. ਪ੍ਰੇਮ ਪ੍ਰਕਾਸ਼ ਸਿੰਘ

ਨਵੇਂ ਸੂਰਜ ਸੁਖਵਿੰਦਰ ਦੀ ਪਹਿਲ-ਪਲੇਠੀ ਕਾਵਿ-ਪੁਸਤਕ ਹੈ। ਯੂਨੀਵਰਸਿਟੀ ਪੱਧਰ ਦਾ ਪੜ੍ਹਿਆ ਲਿਖਿਆ, ਪੰਜਾਬੀ ਅਦਬ ਦਾ ਰਸੀਆ ਤੇ ਉਸਰੱਈਆ ਅਤੇ ਹੁਣ ਅਮਰੀਕਾ ਦਾ ਪਰਵਾਸੀ ਸੁਖਵਿੰਦਰ ਇਸ ਕਾਵਿ-ਸੰਗ੍ਰਹਿ ਨਾਲ ਵਿਦੇਸ਼ੀ ਪੰਜਾਬੀ ਸਾਹਿਤਕਾਰਾਂ ਦੀ ਕਤਾਰ ਵਿਚ ਆ ਖਲੋਤਾ ਏ। ਸਮੂਹ ਪੰਜਾਬੀ ਅਦਬੀ ਸੰਸਾਰ ਕੰਬੋਜ ਨੂੰ ਅਤੇ ਇਸ ਦੀ ਨਵ-ਪ੍ਰਕਾਸ਼ਿਤ ਕਾਵਿ-ਕਿਰਤ **ਨਵੇਂ ਸੂਰਜ** ਨੂੰ ਜੀ ਆਇਆਂ ਆਖਦਾ ਹੈ।

ਨਵੇਂ ਸੂਰਜ ਕਾਵਿ-ਸੰਗ੍ਰਹਿ ਵਿਚ ਬਹੁਤੀਆਂ ਨਜ਼ਮਾਂ ਹਨ, ਕੁਝ ਗੀਤ-ਨੁਮਾ ਕਵਿਤਾਵਾਂ ਹਨ ਅਤੇ ਦੋ ਕੁ ਗ਼ਜ਼ਲਾਂ ਹਨ। ਇਨ੍ਹਾਂ ਕਵਿਤਾਵਾਂ ਦੇ ਪਾਠ ਤੇ ਪ੍ਰਵਚਨ ਤੋਂ ਸਾਫ਼ ਜ਼ਾਹਰ ਹੋ ਜਾਂਦਾ ਹੈ ਕਿ ਕਵੀ ਕੰਬੋਜ ਦੇ ਪਾਸ ਕਹਿਣ ਦੀ ਜਾਚ ਹੈ, ਸੋਚਣ ਤੇ ਚਿੰਤਨ ਦਾ ਵੇਗ ਹੈ, ਪੰਜਾਬੀ ਦਾ ਮੁਹਾਵਰਾ ਤੇ ਮੁਹਾਂਦਰਾ ਹੈ ਅਤੇ ਸੱਜਰੇ ਬਿੰਬ-ਸਿਰਜਣ ਦੀ ਕਲਾ ਹੈ।

ਇਸ ਤੋਂ ਅੱਗੇ ਜਦੋਂ ਅਸੀਂ ਇਸ ਸੰਗ੍ਰਹਿ ਦੀ ਕਾਵਿ ਸਿਰਜਣਾ ਦੇ ਗਹਿਨ ਅਧਿਐਨ ਵੱਲ ਉਤਰਦੇ ਹਾਂ ਤਾਂ ਜਿਹੜਾ ਇਸਦਾ ਕੇਂਦਰੀ ਬਿੰਦੂ ਪੁਰਜ਼ੋਰ ਉਭਰਦਾ ਹੈ, ਉਹ ਹੈ ਸੂਰਜ, ਸੱਚ ਦਾ ਸੂਰਜ। ਕੰਬੋਜ ਨੇ ਸੂਰਜ ਨੂੰ ਸੱਚ ਦਾ ਸਿੰਬਲ ਤਸੱਵਰ ਕੀਤਾ ਹੈ, ਕਿਉਂਕਿ ਸੱਚ ਵੀ ਚਮਕਦਾ ਹੈ, ਸੂਰਜ ਵੀ ਚਮਕਦਾ ਹੈ। ਸੱਚ ਦਾ ਸੂਰਜ ਹਰ ਇਨਸਾਨ ਵਿਚ ਮੌਜੂਦ ਹੈ, ਪਰ ਉਹ ਖ਼ਬਰਦਾਰ ਨਹੀਂ। ਲੇਕਿਨ ਕੰਬੋਜ ਬਾਖ਼ਬਰ ਚੇਤੰਨ ਕਵੀ ਹੈ।

ਇਸ ਲਈ ਉਸ ਨੇ ਸੱਚ ਦੇ ਸੂਰਜ ਨੂੰ ਕਾਇਨਾਤ, ਇਨਸਾਨ ਅਤੇ ਇਨਸਾਨੀ ਸਮਾਜ ਦੇ ਤਿੰਨ ਪਾਸਾਰਾਂ ਵਿਚ ਪੇਸ਼ ਕਰਨ ਦਾ ਪ੍ਰਮੁੱਖ ਵਸੀਲਾ ਬਣਾਇਆ ਹੈ। ਤਿੰਨ ਪਾਸਾਰ ਇਹ ਹਨ:

ਇਕ ਹੈ ਮੋਹ ਪਿਆਰਾਂ ਵਾਲੀ ਵਸਦੀ-ਰਸਦੀ ਆਪਣੀ ਮੂਲ ਧਰਤੀ ਪੰਜਾਬ ਵਿਚ ਵਾਪਰ ਰਹੇ ਡੂੰਘੇ ਸੰਤਾਪ ਦੀ ਪੀੜ ਦਾ ਸੱਚ,

ਦੂਜਾ ਹੈ ਵਿਦੇਸ਼ਾਂ ਦੀ ਓਪਰੀ ਧਰਤੀ ਵਿਚ ਪਰਵਾਸ ਭੋਗਦੇ ਪੰਜਾਬੀ ਲੋਕਾਂ

ਦੇ ਉਦਰੇਵੇਂ ਤੇ ਹੇਰਵੇ-ਭਰਪੂਰ ਪਰਵਾਸੀ ਜੀਵਨ ਦਾ ਸੱਚ, ਅਤੇ ਤੀਜਾ ਹੈ ਭਾਵਕ ਛਿਣਾਂ ਨੂੰ ਪਲ-ਪਲ ਹੰਢਾਉਂਦਾ ਹੋਇਆ ਪਿਆਰ ਦੇ ਤਿੱਖੇ ਅਹਿਸਾਸਾਂ ਦਾ ਸੱਚ।

ਕੰਬੋਜ ਦੀ ਸ਼ਾਇਰੀ ਵਿਚ ਵਸਤੂ-ਸੱਚ ਦੇ ਇਹ ਤਿੰਨ ਪਸਾਰ ਤੇ ਮਜ਼ਮੂਨ ਬੜੀ ਸ਼ਿੱਦਤ ਨਾਲ ਉਭਰੇ ਹਨ। ਇਹਨਾਂ ਸਾਰਿਆਂ ਵਿਚੋਂ ਅਜੋਕੇ ਸੰਤਾਪ -ਗ੍ਰਸਤ ਪੰਜਾਬ ਦੀ ਦਰਦ-ਕਥਾ ਦਾ ਵਿਰਲਾਪੀ ਤੇ ਜੁਝਾਰੂ ਸੁਰ ਸਭ ਤੋਂ ਵੱਧ ਗੂੰਜਿਆ ਹੈ। ਇਸ ਦਰਦ ਦੀ ਚੀਸ ਨਾਲ ਕਵੀ ਦਾ ਅੱਖਰ ਅੱਖਰ ਜਿਵੇਂ ਜ਼ਖ਼ਮੀ ਹੋਇਆ ਹੈ। ਕਵੀ ਕਿੰਨਾ ਗ਼ਮਗ਼ੀਨ ਅਤੇ ਕਿੰਨਾ ਉਦਾਸ ਹੈ, ਇਹ ਉਹਦੇ ਸ਼ਿਅਰਾਂ ਤੋਂ ਸੁਣੋ:

ਚੇਤੇ ਦੀਆਂ ਭੁੱਬਲਾਂ ’ਤੇ ਲਿਖ ਰਿਹਾ ਹੈਂ ਕਿਸ ਦੇ ਨਾਮ
ਅਗਲਿਆਂ ਤਾਂ ਵੰਡ ਦਿੱਤਾ ਬਾਵੇ, ਵਾਰਸ ਦਾ ਪੰਜਾਬ (ਲਾਲ ਖ਼ਾਬ)

ਇਨ੍ਹਾਂ ਸਤਰਾਂ ਵਿਚ ਪੰਜਾਬ ਦੀ ਵੰਡ ਅਤੇ ਪੰਜਾਬੀ ਮਾਨਸਿਕਤਾ (ਸਾਈਕੀ) ਦੀ ਜੋ ਡੂੰਘੀ ਵੇਦਨਾ ਉਜਾਗਰ ਹੁੰਦੀ ਹੈ, ਉਹ ਕਾਬਲੇ-ਗ਼ੌਰ ਹੈ। ਇਸੇ ਸੁਰ ਵਿਚ ਕਵੀ ਦੀ ਇਹ ਕਰੁਣਾਮਈ ਪੁਕਾਰ ਵੀ ਵੇਖਣ ਯੋਗ ਹੈ, ਜਦੋਂ ਕਵੀ ਸੰਬੋਧਨੀ-ਜੁਗਤਾਂ ਦਾ ਸਹਾਰਾ ਲੈ ਕੇ ਅਮਨ ਦੇ ਕਾਤਲਾਂ ਨੂੰ ਮੁਖ਼ਾਤਬ ਹੁੰਦਾ ਹੈ।

ਕਾਤਿਲੋ ਵੇ ਕਾਤਿਲੋ! ਪੰਜਾਬ ਦੇ ਅਮਨ ਨੂੰ ਅੱਗ ਨਾ ਲਾਵੋ
ਅਜੇ ਤਾਂ ਸੰਤਾਲੀ ਦੇ ਜ਼ਖ਼ਮ ਨਹੀਂ ਭਰੇ ਅਜੇ ਤਾਂ ਸਰਘੀ ਦੇ ਚਾਨਣੇ ਦੇ
ਐਵੇਂ ਚਾਰ ਕੁ ਘੁੱਟ ਹੀ ਪੀਤੇ ਹਨ

ਪੰਜਾਬ ਦੀ ਪੀੜ ਨੂੰ ਕਵੀ ਕੰਬੋਜ ਇੰਨਾ ਗਹਿਰੇ ਤੌਰ ’ਤੇ ਮਹਿਸੂਸ ਕਰਦਾ ਹੈ ਕਿ ਉਸ ਦੇ ਇਸ ਪੀੜ ਨੂੰ ਜ਼ਾਹਰ ਕਰਨ ਦੇ ਕਈ ਜ਼ਾਵੀਏ ਪੇਸ਼ ਕੀਤੇ ਹਨ। ਕਦੇ ਉਹ ਭੁੱਬਲਾਂ ਦੀ ਗੱਲ ਕਰਦਾ ਹੈ, ਕਦੇ ਡਾਕ ਟਿਕਟਾਂ ਵਾਂਗੂੰ ਵਰਤ ਕੇ ਕੂੜੇ ਵਿਚ ਸੁੱਟੇ ਜਾਣ ਦੀ, ਕਦੇ ਬੀਤੇ ਇਤਿਹਾਸ ਦੀ ਐਲਬਮ ਅਤੇ ਕਦੇ ਪੰਜਾਬ ਦੀ ਧਰਤੀ ’ਤੇ ਉੱਗ ਰਹੇ ਹਨੇਰਿਆਂ ਦੀ। ਕਵੀ ਦੀ ਸ਼ਾਇਰੀ ਹੈ:

ਮੈਂ ਜਿਸ ਹਨੇਰੇ ਦੀ ਗੱਲ ਕਰਦਾ ਹਾਂ ਉਹ ਇਥੇ ਹੀ ਕਿਤੇ
ਪੰਜ ਪਾਣੀਆਂ ਦੀ ਧਰਤ ’ਤੇ
ਇਸ ਪਿਛਲੇ ਦਹਾਕੇ ਜਿਹੇ ’ਚ ਉਗਿਆ ਹੈ (ਹਨੇਰਾ)
ਅਤੇ
ਨਹੀਂ ਤਾਂ ਕਿਤੇ ਇੰਝ ਨਾ ਹੋਵੇ
ਕਿ ਅਸੀਂ ਤੁਸੀਂ ਸਭ ਵਰਤੀ ਗਈ ਡਾਕ ਟਿਕਟ ਵਾਂਗ

ਸਿਰਫ ਅਤੀਤ ਦੀ ਐਲਬਮ 'ਚ ਦਮ ਤੋੜ ਜਾਈਏ

ਹੌਲੀ ਹੌਲੀ ਕਵੀ ਇਸ ਸੰਤਾਪ ਦੇ ਪਿੱਛੇ ਸਰਗਰਮ ਅਸਲੀਅਤਾਂ ਦੀ ਤਲਾਸ਼ ਕਰਦਾ ਹੋਇਆ ਡੂੰਘਾ ਉਤਰ ਜਾਂਦਾ ਹੈ। ਸਮਾਜਕ ਪ੍ਰਬੰਧ ਦੀਆ ਇਕਾਈਆਂ ਤੋਂ ਵਫ਼ਾ ਦੀ ਮੰਗ ਕਰਦਾ ਹੈ ਅਤੇ ਇਸ ਮਕਸਦ ਲਈ ਉਨ੍ਹਾਂ ਨਾਲ ਗੁਫ਼ਤਗੂ ਕਰਦਾ ਤੇ ਸੰਵਾਦ ਰਚਾਉਂਦਾ ਹੈ। ਆਪਣੀ ਨਜ਼ਮ 'ਕਵਿਤਾ ਦੀ ਕਸਮ' ਵਿਚ ਉਹ ਸਭ ਤੋਂ ਪਹਿਲਾਂ ਆਪਣੇ ਘਰ ਨੂੰ ਹੀ ਸੰਬੋਧਨ ਕਰਦਾ ਹੈ, "ਹੇ ਪਿਆਰੇ ਘਰ, ਕੀ ਤੇਰੀ ਕਸਮ ਖਾਵਾਂ? ਜੋ ਫ਼ਕੀਰੀਏ ਦੀ ਹੱਟੀ ਤੋਂ ਲੈ ਕੇ ਬੈਂਕ ਦੀਆਂ ਮਿਸਲਾਂ ਤੀਕ ਤੋੜ ਜ਼ਖ਼ਮੀ ਹੈ।" ਇਸੇ ਸੰਬੋਧਨੀ ਸ਼ੈਲੀ ਵਿਚ ਕਵੀ ਘਰ ਤੋਂ ਬਾਅਦ ਮੁਹੱਲੇ, ਪਿੰਡ, ਪੰਜਾਬ, ਸਮਾਜ, ਮਾਤ-ਭੂਮੀ ਅਤੇ ਇਤਿਹਾਸ ਨੂੰ ਵਾਰੋ ਵਾਰੀ ਮੁਖ਼ਾਤਬ ਹੁੰਦਾ ਹੈ ਅਤੇ ਇਕ ਇਕ ਕਰਕੇ ਸਾਰਿਆਂ ਦੀ ਅਸਲੀਅਤ ਉਜਾਗਰ ਕਰਦਾ ਹੈ। ਮਾਤ-ਭੂਮੀ ਨਾਲ ਵਾਪਰੀ ਹੋਈ ਸ਼ਾਇਰਾਨਾਂ ਗੁਫ਼ਤਗੂ ਵਿਚ ਜੋ ਡੂੰਘਾ ਵਿਅੰਗ ਤੇ ਤਨਜ਼ ਹੈ, ਉਸ ਦਾ ਨਮੂਨਾ ਹਾਜ਼ਰ ਹੈ:

ਮਾਤ ਭੂਮੀ! ਤੇਰੀ ਕਸਮ ਕਿੰਝ ਖਾਵਾਂ?
ਤੂੰ ਤਾਂ ਈਸਟ ਇੰਡੀਆ ਕੰਪਨੀ ਵੇਲ਼ੇ ਤੋਂ ਹੀ
ਪੌਂਡਾਂ, ਡਾਲਰਾਂ ਤੇ ਰੂਬਲਾਂ' ਚ ਗਿਰਵੀ ਹੈਂ
ਇਸ ਲਈ ਹੇ ਮੇਰੇ ਸ਼ਾਨਾਂ-ਮੱਤੇ ਇਤਿਹਾਸ!
ਮੈਂ ਤੇਰੀ ਕਸਮ ਖਾਂਦਾ ਹਾਂ, ਮੈਂ ਤੇਰੀ ਕਸਮ ਖਾਂਦਾ ਹਾਂ

ਪੰਜਾਬ ਦੇ ਇਸ ਦੁਖਾਂਤ ਦਾ ਯਥਾਰਥ ਮੁਲਾਂਕਣ ਕੰਬੋਜ ਨੇ ਆਪਣੀ ਇਕ ਹੋਰ ਕਵਿਤਾ 'ਪੰਜਾਬ ਕਥਾ' ਵਿਚ ਪੇਸ਼ ਕੀਤਾ ਹੈ। ਪੰਜਾਬ-ਕਥਾ ਇਕ ਤਰ੍ਹਾਂ ਦੀ ਦਰਦ-ਕਥਾ ਹੈ ਅਤੇ ਵੈਣ-ਕਥਾ ਵੀ। ਕਵੀ ਦੀ ਇਹ ਲੜੀਵਾਰ ਕਵਿਤਾ ਪੰਜਾਬ ਦੀਆਂ ਦਰਦਨਾਕ ਘਟਨਾਵਾਂ ਉੱਤੇ ਕਾਵਿ-ਟਿੱਪਣੀ ਹੈ ਅਤੇ ਉਸਦੀ ਕਾਵਿ-ਪ੍ਰਤਿਭਾ ਦੀ ਇਹ ਟੀਸੀ ਹੈ। ਇਹ ਠੀਕ ਹੈ ਕਿ ਇਸ ਰਚਨਾ ਵਿਚ ਕਵੀ ਦਾ ਆਪਣਾ ਨਿੱਜੀ ਨਜ਼ਰੀਆ ਹੈ। ਪਰੰਤੂ ਇਹ ਉਸ ਦੇ ਪੀੜਤ ਹਿਰਦੇ ਦਾ ਬੇਰੋਕ ਉਛਾਲਾ ਹੈ। ਸਿਧਾਂਤਕ ਤੌਰ 'ਤੇ ਇਹ ਨਜ਼ਮ ਪੰਜਾਬ-ਕਥਾ ਸਮਕਾਲੀ ਯਥਾਰਥ ਦੀ ਤਲਖ਼ ਆਲੋਚਨਾ ਹੈ।

ਇਕ ਵੰਨਗੀ ਪ੍ਰਸਤੁਤ ਹੈ:
ਕਿੰਨਾ ਚਾਅ ਜਿਹਾ ਸੀ ਤੈਨੂੰ ਆਜ਼ਾਦੀ ਦਾ

ਕਿ ਤੂੰ ਬਉਰਾ ਹੋਇਆ ਖੂਹ ਦੀ ਗਾਧੀ ਨੂੰ ਹੀ ਗੀਤ ਸਮਝ ਬੈਠਾ
ਸੁੱਕੇ ਹੋਏ ਗੋਹੇ ਦੀ ਹੁੰਮਕ ਤੈਨੂੰ ਲੈਵੰਡਰ ਲਗਦੀ ਸੀ
ਪਾਣੀ ਦੀਆਂ ਟਿੰਡਾਂ ਜੇ ਇਤਿਹਾਸ ਹੁੰਦੀਆਂ ਤਾਂ
ਤੈਨੂੰ ਦੱਸ ਸਕਦੀਆਂ
ਤੇਰੀ ਹਿੱਕ 'ਚ ਮਚਲ ਰਹੇ ਨਗ਼ਮਿਆਂ ਦੀ ਆਵਾਜ਼

ਕਾਵਿ-ਵਸਤੂ ਦੇ ਇਸ ਪਰਿਪੇਖ ਵਿਚ ਕੰਬੋਜ ਦੀ ਸ਼ਾਇਰੀ ਦਾ ਇਕ ਹੋਰ ਜ਼ਾਵੀਆ ਪੇਸ਼ ਹੁੰਦਾ ਹੈ। ਸਿਆਸਤ ਕੀ ਹੈ? ਇਸ ਦੀ ਸ਼ਨਾਖ਼ਤ ਕਰਨ ਲਈ ਸ਼ਾਇਰ ਨੇ ਕਈ ਤਾਜ਼ੇ ਮੈਟਾਫਰ, ਪ੍ਰਤੀਕ ਤੇ ਉਪਨਾਮ ਚੁਣੇ ਹਨ, ਜੋ ਸਾਡੀ ਸਭਿਅਤਾ ਅਤੇ ਸਭਿਆਚਾਰ ਦੇ ਅੰਗ ਹੋਣ ਕਰਕੇ ਕਵੀ ਦੀ ਕਾਵਿ-ਭਾਸ਼ਾ ਵਿਚ ਸੁਹਜ ਤੇ ਸੰਚਾਰ ਪੈਦਾ ਕਰਦੇ ਹਨ। ਸ਼ਾਇਰੀ ਦੀ ਜ਼ੁਬਾਨ ਵਿਚ ਸਿਆਸਤ ਇਕ ਚਲਾਕ ਲੂੰਬੜੀ ਹੈ, ਇਕ ਨਾਟਕ ਹੈ, ਖੁਸ਼ਾਮਦ ਹੈ ਅਤੇ ਅੱਧ-ਖਾਧੇ ਵੰਡ ਦੀ ਜੁਗਾਲੀ ਹੈ। ਕਵੀ ਦੇ ਲਫ਼ਜਾਂ ਵਿਚ :

ਉਂਜ ਰਾਜਨੀਤੀ ਕਮਾਲ ਹੈ
ਇਹ ਮਨੁੱਖ ਨੂੰ ਰਿਸ਼ਤਾ ਨਹੀਂ
ਇਕ ਵੋਟ ਮੰਨਦੀ ਹੈ
ਰਾਜਨੀਤੀ ਬਹੁਤ ਕੁਝ ਰੋੜ੍ਹ ਦਿੰਦੀ ਹੈ

ਇਸੇ ਸੋਚ-ਧਾਰਾ ਵਿਚ ਕੰਬੋਜ ਨੇ ਉਹਨਾਂ ਸਿਆਸਤ-ਪ੍ਰਸਤ ਹੁਕਮਰਾਨਾਂ ਦੀ ਆਲੋਚਨਾ ਕੀਤੀ ਹੈ, ਜੋ ਮਨੁੱਖੀ ਜ਼ਬਾਨ ਦੇ ਪਾਕ-ਪਵਿੱਤਰ ਸ਼ਬਦਾਂ ਵਿੱਚੋਂ ਆਪਦੇ ਮਤਲਬੀ ਅਰਥ ਕੱਢ ਕੇ ਲੁੱਟ-ਖਸੁੱਟ ਮਚਾਉਂਦੇ ਹਨ। 'ਸ਼ਬਦ' ਦੀ ਦਿਲ ਟੁੰਬਣ ਵਾਲੀ ਵਿਆਖਿਆ ਕਵੀ ਤੋਂ ਸੁਣੋ:

ਸ਼ਬਦ ਇਕ ਹੱਦ ਤਕ ਤੁਹਾਡਾ ਸਾਥ ਦਿੰਦੇ ਹਨ
ਫਿਰ ਸ਼ਬਦ ਦੋਸਤ ਜਾਂ ਦੁਸ਼ਮਣ ਹੁੰਦੇ ਹਨ
ਕਾਮੇ ਲਈ ਸ਼ਬਦਾਂ ਦਾ ਅਰਥ
ਕਰਜ਼ੇ 'ਚ ਸਿੰਮਦਾ ਭਵਿੱਖ ਹੁੰਦਾ ਹੈ
ਦਫ਼ਤਰ ਦੇ ਬਾਬੂ ਲਈ ਕੋਈ ਛੋਟੀ ਮੋਟੀ 'ਸਾਮੀ'
ਸ਼ਬਦ ਚਾਹੇ ਰੂਸੀ ਹੋਣ ਜਾਂ ਅਮਰੀਕੀ
ਲੁੱਟ ਦੀ ਭਾਸ਼ਾ ਹਮੇਸ਼ਾ ਇਕ ਹੁੰਦੀ ਹੈ

ਇਹ ਸੀ ਕਵੀ ਕੰਬੋਜ ਦੀ ਵਿਚਾਰਸ਼ੀਲ ਸੋਚਧਾਰਾ ਦਾ ਪਹਿਲੂ, ਜੋ ਉਸਦੀ ਸ਼ਾਇਰੀ ਵਿਚ ਉਗਰਤਾ ਨਾਲ ਭਾਰੂ ਹੈ। ਕਵੀ ਦਾ ਇਕ ਹੋਰ ਥੀਮਕ ਪਹਿਲੂ ਵੀ ਹੈ। ਉਹ ਹੈ ਪ੍ਰਦੇਸ਼ਾਂ ਵਿਚ ਆ ਕੇ ਵੱਸੇ ਹੋਏ ਅਤੇ ਪੱਛਮੀ ਸਭਿਆਚਾਰ ਵਿਚ ਘਿਰੇ ਹੋਏ ਪੰਜਾਬੀ ਲੋਕਾਂ ਦੇ ਉਦਰੇਵੇਂ ਤੇ ਹੇਰਵੇ ਤੋਂ ਉਪਜੀ ਮਾਨਸਿਕ ਪੀੜ ਤੇ ਦਰਦ। ਇਸ ਦਰਦ ਨੂੰ ਕਵੀ ਕੰਬੋਜ ਨੇ ਪਹਿਲਾਂ ਤਾਂ ਆਪ ਖ਼ੁਦ ਹੰਢਾਇਆ ਹੈ ਅਤੇ ਫਿਰ ਸਮੂਹ ਪ੍ਰਵਾਸੀ ਪੰਜਾਬੀਆਂ ਦੇ ਮਨਾਂ ਵਿਚ ਉਤਰ ਕੇ ਉਨ੍ਹਾਂ ਦੀ ਧੁਰ ਅੰਦਰਲੀ ਚੀਸ ਨੂੰ ਆਪਦੀ ਕਵਿਤਾ ਵਿਚ ਗਾਇਆ ਹੈ, ਉਹ ਆਪਣੀ ਗੱਲ ਐਸੇ ਸਟਾਈਲ ਨਾਲ ਕਰਦਾ ਹੈ ਕਿ ਉਸ ਦੀ ਆਪਦੀ ਨਿੱਜੀ ਪੀੜ ਸਾਰਿਆਂ ਦੀ ਸਾਂਝੀ ਪੀੜ ਬਣ ਜਾਂਦੀ ਹੈ।

"ਕੁਲੰਬਸ ਦਾ ਵਰਤਮਾਨ" ਕਵਿਤਾ ਵਿਚ ਕਵੀ ਨੇ ਕੁਲੰਬਸ ਨੂੰ ਇਤਿਹਾਸਕ ਪ੍ਰਸੰਗ ਵਿਚੋਂ ਕੱਢ ਕੇ ਆਪਣੇ 'ਮੈਂ' ਨਾਲ ਮਿਲਦੇ-ਜੁਲਦੇ ਨਵੇਂ ਸੰਦਰਭ ਬਖ਼ਸ਼ੇ ਹਨ ਅਤੇ ਕੁਲੰਬਸ ਪ੍ਰਤੀਕ ਦੇ ਤੌਰ 'ਤੇ ਸਿਰਜ ਕੇ ਇਸ ਦਾ ਅਰਥ-ਵਿਸਥਾਰ ਕੀਤਾ ਹੈ। ਕੁਲੰਬਸ ਦੇ ਦਿਲ ਵਿਚ ਭਾਰਤ ਸੀ ਅਤੇ ਨਜ਼ਰਾਂ ਸਾਹਵੇਂ ਅਮਰੀਕਾ। ਇਸੇ ਤਰ੍ਹਾਂ ਕਵੀ ਦੇ ਦਿਲ ਵਿਚ ਕੋਠੇ ਤੋਂ ਕੋਠੀ ਬਣਾਉਣ ਦਾ ਸੁਪਨਾ ਸੀ। ਕੁਲੰਬਸ ਦੇ ਭੇਸ ਵਿਚ ਕਵੀ ਅਮਰੀਕਾ ਆ ਕੇ ਅੱਜ ਕੱਲ੍ਹ ਚੀਜ਼ਾਂ ਤੇ ਵਸਤਾਂ ਦੀ ਸੋਨ-ਸੁਨਹਿਰੀ ਕੰਧ ਵਿਚ ਜਿਵੇਂ ਚਿਣਿਆ ਗਿਆ ਹੈ। ਉਹ ਹੁਣ ਮਹਾਂ-ਉਦਾਸ ਹੈ। ਉਸ ਨੂੰ ਹੁਣ ਆਪਣੇ ਵਤਨ ਦੀ ਯਾਦ ਮੁੜ ਮੁੜ ਆਉਂਦੀ ਹੈ। ਯਾਦਾਂ ਦੇ ਝਰੋਖਿਆਂ ਵਿਚੋਂ ਉਹ ਆਪਣੇ ਘਰਾਂ, ਡੰਗਰਾਂ, ਖੂਹਾਂ ਤੇ ਖੇਤਾਂ ਦੀਆਂ ਤਸਵੀਰਾਂ ਉਲੀਕਦਾ ਹੈ। ਕਵੀ ਦੇ ਜੀਵੰਤ ਸ਼ਬਦ-ਚਿਤਰ ਵੇਖੋ:

ਉਹਨੂੰ ਹੁਣ ਵੀ ਕਦੇ ਕਦੇ ਆਉਂਦੀ ਹੈ
ਖੁਰਲੀ ਤੇ ਬੱਝੇ ਡੰਗਰਾਂ ਦੀ ਉਦਾਸ ਯਾਦ
ਤੇ ਉਹਦੇ ਚੇਤਿਆਂ ਵਿਚ ਖੂਹ ਦਾ ਕੱਚਾ ਰਸਤਾ
ਮੀਂਹ ਦੀ ਤਿਲਕਣ ਵਾਂਗ ਤਿਲਕ ਜਾਂਦਾ ਹੈ। (ਕੁਲੰਬਸ ਦਾ ਵਰਤਮਾਨ)

ਇਕ ਹੋਰ ਨਜ਼ਮ "ਯੂ ਹੈਵ ਏ ਗੁੱਡ ਡੇ" ਵਿਚ ਕਵੀ ਵਤਨੋਂ ਟੁੱਟੇ ਪ੍ਰਵਾਸੀਆਂ ਦੀ ਤਰਜ਼ੇ-ਜ਼ਿੰਦਗੀ ਦੀ ਬੋਰੀਅਤ, ਇਕੱਲਤਾ ਤੇ ਬੇਗ਼ਾਨਗੀ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ ਉਹ ਘਰ-ਘਰ ਦੀ ਉਦਾਸ ਗਾਥਾ ਬਣ ਨਿਬੜਦੀ ਹੈ। ਕਵਿਤਾ ਦੀ ਵੰਨਗੀ ਹਾਜ਼ਰ ਹੈ:

ਤੇ ਏਥੇ ਮੇਰੇ ਲਈ ਗੁੱਡ ਡੇ
ਪਸ਼ੂ ਵਾਂਗ ਕੰਮ ਕਰਨਾ ਤੇ ਖਾਣਾ ਹੈ
ਕੰਮ, ਘਰ ਤੇ ਨੀਂਦ ਤੋਂ ਪਰ੍ਹੇ
ਚੌਥਾ ਸ਼ਬਦ ਮੇਰੇ ਜੀਵਨ ਦੀ ਕਿਤਾਬ 'ਚੋਂ ਇੰਜ ਮਿਟਿਆ ਹੈ...
ਕਵੀ ਨੂੰ ਹੈਰਾਨੀਜਨਕ ਪਛਤਾਵਾ ਹੈ। ਸੁਣੋ:

ਮੈਂ ਕਦੇ ਨਾ, ਸੋਚਿਆ ਸੀ
ਕਿ ਅਮਰੀਕਾ ਧੁੰਦ 'ਚ ਲਪੇਟੀ ਗੰਨੇ ਦੀ ਖੋਰੀ ਹੈ।
ਜੀਹਦੇ ਕਸੀਰਾਂ ਦੇ ਜ਼ਖ਼ਮ
ਮਰਦੇ ਦਮ ਤੀਕ ਨਿੱਕੇ ਦੁੱਖ ਵਾਂਗ
ਮੇਰੇ ਹੱਡਾਂ ਦਾ ਹਿੱਸਾ ਬਣ ਜਾਣਗੇ

ਕੰਬੋਜ ਦੇ ਇਸ ਕਾਵਿ-ਸੰਗ੍ਰਹਿ ਦਾ ਇਕ ਹੋਰ ਵਿਲੱਖਣ ਸੁਰ ਪਿਆਰ ਦੇ ਭਾਵਕ ਛਿਣਾਂ ਦਾ ਸੁਤੀਖਣ ਅਹਿਸਾਸ ਹੈ। ਕਵੀ ਆਪਣੀ ਕਵਿਤਾ "ਘੋੜੇ ਦੀ ਖੁਰੀ" ਵਿਚ ਰਾਹਾਂ ਤੇ ਸਾਹਾਂ ਦੇ ਤਰੰਨੁਮ ਵਿਚ ਪਲਾਂ ਦੀ ਦਾਸਤਾਨ ਦਾ ਬੜਾ ਹੀ ਜਜ਼ਬਾਤੀ ਬਿਆਨ ਪੇਸ਼ ਕਰਦਾ ਹੈ। ਉਹ ਕਹਿੰਦਾ ਹੈ:

ਉਡੀਕ ਸਿਰਫ਼ ਰਾਹਾਂ ਦੀ ਹੀ ਨਹੀਂ
ਸਾਹਾਂ ਦੀ ਵੀ ਹੁੰਦੀ ਹੈ
ਕਿ ਪਲਾਂ ਦੀ ਦਾਸਤਾਂ ਉਮਰ ਦੀ ਵਿਆਕਰਣ ਤੋਂ ਪਰ੍ਹੇ ਦੀ ਗੱਲ ਹੈ

ਪਿਆਰ ਬਰਸਾਤ ਵਾਂਗ ਕਿਉਂ ਨਹੀਂ ਵਸਦਾ
ਜਦੋਂ ਵੀ ਆਉਂਦਾ ਹੈ ਲੋੜਾਂ ਥੁੜਾਂ ਦੇ ਗੁਦਾਮ ਵਿਚੋਂ
ਗ਼ਮਲੇ ਵਾਂਗ ਟੁੱਟ ਜਾਂਦਾ ਹੈ (ਉਦੋਂ ਤੇ ਅੱਜ)

ਇਸ ਤੋਂ ਅੱਗੇ ਕਵੀ ਦਾ ਸੰਵੇਦਨਸ਼ੀਲ ਮਨ ਜਜ਼ਬਿਆਂ ਦੀ ਪੀੜਤ ਵੇਦਨਾ ਨੂੰ ਐਸੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ ਕਿ ਉਸ ਦੀ ਪੀੜ ਦੇ ਸਾਰੇ ਅਹਿਸਾਸ ਗ਼ਜ਼ਲ ਦੇ ਗੀਤਮਈ ਸੁਰ ਵਿਚ ਰੋ ਉਠਦੇ ਹਨ ਅਤੇ ਆਪਣੇ ਨਾਲ ਚਾਰ-ਚੁਫ਼ੇਰੇ ਫ਼ੈਲੀ ਕੁਦਰਤ ਨੂੰ ਵੀ ਰੋਣ ਲਈ ਮਜ਼ਬੂਰ ਕਰ ਦਿੰਦੇ ਹਨ। ਜ਼ਰਾ ਵੇਖੋ ਸ਼ਾਇਰ ਨੇ ਕਿਸ ਅਨੋਖੇ ਚਟਖ਼ਾਰੇ ਨਾਲ ਇਹ ਸ਼ਿਅਰ ਕਹੇ ਹਨ:

ਪਹਿਨ ਕੇ ਇਸ ਸ਼ਾਮ ਨੂੰ ਤੂ ਜਿਸਮ ਤਾਂ ਢੱਕ ਹੀ ਲਿਆ
ਰੂਹ ਤੇ ਦਸਤਕ ਫੇਰ ਵੀ ਮੈਂ ਦੇਂਦਾ ਰਹਾਂਗਾ ਦੇਰ ਤਕ
ਪੰਛੀ, ਵਫ਼ਾ, ਮਮਤਾ ਤੇ ਅੰਬਰ ਤੇ ਸਾਰਾ ਬ੍ਰਹਿਮੰਡ ਵੀ
ਨਾਲ ਮੇਰੇ ਕੱਲ੍ਹ ਰਾਤੀਂ ਰੋਂਦੇ ਰਹੇ ਨੇ ਦੇਰ ਤਕ (ਸ਼ਾਮ ਤੇ ਮੈਂ)

ਇਸ ਤਰ੍ਹਾਂ ਜਿੱਥੇ ਕਵੀ ਨੇ ਨਿੱਜੀ ਪਿਆਰ ਜਜ਼ਬਿਆਂ ਨੂੰ ਪ੍ਰਤੀਤਕ ਸ਼ੈਲੀ ਵਿਚ ਗਾਇਆ ਹੈ, ਉਥੇ ਉਸ ਨੇ ਲੋਕਪ੍ਰਿਯ ਸ਼ਾਇਰ ਪਾਸ਼ ਨੂੰ ਆਪਣੀ ਕਾਵਿ-ਪੁਸ਼ਪਾਂਜਲੀ ਵੀ ਇਉਂ ਸਮਰਪਿਤ ਕੀਤੀ ਹੈ:

ਅਸੀਂ ਤੈਨੂੰ ਭਾਲਦੇ ਹਾਂ
ਧੁੱਪਾਂ ਵਿਚ, ਰੁੱਤਾਂ ਵਿਚ, ਛਾਵਾਂ ਵਿਚ, ਮਾਵਾਂ ਵਿਚ
ਚੁੱਪ ਚੁੱਪ ਸਫ਼ਿਆਂ 'ਤੇ ਸੁੱਤੇ ਸੁੱਤੇ ਨਕਸ਼ਾਂ ਵਿਚ
ਸੂਹੇ ਸੂਹੇ ਖ਼ਾਬਾਂ ਵਿਚ, ਯੁੱਧ ਵਰਗੇ ਆਬਾਂ ਵਿਚ
ਅਸੀਂ ਤੈਨੂੰ ਭਾਲਦੇ ਹਾਂ

ਕਿਤੇ ਕਿਤੇ ਤਾਂ ਸ਼ਾਇਰ ਨੇ ਰੂਪਕਾਂ ਤੇ ਮੈਟਾਫ਼ਰ ਦੀਆਂ ਲੜੀਆਂ ਹੀ ਗੁੰਦ ਛੱਡੀਆਂ ਹਨ। ਇਕ ਬੰਦ ਵੇਖੋ:

ਅਸੀਂ ਚੁੱਪ ਵਿਚ ਵੀ
ਲੱਖਾਂ ਅਸਮਾਨ ਸਿਰਜ ਸਕਦੇ ਹਾਂ
ਅਸੀਂ ਹਰ ਪਲ ਸੂਲ਼ੀ 'ਤੇ ਲਟਕੇ ਮਸੀਹੇ ਹਾਂ
ਕਫ਼ਨ ਬਿਨਾਂ ਰੁਲ਼ ਰਹੀ ਲਾਸ਼ ਹਾਂ
ਹੜ੍ਹਾਂ ਤੋਂ ਬਾਅਦ ਨਿਪੱਤਰੀ ਧਰਤ ਹਾਂ
ਜਾਂ ਫਿਰ ਸ਼ਾਇਦ
ਚਿਰਾਂ ਦਾ ਗੁਆਚਾ ਇਤਿਹਾਸ ਹਾਂ (ਸ਼ਿਕਨ)

ਰੂਪ ਕਲਾ ਦੇ ਬਾਰੇ ਇਕ ਹੋਰ ਵੀ ਕਾਬਲੇ-ਜ਼ਿਕਰ ਵਿਸ਼ੇਸ਼ਤਾ ਹੈ। ਕੰਬੋਜ ਦੀ ਕਾਵਿ-ਸਿਰਜਣਾ ਵਿਚ ਪੰਜਾਬੀ ਜ਼ੁਬਾਨ ਦੀ ਠੇਠਤਾ ਤੇ ਪ੍ਰਤਿਭਾ ਉੱਭਰੀ ਹੈ ਅਤੇ ਪੰਜਾਬੀ ਦਾ ਮੁਹਾਵਰਾ ਤੇ ਮੁਹਾਂਦਰਾ ਲਿਸ਼ਕਿਆ ਹੈ। ਆਮ ਭਾਸ਼ਾ ਹੋਣ ਦੇ ਬਾਵਜੂਦ ਸ਼ਾਇਰ ਨੇ ਪੰਜਾਬੀ ਜ਼ੁਬਾਨ ਦੀ ਪੁਨਰ-ਵਿਉਂਤਬੰਦੀ ਕੀਤੀ ਹੈ। ਭਾਸ਼ਾ

ਦੀ ਇਕ ਨਵੀਂ ਵਰਤੋਂ-ਵਿਉਂਤ ਦੇ ਕਾਰਨ ਉਸ ਦੇ ਡੂੰਘੇ ਤੋਂ ਡੂੰਘੇ ਅਰਥ-ਭਾਵ ਦਾ ਸੰਚਾਰ ਤੇ ਇਜ਼ਹਾਰ ਬੜੀ ਨਿਪੁੰਨਤਾ ਨਾਲ ਕੀਤਾ ਹੈ।

ਕਵੀ ਦੇ ਜ਼ਿਹਨ ਵਿਚ ਵੇਗਵਾਨ ਜਜ਼ਬਿਆਂ ਦੇ ਇਜ਼ਹਾਰ ਲਈ ਜੋ ਕਸ਼ਮਕਸ਼ ਪੈਦਾ ਹੁੰਦੀ ਹੈ, ਉਸ ਨੂੰ ਢੁਕਵੀਂ ਜ਼ੁਬਾਨ ਦੇਣ ਲਈ ਕੰਬੋਜ ਨੇ ਅਨੂਠੇ ਸ਼ਬਦ ਸਭਿਆਚਾਰ ਦੀ ਉਸਾਰੀ ਕੀਤੀ ਹੈ। ਇਸ ਨਾਲ ਇਕ ਪਾਸੇ ਸਮੁੱਚੀ ਕਾਵਿ-ਕਿਰਤ ਦੀ ਥੀਮ ਦਾ ਸੰਚਾਰ ਤੇ ਇਜ਼ਹਾਰ ਬਾਖ਼ੂਬੀ ਸੰਪੰਨ ਹੋਇਆ ਹੈ, ਉਥੇ ਦੂਜੇ ਪਾਸੇ ਕਵਿਤਾਵਾਂ ਦੇ ਖ਼ਿਆਲਾਤ ਤੇ ਜਜ਼ਬਾਤ ਨਿੱਖਰ-ਸੰਵਰ ਕੇ ਖ਼ੂਬਸੂਰਤ ਬਣ ਆਏ ਹਨ। ਭਾਵ ਤੇ ਭਾਸ਼ਾ ਦਾ ਇਹ ਸੰਤੁਲਨ ਵੇਖਣਯੋਗ ਹੈ।

-ਡਾ. ਪ੍ਰੇਮ ਪ੍ਰਕਾਸ਼ ਸਿੰਘ